


Ad Space
Available
Call: 847-359-0746


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।



Fifteenth Year of Publication | ਨਿਊ ਯਾਰਕ ਐਡੀਸ਼ਨ | Price 50¢ | Email:punjabtimes1@sbcglobal.net

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

www.punjabtimesusa.com


# ਪੰਜਾਬ ਟਾਈਮਜ਼


Punjab Times, Vol 15, Issue 43, October 25, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


# ਭਾਰਤ 'ਚ ਸਿਆਸਤ ਦਾ ਨਵਾਂ ਅਧਿਆਏ

## ਭਾਜਪਾ ਨੇ ਚਾਰ-ਚੁਫੇਰੇ ਪਾਇਆ ਨਾਗਵਲ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਵਰਗੇ ਸੂਬੇ ਵਿਚ ਇਕੱਲਿਆਂ ਬਹੁਮਤ ਹਾਸਲ ਕਰ ਕੇ ਤੇ ਮਹਾਰਾਸ਼ਟਰ 'ਚ ਸਭ ਤੋਂ ਵੱਧ ਸੀਟਾਂ ਜਿੱਤ ਕੇ ਭਾਰਤੀ ਦੀ ਸਿਆਸਤ 'ਚ ਨਵੇਂ ਅਧਿਆਏ ਦਾ ਅਰੰਭ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਦੀਆਂ ਇਨ੍ਹਾਂ ਵੱਡੀਆਂ ਜਿੱਤਾਂ ਨੇ ਖੇਤਰੀ ਪਾਰਟੀਆਂ ਦੀ ਹੋਂਦ ਉਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਯਾਦ ਰਹੇ ਕਿ ਇਨ੍ਹਾਂ ਦੋਹਾਂ ਸੂਬਿਆਂ ਵਿਚ ਅੱਜ ਤੱਕ ਇਸ ਪਾਰਟੀ ਦਾ ਕੋਈ ਬਹੁਤਾ ਆਧਾਰ ਨਹੀਂ ਸੀ, ਪਰ ਇਕ ਤਾਂ ਮੋਦੀ ਲਹਿਰ ਕਰ ਕੇ ਅਤੇ ਦੂਜਾ ਆਰ. ਐਸ. ਐਸ. ਦੀਆਂ ਜਥੇਬੰਦਕ ਰਣਨੀਤੀਆਂ ਕਰ ਕੇ ਇਨ੍ਹਾਂ ਦੋਹਾਂ ਸੂਬਿਆਂ 'ਚ ਪਾਰਟੀ ਨੇ ਮੱਲਾਂ ਮਾਰ ਲਈਆਂ ਹਨ। ਇਹ ਮੱਲਾਂ ਮਾਰਨ ਵਿਚ ਦੋਹਾਂ ਸੂਬਿਆਂ ਵਿਚ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਨੇ ਵੀ ਵੱਡਾ 'ਯੋਗਦਾਨ' ਪਾਇਆ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਜਿੱਤਾਂ ਨਾਲ ਭਾਰਤੀ ਜਨਤਾ ਪਾਰਟੀ ਲਈ ਹੁਣ ਹੋਰ ਸੂਬਿਆਂ ਵਿਚ ਵੀ ਰਾਹ ਮੋਕਲਾ ਹੋ ਗਿਆ ਹੈ। ਇਨ੍ਹਾਂ ਵਿਚ ਜੰਮੂ ਕਸ਼ਮੀਰ ਵੀ ਸ਼ਾਮਲ ਹੈ ਜਿਥੇ ਛੇਤੀ ਹੀ ਚੋਣਾਂ ਹੋ ਰਹੀਆਂ ਹਨ। ਇਸ ਸੂਬੇ ਵਿਚ ਲੋਕ ਸਭਾ ਸੀਟਾਂ ਜਿੱਤ ਕੇ ਪਾਰਟੀ ਪਹਿਲਾਂ ਹੀ ਹਾਜ਼ਰੀ ਲੁਆ ਚੁੱਕੀ ਹੈ। ਇਸ ਸਿਲਸਿਲੇ ਵਿਚ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਦਾ ਬਿਆਨ ਵੀ ਧਿਆਨ ਦੀ ਮੰਗ ਕਰਦਾ ਹੈ। ਉਨ੍ਹਾਂ ਆਖਿਆ ਹੈ ਕਿ ਹਰਿਆਣਾ ਅਤੇ ਮਹਾਰਾਸ਼ਟਰ ਦੇ ਚੋਣ ਨਤੀਜਿਆਂ ਦਾ ਅਸਰ ਜੰਮੂ ਕਸ਼ਮੀਰ ਦੀਆਂ ਚੋਣਾਂ ਉਤੇ ਵੀ ਪਵੇਗਾ। ਇਉਂ ਇਕ ਤਰ੍ਹਾਂ ਉਨ੍ਹਾਂ ਭਾਰਤੀ ਜਨਤਾ ਪਾਰਟੀ ਅੱਗੇ ਗੋਡੇ ਟੇਕ ਦਿੱਤੇ ਹਨ। ਇਸ ਤੋਂ ਪਹਿਲਾਂ ਐਨ ਇਸੇ ਤਰ੍ਹਾਂ ਹਰਿਆਣਾ ਅਤੇ ਮਹਾਰਾਸ਼ਟਰ ਵਿਚ ਕਾਂਗਰਸ ਨੇ ਕੀਤਾ ਸੀ ਅਤੇ ਦੋਹਾਂ ਸੂਬਿਆਂ ਵਿਚ ਕਾਂਗਰਸ ਦਾ ਜੋ ਹਸ਼ਰ ਹੋਇਆ ਹੈ, ਸਭ ਦੇ ਸਾਹਮਣੇ ਹੈ।

## ਹਰਿਆਣਾ ਚੋਣਾਂ ਨੇ ਪੰਜਾਬ ਦੇ ਸਮੀਕਰਨ ਬਦਲੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਹਰਿਆਣਾ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੰਡੀਅਨ ਨੈਸ਼ਨਲ ਲੋਕ ਦਲ ਦੀ ਕੀਤੀ ਖੁੱਲ੍ਹਮ-ਖੁੱਲ੍ਹੀ ਹਮਾਇਤ ਅਤੇ ਭਾਜਪਾ ਵੱਲੋਂ ਸਪਸ਼ਟ ਬਹੁਮਤ ਹਾਸਲ ਕਰਨ ਨਾਲ ਪੰਜਾਬ ਦੀਆਂ ਸਿਆਸੀ ਸਮੀਕਰਨਾਂ ਬਦਲ ਗਈਆਂ ਹਨ। ਚੋਣਾਂ ਦੌਰਾਨ ਦੋਵਾਂ ਪਾਰਟੀਆਂ ਦਰਮਿਆਨ ਕੁੜੱਤਣ ਵਧਣ ਦੇ ਪ੍ਰਤੱਖ ਲੱਛਣ ਦਿਖਾਈ ਦਿੱਤੇ ਹਨ। ਭਾਜਪਾ ਨੂੰ ਹੁਣ ਆਪਣੇ ਵਿਸਥਾਰ ਦੀਆਂ ਵਸੀਹ ਸੰਭਾਵਨਾਵਾਂ ਦਿਖਾਈ ਦੇ ਰਹੀਆਂ ਹਨ।

ਭਾਰਤੀ ਜਨਤਾ ਪਾਰਟੀ ਨੇ ਇਕ ਪਾਸੇ ਅਕਾਲੀ ਦਲ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਦੂਜੇ ਪਾਸੇ ਪੰਜਾਬ ਦੇ ਮਸਲਿਆਂ ਨੂੰ ਉਠਾ ਕੇ ਭਾਈਵਾਲ ਪਾਰਟੀ ਨੂੰ ਨਿਹੱਥਾ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਪੰਜਾਬ ਭਾਜਪਾ ਵੱਲੋਂ ਹੁਣ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕਰਨ ਦੀ ਮੰਗ ਕੀਤੀ ਜਾਣ ਲੱਗੀ ਹੈ। ਭਾਜਪਾ ਦੇ ਇਸ ਰਵੱਈਏ ਨੇ ਅਕਾਲੀ ਦਲ ਨੂੰ ਕਸੂਤਾ ਫਸਾ ਦਿੱਤਾ ਹੈ। ਭਾਜਪਾ ਦੇ ਰੁਖ਼ ਵਿਚ ਇਹ ਤਬਦੀਲੀ ਹਰਿਆਣਾ ਵਿਚ ਫਤਹਿ ਹਾਸਲ ਕਰਨ ਮਗਰੋਂ ਆਈ ਹੈ। ਲੋਕ ਸਭਾ ਚੋਣਾਂ ਵਿਚ ਕਾਮਯਾਬੀ ਪਿੱਛੋਂ ਭਾਜਪਾ ਨੇ ਪੁਰਾਣੇ ਚਲੇ ਆ ਰਹੇ ਗੱਠਜੋੜਾਂ ਨੂੰ ਅਲਵਿਦਾ ਕਹਿ ਕੇ ਆਪਣੇ ਬਲਬੂਤੇ 'ਅਕੇਲਾ ਚਲੋ ਰੇ' ਦੀ ਨੀਤੀ ਨੂੰ ਪਹਿਲ ਦੇਣ ਦਾ ਫੈਸਲਾ ਕੀਤਾ ਜਾਪਦਾ ਹੈ। ਭਾਜਪਾ ਨੇ ਹਰਿਆਣਾ ਤੇ ਮਹਾਰਾਸ਼ਟਰ ਚੋਣਾਂ ਵਿਚ ਹਰਿਆਣਾ ਜਨਹਿੱਤ ਪਾਰਟੀ ਤੇ ਸ਼ਿਵ ਸੈਨਾ ਨਾਲ ਤੋੜ-ਵਿਛੋੜੇ ਦੇ ਚੰਗੇ ਨਤੀਜੇ ਵੇਖ ਲਏ ਹਨ ਤੇ ਪੰਜਾਬ ਸਮੇਤ ਬਾਕੀ ਸੂਬਿਆਂ ਵਿਚ ਇਸ ਨੀਤੀ ਨੂੰ ਅਪਨਾਇਆ ਜਾ ਸਕਦਾ ਹੈ। ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਪ੍ਰੀਖਿਆ ਛੇਤੀ ਹੀ ਹੋ ਰਹੀਆਂ ਨਗਰਪਾਲਿਕਾ ਚੋਣਾਂ ਵਿਚ ਹੋਵੇਗੀ। ਗੱਠਜੋੜ ਨੂੰ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਦੇ ਤੌਰ ਉਤੇ ਪੇਸ਼ ਕਰਨ ਦੇ ਨਾਲ-ਨਾਲ ਭਾਜਪਾ ਨੂੰ ਸ਼ਹਿਰੀ ਤੇ ਅਕਾਲੀਆਂ ਨੂੰ ਪਿੰਡਾਂ ਦੀ ਪ੍ਰਤੀਨਿਧ ਪਾਰਟੀ ਦੇ ਤੌਰ ਉਤੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਅਕਾਲੀ ਦਲ ਨੇ ਹੁਣ ਤੱਕ ਕਾਂਗਰਸ ਦੇ ਕਈ ਵਿਧਾਇਕਾਂ ਤੇ ਹੋਰ ਆਗੂਆਂ ਦੀ ਦਲਬਦਲੀ ਕਰਵਾਉਣ ਦਾ ਤਰੀਕਾ ਜ਼ੋਰ-ਸ਼ੋਰ ਨਾਲ ਅਜ਼ਮਾਇਆ ਹੈ। ਜੇ ਭਾਜਪਾ ਨੇ ਹਰਿਆਣਾ ਵਾਲੀ ਰਣਨੀਤੀ ਅਪਨਾਈ ਤਾਂ ਅਜਿਹੇ ਆਗੂਆਂ ਲਈ ਉਹ ਪੰਜਾਬ ਵਿਚ ਵੀ ਆਪਣੇ ਦਰਵਾਜ਼ੇ ਖੋਲ੍ਹ ਸਕਦੀ ਹੈ।

ਜ਼ਿਕਰਯੋਗ ਹੈ ਕਿ 2008 ਦੀਆਂ ਮਿਉਂਸਿਪਲ ਚੋਣਾਂ ਦੌਰਾਨ ਗਠਜੋੜ ਪਾਰਟੀਆਂ ਦਰਮਿਆਨ ਟਕਰਾਅ ਸਾਹਮਣੇ ਆਇਆ ਸੀ। ਭਾਜਪਾ ਨੇ ਦੋਸ਼ ਲਾਇਆ ਸੀ ਕਿ ਅਕਾਲੀ ਦਲ ਵੱਲੋਂ ਭਾਜਪਾ ਨੂੰ ਦਿੱਤੇ ਵਾਰਡਾਂ ਵਿਚ ਆਜ਼ਾਦ ਉਮੀਦਵਾਰ ਖੜ੍ਹੇ ਕਰ ਕੇ ਭਾਜਪਾ ਉਮੀਦਵਾਰਾਂ ਨੂੰ ਹਰਾਇਆ ਗਿਆ। ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਵੱਲੋਂ ਵੱਧ ਸੀਟਾਂ ਉਤੇ ਦਾਅਵੇਦਾਰੀ ਕਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਜਪਾ ਹਰਿਆਣਾ ਚੋਣਾਂ ਵਿਚ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਤੋਂ ਆਪਣੇ ਪੱਖ ਵਿਚ ਫ਼ੈਸਲਾ ਕਰਵਾ ਕੇ ਵਿਰੋਧੀ ਧਿਰ ਦਾ ਨਿਸ਼ਾਨਾ ਤਾਂ ਬਣੀ, ਪਰ ਇਸ ਨਾਲ ਉਸ ਨੂੰ ਕੋਈ ਖ਼ਾਸ ਫ਼ਾਇਦਾ ਹੋਇਆ ਨਹੀਂ ਜਾਪਦਾ।

ਖਾਸ ਗੱਲ ਇਹ ਵੀ ਹੈ ਕਿ ਹੇਠਲੇ ਪੱਧਰ 'ਤੇ ਅਕਾਲੀ-ਭਾਜਪਾ ਆਗੂਆਂ ਅੰਦਰ ਤਲਖ਼ੀ ਵਾਲਾ ਮਾਹੌਲ ਪਹਿਲਾਂ ਵੀ ਕਈ ਮੌਕਿਆਂ 'ਤੇ ਬਣਦਾ ਰਿਹਾ ਹੈ, ਪਰ ਉਪਰਲੀ ਲੀਡਰਸ਼ਿਪ ਹਮੇਸ਼ਾ ਘੁਲੀ-ਮਿਲੀ ਰਹਿੰਦੀ ਰਹੀ ਹੈ। ਹੁਣ ਲੱਗਦਾ ਹੈ ਕਿ ਹੇਠਲੇ ਪੱਧਰ 'ਤੇ ਫੈਲੀ ਕੁੜੱਤਣ ਨੂੰ ਭਾਜਪਾ ਦੀ ਉਪਰਲੀ ਲੀਡਰਸ਼ਿਪ ਵੱਲੋਂ ਵੀ ਪੂਰਾ ਥਾਪੜਾ ਮਿਲ ਰਿਹਾ ਹੈ। ਹਰਿਆਣਾ ਚੋਣਾਂ ਵਿਚ ਭਾਜਪਾ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਵੱਲੋਂ ਅਕਾਲੀਆਂ 'ਤੇ ਕੀਤੇ ਹਮਲੇ ਵੀ ਇਸੇ ਕੜੀ ਦਾ ਹਿੱਸਾ ਸਨ ਕਿਉਂਕਿ ਸਿੱਧੂ ਵੱਲੋਂ ਕੱਢੀ ਭੜਾਸ ਪਿੱਛੇ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਪੰਜਾਬ ਭਾਜਪਾ ਲੀਡਰਸ਼ਿਪ ਵੱਲੋਂ ਨਸ਼ਾ-ਅਤਿਵਾਦ ਖਿਲਾਫ ਮੁਹਿੰਮ ਚਲਾਉਣ ਦੀਆਂ ਉਠ ਰਹੀਆਂ ਰਮਜ਼ਾਂ ਇਸ ਗੱਲ ਦਾ ਹੀ ਸੰਕੇਤ ਹਨ ਕਿ ਉਹ ਇਸ ਮਾਮਲੇ ਉਪਰ ਅਕਾਲੀ ਦਲ ਨਾਲੋਂ ਵਖਰੇਵਾਂ ਕਰਨਾ ਚਾਹੁੰਦੇ ਹਨ ਤੇ ਅਕਾਲੀ ਆਗੂਆਂ ਨੂੰ ਨਿਸ਼ਾਨਾ ਬਣਾ ਕੇ ਇਹ ਪ੍ਰਭਾਵ ਦੇਣ ਦਾ ਯਤਨ ਕਰ ਸਕਦੇ ਹਨ ਕਿ ਅਸਲ ਵਿਚ ਨਸ਼ਿਆਂ ਦਾ ਵਪਾਰ ਫੈਲਣ ਵਿਚ ਵੱਡਾ ਹੱਥ ਅਕਾਲੀਆਂ ਦਾ ਹੀ ਹੈ। ਦੂਜੇ ਪਾਸੇ ਅਕਾਲੀ ਦਲ ਵੱਲੋਂ ਖੇਤਰੀ ਪਾਰਟੀਆਂ ਨਾਲ ਸਹਿਯੋਗ ਲਈ ਹੱਥ ਵਧਾਉਣਾ ਆਉਣ ਵਾਲੇ ਹਾਲਾਤ ਦਾ ਟਾਕਰਾ ਕਰਨ ਦੀ ਰਣਨੀਤੀ ਦਾ ਹੀ ਹਿੱਸਾ ਸਮਝਿਆ ਜਾ ਸਕਦਾ ਹੈ। ਜੇ ਭਾਜਪਾ ਤੇ ਅਕਾਲੀ ਦਲ ਦੇ ਰਾਹ ਵੱਖ-ਵੱਖ ਹੁੰਦੇ ਹਨ ਤਾਂ ਅਕਾਲੀ ਦਲ ਦੀ ਟੇਕ ਇਨੈਲੋ, ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ, ਬਿਹਾਰ ਦੇ ਨਿਤਿਸ਼ ਕੁਮਾਰ ਤੇ ਲਾਲੂ ਪ੍ਰਸਾਦ ਯਾਦਵ ਸਮੇਤ ਸਾਰੀਆਂ ਖੇਤਰੀ ਪਾਰਟੀਆਂ ਨਾਲ ਨੇੜਤਾ ਵਧਾਉਣ ਉੱਪਰ ਹੋਵੇਗੀ।



### ਅਕਾਲੀਆਂ ਨੂੰ ਪੰਥਕ ਮਸਲਿਆਂ 'ਤੇ ਘੇਰਾ

**ਚੰਡੀਗੜ੍ਹ:** ਪੰਜਾਬ ਵਿਚ ਪੱਕੇ ਪੈਰੀਂ ਹੋਣ ਲਈ ਭਾਜਪਾ ਨੇ ਹੁਣ ਪੰਥਕ ਮਸਲਿਆਂ ਦੇ ਹੱਕ ਵਿਚ ਖੜ੍ਹਨ ਦੀ ਰਣਨੀਤੀ ਅਪਨਾਈ ਹੈ। ਭਾਜਪਾ ਨੇ ਰਾਜੀਵ-ਲੌਂਗੋਵਾਲ ਸਮਝੌਤੇ ਸਮੇਤ ਉਨ੍ਹਾਂ ਮਸਲਿਆਂ ਨੂੰ ਚੁੱਕਿਆ ਹੈ ਜਿਨ੍ਹਾਂ ਨੂੰ ਅਕਾਲੀ ਦਲ ਨੇ ਬਿੱਲਕੁਲ ਵਿਸਾਰ ਦਿੱਤਾ ਹੈ। ਭਾਜਪਾ ਦੇ ਰੁਖ਼ ਵਿਚ ਇਹ ਤਬਦੀਲੀ ਹਰਿਆਣਾ ਵਿਚ ਸਰਕਾਰ ਦੇ ਗਠਨ ਤੋਂ ਐਨ ਪਹਿਲਾਂ ਸਾਹਮਣੇ ਆਈ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀਨ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਰਮਿਆਨ 24 ਜੁਲਾਈ 1985 ਵਿਚ ਹੋਏ ਸਮਝੌਤੇ ਤਹਿਤ ਚੰਡੀਗੜ੍ਹ ਪੰਜਾਬ ਨੂੰ ਦੇਣ ਸਮੇਤ ਦੋਹਾਂ ਸੂਬਿਆਂ (ਹਰਿਆਣਾ ਤੇ ਪੰਜਾਬ) ਦੇ ਕਈ ਝਗੜਿਆਂ ਦੇ ਹੱਲ ਦਾ ਰਾਹ ਤਲਾਸ਼ਿਆ ਗਿਆ ਸੀ। ਇਹ ਸਮਝੌਤਾ ਅਜੇ ਤੱਕ ਲਾਗੂ ਨਹੀਂ ਹੋਇਆ। ਭਾਜਪਾ ਰਾਜੀਵ-ਲੌਂਗੋਵਾਲ ਸਮਝੌਤੇ ਤੇ ਪੰਜਾਬ ਦੇ ਮਸਲਿਆਂ ਬਾਰੇ ਅਕਸਰ ਖਾਮੋਸ਼ ਰਹਿੰਦੀ ਰਹੀ ਹੈ ਪਰ ਅਕਾਲੀਆਂ ਵੱਲੋਂ ਇਨ੍ਹਾਂ ਮਸਲਿਆਂ ਬਾਰੇ ਧਾਰੀ ਚੁੱਪੀ ਦਾ ਭਾਜਪਾਈ ਫਾਇਦਾ ਚੁੱਕਣ ਦੀ ਤਾਕ ਵਿਚ ਹਨ।



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਮੁਕਤਸਰ ਜ਼ਿਲ੍ਹੇ ਨੂੰ ਪਸ਼ੂ ਮੇਲਾ ਫੰਡਾਂ ਦੇ ਗੱਫੇ

**ਬਠਿੰਡਾ:** ਪੰਜਾਬ ਭਰ ਦੇ ਪਸ਼ੂ ਮੇਲਿਆਂ 'ਚੋਂ ਹੁੰਦੀ ਸਰਕਾਰੀ ਆਮਦਨ ਵਿਚੋਂ ਹਰ ਵਰ੍ਹੇ 25 ਤੋਂ 42 ਫੀਸਦੀ ਫੰਡ ਇਕੱਲੇ ਜ਼ਿਲ੍ਹਾ ਮੁਕਤਸਰ ਵਿਚ ਖਰਚ ਹੋ ਰਹੇ ਹਨ। ਫੰਡਾਂ ਦਾ ਵੱਡਾ ਹਿੱਸਾ ਇਕੱਲੇ ਲੰਬੀ ਹਲਕੇ ਵਿਚ ਚਲਾ ਜਾਂਦਾ ਹੈ। ਦੂਜੇ ਪਾਸੇ ਕਈ ਜ਼ਿਲ੍ਹੇ ਅਜਿਹੇ ਹਨ ਜਿਨ੍ਹਾਂ ਨੂੰ ਪਸ਼ੂ ਮੇਲਾ ਫੰਡਾਂ 'ਚੋਂ ਕਦੇ ਪਾਈ ਵੀ ਨਹੀਂ ਮਿਲੀ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਵੱਲੋਂ ਆਰ.ਟੀ.ਆਈ. ਤਹਿਤ ਦਿੱਤੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਹਰ ਮਹੀਨੇ 42 ਦੇ ਕਰੀਬ ਪਸ਼ੂ ਮੇਲੇ ਲੱਗਦੇ ਹਨ ਜਿਨ੍ਹਾਂ ਨੂੰ ਹਰ ਵਰ੍ਹੇ ਠੇਕੇ 'ਤੇ ਦਿੱਤਾ ਜਾਂਦਾ ਹੈ। ਪਸ਼ੂ ਮੇਲਿਆਂ ਤੋਂ ਸਾਲ 2008-09 ਤੋਂ 2013-14 ਤੱਕ 165.16 ਕਰੋੜ ਰੁਪਏ ਦੀ ਆਮਦਨ ਹੋਈ ਹੈ। ਇਸ 'ਚੋਂ ਕਰੀਬ 40 ਕਰੋੜ ਰੁਪਏ ਇਕੱਲੇ ਜ਼ਿਲ੍ਹਾ ਮੁਕਤਸਰ ਨੂੰ ਜਾਰੀ ਕੀਤੇ ਗਏ ਹਨ। ਪਸ਼ੂ ਮੇਲਾ ਫੰਡਾਂ 'ਚੋਂ ਸਾਲ 2009-10 ਦੌਰਾਨ 42 ਫੀਸਦੀ ਅਤੇ ਸਾਲ 2011-12 ਦੌਰਾਨ 41.99 ਫੀਸਦੀ ਫੰਡ ਇਕੱਲੇ ਮੁਕਤਸਰ ਜ਼ਿਲ੍ਹੇ ਨੂੰ ਦਿੱਤੇ ਗਏ। ਇਵੇਂ ਹੀ ਸਾਲ 2012-13 ਦੌਰਾਨ 32 ਫੀਸਦੀ ਫੰਡ ਇਕੱਲੇ ਮੁਕਤਸਰ ਜ਼ਿਲ੍ਹੇ ਨੂੰ ਮਿਲੇ।

ਸਾਲ 2011-12 ਵਿਚ ਮੁਕਤਸਰ ਜ਼ਿਲ੍ਹੇ, ਖਾਸ ਕਰ ਕੇ ਲੰਬੀ ਹਲਕੇ ਦੇ ਪਿੰਡਾਂ ਦੀਆਂ ਗਲੀਆਂ-ਨਾਲੀਆਂ ਲਈ 11.50 ਕਰੋੜ ਰੁਪਏ ਦੇ ਫੰਡ ਪਸ਼ੂ ਮੇਲਾ ਫੰਡਾਂ ਵਿਚੋਂ ਖਰਚ ਕੀਤੇ ਗਏ ਹਨ। ਸਾਲ 2010-11 ਦੌਰਾਨ 86 ਲੱਖ ਰੁਪਏ ਹਲਕਾ ਲੰਬੀ ਦੇ 17 ਪਿੰਡਾਂ ਦੀਆਂ ਗਲੀਆਂ-ਨਾਲੀਆਂ ਵਾਸਤੇ ਪਸ਼ੂ ਮੇਲਾ ਫੰਡਾਂ 'ਚੋਂ ਵਰਤੇ ਗਏ ਹਨ। ਜ਼ਿਲ੍ਹਾ ਮੁਕਤਸਰ ਵਿਚ ਸਾਲ 2009-10 ਇੱਕ ਕਰੋੜ ਰੁਪਏ ਲਿੰਕ ਸੜਕਾਂ ਦੀ ਉਸਾਰੀ ਅਤੇ ਸਾਲ 2008-09 ਦੌਰਾਨ 1.46 ਕਰੋੜ ਰੁਪਏ ਲਿੰਕ ਸੜਕਾਂ ਦੀ ਮੁਰੰਮਤ 'ਤੇ ਫੰਡ ਪਸ਼ੂ ਮੇਲਾ ਫੰਡਾਂ 'ਚੋਂ ਖਰਚੇ ਗਏ। ਸਾਲ 2013-14 ਵਿਚ 2.11 ਕਰੋੜ ਰੁਪਏ ਪੇਂਡੂ ਵਿਕਾਸ ਵਾਸਤੇ ਪਸ਼ੂ ਮੇਲਾ ਫੰਡਾਂ ਦੇ ਖਰਚ ਕੀਤੇ ਗਏ ਹਨ। ਇਸੇ ਵਰ੍ਹੇ ਤਿੰਨ ਕਰੋੜ ਛੱਪੜਾਂ ਦੇ ਵਿਕਾਸ ਅਤੇ ਗਲੀਆਂ-ਨਾਲੀਆਂ 'ਤੇ ਖਰਚੇ ਗਏ। ਕਰੀਬ 50 ਲੱਖ ਰੁਪਏ ਖੜਵੰਜਿਆਂ 'ਤੇ ਖਰਚੇ ਗਏ ਹਨ।

ਹਲਕਾ ਲੰਬੀ ਵਿਚ ਪਸ਼ੂ ਮੇਲਾ ਫੰਡਾਂ 'ਚੋਂ 7.59 ਕਰੋੜ ਦੇ ਫੰਡਾਂ ਨਾਲ ਕਿੱਲਿਆਂਵਾਲੀ ਵਿਖੇ ਆਧੁਨਿਕ ਪਸ਼ੂ ਮੰਡੀ ਵੀ ਬਣਾਈ ਗਈ। ਪਿੰਡ ਬਾਦਲ ਵਿਚ ਘੋੜਿਆਂ ਦੇ ਇਲਾਜ ਲਈ ਬਣਾਏ ਸਰਕਾਰੀ ਹਸਪਤਾਲ 'ਤੇ ਵੀ ਪੌਣੇ ਦੋ ਕਰੋੜ ਰੁਪਏ ਦੇ ਫੰਡ ਪਸ਼ੂ ਮੇਲਾ ਫੰਡਾਂ 'ਚੋਂ ਹੀ ਵਰਤੇ ਗਏ ਹਨ। ਹਲਕਾ ਲੰਬੀ ਵਿਚ ਪਸ਼ੂ ਡਿਸਪੈਂਸਰੀਆਂ ਅਤੇ ਹਸਪਤਾਲਾਂ ਦੀਆਂ ਇਮਾਰਤਾਂ ਲਈ 1.08 ਕਰੋੜ ਦੇ ਫੰਡ ਸਾਲ 2012-13 ਵਿਚ ਪਸ਼ੂ ਮੇਲਾ ਫੰਡਾਂ 'ਚੋਂ ਜਾਰੀ ਕੀਤੇ ਗਏ ਹਨ।

## ਭਾਰਤੀ ਮੂਲ ਦੀਆਂ ਭੈਣਾਂ ਨੇ ਰੋਗਾਂ ਦਾ ਪਤਾ ਲਾਉਣ ਦੀ ਜੁਗਤ ਲੱਭੀ

**ਵਾਸ਼ਿੰਗਟਨ:** ਭਾਰਤੀ ਮੂਲ ਦੀਆਂ ਦੋ ਸਕੂਲੀ ਭੈਣਾਂ ਇਲੀਨਾ ਤੇ ਮੇਧਾ ਕ੍ਰਿਸ਼ਨ ਨੇ ਇਲੈਕਟ੍ਰਾਨਿਕ ਸਟੈਥੋਸਕੋਪਾਂ ਰਾਹੀਂ ਫੇਫੜੇ ਤੇ ਦਿਲ ਦੀਆਂ ਬਿਮਾਰੀਆਂ ਦਾ ਪਤਾ ਲਾਉਣ ਲਈ ਸਕਰੀਨਿੰਗ ਟੂਲ ਬਣਾਏ ਹਨ। ਜ਼ਹਿਰੀਲੇ ਹਵਾ ਪ੍ਰਦੂਸ਼ਣ ਨਾਲ ਬਾਵਾਸਤਾ ਲੋਕਾਂ ਵਿਚ ਫੇਫੜਿਆਂ ਦੇ ਨੁਕਸਾਨ ਦਾ ਸ਼ੁਰੂ 'ਚ ਹੀ ਪਤਾ ਲਾਉਣ ਲਈ ਦੋਵੇਂ ਭੈਣਾਂ ਨੇ ਸਕਰੀਨਿੰਗ ਵਿਧੀ ਤਿਆਰ ਕੀਤੀ ਹੈ।

ਇਹ ਦੋਵੇਂ ਅਮਰੀਕਾ ਦੇ ਮਿਸ਼ੀਗਨ ਸੂਬੇ ਵਿਚ ਪੋਰਟ ਹੂਰੋਨ ਨਾਰਦਰਨ ਹਾਈ ਸਕੂਲ 'ਚ ਪੜ੍ਹਦੀਆਂ ਹਨ। ਮੇਧਾ ਨੇ 13 ਅਥਲੀਟਾਂ ਅਤੇ ਇਲੀਨਾ ਨੇ 16 ਤੰਬਾਕੂਨੋਸ਼ਾਂ, 13 ਫਾਇਰ ਫਾਈਟਰਾਂ ਤੇ 25 ਤੰਬਾਕੂ ਦਾ ਸੇਵਨ ਨਾ ਕਰਨ ਵਾਲਿਆਂ ਉਤੇ ਅਧਿਐਨ ਕੀਤਾ ਸੀ। ਉਨ੍ਹਾਂ ਦੀ ਲੱਭਤ ਦਿਲ ਦੀਆਂ ਧੁਨੀਆਂ ਦੀ ਫਰੀਕੁਐਂਸੀ ਦੇ ਵਿਸ਼ਲੇਸ਼ਣ 'ਤੇ ਆਧਾਰਤ ਹੈ।

## ਮੁੱਲ ਦੀਆਂ ਖਬਰਾਂ ਨੂੰ ਚੋਣ ਅਪਰਾਧ ਮੰਨਣ ਦੀ ਪੈਰਵੀ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਮੁੱਲ ਦੀਆਂ ਖਬਰਾਂ (ਪੇਡ ਨਿਊਜ਼) ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਇਸ ਨੂੰ ਚੋਣ ਅਪਰਾਧ ਕਰਾਰ ਦੇਣ ਦੀ ਤਜਵੀਜ਼ ਬਣਾਈ ਹੈ। ਚੋਣਾਂ ਵਿਚ ਸਭ ਪਾਰਟੀਆਂ ਲਈ ਇਕ ਬਰਾਬਰ ਮਾਹੌਲ ਤਿਆਰ ਕਰਨ ਲਈ ਕਮਿਸ਼ਨ ਸਿਆਸੀ ਪਾਰਟੀਆਂ ਦੇ ਚੋਣ ਖਰਚਾਂ ਦੀ ਹੱਦਬੰਦੀ 'ਤੇ ਸਖਤੀ ਨਾਲ ਅਮਲ ਕਰਾਉਣਾ ਚਾਹੁੰਦਾ ਹੈ।

ਮੁੱਖ ਚੋਣ ਕਮਿਸ਼ਨਰ ਵੀ.ਐਸ. ਸੰਪਤ ਨੇ ਕਿਹਾ ਹੈ ਕਿ ਜੇ ਮੁੱਲ ਦੀਆਂ ਖਬਰਾਂ ਨੂੰ ਚੋਣ ਅਪਰਾਧ ਬਣਾ ਦਿੱਤਾ ਜਾਵੇ ਤਾਂ ਇਹ ਕਾਨੂੰਨ ਤੋੜਨ ਵਾਲਿਆਂ ਲਈ ਡਰਾਵੇ ਦਾ ਕੰਮ ਕਰੇਗਾ। ਉਨ੍ਹਾਂ ਦੱਸਿਆ, "ਮੁੱਲ ਦੀਆਂ ਖਬਰਾਂ ਕਮਿਸ਼ਨ ਲਈ ਵਾਕਈ ਚਿੰਤਾ ਦਾ ਵਿਸ਼ਾ ਹਨ। ਇਹ ਇਸ ਸਮੇਂ ਚੋਣ ਅਪਰਾਧ ਨਹੀਂ ਹੈ। ਅਸੀਂ ਕਾਨੂੰਨ ਮੰਤਰਾਲੇ ਨੂੰ ਤਜਵੀਜ਼ ਭੇਜੀ ਹੈ ਕਿ ਇਸ ਨੂੰ ਚੋਣ ਅਪਰਾਧ ਮੰਨਿਆ ਜਾਵੇ।"

ਚੋਣ ਕਮਿਸ਼ਨ ਦੀ ਇਸ ਮੁਤੱਲਕ ਤਜਵੀਜ਼ ਸਰਕਾਰ ਕੋਲ ਦੋ ਸਾਲਾਂ ਤੋਂ ਪਈ ਹੈ।







# ਡਾਕਟਰਾਂ ਦਾ ਸਰਕਾਰੀ ਨੌਕਰੀ ਤੋਂ ਮੋਹ ਭੰਗ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਕੰਮ ਕਰਦੇ 75 ਫ਼ੀਸਦੀ ਡਾਕਟਰ ਨੌਕਰੀ ਨੂੰ ਅਲਵਿਦਾ ਆਖ ਰਹੇ ਹਨ। ਸਰਕਾਰੀ ਨੌਕਰੀ ਤੋਂ ਮੂੰਖ ਮੋੜਨ ਵਾਲਿਆਂ ਵਿਚ 80 ਫ਼ੀਸਦੀ ਮਹਿਲਾ ਡਾਕਟਰ ਹਨ। ਸਿਹਤ ਵਿਭਾਗ ਵੱਲੋਂ ਪਿਛਲੇ ਸਾਲਾਂ ਦੌਰਾਨ ਗਿਆਰਾਂ ਹਜ਼ਾਰ ਡਾਕਟਰਾਂ ਦੀ ਭਰਤੀ ਕੀਤੇ ਜਾਣ ਦੇ ਬਾਵਜੂਦ ਕੁੱਲ 3850 ਆਸਾਮੀਆਂ 'ਚੋਂ 1300 ਖਾਲੀ ਹਨ।

ਸਿਹਤ ਵਿਭਾਗ 'ਚ ਮਾਹਿਰਾਂ ਦੀਆਂ 1750 ਅਸਾਮੀਆਂ ਹਨ ਅਤੇ ਇਨ੍ਹਾਂ ਵਿਚੋਂ 900 ਖਾਲੀ ਹਨ। ਪੀ.ਸੀ.ਐਮ.ਐਸ. ਡਾਕਟਰਾਂ ਦੀਆਂ 2100 'ਚੋਂ 400 ਅਸਾਮੀਆਂ ਖਾਲੀ ਹਨ। ਚਾਰ ਹਜ਼ਾਰ ਡਾਕਟਰ ਸਰਕਾਰੀ ਖਰਚੇ 'ਤੇ ਪੋਸਟ ਗਰੈਜੂਏਟ ਡਿਗਰੀ ਕਰਨ ਤੋਂ ਬਾਅਦ ਸਰਕਾਰੀ ਨੌਕਰੀ ਛੱਡ ਗਏ ਹਨ। ਸਿਹਤ ਵਿਭਾਗ ਤੋਂ ਮਿਲੇ ਅੰਕੜਿਆਂ ਅਨੁਸਾਰ 4 ਅਕਤੂਬਰ ਨੂੰ 340 ਮਾਹਿਰ ਡਾਕਟਰਾਂ ਦੀ ਭਰਤੀ ਲਈ ਇੰਟਰਵਿਊ ਰੱਖੀ ਗਈ ਸੀ, ਪਰ ਸਿਰਫ 18 ਹੀ ਨੌਕਰੀ ਲਈ ਸਹਿਮਤ ਹੋਏ।

ਇਸ ਤੋਂ ਪਹਿਲਾਂ 17 ਸਤੰਬਰ ਨੂੰ ਵੀ ਬਹੁਤੇ ਉਮੀਦਵਾਰ ਇੰਟਰਵਿਊ ਦੇ ਕੇ ਨੌਕਰੀ ਲਈ ਨਹੀਂ ਪਰਤੇ। ਉਸ ਦਿਨ 239 ਆਸਾਮੀਆਂ ਲਈ ਇੰਟਰਵਿਊ ਰੱਖੀ ਗਈ ਸੀ ਪਰ ਸਿਰਫ 55 ਹੀ ਸਹਿਮਤ ਹੋਏ। ਇਸ ਤੋਂ ਪਹਿਲਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੇ 28 ਜੂਨ ਨੂੰ ਐਮ.ਬੀ.ਬੀ.ਐਸ. ਡਾਕਟਰਾਂ ਦੀਆਂ ਖਾਲੀ ਆਸਾਮੀਆਂ ਲਈ ਇੰਟਰਵਿਊ ਰੱਖੀ ਸੀ ਪਰ ਸਰਕਾਰ ਦੇ ਪੱਲੇ ਨਿਰਾਸ਼ਾ ਹੀ ਪਈ। ਕਮਿਸ਼ਨ ਵੱਲੋਂ 210 ਡਾਕਟਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਪਰ 74 ਨੇ ਜੁਆਇਨ ਕਰਨ ਲਈ ਸਮਾਂ ਮੰਗ ਲਿਆ ਸੀ।

ਸੂਤਰਾਂ ਅਨੁਸਾਰ ਵਿਭਾਗ ਨੇ ਇਨ੍ਹਾਂ ਨੂੰ ਇਕ ਤੋਂ ਚਾਰ ਮਹੀਨੇ ਦਾ ਸਮਾਂ ਦਿੱਤਾ ਸੀ ਪਰ ਕੋਈ ਵੀ ਮੁੜ ਨਾ ਬਹੁੜਿਆ। ਐਮ.ਬੀ.ਬੀ.ਐਸ. ਡਾਕਟਰਾਂ ਦੇ ਮੁਕਾਬਲੇ ਮਾਹਿਰਾਂ ਦੀਆਂ ਆਸਾਮੀਆਂ ਜ਼ਿਆਦਾ ਖਾਲੀ ਹਨ। ਜਾਣਕਾਰੀ ਅਨੁਸਾਰ ਸਿਹਤ ਵਿਭਾਗ ਵੱਲੋਂ ਡਾਕਟਰਾਂ ਨੂੰ ਨਾ ਤਾਂ ਯੋਗਤਾ ਦੇ ਬਰਾਬਰ ਤਨਖਾਹ ਦਿੱਤੀ ਜਾ ਰਹੀ ਹੈ ਤੇ ਨਾ ਹੀ ਢੁਕਵਾਂ ਮਾਹੌਲ ਦਿੱਤਾ ਜਾ ਰਿਹਾ ਹੈ।

ਪੰਜਾਬ ਇੱਕੋ-ਇਕ ਅਜਿਹਾ ਸੂਬਾ ਹੈ ਜਿੱਥੋਂ ਦੇ ਮਾਹਿਰ ਡਾਕਟਰਾਂ ਨੂੰ ਕੇਂਦਰ ਸਰਕਾਰ ਵੱਲੋਂ ਨਿਰਧਾਰਤ ਸਕੇਲਾਂ ਨਾਲੋਂ ਘੱਟ ਤਨਖ਼ਾਹ ਮਿਲ ਰਹੀ ਹੈ। ਪੰਜਾਬ 'ਚ ਐਮ.ਬੀ.ਬੀ.ਐਸ. ਅਤੇ ਮਾਹਿਰ ਡਾਕਟਰਾਂ ਨੂੰ ਇੱਕੋ ਜਿਹਾ ਸਕੇਲ ਦਿੱਤਾ ਜਾ ਰਿਹਾ ਹੈ। ਮਾਹਿਰਾਂ ਦੀ ਤਨਖ਼ਾਹ ਵਿਚ ਸਿਰਫ਼ ਭੱਤਿਆਂ ਦਾ ਫਰਕ ਹੈ।

ਸਰਕਾਰ ਵੱਲੋਂ ਮਨੋਰੋਗ ਮਾਹਿਰਾਂ ਦੀਆਂ ਖਾਲੀ ਅਸਾਮੀਆਂ ਭਰਨ ਲਈ ਪੰਜਾਬ ਤੋਂ ਬਾਹਰ ਜਾ ਕੇ ਦਿੱਲੀ ਵਿਚ ਵੀ ਇੰਟਰਵਿਊ ਕੀਤੀ ਗਈ ਸੀ ਪਰ ਅਧਿਕਾਰੀਆਂ ਨੂੰ ਉਥੋਂ ਵੀ ਖਾਲੀ ਹੱਥ ਮੁੜਨਾ ਪਿਆ। ਮਾਹਿਰਾਂ ਦੀਆਂ 17 ਆਸਾਮੀਆਂ ਲਈ 15 ਉਮੀਦਵਾਰਾਂ ਨੇ ਇੰਟਰਵਿਊ ਦਿੱਤੀ ਸੀ ਪਰ ਇਨ੍ਹਾਂ 'ਚੋਂ ਨੌਕਰੀ ਕਰਨ ਲਈ ਤਿੰਨ ਹੀ ਰਾਜ਼ੀ ਹੋਏ ਅਤੇ ਤਿੰਨੇ ਉਮੀਦਵਾਰ ਸਹਿਮਤੀ ਨਾਲ ਜੁਆਇਨ ਕਰਨ ਨਾ ਆਏ। ਉਨ੍ਹਾਂ ਦੇ ਨਿਯੁਕਤੀ ਪੱਤਰ ਪਏ ਹੀ ਰਹਿ ਗਏ। ਸਿਹਤ ਵਿਭਾਗ ਵੱਲੋਂ ਦਿੱਲੀ ਤੋਂ ਬਾਅਦ ਹੁਣ ਯੂ.ਪੀ. ਅਤੇ ਰਾਜਸਥਾਨ ਵਿਚ ਇੰਟਰਵਿਊ ਦੀ ਯੋਜਨਾ ਬਣਾਈ ਜਾ ਰਹੀ ਹੈ।

# ਨਸ਼ਿਆਂ ਬਾਰੇ ਸੁਪਰੀਮ ਕੋਰਟ ਵਲੋਂ ਪੰਜਾਬ ਨੂੰ ਨੋਟਿਸ

**ਨਵੀਂ ਦਿੱਲੀ:** ਬੱਚਿਆਂ ਨੂੰ ਤੰਬਾਕੂ, ਸ਼ਰਾਬ ਅਤੇ ਨਸ਼ਿਆਂ ਦੀ ਲਤ ਤੋਂ ਬਚਾਉਣ ਲਈ ਕੌਮੀ ਕਾਰਜ ਯੋਜਨਾ ਬਣਾਉਣ ਲਈ ਗੈਰ-ਸਰਕਾਰੀ ਜਥੇਬੰਦੀ 'ਬਚਪਨ ਬਚਾਓ ਅੰਦੋਲਨ' ਵੱਲੋਂ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ, ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਤੋਂ 30 ਅਕਤੂਬਰ ਤੱਕ ਜੁਆਬ ਮੰਗੇ ਹਨ। ਚੀਫ ਜਸਟਿਸ ਐਚ.ਐਲ. ਦੱਤੂ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਅਤੇ ਸਾਰੇ ਰਾਜਾਂ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਤੋਂ ਪਹਿਲਾਂ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਨੇ ਆਖਿਆ ਕਿ ਨਸ਼ਿਆਂ ਦੇ ਤੰਦੂਆ ਜਾਲ ਨੌਜਵਾਨਾਂ ਨੂੰ ਤਬਾਹ ਕਰ ਰਿਹਾ ਹੈ।

ਜਨਹਿਤ ਪਟੀਸ਼ਨ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਸਕੂਲ ਦੇ ਲਗਪਗ 30 ਬੱਚਿਆਂ ਨੂੰ ਨਸ਼ਿਆਂ ਦਾ ਆਦੀ ਬਣਾ ਕੇ ਉਨ੍ਹਾਂ ਤੋਂ ਨਸ਼ਾ-ਫਰੋਸ਼ੀ ਦਾ ਕੰਮ ਲਿਆ ਜਾ ਰਿਹਾ ਹੈ। ਪਟੀਸ਼ਨ ਵਿਚ ਬੱਚਿਆਂ ਨੂੰ ਅਫੀਮ, ਹੈਰੋਇਨ, ਸਮੈਕ ਅਤੇ ਇੰਜੈਕਸ਼ਨ ਰਾਹੀਂ ਲਏ ਜਾਣ ਵਾਲੇ ਨਸ਼ਿਆਂ ਦੇ ਆਦੀ ਬਣਨ ਦੇ ਵੇਰਵੇ ਦਿੱਤੇ ਗਏ ਹਨ। ਇਹ ਅਲਾਮਤ ਮਹਾਨਗਰਾਂ ਤੋਂ ਇਲਾਵਾ ਛੋਟੇ ਕਸਬਿਆਂ ਵਿਚ ਵੀ ਫੈਲ ਰਹੀ ਹੈ। ਪੰਜਾਬ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਕੁਝ ਹੋਰ ਰਾਜਾਂ ਵਿਚ ਨਸ਼ਿਆਂ ਦਾ ਪਸਾਰ ਬਹੁਤ ਫੈਲ ਚੁੱਕਿਆ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਕੋਈ ਨਿਗਰ ਕਦਮ ਨਹੀਂ ਉਠਾਇਆ ਗਿਆ ਅਤੇ ਨਸ਼ਿਆਂ ਦੇ ਤੰਦੂਆ ਜਾਲ ਵਿਚ ਫਸੇ ਵਿਅਕਤੀਆਂ ਨੂੰ ਬਾਹਰ ਕੱਢਣ ਲਈ ਵੀ ਕੋਈ ਕਾਰਗਰ ਯੋਜਨਾ ਨਹੀਂ ਉਲੀਕੀ ਜਾ ਸਕੀ।

## ਗਾਇਕ ਹਨੀ ਸਿੰਘ ਨੂੰ ਅਗਵਾ ਕਰਨ ਦੀ ਸਾਜ਼ਿਸ਼ ਬੇਨਕਾਬ

**ਫਰੀਦਕੋਟ:** ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇਸ ਨੇ ਵਿਦੇਸ਼ੀ ਹਥਿਆਰਾਂ ਸਮੇਤ ਪੰਜ ਅਜਿਹੇ ਵਿਅਕਤੀ ਫੜੇ ਹਨ ਜਿਨ੍ਹਾਂ ਨੇ ਪੌਪ ਗਾਇਕ ਹਨੀ ਸਿੰਘ ਨੂੰ ਤਿੰਨ ਕਰੋੜ ਰੁਪਏ ਦੀ ਫਿਰੌਤੀ ਲਈ ਅਗਵਾ ਕਰਨ ਦੀ ਸਾਜ਼ਿਸ਼ ਰਚੀ ਸੀ।



ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਡੀ.ਆਈ.ਜੀ. ਮਨੀਸ਼ ਚਾਵਲਾ ਅਤੇ ਹੋਰ ਉੱਚ ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਪਾਰਸ ਨਾਮ ਦਾ ਗੈਂਗਸਟਰ ਜਿਸ ਉਪਰ ਕਤਲ ਦੇ ਕਰੀਬ 14 ਮੁਕੱਦਮੇ ਦਰਜ ਹਨ, ਨੇ ਹਨੀ ਸਿੰਘ ਅਤੇ ਕੋਟਕਪੂਰਾ ਦੇ ਕੁਝ ਅਮੀਰ ਪਰਿਵਾਰਾਂ ਦੇ ਬੱਚਿਆਂ ਨੂੰ ਚੁੱਕਣ ਲਈ ਸਾਜ਼ਿਸ਼ ਰਚੀ, ਪਰ ਇਸ ਸਾਜ਼ਿਸ਼ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਹੀ ਇਹ ਵਿਅਕਤੀ ਫੜੇ ਗਏ। ਪੁਲਿਸ ਨੇ ਪਰਮਪਾਲ ਸਿੰਘ, ਰਣਜੀਤ ਸਿੰਘ, ਲਕਸ਼ਦੀਪ ਸਿੰਘ ਅਤੇ ਅਨੰਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦੋਂ ਕਿ ਗੁਰਚਰਨ ਸਿੰਘ ਫਰਾਰ ਹੋ ਗਿਆ। ਪੁਲਿਸ ਮੁਤਾਬਕ ਜਦੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਪੁਲਿਸ ਉਪਰ ਗੋਲੀਆਂ ਚਲਾਈਆਂ।

## ਮਨੁੱਖੀ ਅਧਿਕਾਰ ਕੌਂਸਲ 'ਚ ਭਾਰਤ ਦੀ ਮੁੜ ਚੋਣ

**ਸੰਯੁਕਤ ਰਾਸ਼ਟਰ (ਬਿਊਰੋ):** ਸੰਯੁਕਤ ਰਾਸ਼ਟਰ ਦੀ ਮੁੱਖ ਮਨੁੱਖੀ ਅਧਿਕਾਰ ਕੌਂਸਲ ਵਿਚ ਭਾਰਤ ਦੀ ਸਾਲ 2015-17 ਲਈ ਮੁੜ ਚੋਣ ਹੋ ਗਈ ਹੈ।

ਮਨੁੱਖੀ ਅਧਿਕਾਰ ਕੌਂਸਲ ਵਿਚ ਮੁੜ ਚੋਣ ਲਈ ਸੰਯੁਕਤ ਰਾਸ਼ਟਰ ਦੇ 69ਵੇਂ ਸੈਸ਼ਨ ਦੌਰਾਨ ਵੋਟਿੰਗ ਕਰਵਾਈ ਗਈ। ਆਮ ਸਭਾ ਦੇ ਮੈਂਬਰਾਂ ਵੱਲੋਂ ਸਿੱਧੀ ਅਤੇ ਗੁਪਤ ਵੋਟਿੰਗ ਦੌਰਾਨ ਇਹ ਕੌਂਸਲ ਮੈਂਬਰ ਤਿੰਨ ਸਾਲਾਂ ਦੇ ਲਈ ਚੁਣੇ ਜਾਂਦੇ ਹਨ।

# ਪਾਵਰਕਾਮ ਨੂੰ ਸਬਸਿਡੀ ਬਾਰੇ ਸਰਕਾਰ ਦੇ ਜਵਾਬ ਦੀ ਉਡੀਕ

**ਜਲੰਧਰ:** ਪਾਵਰਕਾਮ ਪਿਛਲੇ 6 ਮਹੀਨੇ ਤੋਂ ਜ਼ਿਆਦਾ ਸਮੇਂ ਤੋਂ ਖੇਤੀ ਸੈਕਟਰ ਦੀ ਬਿਜਲੀ ਦੀ ਸਬਸਿਡੀ ਦੀ ਰਕਮ ਦਾ ਸਰਕਾਰ ਤੋਂ ਜਵਾਬ ਦਾ ਇੰਤਜ਼ਾਰ ਕਰ ਰਿਹਾ ਹੈ। ਇਸ ਸਾਲ ਅਪਰੈਲ ਮਹੀਨੇ ਦੀ ਸਬਸਿਡੀ ਦੀ ਰਕਮ ਨਾ ਮਿਲਣ ਕਰ ਕੇ ਪਾਵਰਕਾਮ ਦੀ ਵਿੱਤੀ ਹਾਲਤ 'ਤੇ ਅਸਰ ਪੈ ਰਿਹਾ ਹੈ। ਕੁਲ 1000 ਕਰੋੜ ਰੁਪਏ ਫਸੇ ਹੋਣ ਕਰ ਕੇ ਪਾਵਰਕਾਮ ਵੱਲੋਂ ਖ਼ਰੀਦਿਆ ਗਿਆ ਸਮਾਨ ਵੀ ਟਰਾਂਸਪੋਰਟ ਕੰਪਨੀਆਂ ਕੋਲ ਪਿਆ ਹੈ ਜਿਨ੍ਹਾਂ ਵਿਚ ਕੰਡਕਟਰ, ਟਰਾਂਸਫਾਰਮਰ ਸਮੇਤ ਹੋਰ ਵੀ ਬਿਜਲੀ ਦਾ ਸਾਮਾਨ ਸ਼ਾਮਲ ਹੈ। ਇਸ ਨੂੰ ਟਰਾਂਸਪੋਰਟ ਤੋਂ ਲਿਆਉਣ ਲਈ ਰਕਮਾਂ ਜਮਾਂ ਕਰਵਾ ਕੇ ਹੀ ਇਸ ਦੀ ਸਪਲਾਈ ਲਈ ਜਾ ਸਕਦੀ ਹੈ।

ਬਿਜਲੀ ਇੰਜੀਨੀਅਰ ਐਸੋਸੀਏਸ਼ਨ ਦੇ ਇੱਕ ਆਗੂ ਦਾ ਕਹਿਣਾ ਹੈ ਕਿ ਤਾਪ ਘਰਾਂ ਵਿਚ ਵਰਤੋਂ ਲਈ ਸਮਾਨ ਦੀ ਵਰਤੋਂ ਕੀਤੀ ਗਈ ਹੈ ਪਰ ਇਨ੍ਹਾਂ ਵਿਚੋਂ ਤਾਂ ਸਾਮਾਨ ਅਜੇ ਤੱਕ ਟਰਾਂਸਪੋਰਟਰਾਂ ਤੋਂ ਲਿਆਂਦਾ ਨਹੀਂ ਜਾ ਸਕਿਆ ਹੈ। ਪਾਵਰਕਾਮ ਨੂੰ ਇਸ ਸਾਲ ਖੇਤੀ ਸੈਕਟਰ ਤੋਂ 800 ਕਰੋੜ ਰੁਪਏ ਦੇ ਕਰੀਬ ਘੱਟ ਸਬਸਿਡੀ ਦੀ ਰਕਮ ਸਰਕਾਰ ਤੋਂ ਮਿਲਣੀ ਹੈ।

ਪਿਛਲੇ ਸਾਲ ਪਾਵਰਕਾਮ ਖੇਤੀ ਸੈਕਟਰ ਅਤੇ ਮੁਫ਼ਤ ਬਿਜਲੀ ਦੀਆਂ ਸਕੀਮਾਂ ਤਹਿਤ ਸਰਕਾਰ ਤੋਂ ਹਰ ਸਾਲ 5200 ਰੁਪਏ ਦੇ ਕਰੀਬ ਸਬਸਿਡੀ ਲੈਂਦੀ ਰਹੀ ਹੈ ਪਰ ਇਸ ਵਾਰ ਪੰਜਾਬ ਬਿਜਲੀ ਅਥਾਰਿਟੀ ਕਮਿਸ਼ਨ ਨੇ ਪਾਵਰਕਾਮ ਦੀ ਸਬਸਿਡੀ 'ਤੇ ਇਹ ਕਹਿ ਕੇ ਕੱਟ ਲਗਾ ਦਿੱਤਾ ਹੈ ਕਿ ਉਸ ਨੇ ਖੇਤੀ ਸੈਕਟਰ ਦੇ ਟਿਊਬਵੈਲਾਂ ਦੀ ਹੁੰਦੀ ਬਿਜਲੀ ਮੀਟਰਾਂ ਦੀ ਖਪਤ ਦੀ ਜਾਂਚ ਕਰਵਾਈ ਹੈ ਤੇ ਇਹ ਪਹਿਲਾਂ ਨਾਲੋਂ ਘੱਟ ਬਿਜਲੀ ਦੀ ਵਰਤੋਂ ਹੁੰਦੀ ਹੈ।

# ਲਾਹੌਰ ਵਿਚ ਪੈਟਰੋਲ ਪੰਪ ਚਲਾ ਰਹੀਆਂ ਨੇ ਕੁੜੀਆਂ

**ਇਸਲਾਮਾਬਾਦ:** ਪਾਕਿਸਤਾਨ ਵਿਚ ਇਕ ਗੈਸ ਸਟੇਸ਼ਨ ਮੁਟਿਆਰਾਂ ਵੱਲੋਂ ਚਲਾਇਆ ਜਾ ਰਿਹਾ ਹੈ। ਰੂੜੀਵਾਦੀ ਮੁਸਲਿਮ ਦੇਸ਼ ਵਿਚ ਇਹ ਬੜੀ ਅਚਰਜ ਦੀ ਗੱਲ ਹੈ। ਲਾਹੌਰ ਦੇ ਜੁਮ ਪੈਟਰੋਲ ਸਟੇਸ਼ਨ ਨੇ ਪਹਿਲੀ ਵਾਰ ਦਲੇਰਾਨਾ ਉਪਰਾਲਾ ਕਰਦਿਆਂ, ਸਾਰੀਆਂ ਮਹਿਲਾਵਾਂ ਅਤੇ ਲੜਕੀਆ ਤਾਇਨਾਤ ਕੀਤੀਆਂ ਹੋਈਆਂ ਹਨ।

ਸਟੇਸ਼ਨ 'ਤੇ ਕੰਮ ਕਰਦੀ ਆਇਸ਼ਾ ਨੇ ਕਿਹਾ ਕਿ ਪੈਟਰੋਲ ਸਟੇਸ਼ਨਾਂ 'ਤੇ ਹੋਰ ਲੜਕੀਆਂ ਲਾਈਆਂ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਔਰਤਾਂ ਵੀ ਮਰਦਾਂ ਤੋਂ ਘੱਟ ਨਹੀਂ ਹਨ। ਉਸ ਨੇ ਦੱਸਿਆ ਕਿ ਪੈਟਰੋਲ ਸਟੇਸ਼ਨ 'ਤੇ ਲੜਕੀਆਂ ਅਤੇ ਔਰਤਾਂ ਦੋ ਸ਼ਿਫਟਾਂ ਸਵੇਰੇ 8 ਵਜੇ ਤੋਂ 5 ਵਜੇ ਸ਼ਾਮ ਤੱਕ ਅਤੇ ਸਵੇਰੇ 10 ਵਜੇ ਤੋਂ 7 ਵਜੇ ਸ਼ਾਮ ਤੱਕ ਕੰਮ ਕਰਦੀਆਂ ਹਨ। ਇਨ੍ਹਾਂ ਨੂੰ ਮਰਦਾਂ ਤੋਂ ਵੱਧ ਪੈਸੇ ਮਿਲਦੇ ਹਨ ਤੇ ਪੈਟਰੋਲ ਸਟੇਸ਼ਨ ਵਾਲਿਆਂ ਵੱਲੋਂ ਇਨ੍ਹਾਂ ਦੀ ਸਿੱਧੀ ਭਰਤੀ ਕੀਤੀ ਗਈ ਹੈ ਜਦਕਿ ਪੁਰਸ਼ ਠੇਕੇ ਉਤੇ ਜਾਂ ਫਿਰ ਦਿਹਾੜੀ 'ਤੇ ਹਿਸਾਬ ਰੱਖੇ ਜਾਂਦੇ ਹਨ।

'ਡਾਨ' ਅਖ਼ਬਾਰ ਵਿਚ ਪੈਟਰੋਲ ਸਟੇਸ਼ਨ ਦੇ ਸਈਬ ਦੇ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਇਹ ਸਟੇਸ਼ਨ ਮੁਕਾਬਲਤਨ ਅਹਿਮ ਖੇਤਰ ਵਿਚ ਸਥਿਤ ਹੈ ਤੇ ਇਥੇ ਗਾਹਕਾਂ ਦੀ ਭੀੜ ਰਹਿੰਦੀ ਹੈ, ਪਰ ਲੜਕੀਆਂ ਮੁਲਾਜ਼ਮ ਹੋਣ ਨਾਲ ਪ੍ਰਬੰਧਨ 'ਚ ਕੋਈ ਦਿੱਕਤ ਨਹੀਂ ਆਉਂਦੀ। ਜਦੋਂ ਉਸ ਨੂੰ ਕੋਈ ਵਿਸ਼ੇਸ਼ ਸੁਰੱਖਿਆ ਪ੍ਰਬੰਧ ਕੀਤੇ ਜਾਣ ਦੀ ਲੋੜ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਕਦੇ ਲੋੜ ਹੀ ਮਹਿਸੂਸ ਨਹੀਂ ਹੋਈ। ਨਾ ਹੀ ਸਟਾਫ ਤੋਂ ਅਤੇ ਨਾ ਹੀ ਗਾਹਕ ਤੋਂ ਕੋਈ ਸ਼ਿਕਾਇਤ ਕਦੇ ਮਿਲੀ ਹੈ।

# ਖੁੱਲ੍ਹੀ ਖੇਤੀ ਜੇਲ੍ਹ ਉਮਰ ਕੈਦੀਆਂ ਦੀ ਅਗੇਤੀ ਰਿਹਾਈ ਦਾ ਜ਼ਰੀਆ ਬਣੀ

**ਚੰਡੀਗੜ੍ਹ:** ਨਾਭਾ ਦੀ ਖੁੱਲ੍ਹੀ ਖੇਤੀਬਾੜੀ ਜੇਲ੍ਹ ਉਮਰ ਕੈਦ ਭੁਗਤਣ ਵਾਲੇ ਦੋਸ਼ੀਆਂ ਦੀ ਅਗੇਤੀ ਰਿਹਾਈ ਸਬੰਧੀ ਵਰਦਾਨ ਸਾਬਤ ਹੋ ਰਹੀ ਹੈ। ਬੀਤੇ ਇੱਕ ਸਾਲ ਵਿਚ ਹੀ ਇਥੋਂ 10 ਉਮਰ ਕੈਦੀਆਂ ਨੂੰ ਪੰਜਾਬ ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਰਿਹਾਈ ਦੀ ਕੀਤੀ ਹੋਈ ਵਿਵਸਥਾ ਦਾ ਫ਼ਾਇਦਾ ਮਿਲ ਚੁੱਕਾ ਹੈ ਜਿਨ੍ਹਾਂ ਵਿਚ ਲੁਧਿਆਣਾ 'ਚ ਵਾਪਰੇ ਅਵਤਾਰ ਸਿੰਘ ਉਰਫ਼ ਗੋਲਾ ਹੱਤਿਆ ਕਾਂਡ ਦਾ ਮੁੱਖ ਦੋਸ਼ੀ ਅਤੇ ਸਾਬਕਾ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਵੀ ਸ਼ਾਮਲ ਹੈ।

ਇਨ੍ਹਾਂ ਕਤਲ ਕੇਸਾਂ ਦੇ ਕੈਦੀਆਂ ਨੂੰ ਇਹ ਸਹੂਲਤ ਪੰਜਾਬ ਸਰਕਾਰ ਦੇ ਗ੍ਰਿਹ ਮਾਮਲਿਆਂ ਅਤੇ ਨਿਆਂ ਵਿਭਾਗ ਵੱਲੋਂ 23 ਅਕਤੂਬਰ 2001 ਨੂੰ ਜਾਰੀ ਨੀਤੀ ਤਹਿਤ ਦਿੱਤੀ ਗਈ ਹੈ। ਇਸ ਤਹਿਤ ਪਹਿਲੀ ਸਤੰਬਰ 2013 ਤੋਂ ਪਹਿਲੀ ਸਤੰਬਰ 2014 ਦਰਮਿਆਨ ਕੁਲਦੀਪ ਸਿੰਘ, ਰਜਿੰਦਰ ਪਾਲ ਸਿੰਘ, ਗੁਰਤੇਜ ਸਿੰਘ, ਹਰਜਾਪ ਸਿੰਘ, ਗੁਰਦੇਵ ਸਿੰਘ, ਗੁਰਮੀਤ ਸਿੰਘ, ਪਲਵਿੰਦਰ ਸਿੰਘ, ਸਵਰਨ ਸਿੰਘ, ਗੁਰਚਰਨ ਸਿੰਘ ਅਤੇ ਬਲਬੀਰ ਸਿੰਘ ਨੂੰ ਉਨ੍ਹਾਂ ਦੀ ਸਜ਼ਾ ਦੀ ਅਸਲ ਮਿਆਦ 10 ਸਾਲ ਪੁੱਗਣ ਤੋਂ ਪਹਿਲਾਂ ਰਿਹਾਅ ਕੀਤਾ ਜਾ ਚੁੱਕਾ ਹੈ। ਪੰਜਾਬ ਸਰਕਾਰ ਦੀ ਇਸ ਨੀਤੀ ਨੂੰ ਪਹਿਲਾਂ ਪਿੰਕੀ ਦੀ ਰਿਹਾਈ ਹੋਣ ਤੋਂ ਛਿੜੇ ਵਿਵਾਦ ਦੌਰਾਨ ਹੀ ਹਾਈਕੋਰਟ 'ਚ ਚੁਣੌਤੀ ਦਿੱਤੀ ਜਾ ਚੁੱਕੀ ਹੈ।

ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਦਾਇਰ ਪਟੀਸ਼ਨ ਵਿਚ ਖੁੱਲ੍ਹੀ ਖੇਤੀਬਾੜੀ ਜੇਲ੍ਹ ਨਾਭਾ ਦੇ ਉਕਤ ਕਿਸਮ ਵਾਲੇ ਕੈਦੀਆਂ ਲਈ ਅਪਨਾਏ ਜਾ ਰਹੇ ਇਸ ਪ੍ਰਬੰਧ ਨੂੰ ਨੇਮਾਂ ਤੋਂ ਬਾਹਰੀ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਉਮਰ ਕੈਦੀ ਕੋਲ ਇਹ ਕੋਈ ਉਸ ਦੀ ਇੱਛਾ ਦਾ ਵਿਸ਼ਾ ਨਹੀਂ ਹੁੰਦਾ ਕਿ ਉਸ ਨੇ ਕਿਸੇ ਖ਼ਾਸ ਜੇਲ੍ਹ ਵਿਚ ਹੀ ਆਪਣੀ ਸਜ਼ਾ ਕੱਟਣੀ ਹੈ।

## ਭਾਈ ਰਾਮ ਸਿੰਘ 2 ਨਵੰਬਰ ਤੱਕ ਕਥਾ ਕਰਨਗੇ

**ਨਿਊ ਯਾਰਕ (ਬਿਊਰੋ):** ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ 24 ਅਕਤੂਬਰ ਤੋਂ 2 ਨਵੰਬਰ ਤੱਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਧਾਰਮਿਕ ਦੀਵਾਨ ਸਜਾਉਣਗੇ। ਜ਼ਿਕਰਯੋਗ ਹੈ ਕਿ ਉਹ ਪਿਛਲੇ ਦਿਨਾਂ ਤੋਂ ਅਮਰੀਕਾ ਫੇਰੀ 'ਤੇ ਹਨ।

ਗੁਰੂ ਘਰ ਦੇ ਪ੍ਰਬੰਧਕਾਂ ਅਨੁਸਾਰ ਭਾਈ ਰਾਮ ਸਿੰਘ ਰੋਜ਼ਾਨਾ ਸੰਗਤ ਨੂੰ ਸ਼ਬਦ ਗੁਰੂ ਦੀ ਵਿਆਖਿਆ ਰਾਹੀਂ ਨਿਹਾਲ ਕਰਨਗੇ। ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ 718-846-3333 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਤੰਦੂਰੀਏ, ਹੈਲਪਰ, ਵੇਟਰ ਤੇ ਡਿਸ ਵਾਸ਼ਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ, ਵੇਟਰ, ਹੈਲਪਰ ਤੇ ਡਿਸ ਵਾਸ਼ਰ ਦੀ ਲੋੜ ਹੈ।

ਜੋੜੇ (ਪਤੀ-ਪਤਨੀ) ਨੂੰ ਪਹਿਲ

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

43-44

ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਸ਼ੈਫ ਅਤੇ ਹੈਲਪਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਸ਼ੈਫ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 913-277-7794

43-44

## ਸਭ ਤੋਂ ਜ਼ਿਆਦਾ ਦੂਰੀ 'ਤੇ ਸਥਿਤ ਨਵੀਂ ਅਕਾਸ਼ ਗੰਗਾ ਦੀ ਖੋਜ

**ਵਾਸ਼ਿੰਗਟਨ:** ਨਾਸਾ ਦੀ ਵਿਸ਼ਾਲ ਅਕਾਰ ਵਾਲੀ ਪੁਲਾੜ ਦੂਰਬੀਨ ਨੇ ਇਕ ਬਹੁਤ ਛੋਟੀ ਅਕਾਸ਼ ਗੰਗਾ ਖੋਜੀ ਹੈ। ਇਹ ਅਕਾਸ਼ ਗੰਗਾ ਵੱਡ-ਅਕਾਰੀ ਆਵਰਧਕ ਲੈਨਜ਼ ਰਾਹੀਂ ਖੋਜੀ ਗਈ ਤੇ ਹੁਣ ਤੱਕ ਦੀਆਂ ਅਕਾਸ਼ ਗੰਗਾਵਾਂ ਵਿਚੋਂ ਪ੍ਰਿਥਵੀ ਤੋਂ ਸਭ ਤੋਂ ਜ਼ਿਆਦਾ ਦੂਰੀ 'ਤੇ ਸਥਿਤ 13 ਅਰਬ ਪ੍ਰਕਾਸ਼ ਸਾਲ ਦੂਰ ਹੈ। ਇਕ ਅਧਿਐਨ ਅਨੁਸਾਰ ਇਸ ਅਕਾਸ਼ ਗੰਗਾ ਨਾਲ ਬ੍ਰਹਿਮੰਡ ਬਣਨ ਦੀਆਂ ਪ੍ਰਕਿਰਿਆਵਾਂ ਤੇ ਇਸ ਦੇ ਇਤਿਹਾਸ ਦਾ ਪਤਾ ਚੱਲ ਸਕਦਾ ਹੈ।

ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨੋਲੋਜੀ ਦੇ ਏ.ਡੀ. ਜਿਟ੍ਰਿਨ ਮੁਤਾਬਕ ਇਹ ਖੋਜ ਮੈਸਿਵ ਗਲੈਕਸੀ ਕਲੱਸਟਰ ਅਬੇਲ 2744, ਜਿਸ ਨੂੰ ਪੰਡੋਰਾ ਕਲੱਸਟਰ ਕਹਿੰਦੇ ਹਨ, ਦੇ ਲੈਂਜ਼ਿੰਗ ਪਾਵਰ ਦੇ ਇਸਤੇਮਾਲ ਨਾਲ ਕੀਤੀ ਗਈ ਜੋ ਕਿਸੇ ਵੀ ਅਕਾਸ਼ ਗੰਗਾ ਦੀਆਂ ਤਿੰਨ ਗੁਣਾ ਤਸਵੀਰਾਂ ਬਣਾਉਂਦਾ ਹੈ। ਇਸ ਅਕਾਸ਼ ਗੰਗਾ ਨੂੰ ਮਿਲਕੀ ਵੇਅ ਅਕਾਸ਼ ਗੰਗਾ ਤੋਂ 850 ਪ੍ਰਕਾਸ਼



ਸਾਲ ਦੂਰ ਤੇ 500 ਗੁਣਾ ਛੋਟਾ ਮਾਪਿਆ ਗਿਆ ਹੈ। ਜਿਟ੍ਰਿਨ ਅਨੁਸਾਰ ਆਪਣੇ ਛੋਟੇ ਅਕਾਰ ਤੇ ਘੱਟ ਵਜ਼ਨ ਕਾਰਨ ਇਹ ਅਕਾਸ਼ ਗੰਗਾ ਤਾਰਿਆਂ ਦੇ ਬਣਨ ਦੀ ਪ੍ਰਕਿਰਿਆ ਵਿਚ ਵੀ ਸ਼ਾਮਲ ਹੁੰਦੀ ਹੈ। ਟੀਮ ਨੇ ਰੰਗ ਵਿਸ਼ਲੇਸ਼ਣ ਤਕਨੀਕ ਦਾ ਇਸਤੇਮਾਲ ਕੀਤਾ ਤੇ ਕਈ ਤਸਵੀਰਾਂ ਕੱਢ ਕੇ ਇਸ ਦੀ ਦੂਰੀ ਦਾ ਪਤਾ ਲਾਇਆ। ਜਿਟ੍ਰਿਨ ਨੇ ਕਿਹਾ ਕਿ ਜਿਨ੍ਹਾਂ ਦਾ ਸਾਨੂੰ ਪਤਾ ਨਹੀਂ ਹੈ ਉਨ੍ਹਾਂ ਦੀ ਖੋਜ ਲਈ ਸਾਨੂੰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਇਸ ਨਾਲ ਇਹ ਪਤਾ ਲੱਗ ਸਕੇਗਾ ਕਿ ਅਕਾਸ਼ ਗੰਗਾਵਾਂ ਤੇ ਬ੍ਰਹਿਮੰਡ ਕਿਵੇਂ ਇਕ-ਦੂਜੇ ਦਾ ਸਾਥ ਦਿੰਦੇ ਹਨ।

# ਕਾਲੀ ਧਨ ਬਾਰੇ ਮੋਦੀ ਸਰਕਾਰ ਦੀ ਯੂ-ਟਰਨ

**ਨਵੀਂ ਦਿੱਲੀ:** ਭਾਰਤੀਆਂ ਵੱਲੋਂ ਵਿਦੇਸ਼ੀ ਬੈਂਕਾਂ ਵਿਚ ਲੁਕੋਈ ਕਾਲੀ ਕਮਾਈ ਨੂੰ ਦੇਸ਼ ਵਾਪਸ ਲਿਆਉਣ ਦੇ ਵਾਅਦੇ ਕਰਨ ਵਾਲੇ ਨਰੇਂਦਰ ਮੋਦੀ ਤੇ ਭਾਜਪਾ ਨੇ ਹੁਣ ਸਰਕਾਰ ਬਣਨ ਮਗਰੋਂ ਬਿਲਕੁਲ ਯੂ.ਪੀ.ਏ. ਦੀ ਪੈੜ ਵਿਚ ਪੈਰ ਧਰਦਿਆਂ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਮੁਲਕਾਂ ਵੱਲੋਂ ਭਾਰਤੀਆਂ ਦੇ ਕਾਲੇ ਧਨ ਬਾਰੇ ਦਿੱਤੀ ਗਈ ਸਾਰੀ ਜਾਣਕਾਰੀ ਜਨਤਕ ਨਹੀਂ ਕੀਤੀ ਜਾ ਸਕਦੀ, ਜਿਨ੍ਹਾਂ ਨਾਲ ਭਾਰਤ ਦੀ ਦੂਹਰੇ ਕਰਾਂ ਬਾਰੇ ਸੰਧੀ (ਡੀ.ਟੀ.ਏ.ਏ.) ਸਹੀਬੰਦ ਹੈ।




ਕੇਂਦਰ ਨੇ 800 ਸਫ਼ਿਆਂ ਦੇ ਨਾਲ ਲਾਏ ਦਸਤਾਵੇਜ਼ਾਂ ਵਾਲੀ ਅਰਜ਼ੀ ਵਿਚ ਦਲੀਲ ਦਿੱਤੀ ਕਿ ਇਹ ਕਾਲੇ ਧਨ ਬਾਰੇ ਸਾਰੀ ਜਾਣਕਾਰੀ ਜਨਤਕ ਨਹੀਂ ਕਰ ਸਕਦੀ ਕਿਉਂਕਿ ਜਿਨ੍ਹਾਂ ਮੁਲਕਾਂ ਨਾਲ ਇਸ ਦੀ ਦੂਹਰੇ ਕਰਾਂ ਬਾਰੇ ਸੰਧੀ ਸਹੀਬੰਦ ਹੈ, ਉਹ ਇਤਰਾਜ਼ ਕਰਦੇ ਹਨ ਤੇ ਇਸ ਕਾਰਨ ਭਵਿੱਖ ਵਿਚ ਵੀ ਕੋਈ ਮੁਲਕ ਨਵੀਂ ਦਿੱਲੀ ਨਾਲ ਅਜਿਹਾ ਸਮਝੌਤਾ ਨਹੀਂ ਕਰੇਗਾ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਤੇ ਦੌਰਾਨ ਸ੍ਰੀ ਮੋਦੀ ਦੀ ਅਗਵਾਈ ਵਿਚ ਭਾਜਪਾ ਨੇ ਜ਼ੋਰ-ਸ਼ੋਰ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਾਉਣ ਦੇ 100 ਦਿਨਾਂ ਦੇ ਅੰਦਰ ਇਹ ਭਾਰਤੀਆਂ ਵੱਲੋਂ ਵਿਦੇਸ਼ਾਂ ਵਿਚ ਛੁਪਾਇਆ ਕਾਲਾ ਧਨ ਵਾਪਸ ਲੈ ਆਏਗੀ, ਪਰ ਹੁਣ ਸਰਕਾਰ ਦਾ ਕਹਿਣਾ ਹੈ ਕਿ ਜਰਮਨੀ ਜਿਹੇ ਮੁਲਕ ਇਹ ਜਾਣਕਾਰੀ ਜਨਤਕ ਕੀਤੇ ਜਾਣ 'ਤੇ ਇਤਰਾਜ਼ ਕਰ ਰਹੇ ਹਨ।

ਦਿਲਚਸਪ ਗੱਲ ਹੈ ਕਿ ਸੁਪਰੀਮ ਕੋਰਟ ਇਸ ਤੋਂ ਪਹਿਲਾਂ ਯੂ.ਪੀ.ਏ. ਸਰਕਾਰ ਵੱਲੋਂ ਲਏ ਗਏ ਅਜਿਹੇ ਸਟੈਂਡ ਨੂੰ ਖਾਰਜ ਕਰ ਚੁੱਕੀ ਹੈ। ਅਦਾਲਤ ਦਾ ਕਹਿਣਾ ਹੈ ਕਿ ਅਜਿਹੇ ਡੀ.ਟੀ.ਏ.ਏ. ਕੇਂਦਰ ਨੂੰ ਵਿਦੇਸ਼ਾਂ ਵਿਚ ਬੈਂਕ ਖਾਤਿਆਂ ਵਾਲੇ ਵਿਅਕਤੀਆਂ ਦੇ ਨਾਮ ਜਨਤਕ ਕਰਨ ਤੋਂ ਨਹੀਂ ਰੋਕਦੇ। ਅਦਾਲਤ ਮੁਤਾਬਕ ਇਹ ਸੰਧੀ 'ਬੇਕਾਇਦਾ' ਤੇ ਕੁਢੱਬੇ ਢੰਗ ਨਾਲ ਤਿਆਰ ਕੀਤੀ ਗਈ ਤੇ ਕੇਂਦਰ ਨੂੰ ਚਿਤਾਵਨੀ ਦਿੱਤੀ ਸੀ ਕਿ ਇਹ ਅਜਿਹੇ ਸਮਝੌਤੇ ਨਾ ਕਰੇ ਜੋ ਦੇਸ਼ ਦੇ ਸੰਵਿਧਾਨ ਨੂੰ ਛੁਟਿਆਉਂਦੇ ਹੋਣ।

ਬੈਂਚ ਅਨੁਸਾਰ ਸਰਕਾਰ ਭਾਰਤ ਨੂੰ ਅਜਿਹੇ ਢੰਗ ਨਾਲ ਬੰਨ੍ਹੇ ਜੋ ਸੰਵਿਧਾਨਕ ਵਿਵਸਥਾਵਾਂ, ਕਦਰਾਂ-ਕੀਮਤਾਂ ਤੇ ਅਸੂਲਾਂ ਨੂੰ ਘਟਾ ਕੇ ਦੇਖਦਾ ਹੋਵੇ। ਕਾਂਗਰਸ ਨੇ ਮੋਦੀ ਸਰਕਾਰ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਦਾ ਕਾਲੇ ਧਨ ਦੇ ਮਾਮਲੇ ਦੀ ਤਹਿ ਤੱਕ ਜਾਣ ਦਾ ਇਰਾਦਾ ਹੀ ਨਹੀਂ ਹੈ।

### ਅਜੇ ਨਹੀਂ ਸਵੀਕਾਰੀਆਂ ਸਰਵੇਖਣ ਰਿਪੋਰਟਾਂ

**ਨਵੀਂ ਦਿੱਲੀ:** ਭਾਰਤ ਤੇ ਵਿਦੇਸ਼ਾਂ ਵਿਚ ਕਾਲੇ ਧਨ ਦੇ ਮੁਲਾਂਕਣ ਬਾਰੇ ਦਾਖ਼ਲ ਤਿੰਨ ਰਿਪੋਰਟਾਂ ਵਿਚੋਂ ਦੋ ਨੂੰ ਹਾਲੇ ਤੱਕ ਵਿੱਤ ਮੰਤਰਾਲੇ ਨੇ ਪ੍ਰਵਾਨ ਨਹੀਂ ਕੀਤਾ ਹੈ। ਪਿਛਲੀ ਯੂ.ਪੀ.ਏ. ਸਰਕਾਰ ਨੇ ਦਿੱਲੀ ਆਧਾਰਤ ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਇਨਾਂਸ ਤੇ ਪਾਲਿਸੀ ਤੇ ਨੈਸ਼ਨਲ ਕੌਂਸਲ ਆਫ ਅਪਲਾਈਡ ਇਕਨਾਮਿਕ ਰਿਸਰਚ ਤੇ ਨੈਸ਼ਨਲ ਇੰਸਟੀਚਿਊਟ ਆਫ ਫਾਈਨਾਂਸ਼ੀਅਲ ਮੈਨੇਜਮੈਂਟ, ਫਰੀਦਾਬਾਦ ਨੂੰ ਇਸ ਸਰਵੇਖਣ ਦਾ ਕਾਰਜ ਸੌਂਪਿਆ ਸੀ। ਵਿੱਤ ਮੰਤਰਾਲੇ ਨੇ ਸੂਚਨਾ ਦੇ ਅਧਿਕਾਰ ਐਕਟ ਤਹਿਤ ਦਿੱਤੇ ਜਵਾਬ ਵਿਚ ਕਿਹਾ ਕਿ ਇਕ ਇੰਸਟੀਚਿਊਟ ਦੀ ਰਿਪੋਰਟ ਸਵੀਕਾਰ ਕਰ ਲਈ ਗਈ ਹੈ, ਜਦੋਂਕਿ ਦੋ ਸੰਸਥਾਵਾਂ ਦੀਆਂ ਰਿਪੋਰਟਾਂ ਮਿਲ ਚੁੱਕੀਆਂ ਹਨ ਪਰ ਇਹ ਹਾਲੇ ਪ੍ਰਵਾਨ ਨਹੀਂ ਕੀਤੀਆਂ ਗਈਆਂ। ਮੰਤਰਾਲੇ ਨੇ ਐਕਟ ਵਿਚ ਛੋਟ ਦੀ ਧਾਰਾ ਦਾ ਹਵਾਲਾ ਦਿੰਦਿਆਂ ਇਨ੍ਹਾਂ ਰਿਪੋਰਟਾਂ ਵਿਚਲੇ ਤੱਥ ਦੱਸਣ ਤੋਂ ਇਨਕਾਰ ਕਰ ਦਿੱਤਾ। ਇਹ ਤਿੰਨੇ ਸਰਵੇਖਣ 18 ਮਹੀਨਿਆਂ ਵਿਚ ਮੁਕੰਮਲ ਹੋਣ ਦਾ ਅਨੁਮਾਨ ਸੀ, ਜਿਸ ਦੀ ਸਮਾਂ ਹੱਦ 21 ਸਤੰਬਰ, 2012 ਨੂੰ ਖ਼ਤਮ ਹੋ ਗਈ। ਵਿੱਤ ਮੰਤਰਾਲੇ ਨੇ ਇਹ ਰਿਪੋਰਟਾਂ ਜਮ੍ਹਾਂ ਕਰਵਾਉਣ ਦੀਆਂ ਤਰੀਕਾਂ ਵੀ ਨਹੀਂ ਦੱਸੀਆਂ।

### ਵਿਰੋਧੀ ਦਲਾਂ ਦਾ ਭਾਜਪਾ ਨੂੰ ਘੇਰਾ

**ਨਵੀਂ ਦਿੱਲੀ:** ਕਾਲੇ ਧਨ ਦੇ ਮੁੱਦੇ 'ਤੇ ਵੱਖ-ਵੱਖ ਪਾਰਟੀਆਂ ਨੇ ਮੋਦੀ ਸਰਕਾਰ ਨੂੰ ਘੇਰਦਿਆਂ ਕਿਹਾ ਹੈ ਕਿ ਚੋਣ ਪ੍ਰਚਾਰ ਵਿਚ ਕਾਲੇ ਧਨ ਨੂੰ ਵਾਪਸ ਲਿਆਉਣ ਦਾ ਦਾਅਵਾ ਕਰਨ ਵਾਲੀ ਪਾਰਟੀ ਹੁਣ ਆਪਣੇ ਵਾਅਦੇ ਤੋਂ ਮੁੱਕਰ ਗਈ ਹੈ। ਸਮਾਜਸੇਵੀ ਅੰਨਾ ਹਜ਼ਾਰੇ ਨੇ ਸਰਕਾਰ ਦੀ ਆਲੋਚਨਾ ਕਰਦਿਆਂ ਨਰੇਂਦਰ ਮੋਦੀ ਨੂੰ ਚਿੱਠੀ ਲਿਖ ਕੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਭਾਰਤ ਦਾ ਪੈਸਾ ਵਿਦੇਸ਼ਾਂ ਤੋਂ ਵਾਪਸ ਨਾ ਆਇਆ ਤਾਂ ਉਹ ਇਸ ਵਿਰੁੱਧ ਅੰਦੋਲਨ ਸ਼ੁਰੂ ਕਰਨਗੇ।ਕਾਂਗਰਸ ਨੇ ਵਿੱਤ ਮੰਤਰੀ ਅਰੁਣ ਜੇਤਲੀ ਦੀ ਇਹ ਦਲੀਲ ਰੱਦ ਕਰ ਦਿੱਤੀ ਹੈ ਕਿ 1995 ਵਿਚ ਕਾਂਗਰਸ ਸਰਕਾਰ ਵੱਲੋਂ ਜਰਮਨੀ ਨਾਲ ਕੀਤੀ ਸੰਧੀ ਕਾਰਨ ਉਨ੍ਹਾਂ ਦੇ ਹੱਥ ਬੱਧੇ ਹੋਏ ਹਨ। ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸੰਚਾਰ ਵਿਭਾਗ ਦੇ ਚੇਅਰਮੈਨ ਅਜੈ ਮਾਕਨ ਨੇ ਆਖਿਆ ਕਿ ਐਨ.ਡੀ.ਏ. ਦੀ ਪਿਛਲੀ ਸਰਕਾਰ ਵੇਲੇ 14 ਡੀ.ਟੀ.ਏ.ਏ. (ਦੋਹਰੇ ਟੈਕਸਾਂ ਤੋਂ ਬਚਾਅ ਬਾਰੇ ਸੰਧੀ) ਸਹੀਬੰਦ ਕੀਤੀਆਂ ਗਈਆਂ ਸਨ ਤੇ ਜਿਨ੍ਹਾਂ ਸਾਰੀਆਂ ਵਿਚ ਉਹੀ ਰਾਜ਼ਦਾਰੀ ਮੱਦ ਸ਼ਾਮਲ ਸੀ ਪਰ ਇਸ ਮੁੱਦੇ ਦੀ ਕਦੇ ਵੀ ਸਮੀਖਿਆ ਲੈਣ ਦੀ ਲੋੜ ਨਹੀਂ ਪਈ ਸੀ। ਜਦੋਂ ਸੰਧੀਆਂ ਕੀਤੀਆਂ ਸਨ ਤਾਂ ਇਹ ਰਾਜ਼ਦਾਰੀ ਦੀ ਮੱਦ ਕਿਉਂ ਸ਼ਾਮਲ ਕੀਤੀ ਗਈ ਜਦਕਿ ਹੁਣ ਤੁਸੀਂ ਇਸ ਲਈ ਯੂ.ਪੀ.ਏ. ਨੂੰ ਦੋਸ਼ ਦੇ ਰਹੇ ਹੋ।

### ਸਵਿਟਜ਼ਰਲੈਂਡ ਜਾਣਕਾਰੀ ਦੇਣ ਲਈ ਸਹਿਮਤ

**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਸਵਿਟਜ਼ਰਲੈਂਡ ਭਾਰਤੀਆਂ ਦੇ ਜਮ੍ਹਾਂ ਗੈਰਕਾਨੂੰਨੀ ਧਨ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਸਹਿਮਤ ਹੋ ਗਿਆ ਹੈ। ਸ੍ਰੀ ਜੇਤਲੀ ਨੇ ਕਿਹਾ ਕਿ ਇਸ ਤੋਂ ਇਲਾਵਾ ਸਵਿਸ ਸਰਕਾਰ ਖ਼ੁਫ਼ੀਆ ਏਜੰਸੀਆਂ ਵੱਲੋਂ ਭਾਰਤੀ ਨਾਗਰਿਕਾਂ ਦੇ ਵਿਦੇਸ਼ੀ ਖਾਤਿਆਂ ਦੇ ਵੇਰਵਿਆਂ ਦੇ ਸਹੀ ਹੋਣ ਜਾਂ ਨਾ ਹੋਣ ਬਾਰੇ ਪੁਸ਼ਟੀ ਕਰੇਗੀ। ਵਿੱਤ ਮੰਤਰੀ ਨੇ ਕਿਹਾ ਕਿ ਸਵਿਟਜ਼ਰਲੈਂਡ ਭਾਰਤੀ ਅਧਿਕਾਰੀਆਂ ਵੱਲੋਂ ਸੁਤੰਤਰ ਰੂਪ ਵਿਚ ਇਕੱਤਰ ਕੀਤੇ ਸਬੂਤ ਦੇਣ 'ਤੇ ਐਚ.ਐਸ.ਬੀ.ਸੀ. ਤੇ ਲਿਚੇਸਟੀਨ ਸੂਚੀਆਂ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਨ ਲਈ ਰਾਜ਼ੀ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵਿਦੇਸ਼ੀ ਸਰਕਾਰਾਂ ਕੋਲੋਂ ਕਰ ਨਾਲ ਸਬੰਧਤ ਜਾਣਕਾਰੀ ਹਾਸਲ ਕਰਨ ਲਈ ਸਾਰੇ ਜ਼ਰੂਰੀ ਕਦਮ ਚੁੱਕ ਰਹੀ ਹੈ ਤੇ ਵਿਦੇਸ਼ਾਂ ਵਿਚ ਜਮ੍ਹਾਂ ਕਾਲਾ ਧਨ ਵਾਪਸ ਲਿਆਂਦਾ ਜਾਵੇਗਾ। ਸ੍ਰੀ ਜੇਤਲੀ ਮੁਤਾਬਕ ਸੂਚੀਆਂ ਸਹੀ ਤਰੀਕੇ ਨਾਲ ਦੂਜੇ ਦੇਸ਼ਾਂ ਤੋਂ ਹਾਸਲ ਕੀਤੀਆਂ ਗਈਆਂ ਹਨ।

## ਪੁਲਿਸ ਨੇ ਗਿਆਨੀ ਗੁਰਬਚਨ ਸਿੰਘ ਦਾ ਕਾਫ਼ਲਾ ਰੋਕਿਆ

ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਉਨ੍ਹਾਂ ਦੇ ਕਾਫ਼ਲੇ ਨੂੰ ਪੁਲਿਸ ਨੇ ਹਮੀਰਾ ਨੇੜੇ ਰੋਕ ਲਿਆ ਤੇ ਅੱਗੇ ਨਹੀਂ ਜਾਣ ਦਿੱਤਾ। ਇਸ ਕਾਰਨ ਉਨ੍ਹਾਂ ਨੂੰ ਲੁਧਿਆਣਾ ਵਿਚ ਰੱਖੇ ਧਾਰਮਿਕ ਸਮਾਗਮ ਵਿਚ ਸ਼ਾਮਲ ਹੋਏ ਬਿਨਾਂ ਪਰਤਣਾ ਪਿਆ।

ਪੰਜਾਬ ਸਰਕਾਰ ਵੱਲੋਂ ਸ਼ਹੀਦੀ ਯਾਦਗਾਰ ਸਬੰਧੀ ਕਰਤਾਰਪੁਰ ਵਿਚ ਸਰਕਾਰੀ ਸਮਾਗਮ ਕਰਵਾਇਆ ਗਿਆ ਸੀ। ਇਸ ਵਿਚ ਲੋਕਾਂ ਦਾ ਬਹੁਤਾ ਇਕੱਠ ਹੋਣ ਕਾਰਨ ਟਰੈਫਿਕ ਸਮੱਸਿਆ ਬਣ ਗਈ। ਇਸੇ ਦੌਰਾਨ ਗਿਆਨੀ ਗੁਰਬਚਨ ਸਿੰਘ ਤੇ ਉਨ੍ਹਾਂ ਦਾ ਕਾਫ਼ਲਾ ਲੁਧਿਆਣੇ ਲਈ ਰਵਾਨਾ ਹੋਇਆ। ਉਨ੍ਹਾਂ ਨੇ ਉਥੇ ਧਾਰਮਿਕ ਸਮਾਗਮ ਵਿਚ ਸ਼ਾਮਲ ਹੋਣਾ ਸੀ ਪਰ ਹਮੀਰਾ ਨੇੜੇ ਪੁਲਿਸ ਨੇ ਕਾਫ਼ਲਾ ਰੋਕ ਲਿਆ ਤੇ ਸਰਕਾਰੀ ਸਮਾਗਮ ਲਈ ਆ ਰਹੇ ਕਾਫ਼ਲਿਆਂ ਦੇ ਖ਼ਤਮ ਹੋਣ ਦੀ ਉਡੀਕ ਕਰਨ ਲਈ ਕਿਹਾ। ਉਹ ਲਗਪਗ ਇਕ ਘੰਟਾ ਉਥੇ ਰੁਕੇ ਰਹੇ। ਜਥੇਦਾਰ ਦੇ ਨਿਜੀ ਸਹਾਇਕ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਉੱਥੇ ਤਾਇਨਾਤ ਆਈ.ਜੀ. ਨੂੰ ਕਿਹਾ ਕਿ ਕਾਫ਼ਲਾ ਅਕਾਲ ਤਖ਼ਤ ਦੇ ਜਥੇਦਾਰ ਦਾ ਹੈ, ਪਰ ਪੁਲਿਸ ਅਧਿਕਾਰੀ ਨੇ ਗੱਲ ਅਣਸੁਣੀ ਕਰ ਦਿੱਤੀ। ਉਨ੍ਹਾਂ ਕਿਹਾ ਕਿ ਉਹ ਪੁਲਿਸ ਅਧਿਕਾਰੀ ਦੇ ਅੜੀਅਲ ਵਤੀਰੇ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜਾਣੂ ਕਰਾਉਣਗੇ।

## ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤਾਂ ਦੀ ਸੂਚੀ ਜਾਰੀ

**ਲੰਡਨ:** ਲੰਡਨ ਵਿਚ 2014 ਦੀਆਂ ਪ੍ਰਭਾਵਸ਼ਾਲੀ ਸਿੱਖ ਸ਼ਖਸੀਅਤਾਂ ਦੀ ਤੀਜੀ ਸੂਚੀ ਜਾਰੀ ਕੀਤੀ ਗਈ, ਜਿਸ ਮੁਤਾਬਕ ਜਥੇਦਾਰ ਕੁਲਵੰਤ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲੇ ਪਹਿਲੇ ਸਥਾਨ 'ਤੇ, ਬਾਬਾ ਲਾਭ ਸਿੰਘ ਕਾਰ ਸੇਵਾ ਵਾਲੇ ਦੂਜੇ, ਜਥੇਦਾਰ ਗਿਆਨੀ ਗੁਰਬਚਨ ਸਿੰਘ ਤੀਜੇ, ਪ੍ਰਕਾਸ਼ ਸਿੰਘ ਬਾਦਲ ਚੌਥੇ ਤੇ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲੇ ਪੰਜਵੇਂ ਨੰਬਰ 'ਤੇ ਹਨ, ਜਦ ਕਿ ਨਿਸ਼ਕਾਮ ਸੇਵਕ ਜਥਾ ਦੇ ਭਾਈ ਸਾਹਿਬ ਭਾਈ ਮਹਿੰਦਰ ਸਿੰਘ 6ਵੇਂ, ਭਾਈ ਗੁਰਬਖ਼ਸ਼ ਸਿੰਘ ਖਾਲਸਾ 7ਵੇਂ, ਅਜੇਪਾਲ ਸਿੰਘ ਬੰਗਾ 8ਵੇਂ, ਬਰਤਾਨੀਆ ਦਾ ਪਹਿਲਾ ਦਸਤਾਰਧਾਰੀ ਹਾਈ

**ਜਥੇਦਾਰ ਕੁਲਵੰਤ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲੇ ਪਹਿਲੇ ਸਥਾਨ 'ਤੇ**

ਕੋਰਟ ਜੱਜ ਰਬਿੰਦਰ ਸਿੰਘ ਕਿਉ ਸੀ 9ਵੇਂ ਤੇ ਪਿੰਗਲਵਾੜਾ ਦੀ ਸੰਚਾਲਕ ਡਾ. ਇੰਦਰਜੀਤ ਕੌਰ ਨੂੰ 10ਵਾਂ ਸਥਾਨ ਪ੍ਰਾਪਤ ਹੋਇਆ ਹੈ।

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ 15ਵਾਂ, ਭਾਰਤ ਦੀ ਫੂਡ ਸਪਲਾਈ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ 16ਵਾਂ, ਜੱਜ ਮੋਤਾ ਸਿੰਘ 17ਵਾਂ, ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ 21ਵੇਂ, ਕੈਪਟਨ ਅਮਰਿੰਦਰ ਸਿੰਘ ਨੂੰ 29ਵੇਂ, ਪ੍ਰਨੀਤ ਕੌਰ ਨੂੰ 32ਵੇਂ, ਕੈਨੇਡਾ ਦੇ ਸੰਸਦ ਮੈਂਬਰ ਟਿਮ ਉਪਲ 56ਵੇਂ, ਸੁਰਿੰਦਰ ਸਿੰਘ ਓਬਰਾਏ ਨੂੰ 61ਵੇਂ, ਹਰਭਜਨ ਸਿੰਘ ਭੱਜੀ ਨੂੰ 64ਵੇਂ ਤੇ ਐਮ.ਪੀ. ਪੌਲ ਉਪਲ ਨੂੰ 76ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਇਹ ਸੂਚੀ ਸਾਲ 2012 ਤੋਂ ਲਗਾਤਾਰ ਹਰ ਵਰ੍ਹੇ ਲੰਡਨ ਵਿਚ ਜਾਰੀ ਕੀਤੀ ਜਾਂਦੀ ਹੈ। 'ਦਿ ਸਿੱਖ ਡਾਇਰੈਕਟਰੀ' ਵੱਲੋਂ ਤਿਆਰ ਕੀਤੀ ਇਸ ਸੂਚੀ ਵਿਚ ਉਨ੍ਹਾਂ ਸ਼ਖਸੀਅਤਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਦੁਨੀਆਂ ਵਿਚ ਕਿਸੇ ਵੀ ਕੋਨੇ ਵਿਚ ਕਿਸੇ ਵੀ ਖੇਤਰ ਵਿਚ ਸਿੱਖ ਕੌਮ ਦਾ ਨਾਂ ਰੌਸ਼ਨ ਕੀਤਾ ਹੋਵੇ।

## ਸਿਆਸੀ ਪਾਰਟੀਆਂ ਦੀ ਟੈਕਸ ਛੋਟ ਵਾਲੀ ਕਮਾਈ 1381 ਕਰੋੜ 'ਤੇ ਪੁੱਜੀ

**ਨਵੀਂ ਦਿੱਲੀ:** ਦੇਸ਼ ਦੀਆਂ 13 ਵੱਡੀਆਂ ਪਾਰਟੀਆਂ ਦੀ ਟੈਕਸ ਤੋਂ ਛੋਟ ਹਾਸਲ ਆਮਦਨ ਪਿਛਲੇ ਦੋ ਸਾਲ ਵਿਚ 1381 ਕਰੋੜ ਰੁਪਏ ਹੋ ਗਈ ਹੈ। ਇਨ੍ਹਾਂ ਵਿਚ ਕਾਂਗਰਸ ਤੇ ਭਾਜਪਾ ਦੀ ਆਮਦਨ ਤਕਰੀਬਨ ਅੱਸੀ ਫੀਸਦੀ ਹੈ। ਸੂਚਨਾ ਅਧਿਕਾਰ ਅਧੀਨ ਮਿਲੀ ਜਾਣਕਾਰੀ ਮੁਤਾਬਕ ਸਾਲ 2012-13 ਤੇ 2013-14 ਦੌਰਾਨ ਕਾਂਗਰਸ ਪਾਰਟੀ ਦੀ ਟੈਕਸ ਤੋਂ ਛੋਟ ਵਾਲੀ ਆਮਦਨ 7.43.76 ਕਰੋੜ ਸੀ ਤੇ ਇਸ ਕਾਰਜਕਾਲ ਦੌਰਾਨ ਹੀ ਭਾਜਪਾ ਦੀ ਆਮਦਨ 338.95 ਕਰੋੜ ਸੀ। ਆਮਦਨ ਕਰ ਵਿਭਾਗ ਦੇ ਸੂਤਰਾਂ ਅਨੁਸਾਰ ਯੂ.ਪੀ. ਵਿਚ ਸਮਾਜਵਾਦੀ ਪਾਰਟੀ ਦੀ ਆਮਦਨ ਜਿਸ ਨੂੰ ਟੈਕਸ ਤੋਂ ਛੋਟ ਹਾਸਲ ਹੋਈ, 164 ਕਰੋੜ ਰੁਪਏ ਸੀ ਤੇ ਬਸਪਾ ਦੀ ਸਿਰਫ਼ 20.76 ਕਰੋੜ ਰੁਪਏ ਸੀ। ਹੋਰ ਪਾਰਟੀਆਂ ਵਿਚ ਸੀ.ਪੀ.ਆਈ.ਐਮ. ਦੀ ਆਮਦਨ 92.90 ਕਰੋੜ, ਸੀ.ਪੀ.ਆਈ. ਦੀ 2.62 ਕਰੋੜ, ਜਨਤਾ ਦਲ ਯੂਨਾਈਟਿਡ ਦੀ 13 ਕਰੋੜ ਤੇ ਰਾਸ਼ਟਰੀ ਲੋਕ ਦਲ ਦੀ ਆਮਦਨ 4.48 ਕਰੋੜ ਸੀ। ਸਾਲ 2013-14 ਵਿਚ ਲਾਲੂ ਪ੍ਰਸ਼ਾਦ ਯਾਦਵ ਦੀ ਟੈਕਸ ਤੋਂ ਛੋਟ ਹਾਸਲ ਆਮਦਨ 41.411 ਕਰੋੜ ਰੁਪਏ ਸੀ। ਇਹ ਜ਼ਿਕਰਯੋਗ ਹੈ ਕਿ ਦੇਸ਼ ਵਿਚ ਰਾਜਸੀ ਪਾਰਟੀਆਂ ਨੂੰ ਆਮਦਨ ਕਰ ਕਾਨੂੰਨ 1961 ਦੀ ਧਾਰਾ 13 ਏ ਤਹਿਤ ਆਮਦਨ ਉੱਤੇ ਟੈਕਸ ਤੋਂ ਛੋਟ ਹਾਸਲ ਹੈ।

# ਨਿਰਾਸ਼ ਬੇਰੁਜ਼ਗਾਰਾਂ ਵੱਲੋਂ ਬਿਨਾਂ ਤਨਖਾਹ ਨੌਕਰੀ ਕਰਨ ਦੀ ਪੇਸ਼ਕਸ਼

**ਚੰਡੀਗੜ੍ਹ:** ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੇ ਆਪਣੇ ਮੱਥੇ ਤੋਂ 'ਬੇਰੁਜ਼ਗਾਰੀ' ਦਾ ਕਲੰਕ ਮਿਟਾਉਣ ਲਈ ਸਰਕਾਰ ਨੂੰ ਬਿਨਾਂ ਤਨਖਾਹ ਤੋਂ ਹੀ ਨੌਕਰੀ ਕਰਨ ਦੀ ਪੇਸ਼ਕਸ਼ ਕੀਤੀ ਹੈ। ਸੂਬਾ ਸਰਕਾਰ ਵੱਲੋਂ ਚਲੰਤ ਮਾਲੀ ਸਾਲ ਦੌਰਾਨ ਕੋਈ ਨਵੀਂ ਅਸਾਮੀ ਦੀ ਰਚਨਾ ਨਾ ਕਰਨ ਦੇ ਫੈਸਲੇ ਤੋਂ ਬੇਰੁਜ਼ਗਾਰ ਕਾਫੀ ਨਿਰਾਸ਼ ਹਨ।

ਜ਼ਿਕਰਯੋਗ ਹੈ ਕਿ ਬੇਰੁਜ਼ਗਾਰਾਂ ਦੇ 'ਕਰੋ ਜਾਂ ਮਰੋ' ਦੇ ਸੰਘਰਸ਼ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਸਤੰਬਰ 2012 ਵਿਚ 5078 ਪੇਂਡੂ ਸਹਿਯੋਗੀ ਅਧਿਆਪਕ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ 'ਤੇ ਭਰਤੀ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਹ ਪ੍ਰਕਿਰਿਆ ਤਿੰਨ ਸਾਲਾਂ ਤੋਂ ਸਿਰੇ ਨਹੀਂ ਚੜ੍ਹੀ। ਪੰਜਾਬ ਸਰਕਾਰ ਦੇ ਇਸ ਵਤੀਰੇ ਤੋਂ ਅੱਕੇ ਅਧਿਆਪਕ ਯੋਗਤਾ ਪ੍ਰੀਖਿਆ (ਟੀ.ਈ.ਟੀ.) ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਰਲਾ ਮਾਰਿਆ ਹੈ ਕਿ ਉਹ ਆਪਣੇ ਮੱਥੇ 'ਤੇ ਲੱਗੇ ਬੇਰੁਜ਼ਗਾਰੀ ਦੇ ਕਲੰਕ ਨੂੰ ਮਿਟਾਉਣ ਲਈ ਇਕ ਸਾਲ ਬਿਨਾਂ ਤਨਖਾਹਾਂ ਤੋਂ ਹੀ ਨੌਕਰੀ ਕਰਨ ਲਈ ਤਿਆਰ ਹਨ।

ਪੰਜਾਬ ਸਰਕਾਰ ਵੱਲੋਂ ਹੁਣ 5078 ਅਸਾਮੀਆਂ 'ਤੇ ਭਰਤੀ ਕਰਨ ਦੀ ਬਣਾਈ ਗਈ ਮੈਰਿਟ ਸੂਚੀ ਤੋਂ ਸੰਕੇਤ ਮਿਲੇ ਹਨ ਕਿ ਬਹੁਤ ਘੱਟ ਬੇਰੁਜ਼ਗਾਰਾਂ ਨੂੰ ਹੀ ਨੌਕਰੀ ਨਸੀਬ ਹੋਵੇਗੀ। ਦੱਸਣਯੋਗ ਹੈ ਕਿ ਸਰਕਾਰ ਵੱਲੋਂ ਤਿੰਨ ਸਾਲ ਪਹਿਲਾਂ ਹਿਸਾਬ ਵਿਸ਼ੇ ਦੇ 812, ਸਾਇੰਸ ਦੇ 1313, ਪੰਜਾਬੀ ਦੇ 443, ਸਮਾਜਿਕ ਸਿੱਖਿਆ ਦੇ 1573, ਡੀ.ਪੀ.ਈ. ਦੇ 130, ਅੰਗਰੇਜ਼ੀ ਦੇ 714, ਸੰਸਕ੍ਰਿਤ ਦੇ 66, ਹੋਮ ਸਾਇੰਸ ਦੇ 18 ਤੇ ਖੇਤੀਬਾੜੀ ਵਿਸ਼ੇ ਦੇ 9 ਪੇਂਡੂ ਸਹਿਯੋਗੀ ਅਧਿਆਪਕ (ਮਾਸਟਰ ਕੇਡਰ) ਭਰਤੀ ਕਰਨ ਦੀ ਪ੍ਰਕਿਰਿਆ ਚਲਾਈ ਗਈ ਸੀ। ਅਧਿਆਪਕਾਂ ਨੂੰ ਪ੍ਰਤੀ ਮਹੀਨਾ ਛੇ ਹਜ਼ਾਰ ਰੁਪਏ ਤਨਖਾਹ ਤੇ ਸਾਲਾਨਾ 500 ਰੁਪਏ ਇੰਕਰੀਮੈਂਟ ਦੇਣ ਦੀ ਸ਼ਰਤ 'ਤੇ ਭਰਤੀ ਕੀਤਾ ਜਾ ਰਿਹਾ ਸੀ।



ਸਰਕਾਰ ਨੇ ਸਪੱਸ਼ਟ ਕੀਤਾ ਸੀ ਕਿ ਇਹ ਨਿਯੁਕਤੀਆਂ ਠੇਕੇ 'ਤੇ ਯਕਮੁਸ਼ਤ ਰਕਮ ਉਪਰ ਤਿੰਨ ਸਾਲ ਲਈ ਕੀਤੀਆਂ ਜਾਣਗੀਆਂ ਤੇ ਉਮੀਦਵਾਰਾਂ ਦਾ ਕੰਮ ਤਸੱਲੀਬਖ਼ਸ਼ ਹੋਣ ਦੇ ਬਾਵਜੂਦ ਕਿਸੇ ਵੀ ਸੂਰਤ ਵਿਚ ਤਿੰਨ ਸਾਲ ਤੋਂ ਪਹਿਲਾਂ ਇਨ੍ਹਾਂ ਨੂੰ ਰੈਗੂਲਰ ਨਿਯੁਕਤੀਆਂ ਲਈ ਨਹੀਂ ਵਿਚਾਰਿਆ ਜਾਵੇਗਾ। ਹੁਣ ਸਰਕਾਰ ਵੱਲੋਂ ਇਸ ਭਰਤੀ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। 5078 ਅਸਾਮੀਆਂ ਲਈ ਟੀ.ਈ.ਟੀ. ਪਾਸ ਸਿਰਫ 3800 ਉਮੀਦਵਾਰ ਹੀ ਕੌਂਸਲਿੰਗ ਵਿਚ ਸ਼ਾਮਲ ਹੋਏ ਸਨ। ਸਰਕਾਰ ਵੱਲੋਂ ਇਨ੍ਹਾਂ ਵਿਚੋਂ ਵੀ ਸਿਰਫ 2469 ਉਮੀਦਵਾਰਾਂ ਦੀ ਹੀ ਸੂਚੀ ਬਣਾਈ ਗਈ ਹੈ। 2469 ਉਮੀਦਵਾਰਾਂ ਵਿਚੋਂ ਵੀ ਕਈ ਇਕ ਤੋਂ ਵੱਧ ਵਿਸ਼ਿਆਂ ਲਈ ਚੁਣੇ ਗਏ ਹੋਣ ਕਾਰਨ ਅਸਲ ਵਿਚ ਚੁਣੇ ਉਮੀਦਵਾਰਾਂ ਦੀ ਗਿਣਤੀ ਇਸ ਤੋਂ ਵੀ ਘੱਟ ਹੈ।

ਇਸ ਤਰ੍ਹਾਂ ਸਰਕਾਰ ਜੁਲਾਈ 2011 ਦੌਰਾਨ ਟੀ.ਈ.ਟੀ. ਪਾਸ ਕਰਨ ਵਾਲੇ ਬੇਰੁਜ਼ਗਾਰਾਂ ਨੂੰ ਵੀ ਹਾਲੇ ਤੱਕ ਨੌਕਰੀਆਂ ਨਹੀਂ ਦੇ ਸਕੀ। ਯੂਨੀਅਨ ਦੇ ਜਨਰਲ ਸਕੱਤਰ ਰਘਬੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਟੀ.ਈ.ਟੀ. ਪਾਸ ਕਰਨ ਦੇ ਬਾਵਜੂਦ ਕਈ ਸਾਲਾਂ ਤੋਂ ਬੇਰੁਜ਼ਗਾਰ ਲੜਕੇ-ਲੜਕੀਆਂ ਆਪਣੀ ਜ਼ਿੰਦਗੀ ਅੱਗੇ ਵਧਾਉਣ ਤੋਂ ਅਸਮਰੱਥ ਹਨ। ਇਸ ਲਈ ਉਨ੍ਹਾਂ ਸਰਕਾਰ ਨੂੰ ਪੇਸ਼ਕਸ਼ ਕੀਤੀ ਹੈ ਕਿ ਉਹ ਬੇਰੁਜ਼ਗਾਰੀ ਦਾ ਕਲੰਕ ਹਟਾਉਣ ਲਈ ਪਹਿਲਾਂ ਇਕ ਸਾਲ ਬਿਨਾਂ ਤਨਖਾਹ ਤੋਂ ਹੀ ਨੌਕਰੀ ਕਰਨ ਲਈ ਤਿਆਰ ਹਨ।

# ਮੋਦੀ ਲਹਿਰ ਸਹਾਰੇ ਫਿਰ ਛਾਈ ਭਾਜਪਾ

## ਹਰਿਆਣਾ ਵਿਚ ਬਹੁਮਤ ਹਾਸਲ ਤੇ ਮਹਾਰਾਸ਼ਟਰ ਵਿਚ ਵੱਡੀ ਪਾਰਟੀ ਵਜੋਂ ਉਭਰੀ



**ਚੰਡੀਗੜ੍ਹ:** ਭਾਜਪਾ ਨੇ ਆਪਣੇ ਬਲਬੂਤੇ 'ਤੇ ਹਰਿਆਣਾ ਵਿਚ 90 ਸੀਟਾਂ ਵਿਚੋਂ 47 ਸੀਟਾਂ ਤੇ ਮਹਾਰਾਸ਼ਟਰ ਵਿਚ ਕੁੱਲ 288 ਸੀਟਾਂ ਵਿਚੋਂ 123 ਸੀਟਾਂ ਲੈ ਮੋਦੀ ਲਹਿਰ ਦੇ ਠੰਢੇ ਨਾ ਪੈਣ ਦਾ ਸਬੂਤ ਦਿੱਤਾ ਹੈ। 90 ਮੈਂਬਰੀ ਹਰਿਆਣਾ ਵਿਧਾਨ ਸਭਾ ਵਿਚ ਇਨੈਲੋ ਨੂੰ 19, ਕਾਂਗਰਸ ਨੂੰ 15, ਬਸਪਾ ਨੂੰ ਇਕ, ਹਰਿਆਣਾ ਜਨਹਿਤ ਕਾਂਗਰਸ ਨੂੰ ਦੋ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਕ ਸੀਟ ਮਿਲੀ, ਜਦੋਂਕਿ ਪੰਜ ਆਜ਼ਾਦ ਉਮੀਦਵਾਰ ਜਿੱਤੇ। ਭਾਜਪਾ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਰਾਜ ਵਿਚ ਕੀਤੀਆਂ 11 ਰੈਲੀਆਂ ਨਾਲ ਪਾਰਟੀ ਨੂੰ ਬਹੁਮਤ ਹਾਸਲ ਕਰਨ ਵਿਚ ਮਦਦ ਮਿਲੀ।

ਦੂਜੇ ਪਾਸੇ ਹਾਰ ਨੂੰ ਸਵੀਕਾਰ ਕਰਦਿਆਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਉਮੀਦ ਜ਼ਾਹਰ ਕੀਤੀ ਕਿ ਨਵੀਂ ਸਰਕਾਰ ਰਾਜ ਵਿਚ ਉਨ੍ਹਾਂ ਦੇ 10 ਸਾਲ ਸਾਸ਼ਨ ਦੌਰਾਨ ਚੱਲੀ ਵਿਕਾਸ ਦੀ ਰਫਤਾਰ ਨੂੰ ਬਰਕਰਾਰ ਰੱਖੇਗੀ। ਜ਼ਿਲ੍ਹਾ ਰੋਹਤਕ ਦੇ ਗੜ੍ਹੀ ਸਾਂਪਲਾ ਕਿਲੋਈ ਹਲਕੇ ਤੋਂ ਇਨੈਲੋ ਦੇ ਸਤੀਸ਼ ਕੁਮਾਰ ਨੂੰ 47,185 ਵੋਟਾਂ ਨਾਲ ਹਰਾਉਣ ਵਾਲੇ ਸ੍ਰੀ ਹੁੱਡਾ ਨੇ ਆਸ ਪ੍ਰਗਟਾਈ ਕਿ ਵਿਕਾਸ ਦੀ ਰਫਤਾਰ ਜਾਰੀ ਰਹੇਗੀ।

ਸੱਤਾ ਤੋਂ ਇਕ ਦਹਾਕੇ ਤੱਕ ਲਾਂਭੇ ਰਹੀ ਇਨੈਲੋ ਸੀਟਾਂ ਦੇ ਮਾਮਲੇ ਵਿਚ ਦੂਜੀ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ। ਕੁਲਦੀਪ ਬਿਸ਼ਨੋਈ ਦੀ ਹਰਿਆਣਾ ਜਨਹਿਤ ਪਾਰਟੀ ਤੇ ਉਸ ਦੀ ਸਹਿਯੋਗੀ ਸਾਬਕਾ ਕੇਂਦਰੀ ਮੰਤਰੀ ਵਿਨੋਦ ਸ਼ਰਮਾ ਦੀ ਜਨ ਚੇਤਨਾ ਪਾਰਟੀ, ਬਸਪਾ, ਖੱਬੀਆਂ ਪਾਰਟੀਆਂ, ਗੋਪਾਲ ਕਾਂਡਾ ਦੀ ਹਰਿਆਣਾ ਲੋਕਹਿਤ ਪਾਰਟੀ, ਹਰਿਆਣਾ ਦੇ ਸਿਆਸੀ ਨਕਸ਼ੇ ਉਪਰ ਹਾਸ਼ੀਏ 'ਤੇ ਧੱਕੀਆਂ ਗਈਆਂ।

ਚੋਣਾਂ ਵਿਚ ਜਿੱਤੇ ਮੋਹਰੀ ਆਗੂਆਂ ਵਿਚ ਅਨਿਲ ਵਿੱਜ (ਅੰਬਾਲਾ ਛਾਉਣੀ), ਇਨੈਲੋ ਆਗੂ ਅਭੈ ਸਿੰਘ ਚੌਟਾਲਾ, ਨੈਨਾ ਚੌਟਾਲਾ ਤੇ ਹਰਿਆਣਾ ਦੇ ਮੰਤਰੀ ਤੇ ਕਾਂਗਰਸ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਸ਼ਾਮਲ ਹਨ।ਮਹਾਰਾਸ਼ਟਰ ਵਿਚ ਕਾਂਗਰਸ ਦੇ ਗੜ੍ਹ ਵਿਚ ਸੰਨ੍ਹ ਲਾ ਕੇ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ। ਨਤੀਜਿਆਂ ਮੁਤਾਬਕ ਪਾਰਟੀ ਨੂੰ ਰਾਜ ਵਿਚ 123 ਸੀਟਾਂ ਮਿਲੀਆਂ ਹਨ, ਜਦੋਂਕਿ ਕਾਂਗਰਸ ਨੂੰ 42, ਸ਼ਿਵ ਸੈਨਾ ਨੂੰ 63 ਤੇ ਐਨ.ਸੀ.ਪੀ. ਨੂੰ 41 ਸੀਟਾਂ ਮਿਲੀਆਂ। ਸ਼ਿਵ ਸੈਨਾ ਨਾਲੋਂ ਤੋੜ-ਵਿਛੋੜਾ ਕਰ ਕੇ ਆਪਣੇ ਬਲਬੂਤੇ ਚੋਣਾਂ ਲੜਦਿਆਂ ਪਾਰਟੀ 288 ਮੈਂਬਰੀ ਵਿਧਾਨ ਸਭਾ ਵਿਚ 123 ਸੀਟਾਂ ਹਾਸਲ ਕਰ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਪਰ ਉਹ ਬਹੁਮਤ ਦੇ ਜਾਦੂਈ ਅੰਕੜੇ 145 ਤੱਕ ਨਹੀਂ ਪੁੱਜ ਸਕੀ।

ਸ਼ਿਵ ਸੈਨਾ ਨੂੰ 63 ਸੀਟਾਂ ਮਿਲੀਆਂ, ਜਦੋਂਕਿ 41 ਸੀਟਾਂ ਉੱਤੇ ਜਿੱਤੀ ਐਨ.ਸੀ.ਪੀ. ਨੇ ਸਰਕਾਰ ਬਣਾਉਣ ਲਈ ਭਾਜਪਾ ਨੂੰ ਬਾਹਰੋਂ ਬਿਨਾਂ ਸ਼ਰਤ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪਿਛਲੀ ਗਠਜੋੜ ਸਰਕਾਰ ਦੀ ਅਗਵਾਈ ਕਰਨ ਵਾਲੀ ਕਾਂਗਰਸ 81 ਤੋਂ ਘੱਟ ਕੇ 42 ਸੀਟਾਂ ਤੱਕ ਸਿਮਟ ਗਈ। ਰਾਜ ਠਾਕਰੇ ਦੀ ਮਹਾਰਾਸ਼ਟਰ ਨਵ-ਨਿਰਮਾਣ ਸੈਨਾ ਨੂੰ ਸਿਰਫ ਇਕ ਸੀਟ ਮਿਲੀ, ਜਦੋਂਕਿ ਪਿਛਲੀਆਂ ਚੋਣਾਂ ਵਿਚ ਪਾਰਟੀ ਦੇ 13 ਉਮੀਦਵਾਰ ਵਿਧਾਨ ਸਭਾ ਵਿਚ ਪੁੱਜੇ ਸਨ। ਹੈਦਰਾਬਾਦ ਦੀ ਮੁਸਲਿਮ ਮਜਲਿਸ ਪਾਰਟੀ ਵੀ ਦੋ ਸੀਟਾਂ ਨਾਲ ਖਾਤਾ ਖੋਲ੍ਹਣ ਵਿੱਚ ਸਫਲ ਰਹੀ।

## ਹਰਿਆਣਾ ਵਿਚ ਪੰਜਾਬੀਆਂ ਦੇ ਹਿੱਸੇ ਆਈਆਂ 15 ਸੀਟਾਂ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਜਿਥੇ ਭਾਰਤੀ ਜਨਤਾ ਪਾਰਟੀ ਨੇ ਇਸ ਵਾਰ ਬਹੁਮਤ ਪ੍ਰਾਪਤ ਕੀਤਾ ਹੈ, ਉਥੇ 15 ਪੰਜਾਬੀ ਵਿਧਾਨ ਸਭਾ ਵਿਚ ਪੁੱਜਣ ਵਿਚ ਸਫ਼ਲ ਹੋ ਗਏ ਹਨ। ਭਾਜਪਾ ਦੀਆਂ ਟਿਕਟਾਂ 'ਤੇ 9 ਪੰਜਾਬੀ ਉਮੀਦਵਾਰ ਜੇਤੂ ਰਹੇ ਹਨ। ਕਾਂਗਰਸ ਵੱਲੋਂ ਚੋਣ ਮੈਦਾਨ ਵਿਚ ਉੱਤਰੇ ਪੰਜਾਬੀਆਂ ਵਿਚੋਂ ਕੋਈ ਵੀ ਜਿੱਤ ਹਾਸਲ ਨਹੀਂ ਕਰ ਸਕਿਆ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਜੱਦੀ ਜ਼ਿਲ੍ਹੇ ਤੇ ਰੋਹਤਕ ਸ਼ਹਿਰ ਤੋਂ ਕਾਂਗਰਸ ਦੇ ਪੰਜਾਬੀ ਉਮੀਦਵਾਰ ਬੀ.ਬੀ. ਬੱਤਰਾ ਚੋਣ ਹਾਰ ਗਏ ਹਨ।

ਪਿਹੋਵਾ ਵਿਧਾਨ ਸਭਾ ਹਲਕੇ ਤੋਂ ਸਾਬਕਾ ਮੰਤਰੀ ਤੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਪੰਜਾਬੀ ਉਮੀਦਵਾਰ ਜਸਵਿੰਦਰ ਸਿੰਘ ਸੰਧੂ ਲਗਾਤਾਰ ਦੋ ਵਾਰ ਚੋਣ ਹਾਰਨ ਤੋਂ ਬਾਅਦ ਇਸ ਵਾਰ ਜਿੱਤ ਗਏ ਹਨ। ਇੰਡੀਅਨ ਨੈਸ਼ਨਲ ਲੋਕ ਦਲ ਦੀ ਟਿਕਟ 'ਤੇ ਚੋਣ ਜਿੱਤਣ ਵਾਲੇ ਪੰਜਾਬੀ ਉਮੀਦਵਾਰਾਂ ਵਿਚ ਰਤੀਆ ਹਲਕੇ ਤੋਂ ਪ੍ਰੋ. ਰਾਵਿੰਦਰ ਸਿੰਘ ਬਲਿਆਲਾ, ਬਰਵਾਲਾ ਵਿਧਾਨ ਸਭਾ ਹਲਕੇ ਤੋਂ ਵੇਦ ਨਾਰੰਗ, ਜੀਂਦ ਤੋਂ ਡਾ. ਹਰੀ ਚੰਦ ਮਿੱਡਾ ਤੇ ਰਾਣੀਆ ਤੋਂ ਰਾਮ ਚੰਦਰ ਹਨ।

ਇਨੈਲੋ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਦੋ ਸੀਟਾਂ ਦਿੱਤੀਆਂ ਸਨ ਤੇ ਕਾਲਾਂਵਾਲੀ ਵਿਧਾਨ ਸਭਾ ਹਲਕੇ ਤੋਂ ਪੰਜਾਬੀ ਉਮੀਦਵਾਰ ਬਲਕੌਰ ਸਿੰਘ ਚੋਣ ਜਿੱਤਣ ਵਿਚ ਸਫ਼ਲ ਰਹੇ ਹਨ। ਭਾਜਪਾ ਦੇ ਜੇਤੂ ਪੰਜਾਬੀ ਉਮੀਦਵਾਰਾਂ ਵਿਚ ਬਟਖਲ ਵਿਧਾਨ ਸਭਾ ਹਲਕੇ ਤੋਂ ਸੀਮਾ ਤ੍ਰਿਖਾ, ਅਸੰਧ ਤੋਂ ਬਖਸ਼ੀਸ਼ ਸਿੰਘ ਵਿਰਕ, ਇੰਦਰੀ ਤੋਂ ਕਰਨਦੇਵ ਕੰਬੋਜ, ਥਾਨੇਸਰ ਤੋਂ ਸੁਭਾਸ਼ ਸੁਧਾ, ਯਮੁਨਾਨਗਰ ਤੋਂ ਘਣਸ਼ਿਆਮ ਦਾਸ ਅਰੋੜਾ, ਟੋਹਾਣਾ ਤੋਂ ਸੁਭਾਸ਼ ਬਰਾਲਾ ਤੇ ਰੋਹਤਕ ਤੋਂ ਮੁਨੀਸ਼ ਗਰੋਵਰ ਦਾ ਨਾਮ ਵੀ ਸ਼ਾਮਲ ਹੈ। ਇਨ੍ਹਾਂ ਜਿੱਤਾਂ ਕਾਰਨ ਹਰਿਆਣਾ ਵਿਚ ਵੱਸਦੇ ਪੰਜਾਬੀ ਭਾਈਚਾਰਾ ਪੂਰਾ ਖੁਸ਼ ਹੈ। ਉਨ੍ਹਾਂ ਮੁਤਾਬਕ, ਹੁਣ ਉਹ ਆਪਣੀਆਂ ਮੰਗਾਂ ਜ਼ੋਰਦਾਰ ਢੰਗ ਨਾਲ ਉਠਾ ਸਕਣਗੇ।

## ਹਰਿਆਣਾ ਚੋਣਾਂ ਵਿਚ ਕਰੋੜਪਤੀਆਂ ਦੀ ਬੱਲੇ-ਬੱਲੇ



**ਨਵੀਂ ਦਿੱਲੀ:** ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਨਵੇਂ ਚੁਣ ਕੇ ਆਏ 90 ਵਿਧਾਇਕਾਂ ਵਿਚੋਂ 75 ਕਰੋੜਪਤੀ ਹਨ, ਜਦਕਿ ਪਿਛਲੀ ਵਾਰ ਕਰੋੜਪਤੀਆਂ ਦੀ ਤਦਾਦ 66 ਸੀ। ਚੋਣ ਵਿਸ਼ਲੇਸ਼ਣ ਕਰਨ ਵਾਲੀ ਕੰਪਨੀ ਏ.ਡੀ.ਆਰ. ਇੰਡੀਆ ਨੇ ਹਰਿਆਣਾ ਚੋਣਾਂ ਬਾਰੇ ਅੰਕੜੇ ਜਾਰੀ ਕਰਦਿਆਂ ਇਹ ਤੱਥ ਸਾਹਮਣੇ ਰੱਖੇ।

ਜੇਕਰ ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਭਾਜਪਾ ਦੇ 47 ਵਿਧਾਇਕਾਂ ਵਿਚੋਂ 40, ਕਾਂਗਰਸ ਦੇ 15 ਵਿਚੋਂ 14 ਤੇ ਆਈ.ਐਨ.ਐਲ.ਡੀ. ਦੇ 19 ਵਿਚੋਂ 13 ਵਿਧਾਇਕ ਕਰੋੜਪਤੀ ਹਨ। ਇਸ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਚੋਣਾਂ ਵਿਚ ਇਕ ਕਰੋੜ ਤੋਂ ਘੱਟ ਜਾਇਦਾਦ ਵਾਲੇ ਉਮੀਦਵਾਰ ਦੇ ਜਿੱਤਣ ਦੀ ਸੰਭਾਵਨਾ ਦੋ ਫੀਸਦੀ ਹੀ ਹੈ। ਜਿਥੇ ਹੁਣ ਹਰਿਆਣਾ ਵਿਧਾਨ ਸਭਾ ਵਿਚ ਕਰੋੜਪਤੀਆਂ ਦੀ ਤਦਾਦ ਵਧੀ ਹੈ, ਉਥੇ ਅਪਰਾਧਿਕ ਕੇਸਾਂ ਵਾਲੇ ਵਿਧਾਇਕਾਂ ਦੀ ਤਦਾਦ ਵਿਚ ਕਮੀ ਆਈ ਹੈ। ਅੰਕੜਿਆਂ ਮੁਤਾਬਕ 90 ਮੈਂਬਰਾਂ ਵਿਚੋਂ 9 ਭਾਵ 10 ਫੀਸਦੀ 'ਤੇ ਅਪਰਾਧਿਕ ਮਾਮਲੇ ਚੱਲ ਰਹੇ ਹਨ। ਇਨ੍ਹਾਂ 9 ਜੇਤੂਆਂ ਵਿਚੋਂ ਪੰਜ ਖਿਲਾਫ਼ ਗੰਭੀਰ ਕੇਸ ਵੀ ਦਰਜ ਹਨ, ਜਦਕਿ 2009 ਦੀ ਵਿਧਾਨ ਸਭਾ ਵਿਚ 15 ਜੇਤੂਆਂ ਭਾਵ 17 ਫੀਸਦੀ 'ਤੇ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿਚੋਂ 13 ਦੇ ਖਿਲਾਫ਼ ਗੰਭੀਰ ਅਪਰਾਧ ਦਰਜ ਹਨ।

## ਸਰਕਾਰੀ ਹਲਫਨਾਮੇ ਨੇ ਉਚ ਅਧਿਕਾਰੀ ਕਸੂਤੇ ਫਸਾਏ

**ਚੰਡੀਗੜ੍ਹ:** ਪੰਜਾਬ ਦੇ ਕਰ ਤੇ ਆਬਕਾਰੀ ਵਿਭਾਗ ਵੱਲੋਂ ਹਾਈ ਕੋਰਟ ਵਿਚ ਦਾਇਰ ਕੀਤੇ ਇਕ ਹਲਫ਼ਨਾਮੇ ਨੇ ਸੂਬੇ ਦੇ ਸਾਬਕਾ ਮੁੱਖ ਸਕੱਤਰ ਰਾਕੇਸ਼ ਸਿੰਘ ਸਮੇਤ ਤਿੰਨ ਆਈ.ਏ.ਐਸ. ਅਧਿਕਾਰੀਆਂ ਨੂੰ ਅਦਾਲਤੀ ਮਾਣਹਾਨੀ ਲਈ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਇਹ ਮਾਮਲਾ ਕਰ ਤੇ ਆਬਕਾਰੀ ਇੰਸਪੈਕਟਰਾਂ ਦੀ ਭਰਤੀ ਨਾਲ ਜੁੜਿਆ ਹੋਇਆ ਹੈ। ਵਿਭਾਗ ਵੱਲੋਂ ਇਸ ਮਾਮਲੇ ਵਿਚ ਪਹਿਲਾਂ ਤਾਂ 18 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ 'ਤੇ ਵਿਚਾਰ ਕਰਨ ਦੀ ਗੱਲ ਕਹੀ ਗਈ ਤੇ ਫਿਰ ਉਹ ਆਪਣੇ ਵਾਅਦੇ ਤੋਂ ਪਿਛਾਂਹ ਹਟ ਗਏ।

ਇੰਸਪੈਕਟਰਾਂ ਦੀ ਭਰਤੀ ਦਾ ਇਹ ਮਾਮਲਾ ਉਸ ਸਮੇਂ ਹੋਰ ਵੀ ਰੋਚਕ ਬਣ ਗਿਆ ਜਦੋਂ ਵਿਭਾਗ ਦੇ ਮੌਜੂਦਾ ਕਮਿਸ਼ਨਰ ਅਨੁਰਾਗ ਵਰਮਾ ਦੇ ਭਰਾ ਦੀ ਨਿਯੁਕਤੀ ਲਈ ਵੀ ਵਿਚਾਰ ਕੀਤਾ ਜਾਣ ਲੱਗਾ। ਉਧਰ ਸ੍ਰੀ ਵਰਮਾ ਨੇ ਇਸ ਮੁੱਦੇ ਤੋਂ ਪੂਰੀ ਤਰ੍ਹਾਂ ਪੱਲਾ ਝਾੜ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇੰਸਪੈਕਟਰਾਂ ਦੀ ਭਰਤੀ ਵਿਚ ਕਿਉਂਕਿ ਮੇਰੇ ਭਰਾ ਅਸ਼ੀਸ਼ ਵਰਮਾ ਦਾ ਨਾਂ ਵੀ ਵਿਚਾਰਿਆ ਜਾਣਾ ਸੀ। ਇਸ ਲਈ ਉਨ੍ਹਾਂ ਆਪਣੇ ਆਪ ਨੂੰ ਸਾਰੀ ਪ੍ਰਕਿਰਿਆ ਤੋਂ ਦੂਰ ਹੀ ਰੱਖਿਆ ਹੈ। ਨਾਲੇ ਅਸ਼ੀਸ਼ ਵਰਮਾ ਨੂੰ ਭਰਤੀ ਕਰਨ ਦਾ ਮਾਮਲਾ ਤਾਂ ਰੱਦ ਕਰ ਦਿੱਤਾ ਗਿਆ ਸੀ। ਪੰਜਾਬ ਸਰਕਾਰ ਵੱਲੋਂ 1999 ਵਿਚ ਕਰ ਤੇ ਆਬਕਾਰੀ ਵਿਭਾਗ ਵਿਚ ਇੰਸਪੈਕਟਰਾਂ ਦੀ ਭਰਤੀ ਦੀ ਪ੍ਰਕਿਰਿਆ ਦਾ ਮਾਮਲਾ ਬੜਾ ਦਿਲਚਸਪ ਹੈ।

ਸਰਕਾਰ ਵੱਲੋਂ ਡੇਢ ਦਹਾਕਾ ਪਹਿਲਾਂ ਭਰਤੀ ਦੀ ਸਾਰੀ ਪ੍ਰਕਿਰਿਆ ਤਾਂ ਮੁਕੰਮਲ ਕਰ ਲਈ ਗਈ ਸੀ ਪਰ ਕਿਸੇ ਵੀ ਉਮੀਦਵਾਰ ਨੂੰ ਨਿਯੁਕਤੀ ਪੱਤਰ ਨਹੀਂ ਸਨ ਦਿੱਤੇ ਗਏ। ਇਸ ਭਰਤੀ ਲਈ ਪੇਸ਼ ਹੋਏ ਉਮੀਦਵਾਰਾਂ ਨੇ ਅਦਾਲਤ ਦਾ ਸਹਾਰਾ ਲਿਆ ਤਾਂ ਸਰਕਾਰ ਨੇ ਕਿਹਾ ਕਿ ਕਮਜ਼ੋਰ ਮਾਲੀ ਹਾਲਤ ਕਾਰਨ ਇਨ੍ਹਾਂ ਉਮੀਦਵਾਰਾਂ ਨੂੰ ਨਿਯੁਕਤੀ ਨਹੀਂ ਦਿੱਤੀ ਜਾ ਸਕਦੀ। ਸਰਕਾਰ ਨੇ ਇਹ ਵੀ ਕਿਹਾ ਕਿ ਜੇਕਰ ਭਵਿੱਖ ਵਿਚ ਭਰਤੀ ਕੀਤੀ ਤਾਂ ਇਨ੍ਹਾਂ ਉਮੀਦਵਾਰਾਂ ਦਾ ਮਾਮਲਾ ਪਹਿਲਾਂ ਵਿਚਾਰਿਆ ਜਾਵੇਗਾ। ਉਸ ਤੋਂ ਬਾਅਦ 2008 ਵਿਚ ਸਰਕਾਰ ਨੇ 150 ਇੰਸਪੈਕਟਰਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕਰ ਲਈ ਪਰ 1999 ਵਾਲੇ ਉਮੀਦਵਾਰਾਂ ਨੂੰ ਮੌਕਾ ਨਹੀਂ ਦਿੱਤਾ ਗਿਆ। ਇਹ ਉਮੀਦਵਾਰ ਸੁਪਰੀਮ ਕੋਰਟ ਵਿਚ ਗਏ ਤਾਂ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਰਾਜ ਸਰਕਾਰ ਨੇ ਪਟੀਸ਼ਨਰ ਬਣੇ ਕੁੱਲ 41 ਵਿਅਕਤੀਆਂ ਨੂੰ ਨਿਯੁਕਤੀ ਪੱਤਰ ਦੇ ਦਿੱਤੇ। ਇਸ ਤੋਂ ਬਾਅਦ 21 ਹੋਰਨਾਂ ਵਿਅਕਤੀਆਂ ਨੇ ਹਾਈ ਕੋਰਟ ਤੱਕ ਪਹੁੰਚ ਕਰਕੇ ਨਿਯੁਕਤੀ ਪੱਤਰ ਮੰਗੇ।

## ਚਿੱਠੀ ਸਿੰਘਪੁਰਾ ਕਤਲੇਆਮ ਦੀ ਜਾਂਚ ਬਾਰੇ ਨੋਟਿਸ ਜਾਰੀ

**ਸ੍ਰੀਨਗਰ:** ਹਾਈਕੋਰਟ ਨੇ ਜੰਮੂ-ਕਸ਼ਮੀਰ ਦੇ ਪਿੰਡ ਚਿੱਠੀ ਸਿੰਘਪੁਰਾ ਵਿਚ ਮਾਰਚ 2000 ਵਿਚ 35 ਸਿੱਖਾਂ ਦੇ ਕਤਲੇਆਮ ਦੀ ਜਾਂਚ ਕਰਨ ਲਈ ਦਾਇਰ ਜਨਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ।

ਹਾਈਕੋਰਟ ਦੇ ਡਿਵੀਜ਼ਨ ਬੈਂਚ ਨੇ ਸਰਕਾਰ ਨੂੰ ਜਵਾਬ ਦਾਇਰ ਕਰਨ ਲਈ ਦੋ ਹਫਤਿਆਂ ਦਾ ਸਮਾਂ ਦਿੱਤਾ ਹੈ। ਇਹ ਪਟੀਸ਼ਨ ਇਥੋਂ ਦੇ ਮਹਿਜੂਰ ਨਗਰ ਇਲਾਕੇ ਦੇ ਵਾਸੀ ਸਰਦਾਰ ਅਵਤਾਰ ਸਿੰਘ ਸੋਢੀ ਨੇ ਦਾਇਰ ਕੀਤੀ ਹੈ।ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਦੀ ਪਹਿਲੀ ਫੇਰੀ ਤੋਂ ਇਕ ਦਿਨ ਪਹਿਲਾਂ ਲਸ਼ਕਰ ਏ ਤੋਇਬਾ ਦੇ ਅਤਿਵਾਦੀਆਂ ਨੇ ਅਨੰਤਨਾਗ ਜ਼ਿਲ੍ਹੇ ਦੇ ਸਿੱਖ ਬਹੁ-ਗਿਣਤੀ ਵਾਲੇ ਪਿੰਡ ਚਿੱਠੀ ਸਿੰਘਪੁਰਾ ਵਿਚ ਨਿਹੱਥੇ 35 ਲੋਕਾਂ ਨੂੰ ਮਾਰ ਦਿੱਤਾ ਸੀ। ਪਟੀਸ਼ਨਕਰਤਾ ਨੇ ਜੰਮੂ-ਕਸ਼ਮੀਰ ਦੇ ਸਿੱਖਾਂ ਲਈ ਜੰਮੂ-ਕਸ਼ਮੀਰ ਦੇ ਹਰ ਵਿਭਾਗ ਵਿਚ ਰਾਖਵੇਂਕਰਨ ਦੀ ਮੰਗ ਕੀਤੀ ਹੈ।

ਪਟੀਸ਼ਨ ਵਿਚ ਯੂਨੀਵਰਸਿਟੀ ਆਫ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਵਿਭਾਗ ਬਣਾਉਣ ਦੀ ਮੰਗ ਵੀ ਸ਼ਾਮਲ ਹੈ।

## ਨਵਜੋਤ ਸਿੱਧੂ ਨੂੰ ਬਹਿਸ ਲਈ ਵੰਗਾਰਿਆ



**ਅੰਮ੍ਰਿਤਸਰ:** ਸਾਬਕਾ ਸੰਸਦ ਮੈਂਬਰ ਤੇ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਸ਼ੁਰੂ ਹੋਈ ਸ਼ਬਦੀ ਜੰਗ ਹੁਣ ਜ਼ੋਰ ਫੜਨ ਲੱਗੀ ਹੈ। ਜ਼ਿਲ੍ਹਾ ਅਕਾਲੀ ਦਲ ਦੇ ਆਗੂਆਂ ਨੇ ਸ. ਸਿੱਧੂ ਨੂੰ ਅੰਮ੍ਰਿਤਸਰ ਵਿਚ ਕਿਸੇ ਵੇਲੇ ਵੀ ਬਹਿਸ ਲਈ ਚੁਣੌਤੀ ਦਿੱਤੀ ਹੈ।

ਉਨ੍ਹਾਂ ਨੇ ਭਾਜਪਾ ਹਾਈਕਮਾਂਡ ਕੋਲੋਂ ਮੰਗ ਕੀਤੀ ਹੈ ਕਿ ਗਠਜੋੜ ਵਿਚ ਦਰਾੜ ਪਾਉਣ ਦੇ ਦੋਸ਼ ਹੇਠ ਸ. ਸਿੱਧੂ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਸ. ਸਿੱਧੂ ਨੇ ਆਖਿਆ ਕਿ ਉਹ ਅਜਿਹੇ ਕਠਪੁਤਲੀ ਆਗੂਆਂ ਦੀ ਗੱਲ ਦਾ ਕੋਈ ਜਵਾਬ ਨਹੀਂ ਦੇਣਗੇ। ਦੱਸਣਯੋਗ ਹੈ ਕਿ ਸ. ਸਿੱਧੂ ਵੱਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਪ੍ਰਚਾਰ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਸਿੱਟੇ ਵਜੋਂ ਸੂਬਾ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਛਤਰੀ ਵਾਪਸ ਲੈ ਲਈ ਸੀ ਪਰ ਕੁਝ ਘੰਟਿਆਂ ਬਾਅਦ ਹੀ ਸੁਰੱਖਿਆ ਛਤਰੀ ਬਹਾਲ ਕਰ ਦਿੱਤੀ ਗਈ। ਇਸ ਦੌਰਾਨ ਸ. ਸਿੱਧੂ ਨੇ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਿਆ ਹੋਇਆ ਹੈ ਤੇ ਉਸਦੀ ਮੱਦਦ 'ਤੇ ਕੁਝ ਭਾਜਪਾ ਆਗੂ ਵੀ ਆ ਗਏ ਹਨ।

ਹੁਣ ਸ਼੍ਰੋਮਣੀ ਅਕਾਲੀ ਦਲ ਨੇ ਵੀ ਹੇਠਲੇ ਪੱਧਰ ਤੋਂ ਸ. ਸਿੱਧੂ ਖਿਲਾਫ਼ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਉਪਕਾਰ ਸਿੰਘ ਸੰਧੂ ਤੇ ਹੋਰ ਅਕਾਲੀ ਕੌਂਸਲਰਾਂ ਤੇ ਆਗੂਆਂ ਨੇ ਸਿੱਧੂ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਆਖਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਬਹਿਸ ਲਈ ਚੁਣੌਤੀ ਦਿੱਤੀ ਹੈ, ਜੋ ਕਿ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਇਸ ਵੇਲੇ ਸ. ਸਿੱਧੂ ਨਾ ਤਾਂ ਸੰਸਦ ਮੈਂਬਰ ਹਨ ਤੇ ਨਾ ਹੀ ਭਾਜਪਾ ਦੇ ਕੋਈ ਅਹੁਦੇਦਾਰ ਹਨ। ਉਹ ਭਾਜਪਾ ਦੇ ਆਮ ਕਾਰਕੁਨ ਹਨ। ਉਨ੍ਹਾਂ ਨੂੰ ਬਜ਼ੁਰਗ ਆਗੂ ਸ. ਬਾਦਲ ਖ਼ਿਲਾਫ਼ ਅਜਿਹੇ ਸ਼ਬਦ ਵਰਤਣ ਸਮੇਂ ਆਪਣੇ ਰੁਤਬੇ ਦਾ ਧਿਆਨ ਰੱਖਣਾ ਚਾਹੀਦਾ ਹੈ। ਜੇਕਰ ਉਹ ਬਹਿਸ ਕਰਨਾ ਚਾਹੁੰਦੇ ਹਨ ਤਾਂ ਜ਼ਿਲ੍ਹਾ ਅਕਾਲੀ ਦਲ ਉਨ੍ਹਾਂ ਨਾਲ ਕਿਸੇ ਵੇਲੇ ਵੀ ਬਹਿਸ ਕਰਨ ਲਈ ਤਿਆਰ ਹੈ। ਉਹ ਉਨ੍ਹਾਂ ਦੀ ਹਰ ਗੱਲ ਦਾ ਢੁੱਕਵਾਂ ਜਵਾਬ ਦੇਣਗੇ।

ਸ. ਸਿੱਧੂ ਵੱਲੋਂ ਲਾਏ ਗਏ ਦੋਸ਼ਾਂ ਦੇ ਜਵਾਬ ਵਿਚ ਅਕਾਲੀ ਆਗੂਆਂ ਨੇ ਆਖਿਆ ਕਿ 2009 ਵਿਚ ਲੋਕ ਸਭਾ ਚੋਣਾਂ ਸਮੇਂ ਸਿੱਧੂ ਦੀ ਜਿੱਤ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਹੀ ਯਕੀਨੀ ਬਣਾਇਆ ਸੀ। ਉਸ ਵੇਲੇ ਖੁਦ ਸ. ਸਿੱਧੂ ਚੱਲ ਕੇ ਬਿਕਰਮ ਸਿੰਘ ਮਜੀਠੀਆ ਦੇ ਘਰ ਗਏ ਸਨ ਤੇ ਸ਼ੁਕਰਾਨਾ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸਿੱਧੂ ਨੇ ਹਰ ਵਾਰ ਅਕਾਲੀ ਦਲ ਦੇ ਸਹਿਯੋਗ ਨਾਲ ਹੀ ਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ ਦੀ ਪਤਨੀ ਦੀ ਜਿੱਤ ਵੀ ਅਕਾਲੀ ਦਲ ਨੇ ਹੀ ਯਕੀਨੀ ਬਣਾਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਿੱਧੂ ਨੇ ਸੰਸਦ ਮੈਂਬਰ ਹੁੰਦਿਆਂ ਹਲਕੇ ਦੇ ਲੋਕਾਂ ਨਾਲ ਨਿਆਂ ਨਹੀਂ ਕੀਤਾ ਸਗੋਂ ਉਹ ਲੰਮਾ ਸਮਾਂ ਲਾਪਤਾ ਰਹੇ ਹਨ। ਦੂਜੇ ਪਾਸੇ ਸਾਬਕਾ ਸੰਸਦ ਮੈਂਬਰ ਸ. ਸਿੱਧੂ ਨੇ ਆਖਿਆ ਕਿ ਉਹ ਅਜਿਹੇ ਕਠਪੁਤਲੀ ਅਕਾਲੀ ਆਗੂਆਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦੇਣਗੇ। ਉਹ ਜੇਕਰ ਕੋਈ ਗੱਲ ਕਰਨਗੇ ਤਾਂ ਇਨ੍ਹਾਂ ਕਠਪੁਤਲੀਆਂ ਨੂੰ ਨਚਾਉਣ ਵਾਲਿਆਂ ਨਾਲ ਕਰਨਗੇ।

## ਭਾਜਪਾ ਨਾਲ ਸਿੱਧੂ ਦੇ ਰਾਜਨੀਤੀ ਵਿਚ ਪੈਰ ਧਰਨ ਤੋਂ ਪਹਿਲਾਂ ਦੀ ਸਾਂਝ: ਮਜੀਠੀਆ

**ਜ਼ੀਰਕਪੁਰ:** ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਭਾਜਪਾ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਉਸ ਸਮੇਂ ਦੀ ਸਾਂਝ ਹੈ, ਜਦੋਂ ਨਵਜੋਤ ਸਿੰਘ ਸਿੱਧੂ ਰਾਜਨੀਤੀ ਵਿਚ ਵੀ ਨਹੀਂ ਸੀ ਆਏ। ਸ. ਮਜੀਠੀਆ ਨੇ ਕਿਹਾ ਕਿ ਹਰਿਆਣਾ ਚੋਣਾਂ ਦੇ ਨਤੀਜਿਆਂ ਦਾ ਪੰਜਾਬ 'ਤੇ ਕੋਈ ਫਰਕ ਨਹੀਂ ਪੈਣ ਵਾਲਾ। ਨਵਜੋਤ ਸਿੰਘ ਸਿੱਧੂ 10 ਸਾਲ ਲੋਕ ਸਭਾ ਮੈਂਬਰ ਰਹੇ ਹਨ ਤੇ ਉਨ੍ਹਾਂ ਦੀ ਜਿੱਤ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਹਲਕਿਆਂ ਵਿਚੋਂ ਆਈ ਲੀਡ ਦਾ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ੀਰਕਪੁਰ ਨੂੰ ਸਬ-ਤਹਿਸੀਲ ਦੇ ਰੂਪ 'ਚ ਅਕਾਲੀ-ਭਾਜਪਾ ਸਰਕਾਰ ਨੇ ਦੀਵਾਲੀ ਦਾ ਤੋਹਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਤਕਰੀਬਨ 180 ਕਰੋੜ ਦੀ ਧਾਂਦਲੀ ਪਿਛਲੇ ਸਮੇਂ ਦੌਰਾਨ ਸਟੈਂਪ ਡਿਊਟੀ ਵਿਚ ਪੰਜਾਬ ਦੀਆਂ ਵੱਖ-ਵੱਖ ਤਹਿਸੀਲਾਂ ਵਿਚ ਹੋਈ ਹੈ ਤੇ ਇਨ੍ਹਾਂ ਤੱਥਾਂ ਦੀ ਜਾਣਕਾਰੀ ਸਰਕਾਰ ਵੱਲੋਂ ਕਰਵਾਏ ਗਏ ਆਡਿਟ ਤੋਂ ਮਿਲੀ ਹੈ। ਇਸ ਮਾਮਲੇ ਵਿਚ ਜੇਕਰ ਕੋਈ ਅਧਿਕਾਰੀ ਦੋਸ਼ੀ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਵੱਖਰੀ ਕਮੇਟੀ ਦਾ ਮਾਮਲਾ ਮੁੜ ਚਰਚਾ ਵਿਚ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਵਿਚ ਸੱਤਾ ਬਦਲਣ ਨਾਲ ਸੂਬੇ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਫਿਰ ਚਰਚਾ ਮਘ ਪਈ ਹੈ। ਹਰਿਆਣਾ ਵਿਚ ਭਾਜਪਾ ਸਰਕਾਰ ਵੱਖਰੀ ਕਮੇਟੀ ਦੀ ਸਥਾਪਨਾ ਬਾਰੇ ਹੁਣੇ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵਿਚੋਲੇ ਵਾਲੀ ਨੀਤੀ ਧਾਰਨ ਕਰਦੀ ਰਹੀ ਹੈ ਜਦੋਂਕਿ ਇਨੈਲੋ ਤੇ ਸ਼੍ਰੋਮਣੀ ਅਕਾਲੀ ਦਲ ਇਸ ਦੀ ਸਖ਼ਤ ਵਿਰੋਧ ਕਰਦੇ ਰਹੇ ਹਨ। ਇਨੈਲੋ ਦੀ ਲੀਡਰਸ਼ਿਪ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਜੇ ਉਨ੍ਹਾਂ ਦੀ ਹਰਿਆਣਾ ਵਿਚ ਸਰਕਾਰ ਬਣ ਗਈ ਤਾਂ ਉਹ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਵਾਲਾ ਕਾਨੂੰਨ ਖ਼ਤਮ ਕਰ ਦੇਣਗੇ।

ਇਹ ਮਾਮਲਾ ਇਸ ਵੇਲੇ ਭਾਵੇਂ ਸੁਪਰੀਮ ਕੋਰਟ ਵਿਚ ਹੈ ਤੇ ਇਸ ਦੀ ਅਗਲੀ ਪੇਸ਼ੀ 27 ਨਵੰਬਰ ਹੈ, ਪਰ ਹਰਿਆਣਾ ਵਿਚ ਕਾਂਗਰਸ ਦੇ ਸਫਾਏ ਕਾਰਨ ਵੱਖਰੀ ਕਮੇਟੀ ਦਾ ਭਵਿੱਖ ਨਜ਼ਰ ਨਹੀਂ ਆ ਰਿਹਾ। 41 ਮੈਂਬਰੀ ਹਰਿਆਣਾ ਪ੍ਰਬੰਧਕ ਕਮੇਟੀ (ਐਡਹਾਕ) ਦੀ ਸਾਰੀ ਲੀਡਰਸ਼ਿਪ ਨੇ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਡੱਟ ਕੇ ਸਮਰਥਨ ਕੀਤਾ, ਪਰ ਚੋਣ ਨਤੀਜੇ ਉਨ੍ਹਾਂ ਦੀ ਉਮੀਦ ਦੇ ਬਿਲਕੁਲ ਉਲਟ ਨਿਕਲੇ। ਇਸ ਤਰ੍ਹਾਂ ਅਮਲੀ ਤੌਰ 'ਤੇ ਹਰਿਆਣਾ ਦੇ ਸਿੱਖ ਕਾਂਗਰਸ ਦੀ ਸਰਗਰਮ ਮਦਦ ਕਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਏ। ਜਿਨ੍ਹਾਂ ਹਲਕਿਆਂ ਵਿਚ ਭਾਜਪਾ ਅਤੇ ਇਨੈਲੋ ਆਗੂ ਜਿੱਤੇ ਹਨ, ਉਹ ਤਕਰੀਬਨ ਸਿੱਖ ਵਸੋਂ ਵਾਲੇ ਸਮਝੇ ਜਾਂਦੇ ਹਨ ਤੇ ਕਾਂਗਰਸ ਉਥੇ ਬੁਰੀ ਤਰ੍ਹਾਂ ਹਾਰ ਗਈ ਹੈ।

ਜਾਣਕਾਰ ਹਲਕਿਆਂ ਮੁਤਾਬਕ, ਹੁਣ ਸੰਭਵ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਹ ਮਾਮਲਾ ਕੇਂਦਰ ਸਰਕਾਰ ਤੇ ਵਿਸ਼ੇਸ਼ ਤੌਰ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਕੋਲ ਉਠਾਉਣ ਤੇ ਉਨ੍ਹਾਂ ਨੂੰ ਬੇਨਤੀ ਕਰਨ ਕਿ ਕੇਂਦਰੀ ਸਰਕਾਰ ਉਕਤ ਕਾਨੂੰਨ ਨੂੰ ਖ਼ਤਮ ਕਰਨ ਲਈ ਸੁਪਰੀਮ ਕੋਰਟ ਤੱਕ ਨਵੀਂ ਪਹੁੰਚ ਅਪਨਾਏ। ਵੱਖਰੀ ਕਮੇਟੀ ਦੇ ਕੁਝ ਆਗੂਆਂ ਦਾ ਮੰਨਣਾ ਹੈ ਕਿ ਹਰਿਆਣਾ ਦੀ ਬੀ.ਜੇ.ਪੀ. ਸਰਕਾਰ ਵੱਖਰੀ ਕਮੇਟੀ ਦੇ ਗਠਨ ਬਾਰੇ ਕੀਤੇ ਫੈਸਲੇ ਨੂੰ ਨਹੀਂ ਉਲਟਾਵੇਗੀ, ਕਿਉਂਕਿ ਇਹ ਹਰਿਆਣਾ ਦੇ ਸਿੱਖ ਭਾਈਚਾਰੇ ਦੇ ਭਵਿੱਖ ਨਾਲ ਸਬੰਧਤ ਹੈ। ਵਰਨਣਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੀ ਸਿੱਖ ਕਾਂਗਰਸ ਲੀਡਰਸ਼ਿਪ ਨੇ ਵਿਸ਼ੇਸ਼ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ, ਰਾਜਿੰਦਰ ਕੌਰ ਭੱਠਲ, ਪ੍ਰਤਾਪ ਸਿੰਘ ਬਾਜਵਾ ਤੇ ਦਿੱਲੀ ਦੇ ਸਰਨਾ ਭਰਾਵਾਂ ਨੇ ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਬਾਰੇ ਕਾਂਗਰਸ ਦੀ ਡਟ ਕੇ ਮਦਦ ਕੀਤੀ ਸੀ, ਪਰ ਇਸ ਦੇ ਬਾਵਜੂਦ ਹਰਿਆਣੇ ਦੇ ਸਿੱਖ ਭਾਈਚਾਰੇ ਨੇ ਹੁੱਡਾ ਸਰਕਾਰ ਦੇ ਫੈਸਲੇ 'ਤੇ ਅਮਲੀ ਤੌਰ 'ਤੇ ਪ੍ਰਵਾਨਗੀ ਦੀ ਮੋਹਰ ਲਾਉਣ ਤੋਂ ਇਨਕਾਰ ਕਰ ਦਿੱਤਾ।

ਵੱਖਰੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਦਾ ਮੰਨਣਾ ਹੈ ਕਿ ਹਰਿਆਣਾ ਭਾਜਪਾ ਵੱਲੋਂ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਦਾ ਸਮਰਥਨ ਕੀਤਾ ਗਿਆ ਸੀ। ਭਾਜਪਾ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਵੱਖਰੀ ਗੁਰਦੁਆਰਾ ਕਮੇਟੀ ਦੇ ਗਠਨ ਦਾ ਮੁੱਦਾ ਆਪਣੇ ਚੋਣ ਮਨੋਰਥ ਪੱਤਰ ਵਿਚ ਵੀ ਸ਼ਾਮਲ ਕੀਤਾ ਗਿਆ ਸੀ। ਅਜਿਹੀ ਸਥਿਤੀ ਵਿਚ ਭਾਜਪਾ ਵੱਲੋਂ ਸਿੱਖਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਤੇ ਪੰਜਾਬ ਦੇ ਕੈਬਨਿਟ ਮੰਤਰੀ ਦਲਜੀਤ ਸਿੰਘ ਚੀਮਾ ਦਾ ਦਾਅਵਾ ਹੈ ਕਿ ਨਵੀਂ ਭਾਜਪਾ ਸਰਕਾਰ ਹਰਿਆਣਾ ਵਿਚ ਪਿਛਲੀ ਸਰਕਾਰ ਵੱਲੋਂ ਕੀਤੀ ਗਲਤੀ ਨੂੰ ਦਰੁਸਤ ਕਰੇਗੀ। ਪਿਛਲੀ ਕਾਂਗਰਸ ਸਰਕਾਰ ਵੱਲੋਂ ਵੱਖਰੀ ਕਮੇਟੀ ਲਈ ਪਾਸ ਕੀਤੇ ਬਿੱਲ ਨੂੰ ਰੱਦ ਕੀਤੇ ਜਾਣ ਦੀ ਉਮੀਦ ਹੈ, ਕਿਉਂਕਿ ਇਸ ਮਾਮਲੇ ਵਿਚ ਕੇਂਦਰ ਸਰਕਾਰ ਪਹਿਲਾਂ ਹੀ ਪਿਛਲੀ ਹਰਿਆਣਾ ਸਰਕਾਰ ਦੀ ਕਾਰਵਾਈ ਨੂੰ ਅਣਉਚਿਤ ਕਰਾਰ ਦੇ ਚੁੱਕੀ ਹੈ। ਹਰਿਆਣਾ ਵਿਚ ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਖ਼ਿਲਾਫ਼ ਚੋਣ ਲੜੀ ਹੈ, ਪਰ ਇਹ ਮਾਮਲਾ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ ਵਿਚਾਲੇ ਨਹੀਂ ਆਵੇਗਾ।

## ਡਾ. ਸ਼ੇਰਗਿੱਲ ਬਣੇ 'ਜਸਟਿਸ ਆਫ਼ ਪੀਸ'

**ਚੰਡੀਗੜ੍ਹ:** ਮੈਸੀ ਯੂਨੀਵਰਸਿਟੀ ਆਕਲੈਂਡ ਵਿਚ 2008, 2012 ਤੇ 2013 ਵਿਚ 'ਲੈਕਚਰਾਰ ਆਫ਼ ਦਾ ਯੀਅਰ' ਐਵਾਰਡ ਹਾਸਲ ਪੰਜਾਬੀ ਲੈਕਚਰਾਰ ਡਾਕਟਰ ਗੁਰਵਿੰਦਰ ਸਿੰਘ ਸ਼ੇਰਗਿੱਲ ਹੁਣ 'ਜਸਟਿਸ ਆਫ਼ ਪੀਸ' (ਜੇ.ਪੀ.) ਬਣ ਗਏ ਹਨ। ਪਿਛਲੇ ਦਿਨੀਂ ਉਨ੍ਹਾਂ ਨੂੰ ਇਸ ਅਹੁਦੇ ਦੀ ਸਹੁੰ ਜ਼ਿਲ੍ਹਾ ਜੱਜ ਫਿਲਿਪ ਰਿਕੌਰਡਨ ਨੇ ਚੁਕਾਈ। ਇਸ ਅਹੁਦੇ 'ਤੇ ਤਾਇਨਾਤੀ ਨਾਲ ਉਹ ਸਥਾਨਕ ਪੱਧਰ ਦੇ ਸਰਕਾਰੀ ਕਾਗਜ਼ਾਤ ਤੇ ਦਸਤਖ਼ਤ ਤਸਦੀਕ ਕਰ ਸਕਣਗੇ।

ਡਾਕਟਰ ਸ਼ੇਰਗਿੱਲ ਮੂਲ ਰੂਪ ਵਿਚ ਪਿੰਡ ਦਾਨਗੜ੍ਹ ਜ਼ਿਲ੍ਹਾ ਬਰਨਾਲਾ ਤੋਂ ਹਨ। 1978-80 ਤੱਕ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਵਿਚ ਪੜ੍ਹਾਇਆ ਤੇ ਫਿਰ ਨਿਊਜ਼ੀਲੈਂਡ ਆਉਣ ਤੱਕ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਐਮ.ਬੀ.ਏ., ਐਮਕਾਮ ਤੇ ਪੀ.ਐਚ.ਡੀ. ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਕਾਰਜ ਕਰਦੇ ਰਹੇ। ਨਿਊਜ਼ੀਲੈਂਡ ਆ ਕੇ 2000 ਵਿਚ ਉਨ੍ਹਾਂ ਮੈਸੀ ਯੂਨੀਵਰਸਿਟੀ ਦੇ ਐਲਬਨੀ ਕੈਂਪ ਤੋਂ ਅਧਿਆਪਨ ਕਿੱਤਾ ਸ਼ੁਰੂ ਕੀਤਾ। ਉਨ੍ਹਾਂ ਨੇ ਕੈਂਟਰਬਰੀ ਯੂਨੀਵਰਸਿਟੀ ਕ੍ਰਾਈਸਟਚਰਚ ਤੋਂ ਦੋ ਸਾਲਾਂ ਵਿਚ ਪੀ.ਐਚ.ਡੀ. ਦੀ ਡਿਗਰੀ ਵੀ ਹਾਸਲ ਕੀਤੀ ਜਦੋਂ ਕਿ ਆਮ ਤੌਰ 'ਤੇ ਇਸ ਨੂੰ 4-5 ਸਾਲ ਦਾ ਸਮਾਂ ਲੱਗਦਾ ਹੈ। ਪ੍ਰੋ. ਸ਼ੇਰਗਿੱਲ ਨੇ ਵਿੱਤ ਮੰਤਰਾਲੇ ਦੀਆਂ ਸੰਭਾਵਿਤ ਨੀਤੀਆਂ ਨੂੰ ਘੜਣ ਦਾ ਅਹਿਮ ਕੰਮ ਵੀ ਕੀਤਾ ਹੈ। ਉਹ ਅਮਰੀਕਾ, ਇੰਗਲੈਂਡ ਤੇ ਆਸਟਰੇਲੀਆ ਵਿਚ ਹੋਈਆਂ ਕੌਮਾਂਤਰੀ ਸਿੱਖਿਆ ਕਾਨਫਰੰਸਾਂ ਲਈ ਵੱਖ-ਵੱਖ ਪਹਿਲੂਆਂ ਉੱਤੇ ਪੱਤਰ ਵੀ ਲਿਖਦੇ ਰਹਿੰਦੇ ਹਨ।

# ਆਰ.ਐਸ.ਐਸ. ਪ੍ਰਚਾਰਕ ਖੱਟਰ ਹਰਿਆਣਾ ਦੇ ਨਵੇਂ ਮੁੱਖ ਮੰਤਰੀ



**ਚੰਡੀਗੜ੍ਹ:** ਚਾਲੀ ਸਾਲਾਂ ਤੋਂ ਆਰ.ਐਸ.ਐਸ. ਦੇ ਪ੍ਰਚਾਰਕ ਅਤੇ ਕਰਨਾਲ ਵਿਧਾਨ ਸਭਾ ਹਲਕੇ ਤੋਂ ਵੱਡੇ ਫਰਕ ਨਾਲ ਚੋਣ ਜਿੱਤੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਮਨੋਹਰ ਲਾਲ ਖੱਟਰ ਹਰਿਆਣਾ ਦੇ ਦਸਵੇਂ ਅਤੇ ਸੂਬੇ ਦੇ ਪਹਿਲੇ ਪੰਜਾਬੀ ਮੁੱਖ ਮੰਤਰੀ ਹੋਣਗੇ। ਉਹ 26 ਅਕਤੂਬਰ ਨੂੰ ਪੰਚਕੂਲਾ ਦੇ ਤਾਊ ਦੇਵੀ ਸਟੇਡੀਅਮ ਵਿਚ ਹੋ ਰਹੇ ਸਮਾਗਮ ਵਿਚ ਸਹੁੰ ਚੁੱਕਣਗੇ।

ਇੱਥੇ ਯੂ.ਟੀ. ਗੈਸਟ ਹਾਊਸ ਵਿਚ ਭਾਰਤੀ ਜਨਤਾ ਪਾਰਟੀ ਹਰਿਆਣਾ ਦੇ ਵਿਧਾਇਕ ਦਲ ਦੀ ਮੀਟਿੰਗ ਵਿਚ ਸ੍ਰੀ ਖੱਟਰ ਸਰਬਸੰਮਤੀ ਨਾਲ ਵਿਧਾਇਕ ਦਲ ਦੇ ਨੇਤਾ ਚੁਣੇ ਗਏ। ਉਨ੍ਹਾਂ ਦਾ ਨਾਂ ਹਰਿਆਣਾ ਇਕਾਈ ਦੇ ਪ੍ਰਧਾਨ ਰਾਮ ਵਿਲਾਸ ਸ਼ਰਮਾ ਨੇ ਪੇਸ਼ ਕੀਤਾ ਜਿਸ ਦੀ ਤਾਈਦ ਸੀਨੀਅਰ ਆਗੂ ਤੇ ਪਿਛਲੀ ਵਿਧਾਨ ਸਭਾ ਵਿਚ ਭਾਜਪਾ ਵਿਧਾਇਕ ਦਲ ਦੇ ਨੇਤਾ ਅਨਿਲ ਵਿਜ, ਭਾਜਪਾ ਕਿਸਾਨ ਮੋਰਚੇ ਤੇ ਕੌਮੀ ਪ੍ਰਧਾਨ ਤੇ ਬਾਦਲੀ ਤੋਂ ਵਿਧਾਇਕ ਓ.ਪੀ. ਧਨਖੜ, ਕੈਪਟਨ ਅਭਿਮੰਨਿਊ ਅਤੇ ਸੋਨੀਪਤ ਤੋਂ ਵਿਧਾਇਕਾ ਕਵਿਤਾ ਜੈਨ ਨੇ ਕੀਤੀ। ਵਿਧਾਇਕ ਦਲ ਦਾ ਨੇਤਾ ਚੁਣੇ ਜਾਣ ਤੋਂ ਬਾਅਦ ਸ੍ਰੀ ਖੱਟਰ ਨੇ ਕਿਹਾ ਕਿ ਸੂਬੇ ਦੇ ਵਿਕਾਸ ਵਿਚ ਭੇਦ-ਭਾਵ ਖ਼ਤਮ ਕੀਤਾ ਜਾਵੇਗਾ ਤੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੇਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਦੀ ਸਰਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਾਰਗ 'ਤੇ ਚੱਲੇਗੀ।

ਯਾਦ ਰਹੇ ਕਿ ਸੂਬੇ ਦਾ ਮੁੱਖ ਮੰਤਰੀ ਬਣਨ ਲਈ ਪੰਜ ਹੋਰ ਦਾਅਵੇਦਾਰ ਸਨ ਪਰ ਪ੍ਰਧਾਨ ਮੰਤਰੀ ਮੋਦੀ ਦੀ ਪਸੰਦ ਹੋਣ ਕਰ ਕੇ ਪਹਿਲੀ ਵਾਰ ਵਿਧਾਇਕ ਬਣੇ ਸ੍ਰੀ ਖੱਟਰ ਨੂੰ ਸਰਬਸੰਮਤੀ ਨਾਲ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਗਿਆ। ਕਿਸੇ ਹੋਰ ਦੇ ਨਾਂ ਬਾਰੇ ਚਰਚਾ ਤਕ ਨਹੀਂ ਹੋਈ।

60 ਸਾਲਾਂ ਸ੍ਰੀ ਖੱਟਰ ਰੋਹਤਕ ਜ਼ਿਲ੍ਹੇ ਦੇ ਪਿੰਡ ਨਿਨਦਾਨਾ ਦੇ ਵਾਸੀ ਹਨ ਤੇ ਉਹ 1977 ਵਿਚ ਆਰ.ਐਸ.ਐਸ. ਦੇ ਸੰਪਰਕ ਵਿੱਚ ਆਏ ਸਨ। ਇਸ ਤੋਂ ਬਾਅਦ ਉਹ 1980 ਵਿਚ ਸੰਘ ਦੇ ਪ੍ਰਚਾਰਕ ਬਣ ਗਏ। ਉਨ੍ਹਾਂ ਨੂੰ 1994 ਵਿਚ ਭਾਰਤੀ ਜਨਤਾ ਪਾਰਟੀ ਹਰਿਆਣਾ ਦਾ ਜਨਰਲ ਸਕੱਤਰ ਬਣਾਇਆ ਗਿਆ। 1996 ਵਿਚ ਉਨ੍ਹਾਂ ਨੂੰ ਇਕ ਹੋਰ ਪ੍ਰਚਾਰਕ ਅਤੇ ਹਰਿਆਣਾ ਭਾਜਪਾ ਮਾਮਲਿਆਂ ਦੇ ਇੰਚਾਰਜ ਨਰੇਂਦਰ ਮੋਦੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ।

## ਪਾਕਿ ਮੁੜ ਸੰਯੁਕਤ ਰਾਸ਼ਟਰ ਕੋਲ ਪੁੱਜਾ

**ਨਿਊਯਾਰਕ:** ਪਾਕਿਸਤਾਨ ਨੇ ਭਾਰਤ ਨਾਲ ਕੰਟਰੋਲ ਰੇਖਾ 'ਤੇ ਸ਼ਾਂਤੀ ਬਹਾਲੀ ਲਈ ਸੰਯੁਕਤ ਰਾਸ਼ਟਰ ਦੇ ਦਖ਼ਲ ਦੀ ਮੁੜ ਅਪੀਲ ਕੀਤੀ ਹੈ। ਇਸ ਤੋਂ ਪਹਿਲਾਂ ਵੀ ਪਾਕਿਸਤਾਨ ਦੋ ਵਾਰ ਸੰਯੁਕਤ ਰਾਸ਼ਟਰ ਨੂੰ ਅਜਿਹੀ ਅਪੀਲ ਕਰ ਚੁੱਕਾ ਹੈ ਪਰ ਸੰਯੁਕਤ ਰਾਸ਼ਟਰ ਨੇ ਇਸ ਨੂੰ ਖ਼ਾਰਜ ਕਰ ਦਿੱਤਾ ਸੀ। ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੇ ਸਥਾਈ ਪ੍ਰਤੀਨਿਧ ਮਸੂਦ ਖਾਨ ਨੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬਾਨ ਕੀ ਮੂਨ ਨਾਲ ਮੁਲਾਕਾਤ ਕਰਕੇ ਇਸਲਾਮਾਬਾਦ ਤੋਂ ਆਈ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਨੂੰ ਕੰਟਰੋਲ ਰੇਖਾ ਦੀ ਸਥਿਤੀ ਬਾਰੇ ਸੂਚਿਤ ਕੀਤਾ। ਦੂਸਰੇ ਪਾਸੇ ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਦੋਵੇਂ ਦੇਸ਼ ਆਪਣੇ ਦੋਪੱਖੀ ਮਸਲਿਆਂ ਨੂੰ ਗੱਲਬਾਤ ਰਾਹੀਂ ਹੱਲ ਕਰਨ।

## ਨਿਕੋਬਾਰ ਵਿਚੋਂ ਦੂਜੇ ਵਿਸ਼ਵ ਯੁੱਧ ਦਾ ਬੰਬ ਮਿਲਿਆ

**ਪੋਰਟ ਬਲੇਅਰ:** ਦੂਜੇ ਵਿਸ਼ਵ ਯੁੱਧ ਦਾ ਇਕ ਅਣਫਟਿਆ ਬੰਬ ਨਿਕੋਬਾਰ ਦੀਪ ਦੇ ਇਕ ਪਿੰਡ ਤਾਮਾਲੂ ਵਿਚ ਉਥੋਂ ਦੇ ਰਹਿਣ ਵਾਲੇ ਕਬੀਲੇ ਦੇ ਲੋਕਾਂ ਨੂੰ ਲੱਭਾ। ਇਸ ਮਾਮਲੇ ਨੂੰ ਤੁਰੰਤ ਸਿਵਲ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ। ਸਿਵਲ ਅਧਿਕਾਰੀਆਂ ਨੇ ਅੰਡੇਮਾਨ-ਨਿਕੋਬਾਰ ਕਮਾਂਡ (ਏ.ਐਨ.ਸੀ.) ਤੱਕ ਪਹੁੰਚ ਕੀਤੀ ਤਾਂ ਜੋ ਬੰਬ ਨੂੰ ਟਿਕਾਣੇ ਲਾਇਆ ਜਾ ਸਕੇ। ਏ.ਐਨ.ਸੀ. ਭਾਰਤ ਦੀ ਪਹਿਲੀ ਤਿੰਨ ਸੇਵਾਵਾਂ ਦੀ ਪਹਿਲੀ ਸਾਂਝੀ ਕਮਾਂਡ ਹੈ। ਏ.ਐਨ.ਸੀ. ਦੇ ਲੋਕ ਸੰਪਰਕ ਅਧਿਕਾਰੀ ਨੇ ਦੱਸਿਆ ਕਿ ਨਾਗਰਿਕਾਂ ਨੂੰ ਖ਼ਤਰੇ ਤੇ ਬੇਨਤੀ ਨੂੰ ਧਿਆਨ ਵਿਚ ਰੱਖਦਿਆਂ ਸਮੁੰਦਰੀ ਕਮਾਂਡੋ 'ਮਾਰਕੋਜ਼' ਦੀ ਟੀਮ ਨੂੰ ਉਥੇ ਭੇਜਿਆ ਗਿਆ ਜਿਨ੍ਹਾਂ ਬੜੀ ਸਾਵਧਾਨੀ ਨਾਲ ਇਸ ਬੰਬ ਨੂੰ ਨਕਾਰਾ ਕਰ ਦਿੱਤਾ।

## ਸ਼੍ਰੋਮਣੀ ਕਮੇਟੀ ਦਾ ਸ਼ਰਾਬੀ ਮੁਲਾਜ਼ਮ ਗੁਰਦੁਆਰੇ ਵਿਚੋਂ ਕਾਬੂ

**ਫਤਹਿਗੜ੍ਹ ਸਾਹਿਬ:** ਇਥੋਂ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਪੱਕਾ ਮੁਲਾਜ਼ਮ ਸ਼ਰਾਬੀ ਹਾਲਤ ਵਿਚ ਲੋਕਾਂ ਨੇ ਫੜ ਲਿਆ। ਡਾਕਟਰੀ ਮੁਆਇਨੇ ਵਿਚ ਵੀ ਮੁਲਾਜ਼ਮ ਦੇ ਨਸ਼ੇ ਵਿਚ ਹੋਣ ਦੀ ਪੁਸ਼ਟੀ ਹੋਈ ਹੈ।

ਸ਼੍ਰੋਮਣੀ ਕਮੇਟੀ ਅਧੀਨ ਪੱਕੇ ਤੌਰ 'ਤੇ ਬਤੌਰ ਕਲਰਕ ਤਾਇਨਾਤ ਮੁਲਾਜ਼ਮ ਬਲਕਾਰ ਸਿੰਘ ਕਟਾਣਾ ਸਾਹਿਬ (ਦੋਰਾਹਾ) ਵਿਚ ਸੇਵਾ ਨਿਭਾਅ ਰਿਹਾ ਸੀ ਜਿਸ ਦੀ 20 ਅਕਤੂਬਰ ਤੋਂ ਇਥੇ ਆਰਜ਼ੀ ਤੌਰ 'ਤੇ ਡਿਊਟੀ ਲਾਈ ਗਈ ਸੀ। ਮੁਲਾਜ਼ਮ ਆਉਣ ਵਾਲੇ ਦਸ ਬਾਰਾਂ ਦਿਨਾਂ ਵਿਚ ਸੇਵਾਮੁਕਤ ਹੋਣ ਵਾਲਾ ਸੀ। ਮਿਲੀ ਜਾਣਕਾਰੀ ਮੁਤਾਬਕ ਯੂਥ ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਗੁਰਵਿੰਦਰ ਸਿੰਘ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਮੱਥਾ ਟੇਕਣ ਲਈ ਗਏ ਹੋਏ ਸਨ। ਉਨ੍ਹਾਂ ਉਥੇ ਸ਼੍ਰੋਮਣੀ ਕਮੇਟੀ ਦੇ ਕਲਰਕ ਬਲਕਾਰ ਸਿੰਘ ਨੂੰ ਸ਼ਰਾਬੀ ਹਾਲਤ ਵਿਚ ਗੁਰਦੁਆਰੇ ਅੰਦਰ ਘੁੰਮਦੇ ਦੇਖਿਆ। ਉਨ੍ਹਾਂ ਇਸ ਦੀ ਜਾਣਕਾਰੀ ਯੂਥ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੂਬਾ ਪ੍ਰਧਾਨ ਰਣਦੇਵ ਸਿੰਘ ਦੇਬੀ ਨੂੰ ਦਿੱਤੀ। ਜਾਣਕਾਰੀ ਮਿਲਦੇ ਹੀ ਮੁਲਾਜ਼ਮ ਨੂੰ ਨਸ਼ੇ ਦੀ ਹਾਲਤ ਵਿਚ ਫੜ ਲਿਆ। ਸੂਤਰਾਂ ਅਨੁਸਾਰ ਬਲਕਾਰ ਸਿੰਘ ਨੇ ਆਪਣੀ ਗਲਤੀ ਵੀ ਮੰਨੀ ਤੇ ਮਾਫ਼ੀਆਂ ਮੰਗੀਆਂ ਪਰ ਸੰਗਤ ਉਸ ਨੂੰ ਮਾਫ਼ ਕਰਨ ਦੇ ਰੌਅ ਵਿਚ ਨਹੀਂ ਸੀ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਉਨ੍ਹਾਂ ਕੋਲ ਲਿਖਤੀ ਸ਼ਿਕਾਇਤ ਨਹੀਂ ਪਹੁੰਚੀ। ਮੁਲਾਜ਼ਮ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

**Punjab Times**
Established in 2000
15th Year in Publication
Published every Saturday
by A B Publication Inc.
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 95 ਡਾਲਰ
ਪੰਜ ਸਾਲ ਲਈ: 450 ਡਾਲਰ

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਦਿਓਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## Matrimonial

### ਕੰਨਿਆ ਦੀ ਲੋੜ

Jatt Sikh Mavi 28yrs, 5'-7", turbaned Punjab born American Citizen MS in IT, seeking beautiful, slim bride in IT/MBA/Finance/Accounting. Background Punjab Area only. Email Bio-Data & Pictures to Dsingh8593@gmail.com 43

ਜੱਟ ਸਿੱਖ ਸੰਘਾ, ਉਮਰ 24 ਸਾਲ, ਕੱਦ 6'-1", ਯੂ ਐਸ ਸਿਟੀਜ਼ਨ, ਉਚ ਸਿੱਖਿਆ ਪ੍ਰਾਪਤ, ਬੈਂਕ ਵਿਚ ਉਚੀ ਜੌਬ ਕਰਦੇ ਲੜਕੇ ਲਈ ਰਜਿਸਟਰਡ ਨਰਸ ਜਾਂ ਬਰਾਬਰ ਦੀ ਯੋਗਤਾ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 209-634-7584 ਜਾਂ 209-262-7200 42-45

### ਵਰ ਦੀ ਲੋੜ

ਜੱਟ ਸਿੱਖ 24 ਸਾਲ, 5'-5", ਇੰਡੀਆ ਰਹਿੰਦੀ ਬੀ ਏ, ਐਮ.ਐਸ-ਸੀ ਅਤੇ ਐਮ ਸੀ ਏ ਲੜਕੀ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਕੁੜੀ ਦਾ ਇਕ ਮਾਮਾ ਤੇ ਦੋ ਮਾਸੀਆਂ ਅਮਰੀਕਾ ਵਿਚ ਹਨ ਜੋ ਮਦਦ ਕਰਨਗੇ। ਸੰਪਰਕ ਕਰੋ, ਫੋਨ: 219-671-3442

Khatri Sikh girl, 28yrs, 5'-5", US citizen, Pharmacist in Santa Fe (New Mexico), seeking highly educated (medicine or engineering), well settled in US, non-smoker, non-drinker, non-trimmer 28-30yrs, 5'-7" to 6'-2" boy. Contact, Ph: 505-216-1644 or E-mail: hvij@aol.com 41-44


# ਗਾਂਧੀ ਪੂੰਜੀਵਾਦੀਆਂ ਦਾ ਹੱਥਠੋਕਾ ਸੀ: ਅਰੁੰਧਾਤੀ ਰਾਏ

**ਨਿਊ ਯਾਰਕ (ਬਿਊਰੋ):** ਮੋਹਨਦਾਸ ਕਰਮ ਚੰਦ ਗਾਂਧੀ ਪੂੰਜੀਵਾਦੀਆਂ ਦਾ ਹੱਥਠੋਕਾ ਸੀ ਅਤੇ ਉਨ੍ਹਾਂ ਦੇ ਪੈਸੇ 'ਤੇ ਉਨ੍ਹਾਂ ਦੀ ਵਕਾਲਤ ਕਰਦਾ ਸੀ। ਇਹ ਵਿਚਾਰ ਮਨੁੱਖੀ ਅਧਿਕਾਰ ਪ੍ਰੋਵਕਤਾ ਅਤੇ ਬੁਕਰ ਅਵਾਰਡ ਜੇਤੂ ਅਰੁੰਧਾਤੀ ਰਾਏ ਨੇ ਇਥੇ ਕੋਲੰਬੀਆ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਸ਼ਲ ਬਾਲਰੂਮ ਵਿਚ ਲੰਘੀ 12 ਅਕਤੂਬਰ ਨੂੰ ਇਕ ਪੈਨਲ ਡਿਸਕਸ਼ਨ ਦੌਰਾਨ ਪ੍ਰਗਟਾਏ। ਇਥੋਂ ਹੀ ਯੂਨੀਵਰਸਿਟੀ ਦੇ ਢਾਈ ਸੌ ਸਾਲ ਦੇ ਇਤਿਹਾਸ ਵਿਚ ਸਭ ਤੋਂ ਉਘੀ ਹਸਤੀ ਡਾ. ਬੀ ਆਰ ਅੰਬੇਦਕਰ ਉਭਰੇ ਸਨ। ਜ਼ਿਕਰਯੋਗ ਹੈ ਕਿ ਅਜੇ ਕੁਝ ਮਹੀਨੇ ਪਹਿਲਾਂ ਹੀ ਅਰੁੰਧਾਤੀ ਰਾਏ ਨੇ ਕੇਰਲ ਯੂਨੀਵਰਸਿਟੀ ਵਿਚ ਤਕਰੀਰ ਕਰਦਿਆਂ ਮਹਾਤਮਾ ਗਾਂਧੀ 'ਤੇ ਜਾਤੀਵਾਦੀ ਹਿੰਸਾ ਨੂੰ ਸਹੀ ਠਹਿਰਾਉਣ ਅਤੇ ਇਸ ਦੀ ਵਕਾਲਤ ਕਰਨ ਦਾ ਦੋਸ਼ ਲਾਇਆ ਸੀ।

ਇਸ ਵਿਚਾਰ-ਵਟਾਂਦਰੇ ਦਾ ਪ੍ਰਬੰਧ ਗੈਰ-ਮੁਨਾਫਾ ਸੰਸਥਾ ਭੀਮ ਰਾਏ ਅੰਬੇਦਕਰ ਫਾਉਂਡੇਸ਼ਨ ਯੂ ਐਸ ਏ (ਬਰਾਸਫ) ਨੇ ਡਾ. ਅੰਬੇਦਕਰ ਦੀ ਵਿਚਾਰਧਾਰਾ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕਰਨ ਦੀ ਮੁਹਿੰਮ ਦੇ ਸਿਲਸਿਲੇ ਵਿਚ ਕੀਤਾ ਸੀ।

ਅਰੁੰਧਾਤੀ ਰਾਏ ਨੇ ਦੋਸ਼ ਲਾਇਆ ਕਿ ਗਾਂਧੀ ਨੇ ਪੂਨਾ ਸੰਧੀ ਉਤੇ ਦਸਤਖਤ ਡਾ. ਅੰਬੇਦਕਰ ਨੂੰ ਬਲੈਕਮੇਲ ਕਰਕੇ ਕਰਵਾਏ ਅਤੇ 'ਅਛੂਤਾਂ' ਦੀ ਸਿਆਸਤ ਦੇ ਕੇਂਦਰ ਵਿਚ ਜਬਰਨ ਘੁਸਿਆ। ਉਨ੍ਹਾਂ ਕਿਹਾ ਕਿ ਗਾਂਧੀ ਪੂੰਜੀਵਾਦੀਆਂ ਦੇ ਪੈਸੇ 'ਤੇ ਪਲਣ ਵਾਲੀ ਗੈਰ-ਸਰਕਾਰੀ ਸੰਸਥਾ ਸੀ ਜਿਸ ਨੇ ਸਨਅਤਕਾਰਾਂ ਲਈ ਹੋਰ ਮੁਨਾਫਾ ਕਮਾਉਣ ਲਈ ਕਾਮੇ ਮੁਹੱਈਆ ਕੀਤੇ, ਐਨ ਉਸੇ ਤਰ੍ਹਾਂ ਜਿਵੇਂ ਉਸ ਨੇ ਦੱਖਣੀ ਅਫਰੀਕਾ ਵਿਚ ਅੰਗ੍ਰੇਜ਼ਾਂ ਦੇ ਹਿੱਤਾਂ ਖਾਤਰ ਭਾਰਤੀਆਂ ਨੂੰ ਲਾਮਬੰਦ ਕੀਤਾ ਸੀ। ਗਾਂਧੀ ਦੀਆਂ ਸਾਰੀਆਂ ਲਿਖਤਾਂ ਤੋਂ ਇਹ ਨੁਕਤਾ ਸਪਸ਼ਟ ਜਾਹਰ ਹੁੰਦਾ ਹੈ ਕਿ ਉਹ ਕੱਟੜਪ੍ਰਸਤ ਸੱਜੇਪੱਖੀ ਹਿੰਦੂ ਸੀ ਪਰੰਤੂ ਗਾਂਧੀ ਦੀ ਜਾਤੀਵਾਦੀ ਵਿਚਾਰਧਾਰਾ ਦਾ ਪਰਦਾਫਾਸ਼ ਕਰਨ ਵਿਚ ਅਕਾਦਮੀਸ਼ਨਾਂ ਦੀ ਅਸਫਲਤਾ ਨੇ ਉਸ ਨੂੰ ਮਹਾਤਮਾ ਵਜੋਂ ਉਭਰਨ ਦਿਤਾ, ਇਸ ਹਕੀਕਤ ਦੇ ਬਾਵਜੂਦ ਕਿ ਨੋਬਲ ਅਮਨ ਪੁਰਸਕਾਰ ਲਈ ਪੰਜ ਵਾਰ ਨਾਮਜ਼ਦ ਕੀਤੇ ਜਾਣ ਦੇ ਬਾਵਜੂਦ ਉਸ ਦਾ ਨਾਂ ਰੱਦ ਕਰ ਦਿਤਾ ਗਿਆ।





ਕੁਝ ਲੋਕਾਂ ਨੂੰ ਭਾਰਤ ਬੇਸ਼ਕ ਵਡੇ ਸਮਾਜਕ ਸੰਕਟ ਦੇ ਸਨਮੁਖ ਖੜਾ ਨਜ਼ਰ ਆਉਂਦਾ ਹੋਵੇਗਾ ਪਰੰਤੂ ਕੱਟੜਪੰਥੀ ਸੱਜੇਪੱਖੀ ਹਿੰਦੂਆਂ ਨੂੰ ਇਹ ਵਰਣ ਆਸ਼ਰਮ ਧਰਮ ਦੇ ਉਭਾਰ ਦਾ ਸੁਨਹਿਰੀ ਸਮਾਂ ਨਜ਼ਰ ਆਉਂਦਾ ਹੈ। ਊਚ-ਨੀਚ 'ਤੇ ਆਧਾਰਤ ਨਾਬਰਾਬਰੀ ਦੇ ਰਿਸ਼ਤੇ ਜਿਸ ਨੂੰ ਵੈਦਿਕ ਆਰੀਆਈ ਰਾਜ ਦਾ ਬੁਨਿਆਦੀ ਤੱਤ ਮੰਨਿਆ ਜਾਂਦਾ ਹੈ, ਜਾਤੀਵਾਦੀ ਪ੍ਰਣਾਲੀ ਦੇ ਹਮਾਇਤੀ, ਖਾਸਕਰ ਨਰੇਂਦਰ ਮੋਦੀ ਦੇ ਉਭਾਰ ਪਿਛੋਂ "ਅਛੂਤਾਂ" ਅਤੇ "ਸੂਦਰਾਂ" ਦੇ ਸਰੀਰ ਅਤੇ ਉਨ੍ਹਾਂ ਦੀ ਆਤਮਾ ਉਪਰ ਆਪਣਾ ਹੱਕ ਸਮਝਣ ਲਗੇ ਹਨ।

ਬਾਮਸੈਫ ਅਤੇ ਮੂਲ ਨਿਵਾਸੀ ਸੰਘ ਦੇ ਇਕ ਉਘੇ ਕਾਰਕੁਨ ਡਾ. ਮਨੀਸ਼ਾ ਬੰਗੜ ਅਤੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਕਰਾਮੈਂਟੋ ਤੋਂ ਡਾ. ਅਮਰੀਕ ਸਿੰਘ ਪੈਨਲ ਦੇ ਹੋਰ ਮੈਂਬਰ ਸਨ। ਹਾਰਵਰਡ ਯੂਨੀਵਰਸਿਟੀ ਦੇ ਰਿਸਰਚ ਸਕਾਲਰ ਡਾ. ਹਰਪ੍ਰੀਤ ਸਿੰਘ ਨੇ ਵਿਚਾਰ-ਵਟਾਂਦਰੇ ਦਾ ਸੰਚਾਲਨ ਕੀਤਾ।

ਡਾ. ਬੰਗੜ ਨੇ ਇਹ ਨੁਕਤਾ ਉਠਾਇਆ ਕਿ ਹਿੰਦੂ ਬੁਧੀਜੀਵੀਆਂ ਦਾ ਇਕ ਵਰਗ ਹਿੰਦੂਵਾਦ ਦਾ ਇਕ ਸਮਾਨਵਾਚੀ ਅਕਸ ਸਥਾਪਤ ਕਰਨ ਦੀ ਸਿਰਤੋੜ ਕੋਸ਼ਿਸ਼ ਕਰ ਰਿਹਾ ਹੈ ਜੋ ਕਿ ਸਮਾਜ ਦੇ ਹੇਠਲੇ ਵਰਗਾਂ ਨਾਲ ਸਦੀਆਂ ਤੋਂ ਹੁੰਦੇ ਆ ਰਹੇ ਅਤਿਆਚਾਰ ਉਪਰ ਪਰਦਾ ਪਾਉਣ ਵਾਲੀ ਗੱਲ ਹੈ। ਹਿੰਦੂ ਵਿਚਾਰਵਾਨਾਂ ਵਿਚੋਂ ਬਹੁਤੇ ਕੱਟੜਪੰਥੀ ਵੈਦਿਕ ਸਭਿਅਤਾ ਦੇ ਮੁੜ ਉਭਾਰ ਦਾ ਸੁਪਨਾ ਲੈ ਰਹੇ ਹਨ। ਰਾਜਾ ਰਾਮ ਮੋਹਨ ਰਾਏ, ਦਵਾਰਕਾ ਨਾਥ ਟੈਗੋਰ, ਸਵਾਮੀ ਵਿਵੇਕਾਨੰਦ ਅਤੇ ਸਵਾਮੀ ਦਯਾਨੰਦ ਪ੍ਰਦੂਸ਼ਣ ਅਤੇ ਪਵਿੱਤਰਤਾ ਨੂੰ ਵਰਣ ਆਸ਼ਰਮ ਧਰਮ ਦੀ ਵਡਿਆਈ ਲਈ ਬੁਨਿਆਦੀ ਤੱਤ ਵਜੋਂ ਵਰਤਦੇ ਰਹੇ ਹਨ।

ਡਾ. ਅਮਰੀਕ ਸਿੰਘ ਨੇ ਵੇਰਵਾ ਦਿਤਾ ਕਿ ਜਾਤ ਪ੍ਰਣਾਲੀ ਕਿਵੇਂ ਹਿੰਦੂ ਬੁਧੀਜੀਵੀਆਂ ਅਤੇ ਬਰਤਾਨਵੀ ਸਾਮਰਾਜੀਆਂ, ਜਿਨ੍ਹਾਂ ਦਾ ਮੁਖ ਟੀਚਾ ਪਛੜੇ ਵਰਗਾਂ ਅਤੇ ਧਾਰਮਕ ਘੱਟ ਗਿਣਤੀਆਂ ਦੇ ਹਿੱਤਾਂ ਨੂੰ ਦਬਾਉਣਾ ਸੀ, ਲਈ ਇਕ ਸਾਂਝਾ ਮਰਕਜ਼ ਬਣ ਗਿਆ ਸੀ।

ਡਾ. ਹਰਪ੍ਰੀਤ ਸਿੰਘ ਨੇ ਕਈ ਸਵਾਲ ਉਠਾਏ ਜਿਨ੍ਹਾਂ ਨੇ ਪੈਨਲ ਵਿਚ ਸ਼ਾਮਲ ਵਿਅਕਤੀਆਂ ਨੂੰ ਗਹਿਰੀ ਵਿਚਾਰ-ਚਰਚਾ ਲਈ ਉਕਸਾ ਦਿਤਾ। ਪੈਨਲ ਵਿਚ ਸ਼ਾਮਲ ਵਿਚਾਰਵਾਨਾਂ ਨੇ ਦਲੀਲ ਸਹਿਤ ਦਸਿਆ ਕਿ ਕਿਵੇਂ ਬ੍ਰਾਹਮਣ, ਖਤਰੀ ਅਤੇ ਵੈਸ਼ਿਆ ਹਿੰਦੂ ਸਮਾਜ ਦਾ ਬੁਨਿਆਦੀ ਢਾਂਚਾ ਹੈ, ਜੋ ਉਚੀਆਂ ਜਾਤਾਂ ਨੂੰ ਅਸੀਮਤ ਅਧਿਕਾਰ ਦਿੰਦਾ ਹੈ ਜਦੋਂ ਕਿ ਸੂਦਰਾਂ ਅਤੇ ਹੋਰ ਪਛੜੇ ਵਰਗਾਂ ਨੂੰ ਇਨ੍ਹਾਂ ਅਧਿਕਾਰਾਂ ਤੋਂ ਵਾਂਝੇ ਰਖਦਾ ਹੈ।

ਇਸ ਮੌਕੇ ਹਾਜਰ ਸ਼ਖਸੀਅਤਾਂ ਵਿਚ ਫਿਲਮ ਡਾਇਰੈਕਟਰ ਮੀਰਾ ਨਾਇਰ, ਕਾਊਂਟਰ ਸਟਰਾਈਕ ਟੀ ਵੀ ਦੇ ਸੀ ਈ ਓ ਬਿਲ ਹਾਲੈਂਡ, ਇੰਡੀਆ ਅਬਰੌਡ ਤੋਂ ਛਾਯਾ ਬਾਬੂ, ਗੁਰੂ ਰਵਿਦਾਸ ਸਭਾ, ਨਿਊ ਯਾਰਕ ਦੇ ਪ੍ਰਧਾਨ ਨਿਰਮਲ ਸਿੰਘ, ਜਿਨ੍ਹਾਂ ਇਹ ਸਮਾਗਮ ਕਰਵਾਉਣ ਵਿਚ ਬਰਾਸਫ ਦੀ ਮਦਦ ਕੀਤੀ ਅਤੇ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਉਪੱਲ ਸ਼ਾਮਲ ਸਨ।

ਬਰਾਸਫ ਦੇ ਡਾਇਰੈਕਟਰ ਸ. ਭਜਨ ਸਿੰਘ ਭਿੰਡਰ ਤੇ ਪ੍ਰਬੰਧਕ ਨਾਨਕ ਸਿੰਘ ਭੱਟੀ ਅਤੇ ਬਾਮਸੈਫ ਦੇ ਅਸ਼ੋਕ ਬੂਲਾ ਨੇ ਸਾਰੇ ਪ੍ਰਬੰਧਾਂ ਦੀ ਦੇਖ-ਰੇਖ ਕੀਤੀ। ਇਸ ਸਮਾਗਮ ਦੌਰਾਨ ਵਖ ਵਖ ਯੂਨੀਵਰਸਿਟੀਆਂ ਦੇ ਬਹੁਤ ਸਾਰੇ ਵਿਦਿਆਰਥੀ ਵੀ ਮੌਜੂਦ ਸਨ।

## ਬਰਤਾਨੀਆ ਸੀਰੀਆ 'ਤੇ ਡਰੋਨ ਉਡਾਉਣ ਦੀ ਆਗਿਆ ਦੇਵੇਗਾ

**ਲੰਡਨ:** ਬਰਤਾਨੀਆ ਨੇ ਆਖਿਆ ਕਿ ਉਹ ਸੀਰੀਆ 'ਤੇ ਬਹੁਤ ਛੇਤੀ ਹਥਿਆਰਬੰਦ ਤੇ ਗੈਰ-ਹਥਿਆਰਬੰਦ ਡਰੋਨ ਉਡਾਉਣ ਦੇ ਅਧਿਕਾਰ ਦੇ ਰਿਹਾ ਹੈ ਤਾਂ ਕਿ ਇਸਲਾਮਿਕ ਸਟੇਟ (ਆਈ.ਐਸ.) ਦੇ ਅਤਿਵਾਦੀਆਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖੀ ਜਾ ਸਕੇ।

ਬਰਤਾਨੀਆ ਦੇ ਰੱਖਿਆ ਮੰਤਰੀ ਮਾਈਕਲ ਫੈਲੋਨ ਨੇ ਆਖਿਆ ਕਿ ਸੀਰੀਆ ਦੇ ਅੰਬਰ 'ਤੇ ਰੀਪਰ ਅਤੇ ਰਿਵਟ ਦੋਵੇਂ ਕਿਸਮ ਦੇ ਡਰੋਨ ਉਡਾਏ ਜਾਣਗੇ। ਉਂਜ, ਪਾਰਲੀਮੈਂਟ ਨੂੰ ਭੇਜੇ ਬਿਆਨ ਵਿਚ ਕਿਹਾ ਸੀ ਕਿ ਰੀਪਰ ਡਰੋਨ ਨੂੰ ਸੀਰੀਆ ਵਿਚ ਆਪਣੇ ਹਥਿਆਰਾਂ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।


# Help Wanted

We are looking for chef for our restaurant.

ਮਿਸੀਸਿਪੀ ਵਿਚ ਭਾਰਤੀ ਰੈਸਟੋਰੈਂਟ ਲਈ ਹਲਵਾਈ ਅਤੇ ਹੈਲਪਰ ਦੀ ਲੋੜ ਹੈ



ਚੰਗੀ ਤਨਖਾਹ, ਰਿਹਾਇਸ਼ ਮੁਫਤ

Call: 601-608-8944

43

# ਤੰਦੂਰੀਏ ਦੀ ਲੋੜ ਹੈ

ਬੇਏਰੀਏ ਵਿਚ ਚੰਗੇ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਦੀ ਲੋੜ ਹੈ। ਵਧੀਆ ਤਨਖਾਹ। ਸੰਪਰਕ ਕਰੋ

ਫੋਨ 650-630-8588

42-44

WEBSITE - DHOLRADIO.ORG

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆ ਦਾ ਪਹਿਲਾ ਪੰਜਾਬੀ ਰੇਡੀਓ

REQUEST SONG



LISTEN ON PHONE

MUSIC24/7

LIVE CALLS → USA +1-951-824-6365
CANADA +1-604-210-1955

skype - DHOLRADIO.ORG

01 PM TO 3 PM, 9.30 PM TO 11.30 PM (IST)

LISTEN BY CALL → USA +702-489-0211
UK +44-20-3519-1210

Application For Android and iPhone - Dhol Radio

# 40 ਟਰੱਕ ਰਿਪੇਅਰ-ਓਕਲਹੋਮਾ

# ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172

# ਕਿਸੇ ਕੰਮ ਨਾ ਆਇਆ ਰਾਹੁਲ ਦਾ ਅਨੁਸ਼ਾਸਨ ਵਾਲਾ ਪਾਠ

**ਚੰਡੀਗੜ੍ਹ:** ਕੁਲ ਹਿੰਦ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਪੜ੍ਹਾਏ ਅਨੁਸ਼ਾਸਨ ਦੇ ਪਾਠ ਦਾ ਪੰਜਾਬ ਪ੍ਰਦੇਸ਼ ਕਾਂਗਰਸ ਉਪਰ ਕੋਈ ਅਸਰ ਨਜ਼ਰ ਨਹੀਂ ਆਇਆ। ਰਾਹੁਲ ਗਾਂਧੀ ਦੀ ਚੰਡੀਗੜ੍ਹ ਫੇਰੀ ਕੈਪਟਨ ਤੇ ਬਾਜਵਾ ਖੇਮਿਆਂ ਵਿਚਕਾਰ ਫੁੱਟ ਮਿਟਾਉਣ ਵਿਚ ਕਾਮਯਾਬ ਹੁੰਦੀ ਨਹੀਂ ਜਾਪਦੀ। ਰਾਹੁਲ ਦੇ ਜਾਂਦਿਆਂ ਹੀ ਜਿਥੇ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਕਿੱਟੂ ਗਰੇਵਾਲ ਨੇ ਪੰਜਾਬ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ, ਉਥੇ ਸ. ਬਾਜਵਾ ਨੇ ਪੰਜਾਬ ਵਿਚ ਢਾਈ ਲੱਖ ਸਰਗਰਮ ਕਾਂਗਰਸੀਆਂ ਦਾ ਨੈਟਵਰਕ ਤਿਆਰ ਕਰਨ ਦੀ ਰਣਨੀਤੀ ਬਣਾਈ ਹੈ ਜਦ ਕਿ ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਖੇਮਾ ਵੀ ਨਵੇਂ ਸਿਰਿਓਂ ਆਪਣੀ ਹੋਂਦ ਵਿਖਾਉਣ ਦੇ ਰੌਂਅ ਵਿਚ ਹੈ।

### ਪੰਜਾਬ ਦੇ ਕਾਂਗਰਸੀਆਂ ਦਾ ਕਲੇਸ਼ ਜਿਉਂ ਦਾ ਤਿਉਂ



ਕੈਪਟਨ ਖੇਮਾ ਵੱਧ ਤੋਂ ਵੱਧ ਕਾਂਗਰਸੀ ਵਿਧਾਇਕਾਂ ਦੇ ਦਸਤਖ਼ਤਾਂ ਹੇਠ ਸ. ਬਾਜਵਾ ਵਿਰੁੱਧ ਸਾਂਝਾ ਪੱਤਰ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਸੌਂਪਣ ਦੀ ਤਿਆਰੀ ਵਿਚ ਹੈ। ਉਜ ਮਹਾਰਾਸ਼ਟਰ ਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਦੋਵਾਂ ਸੂਬਿਆਂ ਵਿਚੋਂ ਸਫ਼ਾਇਆ ਹੋਣ ਦੀ ਘਟਨਾ ਦਾ ਵੀ ਪੰਜਾਬ ਕਾਂਗਰਸ 'ਤੇ ਅਸਰ ਪੈਣਾ ਸੁਭਾਵਿਕ ਹੈ। ਹਾਈਕਮਾਨ ਪਿਛਲੇ ਸਮੇਂ ਤੋਂ ਪਾਰਟੀ ਨੂੰ ਮਿਲ ਰਹੀਆਂ ਹਾਰਾਂ ਤੋਂ ਸਬਕ ਸਿੱਖ ਕੇ ਪਾਰਟੀ ਵਿਚਲੀ ਫੁੱਟ ਨੂੰ ਪੂਰਨ ਲਈ ਇਕਟੁੱਕ ਫੈਸਲਾ ਲੈ ਸਕਦੀ ਹੈ।

ਰਾਹੁਲ ਗਾਂਧੀ ਨੇ ਵੀ ਆਪਣੀ ਫੇਰੀ ਦੌਰਾਨ ਸੰਕੇਤ ਦਿੱਤਾ ਸੀ ਕਿ ਕੈਪਟਨ ਤੇ ਬਾਜਵਾ ਧੜਿਆਂ ਦੇ ਕਲੇਸ਼ ਨੂੰ ਠੰਢਾ ਕਰਨ ਲਈ ਉਹ ਡੰਡੇ ਦੀ ਵਰਤੋਂ ਵੀ ਕਰ ਸਕਦੇ ਹਨ। ਅਸਲ ਵਿਚ ਰਾਹੁਲ ਵੱਲੋਂ ਪੰਜਾਬ ਕਾਂਗਰਸ ਦੀ ਫੁੱਟ ਮਿਟਾਉਣ ਲਈ ਹੇਠਲੇ ਤੇ ਉਪਰਲੇ ਪੱਧਰ ਦੇ ਆਗੂਆਂ ਨਾਲ ਅਜਿਹੀਆਂ ਵੱਡੀਆਂ ਮੀਟਿੰਗਾਂ ਕਰਨ ਦਾ ਤਜਰਬਾ ਪਹਿਲਾਂ ਵੀ ਠੁੱਸ ਹੋ ਚੁੱਕਾ ਹੈ। ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਨੂੰ ਅਣਕਿਆਸੀ ਹਾਰ ਹੋਈ ਸੀ ਤਾਂ ਕੈਪਟਨ ਵਿਰੋਧੀਆਂ ਨੇ ਉਨ੍ਹਾਂ ਦੀ ਪ੍ਰਧਾਨਗੀ ਖੋਹਣ ਲਈ ਬਵਾਲ ਖੜ੍ਹਾ ਕੀਤਾ ਸੀ। ਉਸ ਵੇਲੇ ਵੀ ਰਾਹੁਲ ਨੇ ਇਥੇ ਅਜਿਹੀਆਂ ਹੀ ਮੀਟਿੰਗਾਂ ਕੀਤੀਆਂ ਸਨ ਪਰ ਉਸ ਦਾ ਵੀ ਕੋਈ ਸਿੱਟਾ ਨਹੀਂ ਨਿਕਲਿਆ ਸੀ।

ਹੁਣ ਵੀ ਜਦੋਂ 16 ਅਕਤੂਬਰ ਨੂੰ ਰਾਹੁਲ ਨੇ ਇਥੇ ਕਾਂਗਰਸ ਭਵਨ ਵਿਖੇ ਮੀਟਿੰਗਾਂ ਦਾ ਸਿਲਸਿਲਾ ਚਲਾਇਆ ਸੀ ਤਾਂ ਆਗੂਆਂ 'ਤੇ ਰਾਹੁਲ ਦੇ ਭਾਸ਼ਣ ਦਾ ਅਸਰ ਕੁਝ ਪਲਾਂ ਵਿਚ ਹੀ ਖ਼ਤਮ ਹੋ ਗਿਆ ਸੀ। ਭਵਨ ਤੋਂ ਬਾਹਰ ਆਉਂਦਿਆਂ ਹੀ ਕੈਪਟਨ ਤੇ ਬਾਜਵਾ ਧੜਿਆਂ ਦੇ ਕੁਝ ਆਗੂ ਆਪੋ-ਆਪਣੇ ਆਗੂਆਂ ਦੀ ਹੀ ਬੋਲੀ ਬੋਲਦਿਆਂ ਇਕ-ਦੂਸਰੇ ਖ਼ਿਲਾਫ਼ ਦੂਸ਼ਣਬਾਜ਼ੀ ਕਰਦੇ ਰਹੇ। ਕੁਝ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਫੁੱਟ ਕਾਂਗਰਸੀਆਂ ਵਿਚ ਨਹੀਂ ਸਿਰਫ਼ ਕੈਪਟਨ ਤੇ ਬਾਜਵਾ ਵਿਚਕਾਰ ਹੀ ਹੈ। ਇਸ ਲਈ ਜੇਕਰ ਰਾਹੁਲ ਅਜਿਹੀਆਂ ਮੀਟਿੰਗਾਂ ਕਰਨ ਦੀ ਥਾਂ ਇਨ੍ਹਾਂ ਦੋਵਾਂ ਆਗੂਆਂ ਨੂੰ ਬੰਦ ਕਮਰੇ ਵਿਚ ਕੋਈ ਨਸੀਹਤ ਦਿੰਦੇ ਤਾਂ ਉਸ ਦੇ ਚੰਗੇ ਸਿੱਟੇ ਨਿਕਲ ਸਕਦੇ ਸਨ।

ਸ. ਬਾਜਵਾ ਧੜੇ ਨੇ ਕੈਪਟਨ ਨਾਲ ਵਿਧਾਇਕਾਂ ਦੀ ਬਹੁ ਗਿਣਤੀ ਹੋਣ ਦੇ ਖੱਪੇ ਨੂੰ ਭਰਨ ਲਈ ਅਹੁਦੇਦਾਰਾਂ ਦਾ ਨਵੇਂ ਸਿਰਿਓਂ ਨੈਟਵਰਕ ਤਿਆਰ ਕੀਤਾ ਜਾ ਰਿਹਾ ਹੈ। ਸ. ਬਾਜਵਾ ਨੇ ਕਾਂਗਰਸ ਦੀਆਂ ਬਲਾਕ ਪੱਧਰੀ ਮੀਟਿੰਗਾਂ ਲਈ 117 ਅਬਜ਼ਰਵਰ, 26 ਜ਼ਿਲ੍ਹਾ ਇੰਚਾਰਜ ਤੇ 23 ਪਾਰਟੀ ਦੇ ਵੱਖ-ਵੱਖ ਸੈਲਾਂ ਦੇ ਇੰਚਾਰਜ ਨਿਯੁਕਤ ਕੀਤੇ ਹਨ। ਸ. ਬਾਜਵਾ ਨੇ ਦੱਸਿਆ ਕਿ ਉਨ੍ਹਾਂ ਅਕਾਲੀ ਦਲ-ਭਾਜਪਾ ਸਰਕਾਰ ਦੀਆਂ ਵਧੀਕੀਆਂ ਦਾ ਮੁਕਾਬਲਾ ਕਰਨ ਲਈ ਢਾਈ ਲੱਖ ਸਰਗਰਮ ਕਾਂਗਰਸੀ ਵਰਕਰ ਤਿਆਰ ਕਰਨ ਦਾ ਟੀਚਾ ਮਿਥਿਆ ਹੈ, ਜਿਸ ਤਹਿਤ ਪੰਜਾਬ ਭਰ ਵਿਚ ਹਰ ਚੋਣ ਬੂਥ ਲਈ 11 ਮੈਂਬਰੀ ਟੀਮ ਨਿਯੁਕਤ ਕੀਤੀ ਜਾ ਰਹੀ ਹੈ। ਜ਼ਿਲ੍ਹਾ ਤੇ ਬਲਾਕ ਕਮੇਟੀਆਂ ਨੂੰ ਹਰ ਮਹੀਨੇ ਮੀਟਿੰਗ ਕਰਨ ਦੇ ਆਦੇਸ਼ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਦਾ ਮੁੱਖ ਮਕਸਦ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਦਿੱਲੀ ਤੋਂ ਟਿਕਟਾਂ ਹਾਸਲ ਕਰਨ ਵਾਲਿਆਂ ਦਾ ਭਰਮ ਤੋੜਨਾ ਹੈ ਕਿ ਭਵਿੱਖ ਵਿਚ ਟਿਕਟਾਂ ਪਾਰਟੀ ਦੇ ਪ੍ਰਪੱਕ ਵਰਕਰਾਂ ਨੂੰ ਹੀ ਮਿਲਣਗੀਆਂ। ਭਵਿੱਖ ਵਿਚ ਬਲਾਕ ਤੇ ਜ਼ਿਲ੍ਹਾ ਕਮੇਟੀਆਂ ਦੀਆ ਮੀਟਿੰਗਾਂ ਵਿਚ ਉਮੀਦਵਾਰ ਦੀ ਕਾਰਗੁਜ਼ਾਰੀ ਦੇਖ ਕੇ ਹੀ ਟਿਕਟਾਂ ਦਿੱਤੀਆਂ ਜਾਣਗੀਆਂ। ਸ. ਬਾਜਵਾ ਨੇ ਜ਼ਿਲ੍ਹਾ ਤੇ ਬਲਾਕ ਕਮੇਟੀਆਂ ਨੂੰ ਹਰ ਮਹੀਨੇ ਭਖਵੇਂ ਮੁੱਦੇ ਉਪਰ ਸਰਕਾਰ ਵਿਰੁੱਧ ਰੈਲੀ/ਧਰਨਾ ਮਾਰਨ ਦੇ ਆਦੇਸ਼ ਵੀ ਦਿੱਤੇ ਹਨ।

# ਪਰਵਾਸੀ ਭਾਰਤੀਆਂ ਦੇ ਪੈਸੇ 'ਤੇ ਮੁੜ ਲੱਗੇਗਾ ਸਰਵਿਸ ਟੈਕਸ

**ਚੰਡੀਗੜ੍ਹ:** ਭਾਰਤ ਖਾਸਕਰ ਪੰਜਾਬ ਤੋਂ ਵਿਦੇਸ਼ਾਂ ਵਿਚ ਗਏ ਪਰਵਾਸੀਆਂ ਲਈ ਦੇਸ਼ ਪੈਸਾ ਭੇਜਣਾ ਮਹਿੰਗਾ ਹੋਣ ਜਾ ਰਿਹਾ ਹੈ। ਕੇਂਦਰੀ ਬੋਰਡ ਆਫ ਐਕਸਾਈਜ਼ ਤੇ ਕਸਟਮਜ਼ (ਸੀ.ਬੀ.ਈ.ਸੀ.) ਵੱਲੋਂ ਜਾਰੀ ਸੱਜਰੇ ਸਰਕੂਲਰ ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਵਿਦੇਸ਼ਾਂ ਵਿਚੋਂ ਭਾਰਤ ਵਿਚ ਪੈਸਾ ਭੇਜਣ ਦੀ ਸਹੂਲਤ ਦੇਣ ਵਾਲੇ ਬੈਂਕਾਂ, ਵਿੱਤੀ ਅਦਾਰਿਆਂ ਕੋਲੋਂ ਫ਼ੀਸ ਜਾਂ ਕਮਿਸ਼ਨ ਉਗਰਾਹੀ ਜਾਵੇਗੀ।

ਸੀ.ਬੀ.ਈ.ਸੀ. ਦੇ ਤਕਨੀਕੀ ਅਫ਼ਸਰ ਡਾ. ਅਭਿਸ਼ੇਕ ਚੰਦਰ ਗੁਪਤਾ ਵੱਲੋਂ 'ਪਲੇਸ ਆਫ ਪ੍ਰਵਿਜ਼ਨ ਆਫ ਸਰਵਿਸ ਰੂਲਜ਼ 2012' ਦੇ ਨਿਯਮ 2-ਐਫ ਦੇ ਤਹਿਤ ਪਰਿਭਾਸ਼ਤ ਵਿਦੇਸ਼ਾਂ ਵਿਚੋਂ ਪੈਸੇ ਦਾ ਤਬਾਦਲਾ ਕਰਨ ਵਾਲੇ ਵਰਗ ਦੇ ਵਿਚੋਲਿਆਂ ਵਜੋਂ ਗਤੀਸ਼ੀਲ ਬੈਂਕਾਂ ਤੇ ਵਿੱਤੀ ਅਦਾਰਿਆਂ ਨੂੰ ਇਹ ਸਰਕੂਲਰ ਜਾਰੀ ਕੀਤਾ ਗਿਆ ਹੈ। ਇਸ ਦਾ ਅਸਰ ਸਿੱਧੇ ਤੌਰ 'ਤੇ ਉਨ੍ਹਾਂ ਲੋਕਾਂ 'ਤੇ ਪੈਣ ਜਾ ਰਿਹਾ ਹੈ ਜੋ ਵਿਦੇਸ਼ਾਂ ਵਿਚੋਂ ਉਕਤ ਅਦਾਰਿਆਂ ਰਾਹੀਂ ਜਾਇਜ਼ ਤਰੀਕੇ ਭਾਰਤ ਵਿਚ ਪੈਸਾ ਭੇਜਦੇ ਹਨ। ਇਹ ਸਰਕੂਲਰ ਮੂਲ ਰੂਪ ਵਿਚ ਕੇਂਦਰ ਸਰਕਾਰ ਦੇ ਸਾਲ 2012 ਵਿਚ ਪਰਵਾਸੀ ਭਾਰਤੀਆਂ ਵੱਲੋਂ ਭੇਜੀਆਂ ਜਾਂਦੀਆਂ ਰਕਮਾਂ 'ਤੇ ਸਰਵਿਸ ਟੈਕਸ ਨਾ ਉਗਰਾਹੇ ਜਾਣ ਵਾਲੇ ਫੈਸਲੇ ਦੀ ਹੀ ਸੋਧ ਹੈ।

ਸਾਲ 2012 ਵਿਚ ਕੇਂਦਰ ਦੀ ਯੂ.ਪੀ.ਏ. ਦੀ ਅਗਵਾਈ ਵਾਲੀ ਸਰਕਾਰ ਵੇਲੇ ਜਦੋਂ ਪਹਿਲਾਂ ਇਹ ਸਰਵਿਸ ਟੈਕਸ ਲਾਇਆ ਸੀ ਤਾਂ ਉਸ ਵੇਲੇ ਵੀ ਪਰਵਾਸੀ ਭਾਰਤੀਆਂ ਵੱਲੋਂ ਇਸ ਦਾ ਭਾਰੀ ਵਿਰੋਧ ਕੀਤਾ ਗਿਆ ਸੀ। ਜ਼ਿਆਦਾ ਪਰਵਾਸੀ ਭਾਰਤੀਆਂ ਨਾਲ ਸਬੰਧਤ ਰਾਜਾਂ ਪੰਜਾਬ ਤੇ ਦੱਖਣ ਵਿਚੋਂ ਕੇਰਲਾ ਦੇ ਮੁੱਖ ਮੰਤਰੀਆਂ ਵੱਲੋਂ ਉਚੇਚੇ ਤੌਰ 'ਤੇ ਉਸੇ ਵੇਲੇ ਇਹ ਮੁੱਦਾ ਤਤਕਾਲੀ ਪ੍ਰਧਾਨ ਮੰਤਰੀ ਕੋਲ ਚੁੱਕਿਆ ਗਿਆ। ਇਸ ਬਾਰੇ ਟਿੱਪਣੀ ਕਰਦਿਆਂ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗਿੱਲ ਨੇ ਕਿਹਾ ਕਿ ਇਹ ਵਿਦੇਸ਼ਾਂ ਵਿਚ ਮਸਾਂ ਹੀ ਕਮਾਈਆਂ ਕਰ ਰਹੇ ਪਰਵਾਸੀਆਂ ਨਾਲ ਧੱਕਾ ਹੈ। ਵਿੱਤੀ ਮਾਹਿਰਾਂ ਖ਼ਾਸਕਰ ਵਿਦੇਸ਼ੀ ਪੈਸੇ ਦੇ ਲੈਣ ਦੇਣ ਨਾਲ ਸਬੰਧਤ ਮੀਡੀਏਟਰਾਂ ਦਾ ਸਪੱਸ਼ਟ ਕਹਿਣਾ ਹੈ ਕਿ ਇਸ ਸਰਕੂਲਰ ਕਾਰਨ ਪਰਵਾਸੀ ਭਾਰਤੀਆਂ ਵਿਚ ਨਾਜਾਇਜ਼ ਤਰੀਕਿਆਂ ਨਾਲ ਪੈਸਾ ਭੇਜਣ ਨੂੰ ਵੱਧ ਤਵੱਜੋਂ ਦੇਣ ਦੀ ਸੰਭਾਵਨਾ ਵੱਧ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਤੇ ਪੰਜਾਬ ਵਿਚ ਨਿਵੇਸ਼ ਉਤਸ਼ਾਹਿਤ ਕਰਨ ਲਈ ਹਾਲ ਹੀ ਵਿਚ ਗਠਿਤ ਕੀਤੇ ਵਿਭਾਗ ਨਿਵੇਸ਼ ਪ੍ਰਮੋਸ਼ਨ ਦੇ ਮੁੱਖ ਸੰਸਦੀ ਸਕੱਤਰ ਨਰਿੰਦਰ ਕੁਮਾਰ ਸ਼ਰਮਾ ਨੇ ਇਹ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਧਿਆਨ ਵਿਚ ਲਿਆਉਣ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਪਰਵਾਸੀਆਂ ਨੂੰ ਵਿਦੇਸ਼ਾਂ ਵਿਚੋਂ ਪੈਸਾ ਭੇਜਣ ਬਾਰੇ ਉਤਸ਼ਾਹਿਤ ਕਰਨ ਦੀ ਬਜਾਇ ਅਜਿਹੇ ਅਸਿੱਧੇ ਟੈਕਸ ਲਗਾ ਕੇ ਉਨ੍ਹਾਂ ਦਾ ਮਨੋਬਲ ਨਾ ਡੇਗੇ।

# ਕੋਲੇ ਦੀ ਘਾਟ ਨੇ ਬਿਜਲੀ ਨਿਗਮ ਦਾ ਦਿਵਾਲਾ ਕੱਢਿਆ

**ਚੰਡੀਗੜ੍ਹ:** ਪੰਜਾਬ ਰਾਜ ਬਿਜਲੀ ਨਿਗਮ ਭਾਵੇਂ ਸਰਕਾਰੀ ਖੇਤਰ ਦੇ ਤਿੰਨਾਂ ਬਿਜਲੀ ਘਰਾਂ ਵਿਚ ਕੋਲੇ ਦੀ ਘਾਟ ਕਰਕੇ ਬਿਜਲੀ ਸੰਕਟ ਹੋਣ ਨੂੰ ਨਕਾਰ ਰਿਹਾ ਹੈ, ਪਰ ਇਸ ਸਥਿਤੀ ਵਿਚ ਦੀਵਾਲੀ ਦੇ ਤਿਉਹਾਰ ਮੌਕੇ ਬਿਜਲੀ ਨਿਗਮ ਦਾ ਦਿਵਾਲਾ ਨਿਕਲਣ ਵਰਗੇ ਹਾਲਤ ਬਣੇ ਹੋਏ ਹਨ। ਸੂਬੇ ਦੇ ਸਰਕਾਰੀ ਖੇਤਰ ਦੇ ਗੁਰੂ ਹਰਗੋਬਿੰਦ ਤਾਪ ਬਿਜਲੀ ਘਰ ਲਹਿਰਾ ਮੁਹੱਬਤ ਦੇ ਚਾਰ, ਗੁਰੂ ਗੋਬਿੰਦ ਸੁਪਰ ਤਾਪ ਬਿਜਲੀ ਰੋਪੜ ਦੇ ਛੇ ਤੇ ਗੁਰੂ ਨਾਨਕ ਦੇਵ ਤਾਪ ਬਿਜਲੀ ਘਰ ਬਠਿੰਡਾ ਦੇ ਚਾਰ ਯੂਨਿਟਾਂ ਵਿਚੋਂ ਇਸ ਸਮੇਂ ਇਕ-ਇਕ ਯੂਨਿਟ ਆਪਣੀ ਸਮਰੱਥਾ ਤੋਂ ਘੱਟ ਕਰਕੇ ਬਿਜਲੀ ਉਤਪਾਦਨ ਕਰ ਰਹੇ ਹਨ।

ਸੂਤਰਾਂ ਮੁਤਾਬਕ ਬਿਜਲੀ ਨਿਗਮ ਨੂੰ ਕੋਲਾ ਸਪਲਾਈ ਕਰਨ ਵਾਲੀ ਪੈਨਮ ਕੰਪਨੀ ਨੇ ਕੋਲ ਬਲਾਕ ਰੱਦ ਹੋਣ ਕਾਰਨ ਹੁਣ ਸਪਲਾਈ ਬਿਲਕੁਲ ਬੰਦ ਕਰ ਦਿੱਤੀ ਹੈ। ਸਿਰਫ ਕੋਲ ਇੰਡੀਆ ਹੀ ਤਿੰਨਾਂ ਬਿਜਲੀ ਘਰਾਂ ਨੂੰ ਕੋਲਾ ਸਪਲਾਈ ਨਾਲ ਡੰਗ ਟਪਾ ਰਹੀ ਹੈ। ਇਸ ਸਥਿਤੀ ਵਿਚ ਬਿਜਲੀ ਨਿਗਮ ਸਰਦੀ ਦੇ ਦਿਨਾਂ ਵਿਚ ਗੁਆਂਢੀ ਰਾਜਾਂ ਨੂੰ ਬਿਜਲੀ ਵੇਚਦਾ ਹੈ ਜਾਂ ਬੈਂਕਿੰਗ ਪ੍ਰਣਾਲੀ ਰਾਹੀਂ ਉਧਾਰੀ ਬਿਜਲੀ ਦਿੰਦਾ ਹੈ। ਇਸ ਬਾਰੇ ਅਖ਼ਬਾਰਾਂ ਵਿਚ ਬੀਤੇ ਦਿਨੀਂ ਬਕਾਇਦਾ ਨਿਗਮ ਨੇ ਟੈਂਡਰਾਂ ਲਈ ਇਸ਼ਤਿਹਾਰ ਵੀ ਦੇ ਚੁੱਕਾ ਹੈ ਜੋ ਇਸ ਸਥਿਤੀ ਵਿਚ ਫਿਲਹਾਲ ਰੱਦ ਕਰਨੇ ਪਏ ਹਨ, ਪਰ ਹੁਣ ਬਿਜਲੀ ਵੇਚਣ ਦੀ ਥਾਂ ਖਰੀਦਣ ਦੀ ਨੌਬਤ ਆ ਗਈ ਹੈ।

ਭਰੋਸੇਯੋਗ ਸੂਤਰ ਤੋਂ ਪਤਾ ਲੱਗਾ ਹੈ ਕਿ ਨਿਗਮ ਹੁਣ ਤੱਕ ਬਾਹਰੀ ਸਰੋਤਾਂ ਤੋਂ ਸੂਬੇ ਵਿਚ ਬਿਜਲੀ ਦੀ ਮੰਗ ਪੂਰੀ ਕਰਨ ਲਈ 6400 ਕਰੋੜ ਰੁਪਏ ਦੀ ਬਿਜਲੀ ਖ਼ਰੀਦ ਕਰ ਚੁੱਕਾ ਹੈ, ਬਾਕੀ ਹੋਰ ਖਰੀਦ ਜਾਰੀ ਹੈ। ਇਸ ਸਮੇਂ ਲਹਿਰਾ ਮੁਹੱਬਤ ਵਿਚ 35 ਹਜ਼ਾਰ ਮੀਟਰਿਕ ਟਨ, ਰੋਪੜ 51 ਹਜ਼ਾਰ ਮੀਟਰਿਕ ਟਨ ਤੇ ਬਠਿੰਡਾ ਵਿਚ 17 ਹਜ਼ਾਰ ਮੀਟਰਿਕ ਟਨ ਕੋਲਾ ਭੰਡਾਰ ਹੀ ਹੈ, ਜਿਸ ਨਾਲ ਤਿੰਨਾਂ ਬਿਜਲੀ ਘਰਾਂ ਦਾ ਸਿਰਫ ਇਕ-ਇਕ ਯੂਨਿਟ ਚਲਾ ਕੇ ਸਮਾਂ ਲੰਘਾਇਆ ਜਾ ਰਿਹਾ ਹੈ। ਬੁਲਾਰੇ ਅਨੁਸਾਰ ਨਿਗਮ ਨੇ ਹੁਣ ਕੋਲੇ ਦੀ ਮੰਗ ਪੂਰੀ ਕਰਨ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਪਾਸੋਂ ਦਰਾਮਦ ਕਰਨ ਲਈ ਪ੍ਰਵਾਨਗੀ ਵੀ ਮੰਗੀ ਹੋਈ ਹੈ।

# ਅਬੂਧਾਬੀ ਜੇਲ੍ਹ 'ਚ ਬੰਦ ਪੰਜਾਬੀ ਨੌਜਵਾਨਾਂ ਦੀ ਰਿਹਾਈ ਲਈ ਯਤਨ

**ਪਟਿਆਲਾ:** ਕਤਲ ਦੇ ਕੇਸ ਵਿਚ 11 ਪੰਜਾਬੀ ਅਬੂਧਾਬੀ ਦੀ ਜੇਲ੍ਹ 'ਚ ਬੰਦ ਹਨ। ਇਨ੍ਹਾਂ ਨੌਜਵਾਨਾਂ ਉਤੇ ਇਕ ਪਾਕਿਸਤਾਨੀ ਨਾਗਰਿਕ ਦੇ ਕਤਲ ਦਾ ਕੇਸ ਹੈ। ਅਜਿਹੇ ਹੀ ਇਕ ਕੇਸ ਵਿਚੋਂ 17 ਪੰਜਾਬੀਆਂ ਦੀ ਰਿਹਾਈ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਦੇ ਮੈਨੇਜਿੰਗ ਟਰੱਸਟੀ ਐਸ.ਪੀ. ਸਿੰਘ ਓਬਰਾਏ ਹੁਣ ਇਨ੍ਹਾਂ ਪੰਜਾਬੀਆਂ ਦੀ ਲੜਾਈ ਲੜਨ ਲਈ ਵੀ ਅੱਗੇ ਆਏ ਹਨ।

ਇਨ੍ਹਾਂ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਸ. ਓਬਰਾਏ ਨੂੰ ਇਥੇ ਟਰੱਸਟ ਦੇ ਦਫ਼ਤਰ ਵਿਖੇ ਮਿਲੇ ਜਿਸ ਦੌਰਾਨ ਸ. ਓਬਰਾਏ ਨੇ ਉਨ੍ਹਾਂ ਨੂੰ ਢੁੱਕਵੀਂ ਮਦਦ ਦਾ ਭਰੋਸਾ ਦਿੱਤਾ। ਸ. ਓਬਰਾਏ ਦੇ ਦੱਸਣ ਅਨੁਸਾਰ ਪਿਛਲੇ ਸਾਲ ਉੱਥੇ ਦੋ ਧੜਿਆਂ ਵਿਚ ਹੋਈ ਲੜਾਈ ਦੌਰਾਨ ਪਾਕਿਸਤਾਨ ਨਿਵਾਸੀ ਦੀ ਮੌਤ ਹੋ ਗਈ ਸੀ। ਇਸ ਸਬੰਧੀ 19 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਮੁੱਢਲੀ ਤਫ਼ਤੀਸ਼ ਦੌਰਾਨ ਪੰਜ ਜਣਿਆਂ ਨੂੰ ਛੱਡ ਦਿੱਤਾ ਗਿਆ ਸੀ ਜਦਕਿ ਬਾਕੀ 14 ਜਣਿਆਂ 'ਤੇ ਕੇਸ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਤਿੰਨ ਜਣੇ ਪਾਕਿਸਤਾਨ ਅਤੇ 11 ਪੰਜਾਬ ਦੇ ਨਾਲ ਸਬੰਧਤ ਹਨ।

ਅਬੂਧਾਬੀ ਜੇਲ੍ਹ ਵਿਚ ਬੰਦ ਇਨ੍ਹਾਂ ਪੰਜਾਬੀਆਂ ਵਿਚ ਜਸਪਾਲ ਸਿੰਘ ਪਿੰਡ ਮੋਹਰ, ਲਖਵਿੰਦਰ ਕੁਮਾਰ ਪਿੰਡ ਗਰਲੋਵੇਟ, ਗੁਰਪਾਲ ਸਿੰਘ ਪਿੰਡ ਰਾਇਪੁਰ, ਸੰਦੀਪ ਕੁਮਾਰ ਪਿੰਡ ਗੜ੍ਹਪੜ, ਤਵਿੰਦਰ ਸਿੰਘ ਪਿੰਡ ਚੱਕਦਾਨਾ ਤੇ ਰਣਜੀਤ ਸਿੰਘ ਵਾਸੀ ਪਿੰਡ ਢਾਹਾਂ (ਸਾਰੇ ਜ਼ਿਲ੍ਹਾ ਨਵਾਂਸ਼ਹਿਰ), ਸੁਨੀਲ ਕੁਮਾਰ ਪਿੰਡ ਬਗਵਾਈਂ ਜ਼ਿਲ੍ਹਾ ਹੁਸ਼ਿਆਰਪੁਰ, ਚਰਨਜੀਤ ਸਿੰਘ ਨਿਊ ਦਸਮੇਸ਼ ਨਗਰ ਘਾਹ ਮੰਡੀ ਜਲੰਧਰ, ਨਿਰਮਲ ਸਿੰਘ ਪਿੰਡ ਮੱਲਾ ਜ਼ਿਲ੍ਹਾ ਤਰਨ ਤਾਰਨ, ਰਾਜਪਾਲ ਸਿੰਘ ਪਿੰਡ ਮੁਰਾਦਪੁਰ ਜ਼ਿਲ੍ਹਾ ਤਰਨ ਤਾਰਨ ਅਤੇ ਅਜੇ ਕੁਮਾਰ ਪਿੰਡ ਗੁੜੇ ਜ਼ਿਲ੍ਹਾ ਜਲੰਧਰ ਸ਼ਾਮਲ ਹਨ।

ਇਨ੍ਹਾਂ ਖ਼ਿਲਾਫ਼ ਭਾਵੇਂ ਕੇਸ ਅਜੇ ਚੱਲ ਰਿਹਾ ਹੈ, ਪਰ ਮ੍ਰਿਤਕ ਦੇ ਪਰਿਵਾਰ ਨਾਲ ਸਮਝੌਤੇ ਦੀ ਗੱਲ ਵੀ ਚੱਲ ਰਹੀ ਹੈ। ਸ. ਓਬਰਾਏ ਦਾ ਕਹਿਣਾ ਹੈ ਕਿ ਉਥੋਂ ਦੇ ਕਾਨੂੰਨ ਅਨੁਸਾਰ ਬਲੱਡ ਮਨੀ ਸਮਝੌਤੇ ਅਧੀਨ 45 ਲੱਖ ਰੁਪਏ ਦੇਣੇ ਪੈਣਗੇ ਜਿਸ 'ਚੋਂ 10 ਲੱਖ ਰੁਪਏ ਦੇ ਕਰੀਬ 3 ਪਾਕਿਸਤਾਨੀਆਂ ਦੇ ਪਰਿਵਾਰ ਦੇਣ ਲਈ ਤਿਆਰ ਹਨ, ਬਾਕੀ ਦੀ ਰਕਮ ਦਾ ਪ੍ਰਬੰਧ ਪੰਜਾਬੀ ਨੌਜਵਾਨਾਂ ਦੇ ਪਰਿਵਾਰਾਂ ਨੂੰ ਕਰਨਾ ਪੈਣਾ ਹੈ। ਆਰਥਿਕ ਹਾਲਤ ਬਹੁਤੀ ਵਧੀਆ ਨਾ ਹੋਣ ਦੇ ਬਾਵਜੂਦ ਉਹ ਇਹ ਰਕਮ ਇਕੱਠੀ ਕਰ ਰਹੇ ਹਨ। ਸ. ਓਬਰਾਏ ਨੇ ਘਟਣ ਵਾਲੀ ਰਕਮ ਸਰਬੱਤ ਦਾ ਭਲਾ ਟਰੱਸਟ ਵੱਲੋਂ ਪੂਰੀ ਕੀਤੇ ਜਾਣ ਦਾ ਭਰੋਸਾ ਦਿਵਾਇਆ ਗਿਆ ਹੈ।

# 'ਆਪ' ਵੱਲੋਂ ਪੰਜਾਬ 'ਚ ਮੁੜ ਭੱਲ ਬਣਾਉਣ ਲਈ ਵਿਉਂਤਾਂ

**ਚੰਡੀਗੜ੍ਹ:** ਜ਼ਿਮਨੀ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਤੋਂ ਸਬਕ ਲੈਂਦਿਆਂ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਪਾਰਟੀ ਵਿਚ ਨਹੀਂ ਰੂਹ ਫੂਕਣ ਦਾ ਫੈਸਲਾ ਕੀਤਾ ਹੈ। 'ਆਪ' ਵੱਲੋਂ ਪੰਜਾਬ ਵਿਚ ਪਾਰਟੀ ਦੀ ਮਜ਼ਬੂਤੀ ਲਈ ਵੱਖ-ਵੱਖ ਵਰਗਾਂ ਦੇ ਵਿੰਗ ਬਣਾਉਣ ਬਾਰੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਸਹਿਮਤੀ ਲੈ ਲਈ ਹੈ।

ਪਾਰਟੀ ਦੀ ਕੇਂਦਰੀ ਤੇ ਸੂਬਾਈ ਲੀਡਰਸ਼ਿਪ ਸੂਬੇ ਵਿਚ ਹੋਣ ਵਾਲੀਆਂ ਨਗਰ ਕੌਂਸਲ ਚੋਣਾਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਇਸ ਬਾਰੇ ਸਮੁੱਚੇ ਜ਼ਿਲ੍ਹਿਆਂ ਵਿਚ ਅਬਜ਼ਰਵਰਾਂ ਦੀ ਨਿਯੁਕਤੀ ਕਰਨ ਤੋਂ ਬਾਅਦ ਨਵ ਨਿਯੁਕਤ ਅਬਜ਼ਰਵਰਾਂ ਨੂੰ ਲੁਧਿਆਣਾ ਵਿਚ ਬਾਕਾਇਦਾ ਟਰੇਨਿੰਗ ਵੀ ਦਿੱਤੀ ਗਈ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸ ਟਰੇਨਿੰਗ ਮੌਕੇ ਸ. ਛੋਟੇਪੁਰ ਨੇ ਖ਼ੁਦ ਪੁੱਜ ਕੇ ਪਾਰਟੀ ਦੇ ਅਬਜ਼ਰਵਰਾਂ ਨੂੰ ਨਗਰ ਕੌਂਸਲ ਚੋਣਾਂ ਲਈ ਹੁਣੇ ਤੋਂ ਚੋਣ ਪ੍ਰਚਾਰ ਸ਼ੁਰੂ ਕਰਨ ਦੇ ਨਿਰਦੇਸ਼ ਦੇ ਦਿੱਤੇ ਹਨ।

ਸੁੱਚਾ ਸਿੰਘ ਛੋਟੇਪੁਰ ਨੇ ਮੰਨਿਆ ਕਿ ਕੁਝ ਥਾਵਾਂ 'ਤੇ ਪਾਰਟੀ ਵਿਚ ਫੁੱਟ ਹੈ ਪਰ ਨਵੇਂ ਵਿੰਗਾਂ ਵਿਚ ਸਭ ਨੂੰ ਅਡਜਸਟ ਕਰ ਦਿੱਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਪ੍ਰਤੀ ਰਾਜ ਦੇ ਸਮੁੱਚੇ ਵਰਗਾਂ ਵਿਚ ਬਹੁਤ ਉਤਸ਼ਾਹ ਹੈ। ਨਗਰ ਕੌਂਸਲ ਦੀ ਵਾਰਡਬੰਦੀ ਸਮੇਂ ਹੋ ਰਹੀਆਂ ਬੇਨਿਯਮੀਆਂ ਨੂੰ ਪਾਰਟੀ ਚੁਣੌਤੀ ਦੇਵੇਗੀ।




ਭਰੋਸੇਯੋਗ ਵਸੀਲਿਆਂ ਮੁਤਾਬਕ ਆਮ ਆਦਮੀ ਪਾਰਟੀ ਵੱਲੋਂ ਪ੍ਰਮੁੱਖ ਤੌਰ 'ਤੇ ਸੂਬੇ ਵਿਚ ਪਾਰਟੀ ਦੇ ਮਹਿਲਾ ਵਿੰਗ, ਕਿਸਾਨ ਤੇ ਮਜ਼ਦੂਰ ਵਿੰਗ, ਐਕਸ ਸਰਵਿਸਮੈਨ ਵਿੰਗ, ਲੀਗਲ ਵਿੰਗ ਸ਼ਾਮਲ ਹਨ। ਪਾਰਟੀ ਦੇ ਪਹਿਲਾਂ ਹੀ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਦੀ ਅਗਵਾਈ ਹੇਠ ਬਣੇ ਹੋਏ ਯੂਥ ਵਿੰਗ ਦਾ ਵੀ ਹੋਰ ਵਿਸਤਾਰ ਕੀਤਾ ਜਾ ਰਿਹਾ ਹੈ।

ਪਾਰਟੀ ਆਪਣੀ ਧਰਮ ਨਿਰਪੱਖ ਤੇ ਜਾਤ-ਪਾਤ ਵਿਰੋਧੀ ਨੀਤੀ 'ਤੇ ਚੱਲਣ ਦੇ ਮੰਤਵ ਨਾਲ ਐਸਸੀ/ਬੀਸੀ ਆਦਿ ਵਿੰਗ ਨਹੀਂ ਬਣਾਏਗੀ। ਮਿਲੀ ਜਾਣਕਾਰੀ ਮੁਤਾਬਕ ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਇਨ੍ਹਾਂ ਵਿੰਗਾਂ ਦੇ ਗਠਨ ਬਾਰੇ ਨਵੀਂ ਦਿੱਲੀ ਵਿਚ ਪਾਰਟੀ ਦੀ ਕੌਮੀ ਕਮੇਟੀ ਦੀ ਮੀਟਿੰਗ ਮੌਕੇ ਅਰਵਿੰਦ ਕੇਜਰੀਵਾਲ ਨਾਲ ਵਿਸਥਾਰ ਵਿਚ ਚਰਚਾ ਕੀਤੀ ਹੈ। ਮੀਟਿੰਗ ਵਿਚ ਇਹ ਵੀ ਫ਼ੈਸਲਾ ਲਿਆ ਗਿਆ ਹੈ ਕਿ ਪਾਰਟੀ ਲਈ ਕੰਮ ਕਰਨ ਵਾਲੇ ਵਰਕਰਾਂ ਤੇ ਆਗੂਆਂ ਨੂੰ ਇਨ੍ਹਾਂ ਵਿੰਗਾਂ ਵਿਚ ਅਡਜਸਟ ਕੀਤਾ ਜਾਵੇ।

ਪਾਰਟੀ ਲੀਡਰਸ਼ਿਪ ਨਵੇਂ ਜ਼ਿਲ੍ਹਾ ਕਨਵੀਨਰ ਲਾਉਣ ਮਗਰੋਂ ਨਾਰਾਜ਼ ਹੋਏ ਪੁਰਾਣੇ ਜ਼ਿਲ੍ਹਾ ਕਨਵੀਨਰਾਂ ਨੂੰ ਨਵੇਂ ਬਣਾਏ ਜਾਣ ਵਾਲੇ ਵਿੰਗਾਂ ਵਿਚ ਮਹੱਤਵਪੂਰਣ ਜ਼ਿੰਮੇਵਾਰੀਆਂ ਦੇ ਕੇ ਹਰ ਜ਼ਿਲ੍ਹੇ ਵਿਚ ਉੱਠੀ ਬਗਾਵਤ ਨੂੰ ਦਬਾਉਣਾ ਚਾਹੁੰਦੀ ਹੈ। ਪਤਾ ਲੱਗਾ ਹੈ ਕਿ ਸ੍ਰੀ ਕੇਜਰੀਵਾਲ ਨੇ ਪਾਰਟੀ ਦੀ ਸੂਬਾਈ ਲੀਡਰਸ਼ਿਪ ਨੂੰ ਪਾਰਟੀ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਤੇ ਇਸ ਦੇ ਜਥੇਬੰਦਕ ਢਾਂਚੇ ਦਾ ਨਿਰਮਾਣ ਛੇਤੀ ਤੋਂ ਛੇਤੀ ਕਰਨ ਦੀਆਂ ਵੀ ਹਦਾਇਤਾਂ ਦਿੱਤੀਆਂ ਹਨ।

# ਵੈਟ ਵਸੂਲਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

**ਜਲੰਧਰ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਰੈਸਟੋਰੈਂਟਾਂ ਤੋਂ ਵੈਟ ਤੇ ਸਰਵਿਸ ਟੈਕਸ ਵਸੂਲ ਕਰਨ ਦੇ ਮਾਮਲੇ ਖਿਲਾਫ ਦਾਖ਼ਲ ਇਕ ਪਟੀਸ਼ਨ 'ਤੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਇਸ ਮਾਮਲੇ ਵਿਚ ਪੰਜ ਦਸੰਬਰ ਤੱਕ ਜਵਾਬ ਦੇਣ ਲਈ ਆਖਿਆ ਹੈ।

ਜਲੰਧਰ ਦੇ ਕਰ ਮਾਮਲਿਆਂ ਦੇ ਵਕੀਲ ਰਿਸ਼ੀ ਚਾਨਣ ਨੇ ਇਕ ਰੈਸਟੋਰੈਂਟ ਵੱਲੋਂ ਹਾਈਕੋਰਟ ਵਿਚ ਪਟੀਸ਼ਨ (21365/1014) ਦਾਖ਼ਲ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਰੈਸਟੋਰੈਂਟਾਂ ਤੋਂ ਵੈਟ ਤੇ ਸਰਵਿਸ ਟੈਕਸ ਵਸੂਲਣ ਦੇ ਫ਼ੈਸਲੇ ਨੂੰ ਗੈਰ ਸੰਵਿਧਾਨਕ ਦੱਸਿਆ ਸੀ। ਅਰਜ਼ੀਕਰਤਾ ਮੁਤਾਬਕ ਰੈਸਟੋਰੈਂਟ ਵਾਲੇ ਤਾਂ ਖਾਣਾ ਖੁਆ ਕੇ ਪੈਸੇ ਦਿੰਦੇ ਹਨ ਤਾਂ ਇਸ ਵਿਚ ਕਿਹੜੀ ਸਰਵਿਸ ਉਪਲਬਧ ਕਰਵਾਈ ਗਈ ਹੈ। ਉਨ੍ਹਾਂ ਰੈਸਟੋਰੈਂਟਾਂ ਤੋਂ ਦੋਹਰਾ ਟੈਕਸ ਨਾ ਵਸੂਲਣ ਤੇ ਗੈਰ ਸੰਵਿਧਾਨਕ ਟੈਕਸ ਨੂੰ ਹਟਾਏ ਜਾਣ ਦੀ ਮੰਗ ਕੀਤੀ ਸੀ। ਪਟੀਸ਼ਨਕਰਤਾ ਅਨੁਸਾਰ ਪੰਜਾਬ ਸਰਕਾਰ ਦਾ ਵਿਭਾਗ ਰੈਸਟੋਰੈਂਟਾਂ ਤੋਂ ਖਾਣੇ 'ਤੇ ਬਣੇ ਬਿਲ ਉਤੇ 100 ਫ਼ੀਸਦੀ ਤੇ ਕੇਂਦਰ ਸਰਕਾਰ ਦਾ ਵਿਭਾਗ ਰੈਸਟੋਰੈਂਟਾਂ ਤੋਂ ਖਾਣੇ ਦੇ ਬਿਲ 'ਤੇ 40 ਫ਼ੀਸਦੀ ਟੈਕਸ ਵਸੂਲ ਕਰ ਰਿਹਾ ਹੈ ਜਿਹੜਾ ਕਿ ਵਸੂਲ ਨਹੀਂ ਕੀਤਾ ਜਾ ਸਕਦਾ ਹੈ।

ਦੱਸਣਯੋਗ ਹੈ ਕਿ 2011 ਤੋਂ ਸਰਵਿਸ ਟੈਕਸ ਰੈਸਟੋਰੈਂਟਾਂ 'ਤੇ ਲਾਗੂ ਕੀਤਾ ਗਿਆ ਸੀ।

# ਆਰਥਿਕ ਮੰਦਹਾਲੀ ਵਿਚ ਘਿਰਿਆ ਭਾਸ਼ਾ ਵਿਭਾਗ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਨੂੰ ਆਰਥਿਕ ਤੰਗੀ ਨੇ ਆਨ ਘੇਰਿਆ ਹੈ। ਫੰਡਾਂ ਦੀ ਤੋਟ ਕਾਰਨ ਖਰੜਿਆਂ ਦੀ ਛਪਾਈ ਨੂੰ ਵੀ ਫਿਲਹਾਲ ਬਰੇਕਾਂ ਲੱਗ ਗਈਆਂ ਹਨ। ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਨੇ ਭਾਸ਼ਾ ਵਿਭਾਗ ਵੱਲ ਬਕਾਇਆ ਖੜ੍ਹੀ ਰਕਮ ਦਾ ਹਿਸਾਬ ਕਿਤਾਬ ਹੋਣ ਤੱਕ ਛਪਾਈ ਰੋਕ ਲਈ ਹੈ। ਕੁਝ ਦਿਨ ਪਹਿਲਾਂ ਭਾਸ਼ਾ ਵਿਭਾਗ ਨੇ ਫ਼ੈਸਲਾ ਲਿਆ ਸੀ ਕਿ ਪਹਿਲ ਦੇ ਆਧਾਰ 'ਤੇ ਤਕਰੀਬਨ ਸੌ ਖਰੜਿਆਂ ਨੂੰ ਛਪਾਈ ਪ੍ਰਕਿਰਿਆ ਦਾ ਹਿੱਸਾ ਬਣਾਇਆ ਜਾਵੇਗਾ।

## ਕਿਤਾਬਾਂ ਦੀ ਛਪਾਈ ਤੋਂ ਮਿਲਿਆ ਜਵਾਬ



ਇਸ ਬਾਰੇ ਵਿਭਾਗ ਵੱਲੋਂ ਖਰੜਿਆਂ ਦੀ ਕੰਪੋਜ਼ਿੰਗ ਵੀ ਆਰੰਭ ਦਿੱਤੀ ਗਈ ਸੀ ਪਰ ਫੰਡਾਂ ਦੀ ਤੋਟ ਅੱਗੇ ਅਜਿਹੇ ਸਾਰੇ ਪ੍ਰੋਗਰਾਮ ਫਿੱਕੇ ਪੈਂਦੇ ਨਜ਼ਰ ਆਉਣ ਲੱਗੇ ਹਨ। ਸੂਤਰਾਂ ਮੁਤਾਬਕ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਪੰਜਾਬ, ਜਿਸ ਤੋਂ ਭਾਸ਼ਾ ਵਿਭਾਗ ਆਪਣੀਆਂ ਕਿਤਾਬਾਂ ਛਪਵਾਉਂਦਾ ਹੈ, ਨੇ ਭਾਸ਼ਾ ਵਿਭਾਗ ਨੂੰ ਛਪਾਈ ਤੋਂ ਪਹਿਲਾਂ ਪਿਛਲਾ ਹਿਸਾਬ ਨਿਬੇੜਨ ਲਈ ਕਿਹਾ ਹੈ। ਪ੍ਰਿੰਟਿੰਗ ਪ੍ਰੈਸ ਤੇ ਸਟੇਸ਼ਨਰੀ ਵਿਭਾਗ, ਪੰਜਾਬ ਦੇ ਡਿਪਟੀ ਕੰਟਰੋਲਰ ਪਰਮਿੰਦਰ ਸਿੰਘ ਨੇ ਮੰਨਿਆ ਕਿ ਉਨ੍ਹਾਂ ਨੂੰ ਅਜਿਹਾ ਤਾਂ ਕਰਨਾ ਪਿਆ ਹੈ ਤਾਂ ਜੋ ਪਿਛਲਾ ਹਿਸਾਬ ਨਿਬੇੜਿਆ ਜਾ ਸਕੇ।

ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਿੰਟਿੰਗ ਵਿਭਾਗ ਵਿੱਤੀ ਮਾਮਲੇ 'ਤੇ ਫੂਕ-ਫੂਕ ਕੇ ਪੈਰ ਰੱਖ ਰਿਹਾ ਹੈ ਕਿਉਂਕਿ ਤਕਰੀਬਨ ਸਾਰੇ ਵਿਭਾਗ ਹੀ ਫੰਡਾਂ ਦੀ ਤੋਟ ਵਿਚ ਹਨ। ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਦਾ ਤਹੱਈਆ ਹੈ ਕਿ ਅਜਿਹੇ ਵਿਭਾਗਾਂ ਦਾ ਉਨਾ ਹੀ ਕੰਮ ਕੀਤਾ ਜਾਵੇ ਜਿੰਨੀ ਉਹ ਰਕਮ ਅਦਾ ਸਕਣ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਦਾ ਕਿਤਾਬਾਂ ਛਪਵਾਉਣ ਦਾ ਵਧੇਰੇ ਕੰਮ ਬਾਹਰੋਂ ਰਜਿਸਟਰਡ ਪ੍ਰਿੰਟਿੰਗ ਪ੍ਰੈਸਾਂ ਤੋਂ ਹੀ ਕਰਵਾਇਆ ਜਾਂਦਾ ਹੈ ਤੇ ਅਜਿਹੀਆਂ ਪ੍ਰਾਈਵੇਟ ਫਰਮਾਂ ਬਕਾਇਆ ਰਕਮ ਰੁਕ ਜਾਣ ਜਾਂ ਫਸ ਜਾਣ 'ਤੇ ਕਈ ਵਾਰ ਰੌਲਾ ਪਾ ਦਿੰਦੀਆਂ ਹਨ। ਅਜਿਹੇ ਵਿਚ ਹੀ ਫਿਲਹਾਲ ਭਾਸ਼ਾ ਵਿਭਾਗ ਦੀ ਛਪਾਈ ਦੇ ਕੰਮ ਨੂੰ ਰੋਕਣਾ ਪਿਆ ਹੈ। ਜਦੋਂ ਉਹ ਪਿਛਲਾ ਸਾਰਾ ਹਿਸਾਬ ਨਿਬੇੜ ਲੈਣਗੇ, ਉਸ ਮਗਰੋਂ ਹੀ ਪ੍ਰਿੰਟਿੰਗ ਦਾ ਅਗਲਾ ਕੰਮ ਫੜਿਆ ਜਾਵੇਗਾ।

ਇਸ ਮਾਮਲੇ 'ਤੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਚੇਤਨ ਸਿੰਘ ਦਾ ਕਹਿਣਾ ਹੈ ਕਿ ਭਾਸ਼ਾ ਵਿਭਾਗ ਨੇ ਖ਼ੁਦ ਹੀ ਅਜਿਹੇ ਕੰਮ ਫਿਲਹਾਲ ਰੋਕੇ ਹੋਏ ਹਨ ਤਾਂ ਜੋ ਤਰਤੀਬ ਤੇ ਵਿਉਂਤਬੰਦੀ ਅਪਨਾਈ ਜਾ ਸਕੇ। ਫੰਡਾਂ ਦੀ ਤੋਟ ਦੇ ਮੁੱਦੇ 'ਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਅਜਿਹੀਆਂ ਦਿਕੱਤਾਂ ਹਨ ਪਰ ਸਰਕਾਰ ਨਾਲ ਇਸ ਮਾਮਲੇ 'ਤੇ ਗੱਲਬਾਤ ਚੱਲ ਰਹੀ ਹੈ। ਸੂਤਰਾਂ ਮੁਤਾਬਕ ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ ਦੇ ਅਜਿਹੇ ਸਖ਼ਤ ਰੁਖ਼ ਕਾਰਨ ਭਾਸ਼ਾ ਵਿਭਾਗ ਦੇ ਕਈ ਖਰੜੇ, ਜੋ ਛਪਾਈ ਅਧੀਨ ਸਨ, ਫਿਲਹਾਲ ਅੱਧਵਾਟੇ ਫਸ ਗਏ ਹਨ ਤੇ ਅਗਲੇ ਛਪਾਈ ਪ੍ਰੋਗਰਾਮ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ।

## ਕਿਤਾਬਾਂ ਵੈਬਸਾਈਟ 'ਤੇ ਪਾਉਣ ਦੀ ਤਿਆਰੀ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਹੁਣ ਆਪਣੀਆਂ ਪ੍ਰਕਾਸ਼ਿਤ ਕਿਤਾਬਾਂ ਨੂੰ ਵੈੱਬਸਾਈਟ 'ਤੇ ਪਾਉਣ ਦਾ ਟੀਚਾ ਮਿੱਥਿਆ ਗਿਆ ਹੈ। ਵਿਭਾਗ ਨੇ ਹੁਣ ਤੱਕ ਤਕਰੀਬਨ 1500 ਕਿਤਾਬਾਂ ਦੇ ਵੰਨ-ਸਵੰਨੇ ਟਾਈਟਲ ਪ੍ਰਕਾਸ਼ਿਤ ਕੀਤੇ ਹਨ। ਵਿਭਾਗ ਕੋਲ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਭਾਸ਼ਾਵਾਂ 'ਤੇ ਆਧਾਰਤ ਕਿਤਾਬਾਂ ਦਾ ਵੱਡਾ ਭੰਡਾਰ ਹੈ। ਵਿਭਾਗ ਦੀਆਂ ਕਿਤਾਬਾਂ ਦਾ ਮੁੱਲ ਦੇਸ਼ ਭਰ ਨਾਲੋਂ ਸਸਤਾ ਹੈ। ਨਿਰਧਾਰਤ ਕਿਫ਼ਾਇਤੀ ਮੁੱਲ 'ਤੇ ਵੀ ਆਮ ਪਾਠਕ ਨੂੰ 40 ਫ਼ੀਸਦੀ ਤੱਕ ਛੋਟ ਦਿੱਤੀ ਜਾਂਦੀ ਹੈ ਜਦਕਿ ਵਿਭਾਗ ਕੋਲ ਰਜਿਸਟਰਡ ਡਿੱਪੂ ਹੋਲਡਰਾਂ ਨੂੰ ਇਹ ਰਿਆਇਤ 45 ਫ਼ੀਸਦੀ ਤੱਕ ਦਿੱਤੀ ਜਾ ਰਹੀ ਹੈ। ਭਾਸ਼ਾ ਵਿਭਾਗ ਵੱਲੋਂ ਸਾਹਿਤ, ਸੱਭਿਆਚਾਰ ਤੇ ਇਤਿਹਾਸ ਨਾਲ ਸਬੰਧਤ ਮਹੱਤਵਪੂਰਨ ਖੋਜ ਵਿਸ਼ਿਆਂ, ਪੰਜਾਬੀ ਵਿਸ਼ਵਕੋਸ਼, ਕੋਸ਼, ਬਾਲ ਗਿਆਨ, ਖੋਜ ਹਵਾਲਾ ਗ੍ਰੰਥ, ਸਰਵੇ ਪੁਸਤਕਾਂ ਤੇ ਅਨੁਵਾਦ ਦੇ ਵਿਸ਼ਵ ਕਲਾਸਕੀ ਸਾਹਿਤ ਬਾਰੇ ਪੁਸਤਕਾਂ ਛਪਵਾਈਆਂ ਜਾਂਦੀਆਂ ਹਨ। ਭਾਵੇਂ ਪਾਠਕ ਵਰਗ ਵੱਲੋਂ ਇਨ੍ਹਾਂ ਕਿਤਾਬਾਂ ਦੀ ਖਰੀਦਕਾਰੀ ਕੀਤੀ ਜਾ ਰਹੀ ਹੈ ਪਰ ਵਿਭਾਗ ਦਾ ਤਹੱਈਆ ਹੈ ਕਿ ਕਿਤਾਬਾਂ ਦੇ ਮਾਮਲੇ ਨੂੰ ਵੀ ਆਧੁਨਿਕ ਕੀਤਾ ਜਾਵੇ। ਇਨ੍ਹਾਂ ਦੀ ਪਛਾਣ ਕੰਪਿਊਟਰ ਯੁੱਗ ਦੇ ਹਾਣ ਦੀ ਬਣਾਉਣ ਲਈ ਹੁਣ ਵਿਭਾਗ ਵੱਲੋਂ ਆਪਣੀਆਂ ਪ੍ਰਕਾਸ਼ਿਤ ਕਿਤਾਬਾਂ ਨੂੰ ਵੈੱਬਸਾਈਟ 'ਤੇ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਵਿਭਾਗ ਦੇ ਡਾਇਰੈਕਟਰ ਡਾ. ਚੇਤਨ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਕਿਤਾਬਾਂ ਪੜ੍ਹਨ ਦੀ ਪੈਦਾ ਹੋ ਰਹੀ ਨਵੀਂ ਰੁਚੀ ਦੇ ਮੱਦੇਨਜ਼ਰ ਇਹ ਵਿਚਾਰਿਆ ਜਾ ਰਿਹਾ ਹੈ ਕਿ ਆਪਣੀਆਂ ਛਪੀਆਂ ਸਾਰੀਆਂ ਕਿਤਾਬਾਂ ਨੂੰ ਵਿਭਾਗ ਦੀ ਵੈੱਬਸਾਈਟ 'ਤੇ ਪਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਨਵੀਂ ਪੀੜ੍ਹੀ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਬਰਕਰਾਰ ਰੱਖਣ ਬਾਰੇ ਵਿਭਾਗ ਸੋਚ ਰਿਹਾ ਹੈ ਤੇ ਕਿਤਾਬਾਂ ਨੂੰ ਇੰਟਰਨੈੱਟ ਨਾਲ ਜੋੜਨ ਦਾ ਵਿਚਾਰ ਖੁੱਲ੍ਹ ਕੇ ਸਾਹਮਣੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਪ੍ਰਾਜੈਕਟ ਲਈ ਵੱਡੇ ਫੰਡ ਤੇ ਕਿਰਤ ਸ਼ਕਤੀ ਦੀ ਜ਼ਰੂਰਤ ਪਵੇਗੀ ਪਰ ਅਜਿਹੇ ਉੱਦਮ ਨੂੰ ਛੇਤੀ ਹੀ ਸਰਕਾਰ ਨਾਲ ਵਿਚਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਭਾਗ ਦੀ ਵੈੱਬਸਾਈਟ 'ਤੇ ਇਸ ਤੋਂ ਪਹਿਲਾਂ 'ਪ੍ਰਬੰਧਕੀ ਸ਼ਬਦਾਵਲੀ, ਪੰਜਾਬੀ -ਅੰਗਰੇਜ਼ੀ ਕੋਸ਼, ਬਜਟ ਸ਼ਬਦਾਵਲੀ ਤੇ ਕਾਨੂੰਨੀ ਸ਼ਬਦਾਵਲੀ ਉਪਲਬਧ ਹਨ।

# ਜਨਰਲ ਬਰਾੜ ਕੇਸ ਵਿਚ ਚਾਰ ਸਿੱਖਾਂ ਦੀ ਅਪੀਲ ਰੱਦ

**ਲੰਡਨ:** ਬਰਤਾਨੀਆ ਦੀ ਅਦਾਲਤ ਨੇ ਭਾਰਤੀ ਸੈਨਾ ਦੇ ਸਾਬਕਾ ਲੈਫਟੀਨੈਂਟ ਜਨਰਲ ਕੁਲਦੀਪ ਬਰਾੜ 'ਤੇ ਹਮਲੇ ਦੇ ਮਾਮਲੇ ਵਿਚ ਚਾਰ ਸਿੱਖਾਂ ਵੱਲੋਂ ਪਾਈ ਅਪੀਲ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਵੱਲੋਂ ਸਖ਼ਤ ਸਜ਼ਾ ਸੁਣਾਏ ਜਾਣ ਬਾਅਦ ਮਨਦੀਪ ਸਿੰਘ ਸੰਧੂ (34), ਦਿਲਬਾਗ ਸਿੰਘ (37), ਹਰਜੀਤ ਕੌਰ (39) ਤੇ ਬਰਜਿੰਦਰ ਸਿੰਘ ਸੰਘਾ (33) ਨੇ ਇਹ ਅਪੀਲ ਪਾਈ ਸੀ।

## ਬਰਤਾਨੀਆ ਦੀ ਅਦਾਲਤ ਵਿਚ ਭੁਗਤ ਰਹੇ ਨੇ ਸਜ਼ਾ



ਜਨਰਲ ਕੁਲਦੀਪ ਬਰਾੜ (78) 'ਤੇ ਕੇਂਦਰੀ ਲੰਡਨ ਵਿਚ 2012 ਦੌਰਾਨ ਹਮਲਾ ਕੀਤਾ ਗਿਆ ਸੀ। ਉਸ ਸਮੇਂ ਉਨ੍ਹਾਂ ਦੀ ਪਤਨੀ ਵੀ ਹਾਜ਼ਰ ਸੀ। ਯੂਕੇ ਅਦਾਲਤ ਵੱਲੋਂ ਸ੍ਰੀ ਬਰਾੜ 'ਤੇ ਹਮਲੇ ਦੇ ਦੋਸ਼ਾਂ ਤਹਿਤ ਚਾਰੇ ਮੁਲਜ਼ਮਾਂ ਨੂੰ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ ਸਨ। ਇਸ ਦੀ ਚੁਫੇਰਿਓਂ ਨਿੰਦਾ ਹੋਈ ਸੀ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਰੋਹ ਪ੍ਰਗਟ ਕੀਤਾ ਸੀ ਕਿ ਅਦਾਲਤ ਨੇ ਕਠੋਰ ਫੈਸਲਾ ਸੁਣਾਇਆ ਹੈ।

ਜ਼ਿਕਰਯੋਗ ਹੈ ਕਿ ਮਨਦੀਪ ਸਿੰਘ ਸੰਧੂ ਤੇ ਦਿਲਬਾਗ ਸਿੰਘ ਨੂੰ 14-14 ਸਾਲ, ਹਰਜੀਤ ਕੌਰ ਨੂੰ 11 ਸਾਲ ਤੇ ਬਰਜਿੰਦਰ ਸਿੰਘ ਸੰਘਾ ਨੂੰ ਸਾਢੇ 10 ਸਾਲਾਂ ਦੀ ਸਜ਼ਾ ਸੁਣਾਈ ਗਈ ਹੈ। ਪੰਜਵੇਂ ਵਿਅਕਤੀ ਲਖਬੀਰ ਸਿੰਘ ਨੂੰ ਸਾਊਥਵਾਰਕ ਕਰਾਉਨ ਕੋਰਟ ਨੇ 21 ਮਾਰਚ ਨੂੰ 10 ਸਾਲ ਦੀ ਸਜ਼ਾ ਸੁਣਾਈ ਸੀ ਤੇ ਉਸ 'ਤੇ ਬਰਾੜ ਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਦਾ ਦੋਸ਼ ਲੱਗਾ ਹੈ। ਚੇਤੇ ਰਹੇ ਕਿ ਕਈ ਸਿੱਖ ਜਥੇਬੰਦੀਆਂ ਨੇ ਵੀ ਅਦਾਲਤ ਵੱਲੋਂ ਇੰਨੀ ਜ਼ਿਆਦਾ ਸਜ਼ਾ ਸੁਣਾਉਣ ਬਾਰੇ ਗ਼ਿਲਾ ਜ਼ਾਹਿਰ ਕੀਤਾ ਸੀ।

# ਦਿੱਲੀ ਦੰਗੇ ਅਮਰੀਕਾ ਵਿਚ ਬਣੇ ਚੋਣ ਮੁੱਦਾ

**ਸੈਕਰਾਮੈਂਟੋ:** ਭਾਰਤ ਵਿਚ 30 ਸਾਲ ਪਹਿਲਾਂ ਹੋਏ ਸਿੱਖ ਕਤਲੇਆਮ ਦਾ ਮੁੱਦਾ ਇਥੋਂ ਦੇ ਇਕ ਪਾਰਲੀਮਾਨੀ ਹਲਕੇ ਦੀ ਚੋਣ ਪ੍ਰਚਾਰ ਮੁਹਿੰਮ 'ਤੇ ਹਾਵੀ ਹੋ ਰਿਹਾ ਹੈ। ਕੁਝ ਸਿੱਖ ਸਿਆਸੀ ਕਾਰਕੁਨਾਂ ਤੇ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਵੱਲੋਂ ਡੈਮੋਕਰੈਟਿਕ ਪਾਰਟੀ ਦੇ ਕਾਂਗਰਸ ਮੈਂਬਰ ਅਮੀ ਬੇਗ ਖਿਲਾਫ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਸ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਭਾਰਤ ਸਰਕਾਰ ਦੀ ਸ਼ਮੂਲੀਅਤ ਮੰਨਣ ਤੋਂ ਇਨਕਾਰ ਕੀਤਾ ਸੀ। ਕਿੱਤੇ ਵਜੋਂ ਡਾਕਟਰ ਬੇਗ ਸਬ ਅਰਬਨ ਸੈਕਰਾਮੈਂਟੋ ਜ਼ਿਲ੍ਹੇ ਦੀ ਨੁਮਾਇੰਦਗੀ ਕਰਦੇ ਹਨ ਤੇ ਉਹ ਅਮਰੀਕੀ ਕਾਂਗਰਸ ਵਿਚ ਇਕਲੌਤੇ ਭਾਰਤੀ-ਅਮਰੀਕੀ ਹਨ। ਉਂਜ ਕਈ ਹੋਰ ਸਿੱਖ ਆਗੂਆਂ ਨੇ ਇਸ ਪ੍ਰਚਾਰ ਨੂੰ ਦਰਕਿਨਾਰ ਕਰਦਿਆਂ ਕਿਹਾ ਕਿ ਭਾਈਚਾਰੇ ਵਿਚ ਉਸ ਗਰੁੱਪ ਦੀ ਗਿਣਤੀ ਬਹੁਤ ਘੱਟ ਹੈ। ਉਨ੍ਹਾਂ ਸ੍ਰੀ ਬੇਗ ਦੀ ਤਾਰੀਫ ਕਰਦਿਆਂ ਉਨ੍ਹਾਂ ਨੂੰ ਸਾਰੇ ਦੱਖਣੀ ਏਸ਼ਿਆਈ ਲੋਕਾਂ ਦੀ ਆਵਾਜ਼ ਕਰਾਰ ਦਿੱਤਾ। ਬੇਗ ਤੇ ਰਿਪਬਲਿਕਨ ਉਮੀਦਵਾਰ ਡਗ ਓਸੀ ਵਿਚਕਾਰ ਫਸਵੇਂ ਮੁਕਾਬਲੇ ਦੇ ਆਸਾਰ ਬਣੇ ਹੋਏ ਹਨ।

# ਟਾਈਟਲਰ ਖਿਲਾਫ ਕਾਰਵਾਈ ਅਗਲੇ ਮਹੀਨੇ ਤੱਕ ਟਲੀ

**ਨਵੀਂ ਦਿੱਲੀ:** ਇਥੋਂ ਦੀ ਪਟਿਆਲਾ ਹਾਊਸ ਅਦਾਲਤ ਵਿਚ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦਾਇਰ ਮੁਕੱਦਮੇ ਦੀ ਸੁਣਵਾਈ 22 ਨਵੰਬਰ ਤੱਕ ਮੁਲਤਵੀ ਹੋ ਗਈ ਹੈ। ਐਡਵੋਕੇਟ ਫੂਲਕਾ ਵੱਲੋਂ ਟਾਈਟਲਰ ਖ਼ਿਲਾਫ਼ ਇਹ ਮੁਕੱਦਮਾ ਐਨ.ਡੀ.ਟੀ.ਵੀ. ਦੇ ਉਸ ਪ੍ਰੋਗਰਾਮ ਬਾਰੇ ਦਾਇਰ ਕੀਤਾ ਗਿਆ ਹੈ, ਜਿਸ ਦੇ ਪ੍ਰਸਾਰਨ ਦੌਰਾਨ ਸ੍ਰੀ ਟਾਈਟਲਰ ਨੇ ਫੂਲਕਾ ਖ਼ਿਲਾਫ਼ ਅਪਮਾਨਜਨਕ ਟਿੱਪਣੀਆਂ ਕੀਤੀਆਂ ਤੇ ਉਨ੍ਹਾਂ ਨੂੰ ਧਮਕਾਇਆ। ਮਾਮਲੇ ਦੀ ਸੁਣਵਾਈ ਕਰ ਰਹੇ ਅਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਗੌਰਵ ਰਾਓ ਦੇ ਇੰਸਪੈਕਸ਼ਨ 'ਤੇ ਗਏ ਹੋਣ ਕਾਰਨ ਮਾਮਲੇ ਦੀ ਸੁਣਵਾਈ ਨਹੀਂ ਹੋ ਸਕੀ। ਮਾਮਲੇ ਦੀ ਸੁਣਵਾਈ ਦੌਰਾਨ ਸ੍ਰੀ ਟਾਈਟਲਰ ਵੀ ਨਿੱਜੀ ਤੌਰ 'ਤੇ ਅਦਾਲਤ ਵਿਚ ਹਾਜ਼ਰ ਸਨ।



ਇਕ ਹੋਰ ਮਾਮਲੇ ਵਿਚ ਦਿੱਲੀ ਹਾਈ ਕੋਰਟ ਨੇ ਜਗਦੀਸ਼ ਟਾਈਟਲਰ ਦੇ ਵਕੀਲ ਦੀ ਬੇਨਤੀ 'ਤੇ ਮੁਕੱਦਮੇ ਦੀ ਸੁਣਵਾਈ 19 ਨਵੰਬਰ ਤੱਕ ਮੁਲਤਵੀ ਕਰ ਦਿੱਤੀ। ਇਹ ਮੁਕੱਦਮਾ ਸ੍ਰੀ ਟਾਈਟਲਰ ਵੱਲੋਂ ਕੜਕੜਡੂਮਾ ਅਦਾਲਤ ਦੀ ਵਧੀਕ ਸੈਸ਼ਨਜ਼ ਜੱਜ ਅਨੁਰਾਧਾ ਸ਼ੁਕਲਾ ਭਾਰਦਵਾਜ ਦੇ ਉਸ ਆਦੇਸ਼ ਖ਼ਿਲਾਫ਼ ਅਪੀਲ ਹੈ, ਜਿਸ ਵਿਚ ਸੀ.ਬੀ.ਆਈ. ਵੱਲੋਂ ਟਾਈਟਲਰ ਨੂੰ ਕਲੀਨ-ਚਿੱਟ ਦੇਣ ਦੀ ਰਿਪੋਰਟ ਨੂੰ ਇਸ ਜੱਜ ਵੱਲੋਂ ਖਾਰਜ ਕਰਕੇ ਸੀ.ਬੀ.ਆਈ. ਨੂੰ ਮਾਮਲੇ ਦੀ ਜਾਂਚ ਦਾ ਆਦੇਸ਼ ਦਿੱਤਾ ਗਿਆ ਸੀ।

ਸ੍ਰੀ ਟਾਈਟਲਰ ਵੱਲੋਂ ਇਸ ਆਦੇਸ਼ ਖ਼ਿਲਾਫ਼ ਸੁਪਰੀਮ ਕੋਰਟ ਵਿਚ ਵੀ ਅਪੀਲ ਕੀਤੀ ਗਈ ਸੀ ਪਰ ਅਦਾਲਤ ਨੇ ਜਾਂਚ ਨੂੰ ਰੁਕਵਾਉਣ ਤੋਂ ਇਨਕਾਰ ਕਰ ਦਿੱਤਾ ਸੀ।

# ਕੈਨੇਡਾ ਤੇ ਪੰਜਾਬੀ 'ਵਰਸਿਟੀ ਵਿਚਾਲੇ ਸਮਝੌਤਾ

**ਪਟਿਆਲਾ:** ਸਿੱਖ ਧਰਮ ਦੇ ਅਧਿਐਨ ਦੀ ਪੜ੍ਹਾਈ ਲਈ ਪੰਜਾਬੀ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਵਿਚਾਲੇ ਲਿਖਤੀ ਸਮਝੌਤਾ ਹੋਇਆ ਹੈ, ਜਿਸ ਤਹਿਤ ਗੁਰੂ ਗ੍ਰੰਥ ਸਾਹਿਬ ਦੇ ਅੰਤਰਭਾਵਾਂ ਨੂੰ ਸਮਝਣ ਦਾ ਅਕਾਦਮਿਕ ਅਧਿਐਨ ਵੀ ਹੋਵੇਗਾ। ਫਰੇਜ਼ਰ ਵੈਲੀ, ਯੂਨੀਵਰਸਿਟੀ ਵੱਲੋਂ ਉਥੋਂ ਦੇ ਵਾਈਸ-ਚਾਂਸਲਰ ਮਾਰਕ ਡੀ ਐਵਰੇਡ ਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ।

ਪੰਜਾਬੀ ਯੂਨੀਵਰਸਿਟੀ ਵੱਲੋਂ ਇਸ ਪ੍ਰੋਗਰਾਮ ਦਾ ਕਾਰਜਭਾਰ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੂੰ ਸੌਂਪਿਆ ਗਿਆ। ਮਾਰਕ ਡੀ ਐਵਰੈਡ ਨੇ ਕਿਹਾ ਕਿ ਕੈਨੇਡਾ ਵਿਚ ਵੱਡੀ ਗਿਣਤੀ ਸਿੱਖ ਭਾਈਚਾਰਾ ਵੱਸਦਾ ਹੈ, ਜਿਸ ਦਾ ਕੈਨੇਡਾ ਦੇ ਧਾਰਮਿਕ, ਸਮਾਜਿਕ ਸਭਿਆਚਾਰ ਤੇ ਰਾਜਨੀਤੀ ਵਿਚ ਵੱਡਾ ਰੋਲ ਹੈ। ਕੈਨੇਡਾ ਸਰਕਾਰ ਦੀ ਇੱਛਾ ਹੈ ਕਿ ਸਿੱਖ ਭਾਈਚਾਰੇ ਵੱਲੋਂ ਕੈਨੇਡਾ ਦੇ ਵਿਕਾਸ ਵਿਚ ਜੋ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ, ਉਸ ਲਈ ਕੈਨੇਡਾ ਸਰਕਾਰ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਸ ਕੌਮ ਦੇ ਵਿਰਾਸਤੀ ਫ਼ਖ਼ਰ ਨੂੰ ਆਪਣੀਆਂ ਯੂਨੀਵਰਸਿਟੀਆਂ ਵਿਚ ਅਧਿਐਨ ਦਾ ਹਿੱਸਾ ਬਣਾਵੇ। ਉਨ੍ਹਾਂ ਕਿਹਾ ਕਿ ਛੇਤੀ ਹੀ ਪੂਰੇ ਦਾ ਪੂਰੇ ਵੱਖਰਾ ਵਿਭਾਗ ਸਥਾਪਤ ਕਰ ਦਿੱਤਾ ਜਾਵੇਗਾ। ਇਸ ਕਾਰਜ ਲਈ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

## ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਬਾਰੇ ਹੋਣਗੇ ਸਾਂਝੇ ਯਤਨ



ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਸ ਅਧਿਐਨ ਨਾਲ ਕੈਨੇਡਾ ਤੇ ਭਾਰਤ ਸਰਕਾਰ ਦੇ ਰਿਸ਼ਤੇ ਵੀ ਵਧੀਆ ਹੋਣਗੇ ਤੇ ਉਥੇ ਸਿੱਖਾਂ ਬਾਰੇ ਪਾਈਆਂ ਜਾਂਦੀਆਂ ਗਲਤ ਧਾਰਨਾਵਾਂ ਵੀ ਦੂਰ ਹੋ ਜਾਣਗੀਆਂ। ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਡਾ. ਸਰਬਜਿੰਦਰ ਸਿੰਘ ਨੇ ਕਿਹਾ ਕਿ ਇਸ ਵਿਭਾਗ ਦੀ ਸਥਾਪਨਾ ਪਿੱਛੇ ਮੂਲ ਭਾਵਨਾ ਹੀ ਸਿੱਖ ਸਿਧਾਂਤ ਨੂੰ ਦੂਸਰਿਆਂ ਤੱਕ ਲੈ ਕੇ ਜਾਣਾ ਹੈ। ਇਸ ਪ੍ਰੋਗਰਾਮ ਦੇ ਆਰੰਭ ਵਿਚ ਇਕ ਕੋਰਸ 'ਸਰਟੀਫਿਕੇਟ ਕੋਰਸ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ' ਸ਼ੁਰੂ ਕੀਤਾ ਜਾਵੇਗਾ, ਜਿਸ ਦੇ ਸਿਲੇਬਸ ਨੂੰ ਦੋਵਾਂ ਵਿਭਾਗਾਂ ਦੇ ਮੁਖੀ ਡਿਜ਼ਾਈਨ ਕਰਨਗੇ। ਹੌਲੀ-ਹੌਲੀ ਕੋਰਸਾਂ ਵਿਚ ਵਾਧਾ ਕੀਤਾ ਜਾਵੇਗਾ। ਵਿਦਿਆਰਥੀ ਛੇ ਹਫ਼ਤੇ ਫਰੇਜ਼ਰ ਵੈਲੀ ਤੇ ਛੇ ਹਫ਼ਤੇ ਪੰਜਾਬੀ ਯੂਨੀਵਰਸਿਟੀ ਵਿਚ ਅਧਿਐਨ ਕਰਨਗੇ।

# ਸਾਬਕਾ ਸੰਸਦ ਮੈਂਬਰ ਗੁਰਚਰਨ ਸਿੰਘ ਗਾਲਿਬ ਦਾ ਦੇਹਾਂਤ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਸੰਸਦ ਮੈਂਬਰ ਗੁਰਚਰਨ ਸਿੰਘ ਗਾਲਿਬ (82) ਦਾ ਇਥੇ ਦਿਆਨੰਦ ਹਸਪਤਾਲ ਵਿਚ ਬੀਮਾਰੀ ਕਾਰਨ ਦੇਹਾਂਤ ਹੋ ਗਿਆ। ਸ੍ਰੀ ਗਾਲਿਬ ਸੰਨ 1964 ਵਿਚ ਬਲਾਕ ਸੰਮਤੀ ਸਿੱਧਵਾਂ ਬੇਟ ਦੇ ਪ੍ਰਧਾਨ ਤੇ 1967 ਵਿਚ ਜਗਰਾਉਂ ਤੋਂ ਐਮ.ਐਲ.ਏ. ਚੁਣੇ ਗਏ ਸਨ। ਸਾਲ 1990 ਵਿਚ ਉਹ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਣੇ ਤੇ 1992 ਤੇ 1999 ਵਿਚ ਕਾਂਗਰਸ ਦੀ ਟਿਕਟ ਤੋਂ ਦੋ ਵਾਰ ਲੁਧਿਆਣਾ ਤੋਂ ਜਿੱਤੇ ਸਨ।



ਸਾਲ 2009 ਵਿਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨਾਲ ਨਾਤਾ ਜੋੜ ਲਿਆ ਸੀ ਤੇ ਪਾਰਟੀ ਦੇ ਉੱਚ ਅਹੁਦਿਆਂ 'ਤੇ ਕੰਮ ਕੀਤਾ ਸੀ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੀਨੀਅਰ ਅਕਾਲੀ ਆਗੂ ਤੇ ਲਧਿਆਣਾ ਤੋਂ ਸਾਬਕਾ ਪਾਰਲੀਮੈਂਟ ਮੈਂਬਰ ਗੁਰਚਰਨ ਸਿੰਘ ਗਾਲਿਬ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਆਪਣੇ ਸ਼ੋਕ ਸੁਨੇਹੇ ਵਿਚ ਸ. ਬਾਦਲ ਨੇ ਕਿਹਾ ਕਿ ਸ੍ਰੀ ਗਾਲਿਬ ਦੀ ਮੌਤ ਨਾਲ ਸੂਬੇ ਤੋਂ ਇਕ ਤਜਰਬੇਕਾਰ ਆਗੂ ਖੁੱਸ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗਾਲਿਬ ਸਹੀ ਮਾਅਨਿਆਂ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁਦੱਈ ਸਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਸ੍ਰੀ ਗਾਲਿਬ ਦੇ ਚਲਾਣੇ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ।

# ਸਰਫਾ ਮੁਹਿੰਮ ਤਹਿਤ ਸਹੂਲਤਾਂ ਵਿਚ ਕੀਤੀ ਕਟੌਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ 'ਸਰਫਾ ਮੁਹਿੰਮ' ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਘੇਰੇ ਵਿਚ ਲੈ ਲਿਆ ਹੈ। ਗੰਭੀਰ ਮਾਲੀ ਸੰਕਟ ਦਾ ਸਾਹਮਣਾ ਕਰ ਰਹੀ ਸਰਕਾਰ ਨੇ ਮੰਤਰੀਆਂ, ਅਧਿਕਾਰੀਆਂ ਤੇ ਮੁਲਾਜ਼ਮਾਂ 'ਤੇ ਵਿੱਤੀ ਪਾਬੰਦੀਆਂ ਲਗਾ ਦਿੱਤੀਆਂ ਹਨ। ਇਨ੍ਹਾਂ ਪਾਬੰਦੀਆਂ ਵਿਚ ਚਲੰਤ ਮਾਲੀ ਸਾਲ ਦੌਰਾਨ ਕੋਈ ਨਵੀਂ ਅਸਾਮੀ ਦੀ ਰਚਨਾ ਨਹੀਂ ਕੀਤੀ ਜਾਵੇਗੀ, ਮੁਲਾਜ਼ਮ ਤੇ ਅਫ਼ਸਰ ਐਲ.ਟੀ.ਸੀ. ਦੀ ਸਹੂਲਤ ਨਹੀਂ ਲੈ ਸਕਣਗੇ, ਸਰਕਾਰੀ ਖ਼ਰਚੇ 'ਤੇ ਦੁਪਹਿਰ ਤੇ ਰਾਤ ਦੇ ਖਾਣੇ ਦੀ ਦਾਅਵਤ ਨਹੀਂ ਦਿੱਤੀ ਜਾ ਸਕੇਗੀ, ਵਿਦੇਸ਼ ਦੌਰੇ ਮੁੱਖ ਮੰਤਰੀ ਦੀ ਪ੍ਰਵਾਨਗੀ ਨਾਲ ਹੀ ਹੋ ਸਕਣਗੇ, ਦਫ਼ਤਰਾਂ ਲਈ ਫਰਨੀਚਰ ਨਹੀਂ ਖ਼ਰੀਦਿਆ ਜਾ ਸਕੇਗਾ, ਮੰਤਰੀ ਤੇ ਅਫ਼ਸਰ ਆਪਣੇ ਯਾਤਰਾ ਭੱਤੇ ਵਿਚ 20 ਫੀਸਦੀ ਕਟੌਤੀ ਕਰਨਗੇ ਤੇ ਦਫ਼ਤਰਾਂ ਵਿਚ ਬਿਜਲੀ ਦੀ ਖਪਤ 10 ਫੀਸਦੀ ਘਟਾਉਣ ਸਮੇਤ ਹੋਰ ਕਈ ਤਰ੍ਹਾਂ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਮਹੱਤਵਪੂਰਨ ਤੱਥ ਇਹ ਹੈ ਕਿ ਬਿਜਲੀ ਨਿਗਮ ਨੂੰ ਹਦਾਇਤ ਕੀਤੀ ਗਈ ਹੈ ਕਿ ਬਿਜਲੀ ਖ਼ਰੀਦਣ ਦਾ ਖ਼ਰਚਾ ਘਟਾਇਆ ਜਾਵੇ। ਵਿੱਤ ਵਿਭਾਗ ਦੇ ਸੂਤਰਾਂ ਮੁਤਾਬਕ ਸਰਕਾਰ ਵੱਲੋਂ




ਲਾਈਆਂ ਇਨ੍ਹਾਂ ਵਿੱਤੀ ਪਾਬੰਦੀਆਂ ਤੋਂ ਸਾਲ ਵਿਚ ਤਕਰੀਬਨ 250 ਕਰੋੜ ਰੁਪਏ ਦੀ ਬਚਤ ਹੋ ਸਕਦੀ ਹੈ। ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਵੱਲੋਂ ਵਿੱਤੀ ਸੰਕਟ ਕਾਰਨ ਪਿਛਲੇ ਕਈ ਦਿਨਾਂ ਤੋਂ ਵਿੱਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਸਨ। ਸੂਤਰਾਂ ਮੁਤਾਬਕ ਇਨ੍ਹਾਂ ਮੀਟਿੰਗਾਂ ਦੌਰਾਨ ਹੀ ਕਈ ਤਰ੍ਹਾਂ ਦੀਆਂ ਵਿੱਤੀ ਪਾਬੰਦੀਆਂ ਲਗਾਉਣ ਦਾ ਫੈਸਲਾ ਕੀਤਾ ਗਿਆ। ਵਿੱਤ ਵਿਭਾਗ ਵੱਲੋਂ 16 ਅਕਤੂਬਰ ਨੂੰ ਹੀ ਇਹ ਪੱਤਰ ਸਾਰੇ ਵਿਭਾਗਾਂ ਦੇ ਮੁਖੀਆਂ ਤੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਕੀਤਾ ਗਿਆ ਹੈ।

ਸਰਕਾਰ ਨੇ ਇਹ ਪਾਬੰਦੀਆਂ ਵਿਭਾਗਾਂ ਦੇ ਨਾਲ-ਨਾਲ ਨਿਗਮਾਂ ਤੇ ਬੋਰਡਾਂ 'ਤੇ ਵੀ ਥੋਪੀਆਂ ਹਨ। ਵਿੱਤ ਵਿਭਾਗ ਦੇ ਇਕ ਅੰਦਾਜ਼ੇ ਮੁਤਾਬਕ ਇਕ ਸਾਲ ਵਿਚ ਤਕਰੀਬਨ 15 ਹਜ਼ਾਰ ਮੁਲਾਜ਼ਮ ਤੇ ਅਫਸਰ ਐਲ.ਟੀ.ਸੀ. ਦੀ ਸਹੂਲਤ ਲੈਂਦੇ ਹਨ। ਪਾਬੰਦੀਆਂ ਮੁਤਾਬਕ ਵਿਭਾਗਾਂ ਵੱਲੋਂ ਕਾਨਫਰੰਸਾਂ, ਸੈਮੀਨਾਰਜ਼ ਤੇ ਵਰਕਸ਼ਾਪ ਦਾ ਆਯੋਜਨ ਅਣਸਰਦੇ ਸਮੇਂ ਦੌਰਾਨ ਹੀ ਕੀਤਾ ਜਾ ਸਕੇਗਾ। ਪੰਜ ਤਾਰਾ ਜਾਂ ਇਸ ਤੋਂ ਵੱਡੇ ਹੋਟਲਾਂ ਵਿਚ ਮੀਟਿੰਗਾਂ ਕਾਨਫਰੰਸਾਂ ਨਹੀਂ ਕੀਤੀਆਂ ਜਾਣਗੀਆਂ। ਸਰਕਾਰੀ ਖ਼ਰਚੇ 'ਤੇ ਵਿਦੇਸ਼ ਜਾਂ ਕਿਸੇ ਹੋਰ ਰਾਜ ਵਿਚ ਸਟੱਡੀ ਟੂਰ ਨਹੀਂ ਕੀਤਾ ਜਾ ਸਕੇਗਾ। ਗੈਰ ਸਰਕਾਰੀ ਸੰਸਥਾ ਵੱਲੋਂ ਕੀਤੇ ਖ਼ਰਚ ਦਾ ਮਾਮਲਾ ਵੀ ਵਿਚਾਰਨ ਯੋਗ ਹੋਵੇਗਾ। ਜਿਨ੍ਹਾਂ ਮੰਤਰੀਆਂ ਜਾਂ ਅਧਿਕਾਰੀਆਂ ਕੋਲ ਇਕ ਤੋਂ ਵੱਧ ਵਿਭਾਗਾਂ ਦਾ ਚਾਰਜ ਹੈ ਉਹ ਮੰਤਰੀ ਜਾਂ ਅਧਿਕਾਰੀ ਇਕੋ ਵਿਭਾਗ ਦੀ ਕਾਰ ਵਰਤ ਸਕਣਗੇ।

ਖ਼ਰਚੇ ਵਿਚ ਬੈਲੈਂਸ ਬਣਾ ਕੇ ਰੱਖਣ ਲਈ ਕਿਹਾ ਗਿਆ ਹੈ ਤੇ ਦਫ਼ਤਰਾਂ ਵਿਚ ਬਿਜਲੀ ਦੀ ਖਪਤ 10 ਫੀਸਦੀ ਘਟਾਉਣ ਤੇ ਟੈਲੀਫੋਨ ਦੀ ਵਰਤੋਂ ਘੱਟ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਵਿਦੇਸ਼ ਦੌਰਾ ਸਿਰਫ਼ ਉਦੋਂ ਹੀ ਕੀਤਾ ਜਾ ਸਕਦਾ ਹੈ ਜਦੋਂ ਬੇਹੱਦ ਜ਼ਰੂਰੀ ਹੋਵੇ ਉਹ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਵਾਨਗੀ ਨਾਲ। ਅਪੈਕਸ ਸਕੇਲ ਦੇ ਅਧਿਕਾਰੀਆਂ ਨੂੰ ਛੱਡ ਕੇ ਬਾਕੀ ਅਫ਼ਸਰਾਂ ਨੂੰ ਹਵਾਈ ਸਫ਼ਰ ਸਮੇਂ ਇਕਾਨਮੀ ਕਲਾਸ ਵਿਚ ਸਫ਼ਰ ਕਰਨ ਲਈ ਕਿਹਾ ਗਿਆ ਹੈ। ਇਸੇ ਤਰ੍ਹਾਂ ਮੁੱਖ ਸਕੱਤਰ ਨੂੰ ਛੱਡ ਕੇ ਬਾਕੀ ਸਾਰੇ ਅਧਿਕਾਰੀਆਂ ਨੂੰ ਘਰਾਂ ਵਿਚ ਦਫ਼ਤਰ ਕਾਇਮ ਕਰਨ ਦੀ ਸਹੂਲਤ ਬੰਦ ਕਰ ਦਿੱਤੀ ਗਈ ਹੈ।

# ਵਿਦੇਸ਼ ਡੇਰੇ ਲਾਈ ਬੈਠੇ ਅਧਿਆਪਕਾਂ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਵੱਲੋਂ ਛੁੱਟੀ ਲੈ ਕੇ ਵਿਦੇਸ਼ ਜਾਣ ਤੇ ਉਥੇ ਪੱਕੀ ਰਿਹਾਇਸ਼ (ਪੀ.ਆਰ.) ਜਾਂ ਗਰੀਨ ਕਾਰਡ ਹਾਸਲ ਕਰਨ ਵਾਲਿਆਂ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਪੰਜਾਬ ਦੇ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਵੱਲੋਂ ਜਾਰੀ ਹਦਾਇਤਾਂ ਹੇਠ ਸਮੂਹ ਅਧਿਆਪਕਾਂ ਨੂੰ ਪੱਕੀ ਰਿਹਾਇਸ਼ ਜਾਂ ਗਰੀਨ ਕਾਰਡ ਬਾਰੇ ਜਾਣਕਾਰੀ ਦੇਣ ਲਈ ਸਵੈ-ਘੋਸ਼ਣਾ ਪੱਤਰ ਦਿੱਤੇ ਜਾਣ ਤੇ ਸਾਰੇ ਅਧਿਆਪਕਾਂ ਦੇ ਪਾਸਪੋਰਟ ਦੀਆਂ ਕਾਪੀਆਂ ਭੇਜਣ ਲਈ ਕਿਹਾ ਗਿਆ ਸੀ। ਇਹ ਜਾਣਕਾਰੀ 26 ਸਤੰਬਰ 2014 ਤੱਕ ਦੇਣੀ ਜ਼ਰੂਰੀ ਬਣਾਈ ਗਈ ਸੀ ਪਰ ਵੱਡੀ ਗਿਣਤੀ ਸਕੂਲਾਂ ਵੱਲੋਂ ਇਹ ਜਾਣਕਾਰੀ ਨਹੀਂ ਭੇਜੀ ਗਈ, ਹੁਣ ਮੁੜ ਫਿਰ ਸਾਰੇ ਸਿੱਖਿਆ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਹਦਾਇਤ ਕੀਤੀ ਗਈ ਹੈ ਕਿ ਸਾਰੇ ਅਧਿਆਪਕਾਂ ਦੇ ਸਵੈ-ਘੋਸ਼ਣਾ ਪੱਤਰ ਤੇ ਹਰੇਕ ਦੇ ਪਾਸਪੋਰਟ ਦੀਆਂ ਸਵੈ-ਤਸਦੀਕ ਕਾਪੀਆਂ ਭੇਜੀਆਂ ਜਾਣ।

ਸਰਕਾਰ ਵੱਲੋਂ ਇਹ ਜਾਣਕਾਰੀ ਮੰਗੇ ਜਾਣ ਕਾਰਨ ਅਧਿਆਪਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅਧਿਆਪਕਾਂ ਦਾ ਕਹਿਣਾ ਹੈ ਕਿ ਜੇਕਰ ਕੋਈ ਅਧਿਆਪਕ ਵਿਦੇਸ਼ ਲਈ ਛੁੱਟੀ ਲੈ ਕੇ ਵਾਪਸ ਨਹੀਂ ਪਰਤਿਆ ਜਾਂ ਪ੍ਰਵਾਨ ਛੁੱਟੀ ਤੋਂ ਵੱਧ ਸਮਾਂ ਰਹਿ ਕੇ ਆਇਆ ਹੈ ਤਾਂ ਵਿਭਾਗ ਉਸ ਬਾਰੇ ਵਿਭਾਗੀ ਜਾਂਚ ਕਰ ਸਕਦਾ ਹੈ, ਪਰ ਸਾਰੇ ਅਧਿਆਪਕਾਂ ਨੂੰ ਕਿਉਂ ਬਿਨਾਂ ਵਜ੍ਹਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਧਿਆਪਕਾਂ ਵਿਚ ਇਹ ਵੀ ਰੋਸ ਹੈ ਕਿ ਉਨ੍ਹਾਂ ਦੇ ਪਾਸਪੋਰਟ ਦੀਆਂ ਕਾਪੀਆਂ ਦੀ ਦੁਰਵਰਤੋਂ ਵੀ ਹੋ ਸਕਦੀ ਹੈ। ਯਾਦ ਰਹੇ ਕਿ ਕੁਝ ਮਹੀਨੇ ਪਹਿਲਾਂ ਵੀ ਅਜਿਹੀ ਕਾਰਵਾਈ ਆਰੰਭ ਕੀਤੀ ਗਈ ਸੀ, ਪਰ ਚੋਣਾਂ ਕਾਰਨ ਠੱਪ ਕਰ ਦਿੱਤੀ ਗਈ ਸੀ।

# ਬਜ਼ੁਰਗ ਸਿੱਖ ਨਾਲ ਭੇਦਭਾਵ ਮਾਮਲੇ 'ਤੇ ਜੇਲ੍ਹ ਵਿਭਾਗ ਦੀ ਜਵਾਬਤਲਬੀ

**ਨਿਊਯਾਰਕ:** ਇਕ ਬਜ਼ੁਰਗ ਸਿੱਖ ਨਾਲ ਧਾਰਮਿਕ ਭੇਦਭਾਵ ਦੇ ਮੁੱਦੇ 'ਤੇ ਅਮਰੀਕਾ ਦੇ ਅਟਾਰਨੀ ਪ੍ਰੀਤ ਭਰਾੜਾ ਦੇ ਦਫ਼ਤਰ ਨੇ ਨਿਊਯਾਰਕ ਸਿਟੀ ਦੇ ਜੇਲ੍ਹ ਵਿਭਾਗ ਨੂੰ ਖ਼ਤ ਲਿਖਿਆ ਹੈ। ਇਸ ਬਜ਼ੁਰਗ ਨੂੰ ਜੇਲ੍ਹ ਵਿਚ ਬੰਦ ਆਪਣੇ ਪੁੱਤਰ ਨੂੰ ਮਿਲਣ ਲਈ ਹਰ ਵਾਰ ਆਪਣੀ ਪੱਗ ਉਤਾਰਨ ਲਈ ਕਿਹਾ ਜਾਂਦਾ ਸੀ। ਗੁਰਬੇਜ ਸਿੰਘ ਸੰਧੂ ਨੂੰ ਫਰਵਰੀ 2012 ਤੋਂ ਲੈ ਕੇ ਹੁਣ ਤੱਕ ਕਈ ਵਾਰ ਰਾਈਕਰਜ਼ ਆਈਲੈਂਡ ਕਰੈਕਸ਼ਨਲ ਫੈਸਿਲਿਟੀ (ਜੇਲ੍ਹ) ਜਾਣਾ ਪੈਂਦਾ ਸੀ, ਜਿਥੇ ਉਸ ਦਾ ਪੁੱਤਰ ਕੈਦ ਕੱਟ ਰਿਹਾ ਹੈ।

ਮਨੁੱਖੀ ਅਧਿਕਾਰਾਂ ਬਾਰੇ ਇਕ ਗਰੁੱਪ 'ਯੂਨਾਈਟਿਡ ਸਿੱਖਜ਼' ਨੇ ਇਕ ਬਿਆਨ ਵਿਚ ਆਖਿਆ ਕਿ ਸੰਧੂ ਨੂੰ ਹਰ ਵਾਰ ਆਪਣੇ ਪੁੱਤਰ ਨੂੰ ਮਿਲਣ ਸਮੇਂ ਪੱਗ ਲਾਹੁਣ ਲਈ ਆਖਿਆ ਜਾਂਦਾ ਸੀ ਹਾਲਾਂਕਿ ਉਸ ਵੱਲੋਂ ਸੁਰੱਖਿਆ ਅਫਸਰਾਂ ਨੂੰ ਇਹ ਦੱਸਿਆ ਜਾਂਦਾ ਸੀ ਕਿ ਪੱਗ ਸਿੱਖਾਂ ਦੀ ਪਛਾਣ ਦਾ ਜ਼ਰੂਰੀ ਅੰਗ ਹੈ ਤੇ ਇਸ ਨੂੰ ਜਬਰੀ ਲਾਹੁਣਾ ਹੱਤਕ ਕਰਾਰ ਦਿੱਤਾ ਜਾਂਦਾ ਹੈ ਪਰ ਸੰਧੂ ਨੂੰ ਸੁਰੱਖਿਆ ਅਫਸਰਾਂ ਦਾ ਹੁਕਮ ਮੰਨਣਾ ਪੈਂਦਾ ਸੀ, ਜਿਨ੍ਹਾਂ ਦਾ ਕਹਿਣਾ ਸੀ ਕਿ ਪੱਗ ਲਾਹੇ ਬਗੈਰ ਉਹ ਆਪਣੇ ਪੁੱਤਰ ਨੂੰ ਨਹੀਂ ਮਿਲ ਸਕਦਾ। ਮਨੁੱਖੀ ਅਧਿਕਾਰਾਂ ਦੀ ਜਥੇਬੰਦੀ ਦੀ ਕਾਨੂੰਨੀ ਟੀਮ ਨੇ ਸ਼ਹਿਰ ਦੇ ਜੇਲ੍ਹ ਵਿਭਾਗ ਨੂੰ ਪੱਤਰ ਲਿਖ ਕੇ ਇਸ ਬਜ਼ੁਰਗ ਸਿੱਖ ਨਾਲ 'ਬਦਸਲੂਕੀ' ਬੰਦ ਕਰਾਉਣ ਤੇ ਸਬੰਧਤ ਅਫਸਰਾਂ ਦੀ ਜਵਾਬਤਲਬੀ ਕਰਨ ਦੀ ਮੰਗ ਕੀਤੀ ਸੀ। ਜਥੇਬੰਦੀ ਨੇ ਸ਼ਹਿਰੀ ਆਜ਼ਾਦੀਆਂ ਬਾਰੇ ਕਮਿਸ਼ਨ ਕੋਲ ਵੀ ਸ਼ਿਕਾਇਤ ਕੀਤੀ ਸੀ, ਜਿਸ ਨੇ ਇਹ ਮਾਮਲਾ ਅਟਾਰਨੀ ਪ੍ਰੀਤ ਭਰਾੜਾ ਦੇ ਦਫ਼ਤਰ ਨੂੰ ਭੇਜ ਦਿੱਤਾ ਸੀ। ਹੁਣ ਅਟਾਰਨੀ ਦੇ ਦਫ਼ਤਰ ਨੇ ਜੇਲ੍ਹ ਵਿਭਾਗ ਨੂੰ ਪੱਤਰ ਲਿਖ ਕੇ ਸ੍ਰੀ ਸੰਧੂ ਨਾਲ ਧਾਰਮਿਕ ਭੇਦਭਾਵ ਦੀ ਕਾਰਵਾਈ ਬਾਰੇ ਸਫਾਈ ਮੰਗੀ ਹੈ। ਪੱਤਰ ਵਿਚ ਲਿਖਿਆ ਗਿਆ ਹੈ ਕਿ ਸਿੱਖ ਦੀ ਪੱਗ ਲਾਹੁਣਾ ਸ਼ਹਿਰੀ ਆਜ਼ਾਦੀਆਂ ਬਾਰੇ ਕਾਨੂੰਨ ਤੇ ਇਹ ਵਿਭਾਗ ਦੇ ਡਰੈੱਸ ਕੋਡ ਦੀ ਅਵੱਗਿਆ ਗਿਣੀ ਜਾ ਸਕਦੀ ਹੈ।

# ਧੀ ਮਾਰਨ ਦੇ ਦੋਸ਼ ਵਿਚ ਪਿਉ ਤੇ ਤਾਏ ਨੂੰ ਫਾਂਸੀ ਦੀ ਸਜ਼ਾ

**ਅੰਮ੍ਰਿਤਸਰ:** ਅਦਾਲਤ ਨੇ ਅਣਖ ਖ਼ਾਤਰ ਲੜਕੀ ਦੀ ਹੱਤਿਆ ਕਰਨ ਦੇ ਦੋਸ਼ ਵਿਚ ਦੋ ਸਕੇ ਭਰਾਵਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਦੀ ਪਛਾਣ ਜੰਡਿਆਲਾ ਵਾਸੀ ਬਲਵਿੰਦਰ ਸਿੰਘ ਤੇ ਬਲਦੇਵ ਸਿੰਘ ਵਜੋਂ ਹੋਈ ਹੈ। ਇਨ੍ਹਾਂ ਨੇ ਅਣਖ ਖ਼ਾਤਰ ਆਪਣੀ ਹੀ ਧੀ ਦਾ ਕਤਲ ਕਰ ਦਿੱਤਾ ਸੀ। ਪੁਲਿਸ ਕੇਸ ਮੁਤਾਬਕ ਲੜਕੀ ਨੂੰ ਪਹਿਲਾਂ ਜ਼ਹਿਰ ਦਿੱਤਾ ਗਿਆ ਤੇ ਬਾਅਦ ਵਿਚ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਗਈ।

ਜ਼ਿਕਰਯੋਗ ਹੈ ਕਿ 12 ਸਤੰਬਰ 2012 ਨੂੰ ਥਾਣਾ ਜੰਡਿਆਲਾ ਵਿਖੇ ਵੈਰੋਵਾਲ ਰੋਡ ਵਾਸੀ ਨੌਜਵਾਨ ਸੁਖਦੇਵ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸਦੇ ਘਰ ਦੇ ਨੇੜੇ ਰਹਿਣ ਵਾਲੇ ਬਲਵਿੰਦਰ ਸਿੰਘ ਦੀ ਲੜਕੀ ਨਾਲ ਉਸਦੇ ਪ੍ਰੇਮ ਸਬੰਧ ਸਨ। ਉਹ ਦੋਵੇਂ ਇਕ ਦੂਜੇ ਨਾਲ ਵਿਆਹ ਕਰਨਾ ਚਾਹੁੰਦੇ ਹਨ ਪਰ ਲੜਕੀ ਦੇ ਘਰ ਪਰਿਵਾਰ ਵਾਲਿਆਂ ਨੂੰ ਉਨ੍ਹਾਂ ਦਾ ਇਹ ਰਿਸ਼ਤਾ ਮਨਜ਼ੂਰ ਨਹੀਂ।

ਨੌਜਵਾਨ ਦਾ ਦੋਸ਼ ਸੀ ਕਿ 11 ਸਤੰਬਰ ਨੂੰ ਲੜਕੀ ਨੇ ਉਸ ਨੂੰ ਫੋਨ ਕਰਕੇ ਦੱਸਿਆ ਕਿ ਉਸਦਾ ਪਿਤਾ ਬਲਵਿੰਦਰ ਸਿੰਘ ਤੇ ਤਾਇਆ ਬਲਦੇਵ ਸਿੰਘ ਇਹ ਰਿਸ਼ਤਾ ਖ਼ਤਮ ਕਰਨ ਲਈ

**ਜੰਡਿਆਲਾ ਵਿਚ ਦੋ ਸਾਲ ਪਹਿਲਾਂ ਹੋਈ ਸੀ ਵਾਰਦਾਤ**

ਦਬਾਅ ਪਾ ਰਹੇ ਹਨ। ਇਸ ਕਰਕੇ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਹੈ। ਅਗਲੇ ਦਿਨ ਉਸਨੂੰ ਪਤਾ ਲੱਗਾ ਕਿ ਲੜਕੀ ਦੀ ਮੌਤ ਹੋ ਗਈ। ਉਸਨੇ ਸ਼ੱਕ ਜ਼ਾਹਿਰ ਕੀਤਾ ਕਿ ਲੜਕੀ ਦੀ ਹੱਤਿਆ ਕੀਤੀ ਗਈ ਹੈ। ਪੁਲਿਸ ਨੇ ਲੜਕੀ ਦੇ ਪਿਤਾ ਤੇ ਤਾਏ ਉੱਤੇ ਗਲਾ ਘੁੱਟ ਕੇ ਮਾਰਨ ਦਾ ਕੇਸ ਦਰਜ ਕੀਤਾ ਪਰ ਬਾਅਦ ਵਿਚ ਪੋਸਟਮਾਰਟਮ ਮੁਤਾਬਕ ਮੌਤ ਦਾ ਕਾਰਨ ਜ਼ਹਿਰ ਦੇ ਮਾਰਨ ਬਾਰੇ ਪਤਾ ਲੱਗਾ। ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਲੜਕੀ ਦੀ ਹੱਤਿਆ ਨਹੀਂ ਹੋਈ ਬਲਕਿ ਉਸਨੇ ਆਤਮ ਹੱਤਿਆ ਕੀਤੀ ਹੈ, ਪਰ ਅਦਾਲਤ ਵਿਚ ਉਹ ਅਜਿਹਾ ਸਾਬਤ ਨਹੀਂ ਕਰ ਸਕੇ ਜਿਸ ਕਰ ਕੇ ਜੱਜ ਨੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਸਜ਼ਾ ਸੁਣਦੇ ਸਾਰ ਦੋਵੇਂ ਫੁੱਟ-ਫੁੱਟ ਕੇ ਰੋ ਪਏ। ਉਹ ਆਖ ਰਹੇ ਸਨ ਕਿ ਲੰਘਿਆ ਵਕਤ ਹੁਣ ਵਾਪਸ ਨਹੀਂ ਆ ਸਕਦਾ। ਇਕ ਤਾਂ ਕੁੜੀ ਦੀ ਜਾਨ ਗਈ, ਉਪਰੋਂ ਸਜ਼ਾ ਵੀ ਮਿਲ ਗਈ।

# ਈਬੋਲਾ: ਅਫਰੀਕੀ ਦੇਸ਼ਾਂ ਤੋਂ ਪੰਜਾਬ ਪਰਤਣ ਵਾਲਿਆਂ ਦੀ ਨਿਗਰਾਨੀ

**ਚੰਡੀਗੜ੍ਹ:** ਦੱਖਣੀ ਅਫਰੀਕਾ ਜਾਂ ਮੱਧ ਪੂਰਬੀ ਦੇਸ਼ਾਂ ਤੋਂ ਪੰਜਾਬ ਪਰਤੇ ਲੋਕਾਂ ਉੱਤੇ ਈਬੋਲਾ ਕਾਰਨ ਨਿਰੰਤਰ ਨਿਗਰਾਨੀ ਰੱਖੀ ਜਾ ਰਹੀ ਹੈ ਪਰ ਇਨ੍ਹਾਂ ਲੋਕਾਂ ਨੂੰ ਵੱਖਰੇ ਨਹੀਂ ਰੱਖਿਆ ਜਾ ਰਿਹਾ। ਕੇਂਦਰ ਸਰਕਾਰ ਨੇ ਇਨ੍ਹਾਂ ਦੇਸ਼ਾਂ ਤੋਂ ਪੰਜਾਬ ਪਰਤੇ 25 ਲੋਕਾਂ ਦੀ ਸੂਚੀ ਭੇਜੀ ਹੈ ਤੇ ਇਨ੍ਹਾਂ ਵਿਚੋਂ 15 ਨੂੰ ਕਿਸੇ ਪ੍ਰਕਾਰ ਦੇ ਵਾਇਰਸ ਤੋਂ ਮੁਕਤ ਕਰਾਰ ਦਿੱਤਾ ਗਿਆ ਹੈ। ਸਿਹਤ ਤੇ ਪਰਿਵਾਰ ਭਲਾਈ ਦੀ ਪ੍ਰਿੰਸੀਪਲ ਸਕੱਤਰ ਵਿਨੀ ਮਹਾਜਨ ਦਾ ਕਹਿਣਾ ਹੈ ਕਿ ਪ੍ਰਭਾਵਿਤ ਦੇਸ਼ਾਂ ਤੋਂ ਪਰਤੇ ਲੋਕਾਂ ਦੀ ਤਿੰਨ ਹਫਤੇ ਨਜ਼ਰਸਾਨੀ ਕਰਨਾ ਜ਼ਰੂਰੀ ਹੈ। ਇਨ੍ਹਾਂ ਲੋਕਾਂ ਦੀ ਜਾਂਚ ਲਈ ਅੰਮ੍ਰਿਤਸਰ ਵਿਖੇ ਹਵਾਈ ਅੱਡੇ ਉੱਤੇ ਵਿਸ਼ੇਸ਼ ਟੀਮ ਨਿਯੁਕਤ ਕੀਤੀ ਗਈ ਹੈ। ਈਬੋਲਾ ਪ੍ਰਭਾਵਿਤ ਦੇਸ਼ਾਂ ਤੋਂ ਪਰਤੇ ਲੋਕਾਂ ਲਈ ਜ਼ਿਲ੍ਹਾ ਹੈੱਡ-ਕੁਆਰਟਰ ਉੱਤੇ ਰੋਜ਼ਾਨਾ ਇਕ ਵਾਰ ਜਾਂਚ ਕਰਵਾਉਣਾ ਲਾਜ਼ਮੀ ਹੈ ਤੇ ਇਸ ਦੇ ਨਾਲ ਹੀ ਰੋਜ਼ਾਨਾ ਇਕ ਸਿਹਤ ਵਰਕਰ ਇਨ੍ਹਾਂ ਦੇ ਘਰ ਜਾ ਕੇ ਪੜਤਾਲ ਕਰਦਾ ਹੈ ਕਿ ਕਿਤੇ ਕੋਈ ਈਬੋਲਾ ਨਾਲ ਸਬੰਧਤ ਚਿੰਨ੍ਹ ਤਾਂ ਨਹੀਂ ਮਿਲਦੇ। ਇਸ ਬਾਰੇ ਹੋਰ ਵੇਰਵੇ ਦਿੰਦਿਆਂ ਸਿਹਤ ਸੇਵਾਵਾਂ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਨੇ ਦੱਸਿਆ ਕਿ ਦੱਖਣੀ ਅਫਰੀਕਾ ਤੇ ਮੱਧ ਪੂਰਬੀ ਦੇਸ਼ਾਂ ਤੋਂ ਪੰਜਾਬ ਵਿਚ ਪਰਤਣ ਵਾਲੇ ਲੋਕਾਂ ਦੀ ਸੂਚੀ ਸਮੇਂ-ਸਮੇਂ ਕੇਂਦਰ ਵੱਲੋਂ ਆਉਂਦੀ ਰਹਿੰਦੀ ਹੈ।

ਸਾਰੇ ਹਸਪਤਾਲਾਂ ਵਿਚ ਸ਼ੱਕੀ ਮਰੀਜ਼ਾਂ ਨੂੰ ਧਿਆਨ ਵਿਚ ਰੱਖਦਿਆਂ ਵੱਖਰੇ ਕਮਰੇ, ਵਿਸ਼ੇਸ਼ ਕਿੱਟਾਂ, ਦਵਾਈਆਂ ਪੂਰੀ ਤਰ੍ਹਾਂ ਤਿਆਰ ਰੱਖੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਪ੍ਰਕਾਰ ਦੀ ਘਬਰਾਹਟ ਦੀ ਲੋੜ ਨਹੀਂ ਹੈ। ਇਹ ਸਾਰੇ ਲੋਕ ਰੋਜ਼ਾਨਾ ਜੀਵਨ ਬਤੀਤ ਕਰ ਰਹੇ ਹਨ।

# ਤੇਲ ਕੀਮਤਾਂ ਲਗਾਤਾਰ ਘਟਣ ਤੋਂ ਔਖੀ ਹੈ ਪੰਜਾਬ ਸਰਕਾਰ

**ਚੰਡੀਗੜ੍ਹ:** ਤੇਲ ਕੀਮਤਾਂ ਵਿਚ ਆਈ ਗਿਰਾਵਟ ਨੇ ਭਾਵੇਂ ਆਮ ਆਦਮੀ ਨੂੰ ਤਾਂ ਖੁਸ਼ ਕੀਤਾ ਹੈ ਪਰ ਪੰਜਾਬ ਸਰਕਾਰ ਇਸ ਨੂੰ ਵੱਡਾ ਝਟਕਾ ਮੰਨ ਰਹੀ ਹੈ ਕਿਉਂਕਿ ਪੈਟਰੋਲ ਤੇ ਡੀਜ਼ਲ ਦੇ ਭਾਅ ਘਟਣ ਨਾਲ ਪੰਜਾਬ ਸਰਕਾਰ ਨੂੰ ਸਾਲਾਨਾ 300 ਕਰੋੜ ਰੁਪਏ ਤੋਂ ਜ਼ਿਆਦਾ ਦਾ ਮਾਲੀ ਨੁਕਸਾਨ ਹੋਣ ਦਾ ਅਨੁਮਾਨ ਹੈ। ਕੌਮਾਂਤਰੀ ਮੰਡੀ ਵਿਚ ਕੱਚੇ ਤੇਲ ਦੀਆਂ ਕੀਮਤਾਂ ਘਟਣ ਕਾਰਨ ਪਿਛਲੇ ਪੰਜ ਕੁ ਮਹੀਨਿਆਂ ਦੌਰਾਨ ਪੈਟਰੋਲ ਦੀਆਂ ਕੀਮਤਾਂ ਤਕਰੀਬਨ 7.50 ਰੁਪਏ ਤੱਕ ਘਟ ਚੁੱਕੀਆਂ ਹਨ।

ਕੇਂਦਰ ਸਰਕਾਰ ਵੱਲੋਂ ਡੀਜ਼ਲ ਦੀਆਂ ਕੀਮਤਾਂ ਵਿਚ 3.37 ਰੁਪਏ ਦੀ ਕਟੌਤੀ ਕਰ ਦਿੱਤੀ ਗਈ ਹੈ। ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਜੇਕਰ ਪੈਟਰੋਲ ਦੀ ਕੀਮਤ ਇਕ ਰੁਪਏ ਘਟਦੀ ਹੈ ਤਾਂ ਸਰਕਾਰ ਨੂੰ ਤਕਰੀਬਨ ਸਾਲਾਨਾ 25 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ। ਪੈਟਰੋਲ ਦੀਆਂ ਕੀਮਤਾਂ ਵਿਚ ਹੁਣ ਤੱਕ ਆਈ ਗਿਰਾਵਟ ਨਾਲ ਸਰਕਾਰ ਨੂੰ ਤਕਰੀਬਨ 200 ਕਰੋੜ ਰੁਪਏ ਸਾਲਾਨਾ ਦਾ ਵਿੱਤੀ ਨੁਕਸਾਨ ਹੋ ਸਕਦਾ ਹੈ। ਪੈਟਰੋਲ ਤੇ ਡੀਜ਼ਲ ਦੇ ਭਾਅ ਘਟਣ ਨਾਲ ਸਰਕਾਰ ਨੂੰ ਸਾਲਾਨਾ ਤਕਰੀਬਨ 300 ਕਰੋੜ ਦਾ ਨੁਕਸਾਨ ਹੋ ਸਕਦਾ ਹੈ।

**ਸਾਲਾਨਾ 300 ਕਰੋੜ ਤੋਂ ਵੱਧ ਰਗੜਾ ਲੱਗਣ ਦਾ ਅਨੁਮਾਨ**



ਗੰਭੀਰ ਵਿੱਤੀ ਸੰਕਟ ਨਾਲ ਜੂਝ ਰਹੀ ਸਰਕਾਰ ਲਈ ਇਹ ਵੱਡਾ ਸਦਮਾ ਹੈ। ਪੰਜਾਬ ਸਰਕਾਰ ਵੱਲੋਂ ਪਹਿਲੀ ਅਕਤੂਬਰ ਤੋਂ ਡੀਜ਼ਲ 'ਤੇ ਵੈਟ ਦੀ ਦਰ ਵਿਚ ਇਕ ਫ਼ੀਸਦੀ ਵਾਧਾ ਕੀਤਾ ਗਿਆ ਹੈ ਜਿਸ ਨਾਲ ਸਰਕਾਰ ਨੂੰ 110 ਕਰੋੜ ਰੁਪਏ ਦਾ ਵਾਧੂ ਮਾਲੀਆ ਆਉਣ ਦਾ ਅੰਦਾਜ਼ਾ ਸੀ। ਕੇਂਦਰ ਸਰਕਾਰ ਵੱਲੋਂ ਪੈਟਰੋਲ ਦੀਆਂ ਕੀਮਤਾਂ ਵਿਚ ਲਗਾਤਾਰ ਕੀਤੀ ਜਾ ਰਹੀ ਕਟੌਤੀ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ। ਇਸ ਸਮੇਂ ਪੰਜਾਬ ਵਿਚ ਪੈਟਰੋਲ 'ਤੇ ਕਰ 31 ਫ਼ੀਸਦੀ ਹਨ ਜਦਕਿ ਵੈਟ ਤੋਂ ਬਿਨਾਂ ਇਕ ਰੁਪਏ ਪ੍ਰਤੀ ਲਿਟਰ ਇਨਫ੍ਰਾਸਟੱਕਚਰ ਵਿਕਾਸ ਫੰਡ ਉਗਰਾਹਿਆ ਜਾਂਦਾ ਹੈ। ਡੀਜ਼ਲ 'ਤੇ ਵੈਟ ਇਸ ਸਮੇਂ 9.75 ਫ਼ੀਸਦੀ ਹੈ।

ਪੈਟਰੋਲੀਅਮ ਖੇਤਰ ਦੇ ਮਾਹਰਾਂ ਮੁਤਾਬਕ ਕੌਮਾਂਤਰੀ ਮੰਡੀ ਵਿਚ ਪਿਛਲੇ ਕੁਝ ਮਹੀਨਿਆਂ ਦੌਰਾਨ ਪੈਟਰੋਲ ਦੀ ਕੀਮਤ 115 ਡਾਲਰ ਪ੍ਰਤੀ ਬੈਰਲ ਤੋਂ 81 ਡਾਲਰ 'ਤੇ ਆ ਗਈ ਹੈ ਜਿਸਦੇ ਹੋਰ ਵੀ ਘਟਣ ਦਾ ਅਨੁਮਾਨ ਹੈ। ਇਹ ਕੀਮਤ 65 ਡਾਲਰ ਦੇ ਨਜ਼ਦੀਕ ਆਉਣ ਦਾ ਅੰਦਾਜ਼ਾ ਹੈ ਜਿਸ ਨਾਲ ਪੈਟਰੋਲ ਦੀਆਂ ਕੀਮਤਾਂ 60 ਰੁਪਏ ਪ੍ਰਤੀ ਲਿਟਰ ਦੇ ਕਰੀਬ ਆ ਸਕਦੀਆਂ ਹਨ। ਜੇਕਰ ਤੇਲ ਦੀਆਂ ਕੀਮਤਾਂ ਹੇਠਾਂ ਡਿੱਗਦੀਆਂ ਤਾਂ ਸਰਕਾਰ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ।

ਕਰ ਤੇ ਆਬਕਾਰੀ ਵਿਭਾਗ ਦੀ ਇਕ ਰਿਪੋਰਟ ਮੁਤਾਬਕ ਸਰਕਾਰ ਨੂੰ ਤੇਲ ਤੋਂ ਆਉਂਦੇ ਕਰਾਂ ਵਿਚ ਪਿਛਲੇ ਮਾਲੀ ਸਾਲ ਦੌਰਾਨ ਵੀ ਭਾਰੀ ਘਾਟਾ ਝੱਲਣਾ ਪਿਆ ਸੀ। ਇਨ੍ਹਾਂ ਤੱਥਾਂ ਮੁਤਾਬਕ ਪੈਟਰੋਲ ਤੇ ਡੀਜ਼ਲ ਦੀ ਵਿਕਰੀ ਤੋਂ ਸਰਕਾਰ ਨੇ ਸਾਲ 2011-12 ਦੌਰਾਨ 1587 ਕਰੋੜ ਰੁਪਏ ਤੇ 2012-13 ਦੌਰਾਨ 1990 ਕਰੋੜ ਰੁਪਏ ਕਮਾਏ ਸਨ।

ਇਨ੍ਹਾਂ ਤੱਥਾਂ ਮੁਤਾਬਕ ਵੈਟ ਦੀ ਵਸੂਲੀ ਵਿਚ ਵਾਧੇ ਦੀ ਦਰ ਪਹਿਲਾਂ ਨਾਲੋਂ ਘਟ ਰਹੀ ਹੈ। ਸਰਕਾਰ ਦੇ ਖ਼ਰਚੇ ਵਧ ਰਹੇ ਹਨ। ਰਾਜ ਸਰਕਾਰ ਦਾ ਆਰਥਿਕ ਸੰਕਟ ਦਿਨ ਪ੍ਰਤੀ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਮਾਲੀ ਸੋਮੇ ਜੁਟਾਉਣ ਤੇ ਵਿੱਤੀ ਸੰਕਟ ਵਿਚੋਂ ਬਾਹਰ ਨਿਕਲਣ ਲਈ ਸਰਕਾਰ ਵੱਲੋਂ ਆਉਂਦੇ ਦਿਨਾਂ ਦੌਰਾਨ ਕੁਝ ਹੋਰ ਸਖ਼ਤ ਕਦਮ ਚੁੱਕਣ ਜਾਂ ਕਰਾਂ ਵਿਚ ਵਾਧਾ ਕੀਤੇ ਜਾਣ ਦੀ ਸੰਭਾਵਨਾ ਹੈ।

## ਬੰਬੇ ਹਾਈ ਕੋਰਟ ਵੱਲੋਂ ਓਮ ਪੁਰੀ ਦੀ ਪਟੀਸ਼ਨ ਖਾਰਜ

**ਮੁੰਬਈ:** ਅਦਾਕਾਰ ਪੁਰੀ ਵੱਲੋਂ ਪਰਿਵਾਰਕ ਝਗੜੇ ਨਜਿੱਠਣ ਵਾਲੀ ਅਦਾਲਤ ਦੇ ਫੈਸਲੇ ਵਿਰੁਧ ਪਾਈ ਪਟੀਸ਼ਨ ਬੰਬੇ ਹਾਈ ਕੋਰਟ ਨੇ ਖਾਰਜ ਕਰ ਦਿੱਤੀ ਹੈ। ਪਰਿਵਾਰਕ ਮਾਮਲਿਆਂ ਬਾਰੇ ਅਦਾਲਤ ਨੇ ਪੁਰੀ ਨੂੰ ਆਪਣੀ ਪਤਨੀ ਨੰਦਿਤਾ ਤੇ ਨਾਬਾਲਗ ਪੁੱਤਰ ਨੂੰ 2.90 ਲੱਖ ਰੁਪਏ ਮਹੀਨਾ ਅੰਤ੍ਰਿਮ ਭੱਤਾ ਦੇਣ ਲਈ ਕਿਹਾ ਸੀ।

ਅਦਾਲਤ ਨੇ ਪੁਰੀ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਆਪਣੀ ਪਤਨੀ ਨੂੰ 1.25 ਲੱਖ ਰੁਪਏ ਮਹੀਨਾ ਗੁਜ਼ਾਰ ਭੱਤਾ ਤੇ 50,000 ਰੁਪਏ ਪੁੱਤਰ ਲਈ ਦੇਵੇ। ਇਸ ਤੋਂ ਇਲਾਵਾ ਪੁਰੀ ਨੂੰ ਪੁੱਤਰ ਦੇ ਡਾਕਟਰੀ ਤੇ ਪੜ੍ਹਾਈ ਦੇ ਮਾਸਿਕ ਖ਼ਰਚੇ ਵਜੋਂ 1.15 ਲੱਖ ਰੁਪਏ ਦੇਣ ਲਈ ਕਿਹਾ ਗਿਆ ਸੀ, ਜੋ ਉਹ ਆਪਣੇ ਆਪ ਸਹਿਮਤ ਹੋ ਗਿਆ ਸੀ।

## ਬਰਤਾਨੀਆ ਵੱਲੋਂ ਦਾਦਾਭਾਈ ਨਾਰੋਜੀ ਪੁਰਸਕਾਰਾਂ ਦਾ ਐਲਾਨ

**ਲੰਡਨ:** ਬਰਤਾਨੀਆ ਤੇ ਭਾਰਤ ਦੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਵਿਅਕਤੀਆਂ ਲਈ ਸ਼ੁਰੂ ਕੀਤੇ ਪਹਿਲੇ ਦਾਦਾਭਾਈ ਨਾਰੋਜੀ ਪੁਰਸਕਾਰਾਂ ਦਾ ਬਰਤਾਨੀਆ ਸਰਕਾਰ ਨੇ ਐਲਾਨ ਕਰ ਦਿੱਤਾ ਹੈ। ਦਾਦਾਭਾਈ ਨਾਰੋਜੀ ਪੁਰਸਕਾਰ ਦੇ ਤਿੰਨ ਜੇਤੂਆਂ ਵਿਚ ਸਭਿਆਚਾਰ ਦੇ ਖੇਤਰ ਵਿਚ ਅਦਾਕਾਰ ਮਾਧਵ ਸ਼ਰਮਾ, ਸਿੱਖਿਆ ਦੇ ਖੇਤਰ ਵਿਚ ਡੇਮ ਦਾ ਖ਼ਿਤਾਬ ਪ੍ਰਾਪਤ ਆਸ਼ਾ ਖੇਮਕਾ ਨੂੰ ਬਰਤਾਨਵੀ-ਭਾਰਤੀ ਬਿਜ਼ਨੈੱਸ ਕੌਂਸਲ ਚੇਅਰ ਪੱਤ੍ਰਿਕਾ ਹਿਊਇਟ ਸ਼ਾਮਲ ਹਨ।

ਇਸ ਸਾਲ ਦੇ ਸ਼ੁਰੂ ਵਿਚ ਨਵੇਂ ਸਾਲ ਮੌਕੇ ਜਾਰੀ ਨਿਵੇਸ਼ ਸਨਮਾਨਾਂ ਵਾਲੀ ਸੂਚੀ ਵਿਚ ਡੇਮ ਦਾ ਖ਼ਿਤਾਬ ਹਾਸਲ ਕਰਨ ਵਾਲੀ ਭਾਰਤੀ ਮੂਲ ਦੀ ਪਹਿਲੀ ਔਰਤ ਆਸ਼ਾ ਖੇਮਕਾ ਨੇ ਕਿਹਾ ਕਿ ਉਸ ਨੂੰ ਇਹ ਪੁਰਸਕਾਰ ਮਿਲਣ ਨਾਲ ਬਰਤਾਨੀਆ ਵਿਚ ਸਮੁੱਚੇ ਭਾਰਤੀ ਭਾਈਚਾਰੇ ਦਾ ਮਾਣ ਵਧਿਆ ਹੈ।

# 'ਮੋਦੀ ਸਰਕਾਰ' ਦੇ ਨਵੇਂ ਪੈਂਤੜਿਆਂ ਪਿਛੇ ਲੁਕੀ ਨੀਅਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਹੁਤ ਪੁਰਾਣਾ ਕਿੱਸਾ ਹੈ ਪੰਜਾਬ ਦੇ ਸੱਭਿਆਚਾਰ ਦਾ, ਜਿਹੜਾ ਕਿਸੇ ਵਿਰਲੇ ਪੰਜਾਬੀ ਨੇ ਭਾਵੇਂ ਨਾ ਸੁਣਿਆ ਹੋਵੇ, ਬਾਕੀ ਸਾਰਿਆਂ ਨੂੰ ਪਤਾ ਹੈ। ਇੱਕ ਵਾਰੀ ਇੱਕ ਜੱਟ ਦਾ ਕੱਟਾ ਗਵਾਚ ਗਿਆ ਸੀ। ਉਸ ਨੇ ਜਾ ਕੇ ਗੁੱਗੇ ਪੀਰ ਦੇ ਅਰਜ਼ ਕੀਤੀ ਕਿ ਕੱਟਾ ਲੱਭ ਜਾਵੇ ਤਾਂ ਪੰਜ ਸੌ ਰੁਪਏ ਦਾ ਪ੍ਰਸ਼ਾਦ ਚੜ੍ਹਾਵੇਗਾ। ਫਿਰ ਉਹ ਕਈ ਪੀਰਾਂ, ਫਕੀਰਾਂ ਕੋਲ ਤੇ ਧਾਰਮਿਕ ਅਸਥਾਨਾਂ ਉਤੇ ਜਾ ਕੇ ਪੰਜ-ਪੰਜ ਸੌ ਰੁਪਏ ਸੁੱਖਦਾ ਗਿਆ। ਕਿਸੇ ਨੇ ਕੱਟੇ ਦੀ ਕੀਮਤ ਪੁੱਛੀ ਤਾਂ ਕਹਿਣ ਲੱਗਾ ਕਿ ਦੋ ਕੁ ਹਜ਼ਾਰ ਰੁਪਏ ਦਾ ਹੋਊਗਾ। ਉਸ ਬੰਦੇ ਨੇ ਕਿਹਾ ਕਿ ਦੋ ਹਜ਼ਾਰ ਦਾ ਕੱਟਾ ਹੈ, ਦਸ ਹਜ਼ਾਰ ਦੇ ਕਰੀਬ ਤੂੰ ਸੁੱਖਣਾ ਸੁੱਖ ਦਿੱਤੀ ਹੈ, ਇਹ ਪੂਰੀ ਕਿਵੇਂ ਕਰੇਂਗਾ? ਜੱਟ ਨੇ ਹੱਸ ਕੇ ਕਿਹਾ: ਇੱਕ ਵਾਰ ਕੱਟੇ ਦੇ ਸਿੰਗਾਂ ਨੂੰ ਹੱਥ ਪੈ ਲੈਣ ਦੇਹ, ਇਨ੍ਹਾਂ ਸਾਰਿਆਂ ਨੂੰ ਮੈਂ ਕੀ ਦੇਣ ਲੱਗਾ ਹਾਂ? ਭਾਰਤੀ ਜਨਤਾ ਪਾਰਟੀ ਵੀ ਆਪਣੇ ਰਾਜ ਦੇ ਪੰਜ ਮਹੀਨਿਆਂ ਵਿਚ ਇਹੋ ਸਾਬਤ ਕਰ ਸਕੀ ਹੈ ਕਿ ਰਾਜ ਲੈਣ ਲਈ ਲੋਕਾਂ ਨਾਲ ਵਾਅਦੇ ਕਰਨੇ ਸਨ, ਕਰ ਲਏ, ਹੁਣ ਉਹ ਵਾਅਦੇ ਉਸ ਜੱਟ ਵਾਂਗ ਚੇਤੇ ਕਰਨ ਦੀ ਕੋਈ ਲੋੜ ਨਹੀਂ। ਵਾਅਦਿਆਂ ਵਾਲਾ ਅਮਲ ਤਾਂ ਕਿਧਰੇ ਰਿਹਾ, ਉਹ ਆਪਣੇ ਖੁਦ ਦੇ ਪੁਰਾਣੇ ਪੈਂਤੜੇ ਵੀ ਹੌਲੀ-ਹੌਲੀ ਛੱਡ ਕੇ ਪੁਰਾਣੀ ਲੀਹ ਵਿਚ ਪੈ ਕੇ ਸਰਕਾਰ ਚਲਾਉਣ ਲੱਗ ਪਈ ਹੈ।

ਪਹਿਲੀ ਗੱਲ ਭ੍ਰਿਸ਼ਟਾਚਾਰ ਦੇ ਵਿਰੋਧ ਦੀ ਹੈ। ਇਸ ਮਾਮਲੇ ਵਿਚ ਇਸ ਸਰਕਾਰ ਨੇ ਭਾਰਤ ਦੇ ਸਭ ਤੋਂ ਉਚੇ ਹਸਪਤਾਲ 'ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼' ਵਿਚੋਂ ਇੱਕ ਈਮਾਨਦਾਰ ਅਧਿਕਾਰੀ ਸੰਜੀਵ ਚਤੁਰਵੇਦੀ ਨੂੰ ਬਦਲ ਕੇ ਆਪਣੇ ਵਿਹਾਰ ਦੀ ਸੇਧ ਦੱਸ ਦਿੱਤੀ ਹੈ। ਇਸ ਅਫਸਰ ਦੇ ਹੁੰਦਿਆਂ ਉਸ ਅਦਾਰੇ ਵਿਚ ਦੋ ਸਾਲਾਂ ਵਿਚ ਭ੍ਰਿਸ਼ਟਾਚਾਰ ਦੇ 165 ਕੇਸ ਫੜੇ ਗਏ, ਇੱਕੀ ਅਫਸਰਾਂ ਨੂੰ ਅਹੁਦਾ ਛੱਡਣਾ ਪੈ ਗਿਆ, 15 ਕੇਸ ਕੇਂਦਰੀ ਵਿਜੀਲੈਂਸ ਨੂੰ ਬਾਕਾਇਦਾ ਜਾਂਚ ਲਈ ਦਿੱਤੇ ਗਏ ਅਤੇ ਤਿੰਨ ਬਹੁਤ ਗੰਭੀਰ ਮਾਮਲੇ ਕਾਨੂੰਨੀ ਕਾਰਵਾਈ ਲਈ ਸੀ ਬੀ ਆਈ ਨੂੰ ਭੇਜੇ ਗਏ, ਜਿਨ੍ਹਾਂ ਵਿਚ ਬਾਕਾਇਦਾ ਕੇਸ ਦਰਜ ਹੋਏ ਸਨ। ਸੰਜੀਵ ਤੋਂ ਪਿਛਲੇ ਅਧਿਕਾਰੀ ਨੇ ਆਪਣੇ ਸਮੇਂ ਵਿਚ ਸਿਰਫ 44 ਮਾਮਲੇ ਫੜੇ ਸਨ ਅਤੇ ਇੱਕ ਵੀ ਕੇਸ ਕਾਨੂੰਨੀ ਕਾਰਵਾਈ ਲਈ ਸੀ ਬੀ ਆਈ ਨੂੰ ਨਹੀਂ ਸੀ ਦਿੱਤਾ। ਭਾਜਪਾ ਸਰਕਾਰ ਬਣਦੇ ਸਾਰ ਸੰਜੀਵ ਨੂੰ ਹਟਾ ਦਿੱਤਾ ਗਿਆ। ਭਾਜਪਾ ਦਾ ਇੱਕ ਕੇਂਦਰੀ ਆਗੂ ਉਸ ਦੇ ਪਿੱਛੇ ਪਿਆ ਹੋਇਆ ਸੀ। ਉਸ ਆਗੂ ਦੇ ਕੁੱਤੇ ਦਾ ਇਲਾਜ ਬੰਦਿਆਂ ਦੇ ਇਸ ਹਸਪਤਾਲ ਦੇ ਡਾਕਟਰਾਂ ਵੱਲੋਂ ਕਰਨ ਉਤੇ ਸੰਜੀਵ ਨੇ ਇਤਰਾਜ਼ ਕੀਤਾ ਸੀ। ਇੱਕ ਕੇਂਦਰੀ ਮੰਤਰੀ ਬੀਬੀ ਵੀ ਸੰਜੀਵ ਚਤੁਰਵੇਦੀ ਨੂੰ ਪਾਸੇ ਕਰਨਾ ਚਾਹੁੰਦੀ ਸੀ, ਕਿਉਂਕਿ ਉਸ ਬੀਬੀ ਦਾ ਇਲਾਜ ਕਰ ਰਹੀ ਡਾਕਟਰ ਦੇ ਖਿਲਾਫ ਸੰਜੀਵ ਭ੍ਰਿਸ਼ਟਾਚਾਰ ਦੀ ਜਾਂਚ ਕਰ ਰਿਹਾ ਸੀ। ਸਰਕਾਰ ਨੇ ਕਦੇ ਇਹ ਗੱਲ ਨਹੀਂ ਮੰਨਣੀ ਕਿ ਕਿਸੇ ਨੇ ਕਹਿ ਕੇ ਬਦਲੀ ਕਰਵਾਈ ਹੈ, ਪਰ ਉਨ੍ਹਾਂ ਲੀਡਰਾਂ ਦੀਆਂ ਚਿੱਠੀਆਂ ਮੌਜੂਦ ਹਨ, ਜਿਨ੍ਹਾਂ ਨੇ ਇਸ ਕੰਮ ਲਈ ਸਿਹਤ ਮੰਤਰੀ ਉਤੇ ਦਬਾਅ ਪਾਇਆ ਸੀ। ਸਿਹਤ ਮੰਤਰੀ ਖੁਦ ਭ੍ਰਿਸ਼ਟ ਨਹੀਂ ਕਿਹਾ ਜਾਂਦਾ, ਪਰ ਉਨ੍ਹਾਂ ਵੱਡੇ ਆਗੂਆਂ ਦੇ ਦਬਾਅ ਹੇਠ ਇਮਾਨਦਾਰ ਅਫਸਰ ਦਾ ਝਟਕਾ ਕਰਨਾ ਮੰਨ ਗਿਆ।

ਦੂਸਰਾ ਮਾਮਲਾ ਹੈ ਕਾਲਾ ਧਨ ਰੱਖਣ ਵਾਲੇ ਲੋਕਾਂ ਦਾ। ਇਸ ਸਬੰਧ ਵਿਚ ਉਘੇ ਵਕੀਲ ਅਤੇ ਭਾਜਪਾ ਲੀਡਰ ਰਾਮ ਜੇਠਮਲਾਨੀ ਨੇ ਸੁਪਰੀਮ ਕੋਰਟ ਵਿਚ ਕੇਸ ਕੀਤਾ ਹੋਇਆ ਸੀ ਕਿ ਭਾਰਤ ਸਰਕਾਰ ਉਨ੍ਹਾਂ ਲੋਕਾਂ ਦੇ ਨਾਂ ਦੱਸੇ, ਜਿਨ੍ਹਾਂ ਨੇ ਵਿਦੇਸ਼ੀ ਬੈਂਕਾਂ ਵਿਚ ਕਾਲਾ ਧਨ ਜਮ੍ਹਾਂ ਕਰਵਾਇਆ ਸੀ ਤੇ ਉਨ੍ਹਾਂ ਦੀ ਸਾਰੀ ਜਾਣਕਾਰੀ ਕੇਂਦਰ ਸਰਕਾਰ ਨੂੰ ਮਿਲ ਚੁੱਕੀ ਹੈ। ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਭਾਜਪਾ ਇਹ ਕਹਿੰਦੀ ਸੀ ਕਿ ਇਨ੍ਹਾਂ ਚੋਰਾਂ ਦੇ ਨਾਂਵਾਂ ਦੀ ਜਾਣਕਾਰੀ ਦੇਸ਼ ਦੇ ਲੋਕਾਂ ਨੂੰ ਮਿਲਣੀ ਚਾਹੀਦੀ ਹੈ ਤੇ ਕਾਂਗਰਸ ਪਾਰਟੀ ਆਪਣੇ ਪਾਜ ਖੁੱਲ੍ਹਣ ਤੋਂ ਡਰਦੀ ਇਹ ਸੂਚਨਾ ਲੋਕਾਂ ਤੋਂ ਲੁਕਾ ਰਹੀ ਹੈ। ਇਹ ਵਾਅਦਾ ਵੀ ਕੀਤਾ ਗਿਆ ਕਿ ਜਦੋਂ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਬਣ ਗਏ, ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਇਹ ਸਾਰੀ ਸੂਚਨਾ ਦੇਸ਼ ਦੇ ਸਾਹਮਣੇ ਰੱਖਣ ਤੋਂ ਨਹੀਂ ਝਿਜਕੇਗੀ। ਹੁਣ ਉਹ ਹੀ ਭਾਰਤੀ ਜਨਤਾ ਪਾਰਟੀ ਆਪਣੀ ਸਰਕਾਰ ਵੱਲੋਂ ਇਹ ਸੂਚਨਾ ਦੇਣ ਤੋਂ ਇਨਕਾਰ ਕਰ ਗਈ ਹੈ।



ਰਾਮ ਜੇਠਮਲਾਨੀ ਅਤੇ ਨਰਿੰਦਰ ਮੋਦੀ

ਦਲੀਲ ਇਸ ਸਬੰਧ ਵਿਚ ਇਹ ਦਿੱਤੀ ਗਈ ਹੈ ਕਿ ਜਰਮਨੀ ਨਾਲ 1995 ਵਿਚ ਇੱਕ ਸਮਝੌਤਾ ਹੋਇਆ ਸੀ ਕਿ ਵਿਦੇਸ਼ ਵਿਚ ਕਾਲਾ ਧਨ ਜਮ੍ਹਾਂ ਕਰਨ ਵਾਲਿਆਂ ਦਾ ਜਦੋਂ ਤੱਕ ਅਪਰਾਧ ਸਾਬਤ ਨਹੀਂ ਹੋ ਜਾਂਦਾ, ਉਦੋਂ ਤੱਕ ਉਨ੍ਹਾਂ ਦੇ ਨਾਂਵਾਂ ਨੂੰ ਲੋਕਾਂ ਸਾਹਮਣੇ ਨਹੀਂ ਆਉਣ ਦਿੱਤਾ ਜਾਵੇਗਾ। ਇਹ ਸਮਝੌਤਾ ਉਦੋਂ ਹੋਇਆ, ਜਦੋਂ ਦੇਸ਼ ਦੀ ਸਰਕਾਰ ਕਾਂਗਰਸ ਦਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਚਲਾਉਂਦਾ ਸੀ। ਉਸ ਤੋਂ ਪਿੱਛੋਂ ਦੋ ਸਰਕਾਰਾਂ ਸਾਂਝੇ ਮੋਰਚੇ ਦੀਆਂ ਐਚ.ਡੀ. ਦੇਵਗੌੜਾ ਅਤੇ ਇੰਦਰ ਕੁਮਾਰ ਗੁਜਰਾਲ ਦੀ ਅਗਵਾਈ ਹੇਠ ਬਣੀਆਂ ਅਤੇ ਤੇਰਾਂ ਦਿਨਾਂ ਵਾਲੀ ਕੱਚੀ ਸਰਕਾਰ ਤੋਂ ਬਿਨਾਂ ਦੋ ਬਾਕਾਇਦਾ ਸਰਕਾਰਾਂ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਵੀ ਛੇ ਸਾਲ ਇਸ ਦੇਸ਼ ਦਾ ਰਾਜ ਮਾਣ ਗਈਆਂ। ਇਸ ਦਾ ਭਾਵ ਇਹ ਹੈ ਕਿ ਉਨ੍ਹਾਂ ਸਰਕਾਰਾਂ ਦੇ ਸਮੇਂ ਭਾਜਪਾ ਨੂੰ ਇਸ ਗੱਲ ਦੀ ਜਾਣਕਾਰੀ ਮਿਲ ਚੁੱਕੀ ਸੀ ਕਿ ਇੱਕ ਸਮਝੌਤਾ ਹੈ, ਜਿਸ ਦੇ ਹੁੰਦਿਆਂ ਵਿਦੇਸ਼ ਵਿਚ ਕਾਲਾ ਧਨ ਰੱਖਣ ਵਾਲਿਆਂ ਦੇ ਨਾਂ ਦੱਸਣ ਦੀ ਮਨਾਹੀ ਹੈ। ਜੇ ਇਹ ਗੱਲ ਪਤਾ ਲੱਗ ਚੁੱਕੀ ਸੀ ਤਾਂ ਫਿਰ ਭਾਜਪਾ ਦੇ ਆਗੂਆਂ ਨੇ ਇਨ੍ਹਾਂ ਸਾਰੇ ਸਾਲਾਂ ਵਿਚ ਇਹ ਦੁਹਾਈ ਕਿਉਂ ਦਿੱਤੀ ਕਿ ਕਾਂਗਰਸ ਦੇ ਮਨਮੋਹਨ ਸਿੰਘ ਦੀ ਸਰਕਾਰ ਚੋਰਾਂ ਦੇ ਨਾਂ ਲੋਕਾਂ ਤੋਂ ਲੁਕਾ ਰਹੀ ਹੈ, ਅਸੀਂ ਆਣ ਕੇ ਦੱਸ ਦਿਆਂਗੇ? ਹੁਣ ਉਹ ਸੁਪਰੀਮ ਕੋਰਟ ਸਾਹਮਣੇ ਇਸ ਸਮਝੌਤੇ ਹੇਠ ਚੋਰਾਂ ਦੇ ਨਾਂ ਲੁਕਾਉਣ ਦਾ ਦਾਅ ਉਦੋਂ ਖੇਡ ਰਹੇ ਹਨ, ਜਦੋਂ ਭਾਜਪਾ ਦੇ ਆਪਣੇ ਆਗੂ ਤੇ ਵਕੀਲ ਰਾਮ ਜੇਠਮਲਾਨੀ ਦੀ ਚਾਰਾਜ਼ੋਈ ਕਾਰਨ ਅਦਾਲਤ ਇਹ ਮੰਗ ਕਰ ਰਹੀ ਹੈ ਕਿ ਸਬੰਧਤ ਲੋਕਾਂ ਦੇ ਨਾਂ ਦੱਸ ਦਿੱਤੇ ਜਾਣ। ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਵੇਲੇ ਇਹ ਮੰਗ ਕਰਨ ਵਾਲੀ ਭਾਜਪਾ ਆਪ ਹੁਣ ਜਦੋਂ ਉਸੇ ਕਾਂਗਰਸੀ ਦਲੀਲ ਦੀ ਛਤਰੀ ਹੇਠ ਲੁਕਣ ਦਾ ਯਤਨ ਕਰਦੀ ਹੈ ਤਾਂ ਕਾਨੂੰਨੀ ਪੱਖੋਂ ਹੋਵੇ ਨਾ ਹੋਵੇ, ਇਖਲਾਕੀ ਪੱਖੋਂ ਇਹ ਪੈਂਤੜਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਨੂੰ ਹੁਣ ਆਪਣਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ ਜਾਂ ਭੁੱਲ ਮੰਨਣੀ ਚਾਹੀਦੀ ਹੈ।

ਇਹੀ ਨਹੀਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਬਣਨ ਮਗਰੋਂ ਸੁਪਰੀਮ ਕੋਰਟ ਨੇ ਕੋਲਾ ਘੋਟਾਲੇ ਵਿਚ ਜਿਹੜਾ ਫੈਸਲਾ ਦਿੱਤਾ ਹੈ, ਉਹ ਕਾਂਗਰਸ ਦੇ ਨਰਸਿਮਹਾ ਰਾਓ ਤੋਂ ਲੈ ਕੇ ਡਾ. ਮਨਮੋਹਨ ਸਿੰਘ ਤੱਕ ਦੀਆਂ ਸਾਰੀਆਂ ਸਰਕਾਰਾਂ ਨੂੰ ਦਾਗੀ ਕਰਾਰ ਦਿੰਦਾ ਹੈ, ਜਿਸ ਵਿਚ ਦੋ ਵਾਜਪਾਈ ਸਰਕਾਰਾਂ ਵੀ ਹਨ। ਬਹਿਸ ਉਸ ਫੈਸਲੇ ਪਿੱਛੋਂ ਇਹ ਨਹੀਂ ਹੋਈ ਕਿ ਦੂਸਰਿਆਂ ਨੂੰ ਦਾਗੀ ਕਹਿਣ ਵਾਲੇ ਆਪ ਵੀ ਦਾਗੀ ਸਾਬਤ ਹੋਏ ਹਨ, ਇਸ ਦੀ ਥਾਂ ਇਹ ਹੋ ਰਹੀ ਹੈ ਕਿ ਜੇ ਇਸ ਤਰ੍ਹਾਂ ਵੀਹ ਸਾਲ ਪੁਰਾਣੀਆਂ ਅਲਾਟਮੈਂਟਾਂ ਵੀ, ਭਾਵੇਂ ਕਿੰਨੀਆਂ ਵੀ ਗਲਤ ਹੋਣ, ਜਾਇਜ਼ ਨਾ ਹੋਣ ਕਰ ਕੇ ਰੱਦ ਕੀਤੀਆਂ ਜਾਣ ਲੱਗ ਪਈਆਂ ਤਾਂ ਉਦਯੋਗਪਤੀ ਅੱਗੋਂ ਕੰਮ ਕਿਸ ਭਰੋਸੇ ਉਤੇ ਕਰਨਗੇ? ਇਸ ਦਾ ਭਾਵ ਇਹ ਹੈ ਕਿ ਉਦਯੋਗਪਤੀਆਂ ਦਾ ਰਾਜ ਪ੍ਰਬੰਧ ਵਿਚ ਭਰੋਸਾ ਬਣਾਈ ਰੱਖਣ ਲਈ ਨੰਗੀ-ਚਿੱਟੀ ਧੋਖਾਧੜੀ ਦੇ ਕੇਸ ਵਿਚ ਵੀ ਕਾਰਵਾਈ ਨਹੀਂ ਕਰਨੀ ਚਾਹੀਦੀ, ਵਰਨਾ ਪ੍ਰਬੰਧ ਤੋਂ ਭਰੋਸਾ ਉਠ ਜਾਵੇਗਾ। ਕੀ ਇਹ ਭਰੋਸੇ ਦੇ ਨਾਂ ਉਤੇ ਦੇਸ਼ ਦੀ ਜਨਤਾ ਨੂੰ ਬਲੈਕਮੇਲ ਕਰਨ ਦਾ ਯਤਨ ਨਹੀਂ? ਅਸਲ ਵਿਚ ਇਹ ਯਤਨ ਇਸ ਲਈ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾਗੀ ਅਰਬਪਤੀ ਤੋਂ ਖਰਬਪਤੀ ਬਣ ਚੁੱਕੇ ਉਦਯੋਗਪਤੀਆਂ ਨੂੰ ਸੰਖ-ਪਤੀ ਬਣਨ ਵਾਸਤੇ ਮੌਕਾ ਦਿੱਤਾ ਜਾਵੇ। ਕੀ ਇਹ ਵੀ ਮੌਜੂਦਾ ਸਰਕਾਰ ਦੀ ਨੀਤੀ ਦਾ ਹਿੱਸਾ ਬਣ ਚੁੱਕਾ ਹੈ? ਸ਼ਾਇਦ ਇਸੇ ਲਈ ਉਨ੍ਹਾਂ ਦਾਗੀ ਪੂੰਜੀਪਤੀਆਂ ਨੂੰ 'ਮੇਕ ਇਨ ਇੰਡੀਆ' ਦੀ ਮੁਹਿੰਮ ਦਾ ਮੁੱਢ ਬੰਨ੍ਹਣ ਵੇਲੇ ਉਚੇਚ ਨਾਲ ਸੱਦਿਆ ਗਿਆ ਸੀ।

ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਦਾ ਮੁਖੀ ਇਸ ਗੱਲ ਵਿਚ ਫਸ ਗਿਆ ਹੈ ਕਿ ਉਸ ਦੇ ਘਰ ਅੱਧੀ ਰਾਤ ਨੂੰ ਕੋਲਾ ਘੋਟਾਲੇ ਅਤੇ ਟੂ-ਜੀ ਟੈਲੀਕਾਮ ਸਪੈਕਟਰਮ ਘੋਟਾਲੇ ਦੇ ਦੋਸ਼ੀ ਮਿਲਣ ਆਉਂਦੇ ਹੁੰਦੇ ਰਹੇ ਸਨ। ਕੇਂਦਰ ਸਰਕਾਰ ਦੇ ਵਕੀਲ ਨੇ ਵੀ ਉਸ ਦੇ ਖਿਲਾਫ ਇਸ ਦੋਸ਼ ਦੀ ਪੁਸ਼ਟੀ ਕਰ ਦਿੱਤੀ ਹੈ। ਸਿਸਟਮ ਦੀ ਲੋੜ ਹੋਣ ਕਰ ਕੇ ਉਸ ਇਕੱਲੇ ਦੀ ਬਲੀ ਦੇਣੀ ਪੈ ਰਹੀ ਹੈ, ਵਰਨਾ ਉਹ ਹੁਣ ਵਾਲੀ ਸਰਕਾਰ ਦੀ ਸੇਵਾ ਕਰਨ ਵਾਸਤੇ ਵੀ ਸਹਿਮਤ ਹੋ ਸਕਦਾ ਸੀ। ਇਹੋ ਜਿਹੀਆਂ ਲੁਕ ਕੇ ਮੀਟਿੰਗਾਂ ਕਰਨ ਵਾਲਾ ਸੀ ਬੀ ਆਈ ਦਾ ਮੁਖੀ ਤਾਂ ਦਾਗੀ ਹੋਇਆ, ਪਰ ਜਿਹੜੇ ਮਿਲਣ ਵਾਲੇ ਸਨ, ਉਹ ਵੀ ਦੁੱਧ-ਧੋਤੇ ਨਹੀਂ ਸਨ, ਵਰਨਾ ਪਰਦਾ ਰੱਖ ਕੇ ਮਿਲਣ ਦੀ ਲੋੜ ਨਹੀਂ ਸੀ। ਜਿਸ ਸਰਕਾਰ ਨੇ ਸੀ ਬੀ ਆਈ ਦੇ ਮੁਖੀ ਵੱਲੋਂ ਦਾਗੀਆਂ ਨੂੰ ਆਪਣੇ ਘਰ ਮਿਲਣ ਦੀ ਗੱਲ ਨੂੰ ਗਲਤ ਮੰਨਿਆ, ਉਸ ਨੇ ਇਹ ਹਦਾਇਤ ਜਾਰੀ ਨਹੀਂ ਕੀਤੀ ਕਿ ਸੀ ਬੀ ਆਈ ਮੁਖੀ ਨੂੰ ਇਸ ਤਰ੍ਹਾਂ ਜਿਹੜੇ ਲੋਕ ਮਿਲਦੇ ਰਹੇ ਸਨ, ਨਵੀਂ ਸਰਕਾਰ ਦਾ ਕੋਈ ਕਾਰਿੰਦਾ ਜਾਂ ਕੋਈ ਆਗੂ ਉਨ੍ਹਾਂ ਨੂੰ ਨਹੀਂ ਮਿਲਣਾ ਚਾਹੀਦਾ। ਉਹ ਤਾਂ ਅੱਜ ਵੀ ਦਿੱਲੀ ਵਿਚ ਗਲੀ-ਗਲੀ ਘੁੰਮਦੇ ਦਲਾਲਾਂ ਦੇ ਰਾਹੀਂ ਨਵੇਂ ਮੰਤਰੀਆਂ ਤੇ ਨਵੇਂ ਅਧਿਕਾਰੀਆਂ ਨੂੰ ਮਿਲਦੇ ਫਿਰਦੇ ਹਨ।

ਜਦੋਂ ਇਹੋ ਜਿਹੇ ਢੇਰਾਂ ਦੇ ਢੇਰ ਸਵਾਲ ਹੁਣ ਜਵਾਬ ਮੰਗ ਸਕਦੇ ਹਨ, ਉਦੋਂ ਪ੍ਰਧਾਨ ਮੰਤਰੀ ਨੇ ਨਵਾਂ ਸ਼ੁਗਲ ਛੋਹ ਲਿਆ ਹੈ। ਉਹ ਹਰ ਹਫਤੇ ਕੋਈ ਨਾ ਕੋਈ ਨਵੀਂ ਮੁਹਿੰਮ ਸ਼ੁਰੂ ਕਰ ਦਿੰਦੇ ਹਨ। ਉਹ ਦੇਸ਼ ਦੇ ਮੁਖੀ ਹਨ, ਜੋ ਵੀ ਚਾਹੁਣ ਕਰ ਸਕਦੇ ਹਨ, ਪਰ ਜਿੰਨੇ ਸੁਫਨੇ ਉਹ ਵਿਖਾਉਂਦੇ ਹਨ, ਉਹ ਅਮਲ ਵਿਚ ਦਿਖਾਈ ਦੇਣ ਦੀ ਥਾਂ ਪ੍ਰਚਾਰ ਤੱਕ ਸੀਮਤ ਹੋ ਕੇ ਹਾਸੋਹੀਣੀ ਸਥਿਤੀ ਪੈਦਾ ਕਰਨ ਦਾ ਕਾਰਨ ਬਣ ਜਾਂਦੇ ਹਨ। ਇਸ ਦੀ ਇੱਕ ਮਿਸਾਲ ਉਹ ਸਫਾਈ ਮੁਹਿੰਮ ਹੈ, ਜਿਹੜੀ ਪ੍ਰਧਾਨ ਮੰਤਰੀ ਸਾਹਿਬ ਨੇ ਮਹਾਤਮਾ ਗਾਂਧੀ ਦੇ ਜਨਮ ਦਿਨ ਉਤੇ ਸ਼ੁਰੂ ਕੀਤੀ ਤੇ ਦੇਸ਼ ਭਰ ਵਿਚ ਹੀ ਨਹੀਂ, ਦੁਨੀਆਂ ਭਰ ਵਿਚ ਚਰਚਾ ਦਾ ਵਿਸ਼ਾ ਬਣ ਕੇ ਪੰਦਰਾਂ ਦਿਨਾਂ ਵਿਚ ਲਗਭਗ ਠੱਪ ਹੋ ਗਈ ਹੈ।

ਅਸੀਂ ਸਫਾਈ ਦੇ ਵਿਰੋਧੀ ਨਹੀਂ, ਬਲਕਿ ਇਸ ਦੀ ਇੱਛਾ ਰੱਖਣ ਤੇ ਆਪ ਕੋਸ਼ਿਸ਼ ਕਰਨ ਵਾਲਿਆਂ ਵਿਚੋਂ ਹਾਂ, ਪਰ ਜੋ ਕੁਝ ਹੋਇਆ, ਉਸ ਦਾ ਅੰਦਾਜ਼ਾ ਸਾਨੂੰ ਪਹਿਲੇ ਦਿਨ ਹੀ ਹੋ ਗਿਆ ਸੀ। ਇਹ ਅੰਦਾਜ਼ਾ ਇਸ ਗੱਲੋਂ ਨਹੀਂ ਸੀ ਹੋਇਆ ਕਿ ਪ੍ਰਧਾਨ ਮੰਤਰੀ ਦੇ ਨਾਲ ਝਾੜੂ ਫੜ ਕੇ ਫੋਟੋ ਖਿਚਾਉਣ ਵਾਲੇ ਸੱਜਣ ਜਾਣ ਲੱਗੇ ਉਸ ਸਾਫ-ਸੁਥਰੀ ਥਾਂ ਜੂਠੀਆਂ ਕਾਗਜ਼ੀ ਪਲੇਟਾਂ ਖਿਲਾਰ ਕੇ ਤੁਰ ਗਏ ਸਨ ਤੇ ਫਿਰ ਸਫਾਈ ਸੇਵਕ ਹੂੰਝਦੇ ਫਿਰਦੇ ਤੇ ਨਾਲ ਹੱਸਦੇ ਵੀ ਸਨ, ਸਗੋਂ ਇੱਕ ਕਾਰਨ ਹੋਰ ਸੀ। ਉਹ ਲੋਕ ਕੌਣ ਸਨ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ ਨੌਂ ਰਤਨ ਕਹਿ ਕੇ ਆਪਣੇ ਨਾਲ ਇਸ ਮੁਹਿੰਮ ਵਿਚ ਸ਼ਾਮਲ ਕੀਤਾ ਸੀ? ਇੱਕ ਆਮਿਰ ਖਾਨ ਜੋੜ ਲਿਆ, ਜਿਹੜਾ ਚੰਗਾ ਕਲਾਕਾਰ ਹੈ, ਪਰ ਵਿਖਾਵੇ ਦੀਆਂ ਮੁਹਿੰਮਾਂ ਵਿਚ ਸ਼ਾਮਲ ਹੁੰਦਾ ਤੇ ਫਿਰ ਇੱਕ ਮੁਹਿੰਮ ਛੱਡ ਕੇ ਦੂਸਰੀ ਵਿੱਢ ਬੈਠਦਾ ਹੈ। ਉਸ ਦੇ ਇਲਾਵਾ ਕਾਂਗਰਸ ਦਾ ਪਾਰਲੀਮੈਂਟੇਰੀਅਨ ਸ਼ਸ਼ੀ ਥਰੂਰ ਜੋੜ ਲਿਆ, ਜਿਹੜਾ ਹਰ ਮਾਮਲੇ ਵਿਚ ਸ਼ਸ਼ੀ ਥਰੂਰ ਤੋਂ ਵੱਧ ਸ਼ੱਕੀ ਥਰੂਰ ਬਣਿਆ ਰਹਿੰਦਾ ਹੈ। ਤੀਸਰਾ ਸਚਿਨ ਤੇਂਦੁਲਕਰ ਹੈ, ਜਿਹੜਾ ਕ੍ਰਿਕਟ ਦਾ ਸੰਸਾਰ ਪੱਧਰ ਦਾ ਬਹੁਤ ਵਧੀਆ ਖਿਡਾਰੀ ਹੈ, ਪਰ ਜਨਤਕ ਕੰਮ ਸਿਰਫ ਪਬਲਿਸਿਟੀ ਜੋਗੇ ਕਰਦਾ ਹੈ। ਇਨ੍ਹਾਂ ਸਭ ਦੇ ਘਰ ਰੋਟੀ ਪਕਾਉਣ ਤੋਂ ਲੈ ਕੇ ਵਰਤਾਉਣ ਤੱਕ ਤੇ ਬਿਸਤਰੇ ਵਿਛਾਉਣ ਤੋਂ ਲੈ ਕੇ ਸਵੇਰੇ ਤਹਿ ਕਰਨ ਤੱਕ ਹਰ ਕੰਮ ਲਈ ਨੌਕਰਾਂ ਦੀ ਫੌਜ ਹੋਵੇਗੀ। ਵਿਦੇਸ਼ਾਂ ਵਿਚ ਕਿਸੇ ਮੰਤਰੀ ਦੇ ਘਰ ਜਾਓ ਤਾਂ ਉਹ ਰਸੋਈ ਦਾ ਕੰਮ ਕਰਦਾ ਦਿੱਸ ਸਕਦਾ ਹੈ। ਕੈਨੇਡਾ ਦੇ ਇੱਕ ਰਾਜ ਦੇ ਇਮੀਗਰੇਸ਼ਨ ਮੰਤਰੀ ਦੇ ਘਰ ਅਸੀਂ ਗਏ ਤਾਂ ਉਹ ਰਸੋਈ ਵਿਚ ਕੰਮ ਕਰ ਰਿਹਾ ਸੀ ਤੇ ਫਿਰ ਚਾਹ ਆਦਿ ਪਰੋਸਣ ਦਾ ਕੰਮ ਉਸ ਦੀ ਪਤਨੀ ਨੇ ਕੀਤਾ ਸੀ, ਘਰ ਵਿਚ ਨੌਕਰ ਨਹੀਂ ਸੀ। ਸਾਡੇ ਕਿਸੇ ਸਰਪੰਚ ਦੇ ਘਰ ਵੀ ਦਸ ਨੌਕਰ ਹੁੰਦੇ ਹਨ। ਏਦਾਂ ਦੇ ਦੇਸ਼ ਵਿਚ ਜੇ ਸਫਾਈ ਕਰਨੀ ਹੈ ਤਾਂ ਕਿਰਤ ਦਾ ਸੱਭਿਆਚਾਰ ਪੈਦਾ ਕਰਨਾ ਹੋਵੇਗਾ ਤੇ ਉਹ ਵੀ ਮੰਤਰੀਆਂ ਦੀਆਂ ਕੋਠੀਆਂ ਤੋਂ ਸ਼ੁਰੂ ਕਰਨਾ ਹੋਵੇਗਾ। ਕੀ ਨਰਿੰਦਰ ਮੋਦੀ ਸਾਹਿਬ ਇਹ ਕੰਮ ਕਰਵਾ ਸਕਣਗੇ?

ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਮੰਤਰੀਆਂ ਨੂੰ ਕਿਰਤ ਦੇ ਸੱਭਿਆਚਾਰ ਦਾ ਪਾਠ ਨਹੀਂ ਪੜ੍ਹਾ ਸਕਦੇ, ਇਸ ਲਈ ਉਨ੍ਹਾਂ ਦੀ ਸਫਾਈ ਮੁਹਿੰਮ ਵੀ ਚਿਰ-ਜੀਵੀ ਸਾਬਤ ਨਹੀਂ ਹੋਈ। ਦਫਤਰਾਂ ਵਿਚ ਉਸ ਦਿਨ ਜਿਨ੍ਹਾਂ ਅਫਸਰਾਂ ਨੇ ਆਪ ਸਹੁੰ ਚੁੱਕੀ ਤੇ ਸਟਾਫ ਨੂੰ ਚੁਕਾਈ ਕਿ ਸਫਾਈ ਰੱਖਾਂਗੇ, ਇੱਕ ਦਿਨ ਸਫਾਈ ਕਰਨ ਦੇ ਫੋਟੋ ਖਿਚਵਾ ਕੇ ਅਗਲੇ ਦਿਨ ਆਪ ਸਫਾਈ ਕਰਨ ਦੀ ਥਾਂ ਸਫਾਈ ਸੇਵਕਾਂ ਨੂੰ ਸੱਦ ਕੇ ਇਹੋ ਕੰਮ ਕਰਨ ਨੂੰ ਕਹਿਣ ਲੱਗ ਪਏ ਅਤੇ ਇੱਕ ਹੋਰ ਹਫਤਾ ਲੰਘਣ ਪਿੱਛੋਂ ਗੱਡੀ ਪੁਰਾਣੇ ਸਟੇਸ਼ਨ ਉਤੇ ਆਣ ਖੜੋਤੀ ਹੈ। ਹੁਣ ਫਿਰ ਪੁਰਾਣੀ ਹਾਲਤ ਹੈ, ਪਰ ਇਸ ਨਾਲ ਪ੍ਰਧਾਨ ਮੰਤਰੀ ਨੂੰ ਫਰਕ ਨਹੀਂ ਪੈਂਦਾ, ਉਨ੍ਹਾਂ ਨੇ ਇਸ ਰਸਮ ਦਾ ਨਾ ਚੇਤਾ ਆਉਣ ਦੇਣਾ ਹੈ ਅਤੇ ਨਾ ਕਿਸੇ ਸਵਾਲ ਦਾ ਜਵਾਬ ਦੇਣਾ ਹੈ, ਸਗੋਂ ਉਸ ਤੋਂ ਬਾਅਦ ਦੋ-ਤਿੰਨ ਹੋਰ ਮੁਹਿੰਮਾਂ ਵਿੱਢ ਦਿੱਤੀਆਂ ਹਨ। ਜਦੋਂ ਨੂੰ ਨਵੀਆਂ ਮੁਹਿੰਮਾਂ ਦਾ ਕੱਚ-ਸੱਚ ਸਾਹਮਣੇ ਆਵੇਗਾ, ਦਿੱਲੀ ਦੇ ਰੰਗ-ਮੰਚ ਉਤੇ ਅਗਲਾ ਸੀਨ ਸ਼ੁਰੂ ਹੋ ਚੁੱਕਾ ਹੋਵੇਗਾ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 25 ਅਕਤੂਬਰ 2014*

## ਸਿਆਸਤ ਦਾ ਰੁਖ ਤੇ ਮੋਦੀ ਦੇ ਮਾਅਰਕੇ

ਹਰਿਆਣਾ ਅਤੇ ਮਹਾਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ ਦੇ ਨਤੀਜੇ ਬਹੁਤੇ ਹੈਰਾਨ ਕਰਨ ਵਾਲੇ ਨਹੀਂ ਆਏ। ਸਿਆਸਤ ਨਾਲ ਜੁੜੇ ਲੋਕਾਂ ਨੂੰ ਅਜਿਹੇ ਨਤੀਜਿਆਂ ਦੀ ਹੀ ਆਸ ਸੀ। ਇਹ ਸੰਭਵ ਹੈ ਕਿ ਸੀਟਾਂ ਦੀ ਗਿਣਤੀ-ਮਿਣਤੀ ਦੇ ਆਧਾਰ ਉਤੇ ਕਿਸੇ ਦੀ ਕੋਈ ਭਵਿੱਖਵਾਣੀ ਮਾੜੀ-ਮੋਟੀ ਇਧਰ-ਉਧਰ ਹੋਈ ਹੋਵੇ। ਇਨ੍ਹਾਂ ਦੋਹਾਂ ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਸਨ, ਹਰਿਆਣਾ ਵਿਚ ਇਕੱਲੀ ਕਾਂਗਰਸ ਦੀ ਅਤੇ ਮਹਾਰਾਸ਼ਟਰ ਵਿਚ ਮਰਾਠਾ ਲੀਡਰ ਸ਼ਰਦ ਪਵਾਰ ਦੀ ਐਨ.ਸੀ.ਪੀ. ਨਾਲ ਸਾਂਝੀ। ਦੋਹੀਂ ਥਾਂਈਂ 10-10 ਸਾਲ ਤੋਂ ਇਹੀ ਸਰਕਾਰਾਂ ਚੱਲ ਰਹੀਆਂ ਸਨ। ਇਸ ਵਾਰ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਿਆਸੀ ਮਾਹਿਰ ਨੇ ਸਥਾਪਤੀ ਵਿਰੋਧੀ ਹਵਾ ਦੀ ਗੱਲ ਨੂੰ ਬਹੁਤਾ ਨਹੀਂ ਗੌਲਿਆ। ਕਿਸੇ ਪਾਰਟੀ ਦੀ ਸਰਕਾਰ ਦਸ ਸਾਲ ਰਹਿ ਜਾਵੇ, ਤਾਂ ਸਥਾਪਤੀ ਵਿਰੋਧੀ ਹਵਾ ਅਕਸਰ ਚੋਣ ਪ੍ਰਚਾਰ ਦਾ ਹਿੱਸਾ ਬਣ ਜਾਂਦੀ ਰਹੀ ਹੈ ਅਤੇ ਚੋਣ ਸਿਆਸਤ ਵਿਚ ਅਜਿਹਾ ਆਮ ਹੀ ਹੁੰਦਾ ਹੈ, ਪਰ ਐਤਕੀਂ ਇਨ੍ਹਾਂ ਦੋਹਾਂ ਸੂਬਿਆਂ ਵਿਚ ਸਥਾਪਤੀ ਵਿਰੋਧੀ ਕੋਈ ਵਿਸ਼ਲੇਸ਼ਣ ਸਾਹਮਣੇ ਨਹੀਂ ਆਇਆ; ਸਗੋਂ ਮੋਦੀ ਲਹਿਰ ਬਾਰੇ ਚਰਚਾ ਹੀ ਚੱਲੀ ਹੈ। ਪਿਛੇ ਜਿਹੇ ਹੋਈਆਂ ਉਪ ਚੋਣਾਂ ਜਿਨ੍ਹਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਰਤਾ ਕੁ ਝਟਕਾ ਲੱਗਾ ਸੀ, ਤੋਂ ਬਾਅਦ ਮੋਦੀ ਲਹਿਰ ਬਾਰੇ ਚਰਚਾ ਨੂੰ ਇਕ ਵਾਰ ਤਾਂ ਠੱਲ੍ਹ ਪੈ ਗਈ ਸੀ ਅਤੇ ਉਨ੍ਹਾਂ ਲੋਕਾਂ ਦੇ ਦਿਲ ਨੂੰ ਧਰਾਸ ਜਿਹਾ ਆ ਗਿਆ ਸੀ ਜਿਹੜੇ ਨਰੇਂਦਰ ਮੋਦੀ ਦੀ ਚੜ੍ਹਤ ਤੋਂ ਬਹੁਤ ਜ਼ਿਆਦਾ ਔਖੇ ਸਨ, ਪਰ ਇਨ੍ਹਾਂ ਦੋਹਾਂ ਸੂਬਿਆਂ ਦੇ ਨਤੀਜਿਆਂ ਨੇ ਇਕ ਵਾਰ ਫਿਰ ਲੋਕ ਸਭਾ ਚੋਣਾਂ ਵੇਲੇ ਉਭਰੀ ਮੋਦੀ ਲਹਿਰ ਨੂੰ ਜੀਵਤ ਕਰ ਦਿੱਤਾ ਹੈ।

ਘੋਖ ਨਾਲ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਾਂਗਰਸ ਤੋਂ ਵਾਲ-ਵਾਲ ਦੁਖੀ ਹੋਏ ਵੋਟਰਾਂ ਨੇ ਕਿਸੇ ਪਾਸੇ ਤਾਂ ਭੁਗਤਣਾ ਹੀ ਸੀ। ਇਸੇ ਕਰ ਕੇ ਇਹ ਚੋਣ ਨਤੀਜੇ ਮੋਦੀ ਦੇ ਹੱਕ ਵਿਚ ਘੱਟ ਅਤੇ ਕਾਂਗਰਸ ਦੇ ਖਿਲਾਫ ਲੋਕਾਂ ਦੀ ਭੜਾਸ ਵੱਧ ਹਨ। ਲੋਕ ਸਭਾ ਚੋਣਾਂ ਵੇਲੇ ਵੀ ਕਾਂਗਰਸ ਇਕ ਤਰ੍ਹਾਂ ਮੈਦਾਨ ਹੀ ਛੱਡ ਗਈ ਸੀ। ਕੇਂਦਰ ਵਿਚ ਵੀ ਕਾਂਗਰਸ ਅਤੇ ਇਸ ਦੇ ਭਾਈਵਾਲਾਂ ਦੀ ਸਰਕਾਰ ਨੂੰ ਦਸ ਸਾਲ ਹੋ ਹੀ ਗਏ ਸਨ, ਪਰ ਇਸ ਮਾਮਲੇ ਵਿਚ ਸਭ ਤੋਂ ਵੱਡੀ ਗੱਲ ਇਹ ਸੀ ਕਿ ਸਿਆਸੀ ਪਿੜ ਵਿਚ ਲੋਕਾਂ ਨੂੰ ਦੇਸ਼ ਪੱਧਰ ‘ਤੇ ਅਜਿਹੀ ਪਾਰਟੀ ਦਿਸ ਰਹੀ ਸੀ ਜਿਹੜੀ ਉਨ੍ਹਾਂ ਦੇ ਘਰਾਂ ਦੇ ਬੂਹਿਆਂ ਉਤੇ ਪੁੱਜ ਕੇ ਦਸਤਕ ਦੇ ਰਹੀ ਸੀ। ਇਸ ਦੇ ਨਾਲ ਹੀ ਇਸ ਪਾਰਟੀ ਨੇ ਜਿਸ ਢੰਗ ਨਾਲ ਆਪਣੀ ਚੋਣ ਮੁਹਿੰਮ ਦਾ ਪ੍ਰਬੰਧ ਕੀਤਾ, ਉਸ ਨੇ ਕਾਂਗਰਸੀ ਆਗੂਆਂ ਦੇ ਪੈਰਾਂ ਹੇਠੋਂ ਰਹਿੰਦੀ ਜ਼ਮੀਨ ਵੀ ਸਰਕਾ ਦਿੱਤੀ। ਅਸਲ ਵਿਚ ਕਾਂਗਰਸ ਤਾਂ ਬੱਸ ਮੋਦੀ ਦੀ ਫਿਰਕਾਪ੍ਰਸਤੀ ਨੂੰ ਹੀ ਚੋਣ ਮੁੱਦਾ ਬਣਾਉਣ ਤੱਕ ਸੀਮਤ ਹੋ ਗਈ ਸੀ ਜਿਸ ਦਾ ਸਭ ਤੋਂ ਜ਼ਿਆਦਾ ਫਾਇਦਾ ਮੋਦੀ ਨੂੰ ਹੀ ਹੋਇਆ। ਕਾਂਗਰਸ ਨੂੰ ਜਾਪਦਾ ਸੀ ਕਿ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦਾ ਫਰਜੰਦ ਰਾਹੁਲ ਗਾਂਧੀ ਬੇੜਾ ਪਾਰ ਲਗਾ ਦੇਵੇਗਾ, ਇਸੇ ਲਈ ਡਾ. ਮਨਮੋਹਨ ਸਿੰਘ ਪਿਛੇ ਧੱਕ ਕੇ ਉਸ ਨੂੰ ਅੱਗੇ ਲਿਆਂਦਾ ਗਿਆ, ਪਰ ਉਦੋਂ ਤੱਕ ਵਾਰ-ਵਾਰ ਡੁੱਲ੍ਹੇ ਬੇਰਾਂ ਦਾ ਬਹੁਤ ਕੁਝ ਵਿਗੜ ਚੁੱਕਾ ਸੀ।

ਇਨ੍ਹਾਂ ਦੋਹਾਂ ਸੂਬਿਆਂ ਦੀ ਚੋਣ ਵਿਚ ਨੋਟ ਕਰਨ ਵਾਲਾ ਅਸਲ ਮੁੱਦਾ ਇਹ ਹੈ ਕਿ ਇਨ੍ਹਾਂ ਵਿਚ ਭਾਜਪਾ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਦਾ ਭਰਵਾਂ ਦਖਲ ਰਿਹਾ ਹੈ। ਇਹ ਜਥੇਬੰਦੀ ਆਪਣੀ ਹਰ ਗੱਲ ਹਿੰਦੂ ਰਾਸ਼ਟਰ ਤੋਂ ਅਰੰਭ ਕਰਦੀ ਹੈ ਅਤੇ ਇਸੇ ਨੁਕਤੇ ‘ਤੇ ਹੀ ਬੰਦ ਕਰਦੀ ਹੈ। ਹਰਿਆਣਾ ਲਈ ਮੁੱਖ ਮੰਤਰੀ ਦੇ ਅਹੁਦੇ ਲਈ ਆਰ.ਐਸ.ਐਸ. ਦੇ ਕੱਟੜ ਕਾਰਕੁਨ ਮਨੋਹਰ ਲਾਲ ਖੱਟਰ ਨੂੰ ਛਾਂਟਿਆ ਗਿਆ ਹੈ। ਇਸ ਤੋਂ ਭਾਜਪਾ ਅਤੇ ਆਰ.ਐਸ.ਐਸ. ਦੀ ਅਗਲੀ ਸਾਰੀ ਰਾਜਨੀਤੀ ਅਤੇ ਰਣਨੀਤੀ ਸਪਸ਼ਟ ਹੋ ਜਾਂਦੀ ਹੈ। ਉਂਜ ਵੀ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਜਿਸ ਤਰ੍ਹਾਂ ਦੀਆਂ ਸਰਗਰਮੀਆਂ ਆਰ.ਐਸ.ਐਸ. ਨੇ ਵਿੱਢੀਆਂ ਹਨ, ਉਸ ਤੋਂ ਕਿਸੇ ਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਭਾਰਤ ਦੀ ਸਿਆਸਤ ਹੁਣ ਕਿਸ ਮੁਕਾਮ ਵੱਲ ਵਧ ਰਹੀ ਹੈ। ਇਹੀ ਨਹੀਂ, ਮੋਦੀ ਦੀ ਚੜ੍ਹਤ ਨੇ ਖੇਤਰੀ ਪਾਰਟੀਆਂ ਦੀ ਹੋਂਦ ਉਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਇਸੇ ਪ੍ਰਸੰਗ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੇ ਹਰਿਆਣਾ ਵਿਚ ਭਾਜਪਾ ਦੀ ਥਾਂ ਇੰਡੀਅਨ ਨੈਸ਼ਨਲ ਲੋਕ ਦਲ ਦੀ ਹਮਾਇਤ ਕੀਤੀ। ਸ਼ਿਵ ਸੈਨਾ ਤੋਂ ਬਾਅਦ ਅਕਾਲੀ ਦਲ ਹੀ ਅਜਿਹੀ ਜਥੇਬੰਦੀ ਸੀ ਜਿਹੜੀ ਹੁਣ ਤੱਕ ਭਾਜਪਾ ਨੂੰ ਅੱਖਾਂ ਬੰਦ ਕਰ ਕੇ ਸਮਰਥਨ ਦਿੰਦੀ ਆਈ ਹੈ। ਮਹਾਰਾਸ਼ਟਰ ਵਿਚ ਚੋਣਾਂ ਤੋਂ ਪਹਿਲਾਂ ਭਾਜਪਾ ਅਤੇ ਸ਼ਿਵ ਸੈਨਾ ਦਾ ਗਠਜੋੜ ਟੁੱਟ ਹੀ ਗਿਆ ਸੀ ਅਤੇ ਪੰਜਾਬ ਵਿਚ ਭਾਜਪਾ ਤੇ ਅਕਾਲੀ ਦਲ ਦੇ ਗਠਜੋੜ ਬਾਰੇ ਵੀ ਤਰ੍ਹਾਂ-ਤਰ੍ਹਾਂ ਦੀਆਂ ਖਬਰਾਂ ਆ ਰਹੀਆਂ ਹਨ; ਕਿਉਂਕਿ ਹੁਣ ਭਾਜਪਾ ਪੰਜਾਬ ਵਿਚ ਵੀ ਆਪਣੀ ਵਡੇਰੀ ਭੂਮਿਕਾ ਲਈ ਪਰ ਤੋਲ ਰਹੀ ਹੈ। ਇਸ ਮਾਮਲੇ ਵਿਚ ਭਾਜਪਾ ਦੇ ਪੰਜਾਬ ਵਾਲੇ ਲੀਡਰ ਕੁਝ ਜ਼ਿਆਦਾ ਹੀ ਕਾਹਲੇ ਹਨ। ਹਰਿਆਣਾ ਦੇ ਚੋਣ ਨਤੀਜਿਆਂ ਨੇ ਉਨ੍ਹਾਂ ਨੂੰ ਵਧੀਆ ਮੌਕਾ ਵੀ ਮੁਹੱਈਆ ਕਰਵਾ ਦਿੱਤਾ ਹੈ। ਹੁਣ ਅਸਲ ਸਵਾਲ ਇਹ ਹੈ ਕਿ ਭਾਜਪਾ, ਆਰ.ਐਸ.ਐਸ. ਤੇ ਮੋਦੀ ਦੀ ਚੜ੍ਹਤ ਵਾਲੀ ਸਿਆਸਤ ਦਾ ਆਖਰਕਾਰ ਤੋੜ ਕੀ ਹੈ? ਇਸ ਦਾ ਜਵਾਬ ਫਿਲਹਾਲ ਕਿਸੇ ਕੋਲ ਨਹੀਂ। ਦੇਸ਼ ਦੀ ਵਿਰੋਧੀ ਧਿਰ ਨਿਸੱਤੀ ਹੋਈ ਪਈ ਹੈ। ਫਿਰ ਵੀ ਕੁਦਰਤ ਦੇ ਤਬਦੀਲੀ ਵਾਲੇ ਨੇਮ ਮੁਤਾਬਕ, ਇਹ ਹਾਲਾਤ ਵੀ ਸਦਾ ਨਹੀਂ ਰਹਿਣੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੁਲਦਸਤੇ ਦਿੱਲੀ ਨੂੰ?*

ਲਾਇਆ ਜੋਰ ਪੂਰਾ ਗੱਦੀ ਉਨ੍ਹਾਂ ਤਾਈਂ ਸੌਂਪਣੇ ਦਾ,
ਰਿਸ਼ਵਤਾਂ ਡਕਾਰ ਜਿਹੜੇ ਜੇਲ੍ਹ ਦੇ ਦਵਾਰ ਗਏ।
ਸੋਚਿਆ ਨਹੀਂ ਹੋਣਾ ਜਿਹੜਾ ਸਾਹਮਣੇ ਨਤੀਜਾ ਆਇਆ,
ਪੱਬਾਂ ਭਾਰ ਹੋ ਕੇ ‘ਕਾਲੀ ਕਰੀ ਪ੍ਰਚਾਰ ਗਏ।
‘ਹੁੱਡੇ ਤੇ ਇਨੈਲੋ’ ਚੁੱਕ ਹਾਸ਼ੀਏ ’ਤੇ ਸੁੱਟ ਮਾਰੇ,
ਮਾਰ ਮਾਰ ਗੱਪਾਂ ਐਵੇਂ ਝੱਲ ਹੀ ਖਿਲਾਰ ਗਏ।
ਚੋਣ-ਪਿੜ ਵਿਚ ਇਕ ਦੂਜੇ ਦੇ ਵਿਰੁਧ ਹੋ ਕੇ,
ਪਤੀ ਅਤੇ ਪਤਨੀ ਦਾ ਰਿਸ਼ਤਾ ਵਿਸਾਰ ਗਏ।
ਬਣੇਗਾ ਕੀ ਉਨ੍ਹਾਂ ਦਾ ਪੰਜਾਬ ਵਿਚ ਦੇਖੀ ਚੱਲੋ,
ਜਿੱਤ ਗਏ ਜਿਨ੍ਹਾਂ ਦੇ ਜੋਟੀਦਾਰ, ਯਾਰ ਹਾਰ ਗਏ।
ਕਹੇਗਾ ਜ਼ਮਾਨਾ ਢੀਠ ਲਾਹਣਤਾਂ ਵੀ ਪਾਊ ਨਾਲੇ,
ਲੈ ਕੇ ਗੁਲਦਸਤੇ ਜੇ ‘ਦਿੱਲੀ ਦਰਬਾਰ’ ਗਏ।

# ਪ੍ਰਾਂਤਕ ਚੋਣਾਂ ਅਤੇ ਭਾਰਤ ਦਾ ਰਾਜਨੀਤਕ ਦ੍ਰਿਸ਼

***ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਚੋਣਾਂ ਨੇ ਭਾਰਤੀ ਸਿਆਸਤ ਵਿਚ ਇਕ ਨਵਾਂ ਅਧਿਆਏ ਜੋੜ ਦਿੱਤਾ ਹੈ। ਦੋਹਾਂ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਨੇ ਜਿੱਤਾਂ ਹਾਸਲ ਕੀਤੀਆਂ ਹਨ। ਇਹ ਉਹੀ ਪਾਰਟੀ ਹੈ ਜਿਸ ਨੂੰ ਕੱਲ੍ਹ ਤੱਕ ਵੋਟਰਾਂ ਦਾ ਹੁੰਗਾਰਾ ਹਾਸਲ ਕਰਨ ਲਈ ਬੜੇ ਤਰੱਦਦ ਕਰਨੇ ਪੈ ਰਹੇ ਸਨ ਪਰ ਇਨ੍ਹਾਂ ਦੋਹਾਂ ਸੂਬਿਆਂ ਜਿਥੇ ਇਸ ਪਾਰਟੀ ਦਾ ਕੋਈ ਬਹੁਤਾ ਵੱਡਾ ਆਧਾਰ ਵੀ ਨਹੀਂ ਸੀ, ਵਿਚ ਮਿਲੇ ਵੋਟ-ਹੁੰਗਾਰੇ ਨੇ ਸਿਆਸੀ ਸਰਕਲਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਨਵੀਂ ਚਰਚਾ ਇਸ ਪਾਰਟੀ ਦੇ ਭਵਿੱਖ ਨਾਲ ਸਿੱਧੀ ਜੁੜੀ ਹੋਈ ਹੈ। ਅਸਲ ਵਿਚ ਕਈ ਸਿਆਸੀ ਵਿਸ਼ਲੇਸ਼ਕ ਅਜੇ ਵੀ ਇਸ ਪਾਰਟੀ ਨੂੰ ਛਿਣ-ਭੰਗੂ ਦੀ ਵਾਰਤਾ ਆਖ ਰਹੇ ਹਨ। ਇਨ੍ਹਾਂ ਦੋਹਾਂ ਸੂਬਿਆਂ ਦੇ ਇਨ੍ਹਾਂ ਚੋਣ ਨਤੀਜਿਆਂ ਬਾਰੇ ਚਰਚਾ ਕਰ ਰਹੇ ਹਨ ਅਮਰਜੀਤ ਪਰਾਗ...। -ਸੰਪਾਦਕ***

ਨਿਰੰਤਰ ਚੋਣਾਂ ਭਾਰਤੀ ਲੋਕਰਾਜ ਦਾ ਨਿਵੇਕਲਾ ਵਰਤਾਰਾ ਹਨ। ਤਿੰਨ ਦਰਜਨ ਦੇ ਕਰੀਬ ਰਾਜਾਂ ਵਿਚ ਲੋਕ ਸਭਾ ਤੋਂ ਇਲਾਵਾ ਅਸੈਂਬਲੀ, ਪੰਚਾਇਤੀ, ਨਗਰ ਨਿਗਮ ਆਦਿਕ ਦੀਆਂ ਚੋਣਾਂ ਅਤੇ ਜ਼ਿਮਨੀ ਚੋਣਾਂ ਦਾ ਸਿਲਸਿਲਾ ਚਲਦਾ ਰਹਿੰਦਾ ਹੈ। ਪੰਜ ਕੁ ਮਹੀਨੇ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਪਿੱਛੋਂ 9 ਪ੍ਰਾਂਤਾਂ ਵਿਚ 40 ਦੇ ਕਰੀਬ ਉਪ ਚੋਣਾਂ ਹੋ ਚੁੱਕੀਆਂ ਹਨ ਤੇ ਹੁਣ ਇਸੇ 15 ਅਕਤੂਬਰ ਨੂੰ ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਵਿਧਾਨ ਸਭਾ ਚੋਣਾਂ ਹੋਈਆਂ ਹਨ। ਦੋ-ਤਿੰਨ ਮਹੀਨਿਆਂ ਵਿਚ ਦਿੱਲੀ ਅਤੇ ਜੰਮੂ ਕਸ਼ਮੀਰ ਵਿਚ ਅਸੈਂਬਲੀ ਚੋਣਾਂ ਹੋਣ ਵਾਲੀਆਂ ਹਨ। 2015 ਦੌਰਾਨ ਬਿਹਾਰ ਤੇ ਝਾਰਖੰਡ ਵਿਚ, 2016 ਵਿਚ ਆਸਾਮ, ਕੇਰਲਾ, ਤਾਮਿਲਨਾਡੂ ਤੇ ਪਾਂਡੀਚੇਰੀ;

ਅਮਰਜੀਤ ਪਰਾਗ

2017 ਦੌਰਾਨ ਉਤਰ ਪ੍ਰਦੇਸ਼, ਮਨੀਪੁਰ ਅਤੇ ਪੰਜਾਬ ਵਿਚ ਹੋਣੀਆਂ ਹਨ।

ਮਹਾਰਾਸ਼ਟਰ ਦੀਆਂ 288 ਸੀਟਾਂ ਵਿਚੋਂ 123 ਜਿੱਤ ਕੇ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। ਲੋਕ ਸਭਾ ਵਿਚ ਹੂੰਝਾ ਫੇਰੂ ਜਿੱਤ ਨਾਲ ਉਤਸ਼ਾਹਿਤ ਹੋਈ ਭਾਜਪਾ ਨੇ ਸ਼ਿਵ ਸੈਨਾ ਨਾਲੋਂ 25 ਸਾਲ ਪੁਰਾਣਾ ਗਠਜੋੜ ਤੋੜ ਲਿਆ ਸੀ। 1990 ਤੋਂ ਪਿੱਛੋਂ ਭਾਜਪਾ ਹੀ ਐਸੀ ਪਾਰਟੀ ਹੈ ਜਿਸ ਨੇ ਵਿਧਾਨ ਸਭਾ ਦੀਆਂ 100 ਤੋਂ ਵੱਧ ਸੀਟਾਂ ਜਿੱਤੀਆਂ ਹਨ। ਕਾਂਗਰਸ 42 ਸੀਟਾਂ ਲੈ ਕੇ ਤੀਜੇ ਸਥਾਨ ਉਪਰ ਰਹੀ ਹੈ। ਸ਼ਿਵ ਸੈਨਾ, ਰਾਸ਼ਟਰਵਾਦੀ ਕਾਂਗਰਸ ਅਤੇ ਭਾਜਪਾ ਵਲੋਂ ਚੋਣਾਂ ਤੋਂ ਪਹਿਲਾਂ ਗਠਬੰਧਨ ਤੋੜਨ ਤੇ ਹੁਣ ਸੱਤਾ-ਸੁਖ ਵਾਸਤੇ ਪੁਨਰਗਠਨ ਲਈ ਬੇਤੁਕੇ ਝੂਠੇ ਬਹਾਨੇ ਘੜਦੇ ਦਰਸਾਉਂਦੇ ਹਨ ਕਿ ਕਿਸੇ ਪਾਰਟੀ ਦਾ ਰਾਜਨੀਤਕ ਸਦਾਚਾਰ ਜਾਂ ਅਸੂਲਪ੍ਰਸਤੀ ਨਾਲ ਕੋਈ ਵਾਸਤਾ ਨਹੀਂ ਹੈ।

ਹਰਿਆਣਾ ਦੀਆਂ 90 ਵਿਚੋਂ 47 ਸੀਟਾਂ ਜਿੱਤ ਕੇ ਭਾਜਪਾ ਨੂੰ ਪੂਰਨ ਬਹੁਮਤ ਪ੍ਰਾਪਤ ਹੋ ਗਿਆ ਹੈ। ਸ਼ਿਵ ਸੈਨਾ ਵਾਂਗ ਇਥੇ ਭੀ ਹਰਿਆਣਾ ਜਨਹਿਤ ਕਾਂਗਰਸ ਨਾਲੋਂ ਭਾਜਪਾ ਨੇ ਆਪਣਾ ਗੱਠਜੋੜ ਖਤਮ ਕਰ ਲਿਆ ਸੀ। ਭਾਜਪਾ ਦੇ ਬਹੁਗਿਣਤੀ ਉਮੀਦਵਾਰ ਕਾਂਗਰਸ ਅਤੇ ਹੋਰ ਪਾਰਟੀਆਂ ਵਿਚੋਂ ਆਏ ਦਲਬਦਲੂ ਸੱਜਣ ਸਨ। ਜਾਟ ਪੱਤਾ ਫੇਲ੍ਹ ਕਰਨ ਲਈ ਭਾਜਪਾ ਨੇ 27 ਜਾਟਾਂ ਨੂੰ ਟਿਕਟਾਂ ਦਿੱਤੀਆਂ ਜਿਨ੍ਹਾਂ ਵਿਚੋਂ ਮੁਖ ਚਿਹਰਾ ਚੌਧਰੀ ਬਰਿੰਦਰ ਸਿੰਘ ਦਾ ਹੈ। ਭਾਜਪਾ ਨੂੰ ਗੈਰ ਜਾਟਾਂ ਦਾ ਸਮਰਥਨ ਵੀ ਮਿਲਿਆ। ਕਾਂਗਰਸ ਵਲੋਂ ਸਿੱਖਾਂ ਨੂੰ ਲੁਭਾਉਣ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਣ ਅਤੇ ਚੌਟਾਲਾ ਨੂੰ ਸਰਦਾਰ ਬਾਦਲ ਵਲੋਂ ਸਿੱਖ ਸਮਰਥਨ ਜੁਟਾਉਣ ਦੀ ਨੀਤੀ ਦੇ ਉਤਰ ਵਿਚ ਭਾਜਪਾ ਨੇ ਕਈ ਗੰਭੀਰ ਮੁਕੱਦਮਿਆਂ ਵਿਚ ਫਸੇ ਸਿਰਸਾ ਡੇਰੇ ਦੇ ਮੁਖੀ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਦਾ ਸਮਰਥਨ ਪ੍ਰਾਪਤ ਕਰ ਲਿਆ।

ਮਹਾਰਾਸ਼ਟਰ ਵਿਚ 15 ਸਾਲ ਤੋਂ ਅਤੇ ਹਰਿਆਣਾ ਵਿਚ 10 ਸਾਲਾਂ ਤੋਂ ਰਾਜ ਕਰ ਰਹੀ ਕਾਂਗਰਸ ਨੂੰ ਸੱਤਾ ਵਿਰੋਧੀ ਭਾਵਨਾ ਕਾਰਨ ਨੁਕਸਾਨ ਹੋਇਆ। ਇਥੇ ਵਿਡੰਬਨਾ ਇਹ ਹੈ ਕਿ ਦੋਵਾਂ ਰਾਜਾਂ ਵਿਚ ਵਿਕਾਸ ਪੱਖੋਂ ਕਾਂਗਰਸ ਦਾ ਰਿਕਾਰਡ ਕਾਫੀ ਚੰਗਾ ਸੀ। ਮਹਾਰਾਸ਼ਟਰ ਦੇ ਕਾਂਗਰਸੀ ਮੁੱਖ ਮੰਤਰੀ ਪ੍ਰਿਥਵੀ ਰਾਜ ਚੌਹਾਨ ਦੀ ਨਿੱਜੀ ਛਵੀ ਵੀ ਮਾੜੀ ਨਹੀਂ। ਹਰਿਆਣਾ ਵਿਚ ਭੁਪਿੰਦਰ ਸਿੰਘ ਹੁੱਡਾ ਦੇ ਰਾਜ ਕਾਲ ਦੌਰਾਨ ਸ਼ਾਨਦਾਰ ਵਿਕਾਸ ਹੋਇਆ। ਸੋ, ਚੋਣ ਨਤੀਜਿਆਂ ਨੂੰ ਵਿਕਾਸ ਨਾਲ ਜੋੜਨਾ ਖਾਸ ਕੁਝ ਨਹੀਂ ਦਰਸਾਉਂਦਾ।

ਲੋਕ ਸਭਾ ਅਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਭਾਰੀ ਜਿੱਤ ਨਾਲ ਸਭ ਤੋਂ ਕਸੂਤੀ ਸਥਿਤੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਹੋ ਗਈ ਹੈ। ਪਹਿਲੋਂ ਸੁਖਬੀਰ ਅਤੇ ਬਿਕਰਮਜੀਤ ਸਿੰਘ ਮਜੀਠੀਆ ਦੀ ਅੱਖ ਵਿਚ ਰੜਕਦੇ ਨਵਜੋਤ ਸਿੱਧੂ ਦੀ ਟਿਕਟ ਕਟਵਾ ਕੇ ਭਾਜਪਾ ਦੇ ਇੱਕ ਮੁੱਖ ਨੇਤਾ ਅਰੁਣ ਜੇਤਲੀ ਨੂੰ ਜਿੱਤ ਦਾ ਪੂਰਨ ਭਰੋਸਾ ਦੇ ਕੇ ਅੰਮ੍ਰਿਤਸਰ ਦੀ ਲੋਕ ਸਭਾ ਸੀਟ 'ਤੇ ਚੋਣ ਲੜਨ ਲਈ ਮਨਾ ਕੇ ਸ. ਬਾਦਲ ਨੇ ਵੱਡੀ ਚਾਲ ਚੱਲੀ ਸੀ, ਜਿਸ ਤੋਂ ਯਕੀਨਨ ਭਾਰੀ ਲਾਭ ਦੀ ਆਸ ਰੱਖੀ ਸੀ, ਪਰ ਜੇਤਲੀ ਤਿੱਖੇ ਬਾਦਲ ਵਿਰੋਧੀ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਹੱਥੋਂ ਇੱਕ ਲੱਖ ਤੋਂ ਵੱਧ ਵੋਟਾਂ ਨਾਲ ਹਾਰ ਗਿਆ। ਚੋਣਾਂ ਦੌਰਾਨ ਸ੍ਰੀ ਜੇਤਲੀ ਅੱਗੇ ਪੰਜਾਬ ਵਿਚ ਅਕਾਲੀ ਰਾਜ ਦਾ ਹੀਜ ਪਿਆਜ਼ ਵੀ ਨੰਗਾ ਹੋ ਗਿਆ। ਇਹ ਹਾਰ ਸ੍ਰੀ ਜੇਤਲੀ ਲਈ ਵੱਡਾ ਰਾਜਨੀਤਕ ਸਦਮਾ ਸੀ। ਕਦੇ ਉਹ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਮੰਨੇ ਜਾਂਦੇ ਸਨ ਤੇ ਕਿਥੇ ਮੋਦੀ ਦੀ ਬਖ਼ਸ਼ਿਸ਼ ਨਾਲ ਸਿਰਫ਼ ਵਿਤ ਮੰਤਰੀ ਬਣ ਕੇ ਰਹਿ ਗਏ ਹਨ। ਬਾਦਲ ਸਾਹਿਬ ਦੇ ਦਾਅਵੇ ਅਨੁਸਾਰ ਜੇਤਲੀ ਸਾਹਿਬ ਖ਼ਜਾਨਾ ਮੰਤਰੀ ਤਾਂ ਬਣ ਗਏ, ਪਰ ਉਨ੍ਹਾਂ ਦੀ ਆਸ ਮੁਤਾਬਕ ਦਿੱਲੀ ਤੋਂ ਪੰਜਾਬ ਨੂੰ ਆਉਣ ਵਾਲੇ ਨੋਟਾਂ ਦੇ ਟਰੱਕ ਹਾਦਸਾਗ੍ਰਸਤ ਹੋ ਗਏ।

ਦੂਜੀ ਵੱਡੀ ਘਾਗ ਚਾਲ ਬਾਦਲ ਸਾਹਿਬ ਨੇ ਹਰਿਆਣਾ ਚੋਣਾਂ ਵਿਚ ਭਾਜਪਾ ਦੇ ਮੁੱਖ ਵਿਰੋਧੀ ਓਮ ਪ੍ਰਕਾਸ਼ ਚੌਟਾਲਾ ਦੀ ਖੁੱਲ੍ਹਮ-ਖੁੱਲ੍ਹੀ ਮੱਦਦ ਕਰਨ ਦੀ ਖੇਡੀ ਸੀ। ਜੇ ਮਹਾਰਾਸ਼ਟਰ ਵਾਂਗ ਹਰਿਆਣੇ ਵਿਚ ਭਾਜਪਾ ਨੂੰ ਪੂਰਨ ਬਹੁਮਤ ਨਾ ਮਿਲਦਾ ਤਾ ਚੌਟਾਲਾ ਦੀ ਇਨੈਲੋ ਦਾ ਭਾਜਪਾ ਨੂੰ ਸਮਰਥਨ ਦਿਵਾ ਕੇ ਦੋਹਾਂ ਨੂੰ ਹੀ ਅਹਿਸਾਨਮੰਦ ਬਣਾ ਲੈਣਾ ਸੀ। ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਜੇਲ੍ਹ ਵਿਚ ਬੈਠੇ ਚੌਟਾਲਾ ਦੀ ਮੱਦਦ ਹੋ ਸਕਦੀ ਸੀ ਤੇ ਭਾਜਪਾ ਦੀਆਂ ਨਜ਼ਰਾਂ ਵਿਚ ਬਾਦਲ ਸਾਹਿਬ ਦੀ ਦੂਰ-ਅੰਦੇਸ਼ੀ ਦੀ ਧਾਂਕ ਬੈਠ ਜਾਣੀ ਸੀ। ਜੇਤਲੀ ਦੀ ਹਾਰ ਵਾਲੀ ਕੁੜਿੱਤਣ ਵੀ ਘਟ ਜਾਣੀ ਸੀ। ਹੁਣ ਦਿਨੋ-ਦਿਨ ਗੰਭੀਰ ਹੁੰਦੇ ਜਾ ਰਹੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੀ ਬਾਦਲ ਸਰਕਾਰ ਨੂੰ ਕੇਂਦਰ ਵੱਲੋਂ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ। ਬਾਦਲ ਸਾਹਿਬ ਵੱਲੋਂ ਭਾਜਪਾ ਅਤੇ ਮੋਦੀ ਨੂੰ ਜਿੱਤਾਂ ਦੀਆਂ ਵਧਾਈਆਂ ਅਤੇ ਜਨਤਕ ਤੌਰ 'ਤੇ ਖੁਸ਼ੀ ਪ੍ਰਗਟ ਕਰਨੀ ਇੱਦਾਂ ਹੀ ਹੈ ਜਿਵੇਂ ਕੋਈ ਤ੍ਰੀਮਤ ਆਪਣੇ ਪਤੀ ਦੇ ਦੂਜੇ ਵਿਆਹ ਵਿਚ ਗਿੱਧਾ ਪਾਉਂਦੀ ਹੋਵੇ।

ਉਪਰੋਂ ਪੰਜਾਬ ਅੰਦਰ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਦੇ ਨੇਤਾ ਕੇਂਦਰ ਵਿਚ ਭਾਜਪਾ ਦੀਆਂ ਜਿੱਤਾਂ ਨਾਲ ਚਾਂਭਲ ਗਏ ਹਨ। ਹੁਣ ਉਨ੍ਹਾਂ ਵੱਲੋਂ ਹਰ ਪੱਖੋਂ ਅੜਚਣਾਂ ਕੀਤੀਆਂ ਜਾਣ ਲੱਗ ਪਈਆਂ ਹਨ। ਵੋਟ ਬੈਂਕ ਦੀਆਂ ਵਿਰੋਧੀ ਤਰਜੀਹਾਂ ਕਰ ਕੇ ਅਕਾਲੀ ਦਲ ਤੇ ਭਾਜਪਾ ਵਿਚਾਲੇ ਤਣਾਓ ਦੀ ਸਥਿਤੀ ਬਣੀ ਰਹੇਗੀ।

ਇਸ ਵਾਰ ਦੀਆਂ ਚੋਣਾਂ ਵਿਚ ਕੇਵਲ ਹੁਕਮਰਾਨ ਪਾਰਟੀ ਹੀ ਨਹੀਂ ਬਦਲੀ ਸਗੋਂ ਭਾਰਤੀ ਸਿਆਸਤ ਵਿਚ ਬੁਨਿਆਦੀ ਤਬਦੀਲੀਆਂ ਹੋਣੀਆਂ ਅਟੱਲ ਹਨ। ਭਾਜਪਾ ਕੱਟੜ ਰਾਸ਼ਟਰਵਾਦੀ ਪਾਰਟੀ ਬਣ ਕੇ ਬਹੁਤਾ ਅੱਗੇ ਨਹੀਂ ਵਧ ਸਕੇਗੀ। ਜਿੰਨੇ ਵੱਡੇ ਸੁਧਾਰਾਂ ਦੇ ਵਾਅਦੇ ਕੀਤੇ ਹਨ, ਜੇ ਸ੍ਰੀ ਮੋਦੀ ਨੇ ਆਪਣੇ ਕਾਹਲੇ ਸੁਭਾਅ ਕਾਰਨ ਬੇਲੋੜੀ ਤੇਜ਼ੀ ਵਿਖਾਈ ਤਾਂ ਇਸ ਨਾਲ ਕਈ ਅਣਚਾਹੇ ਨਤੀਜੇ ਵੀ ਸਾਹਮਣੇ ਆ ਸਕਦੇ ਹਨ। ਧੂੰਆਂਧਾਰ ਪ੍ਰਚਾਰੇ ਸੁਨਹਿਰੇ ਸੁਪਨੇ ਸਾਕਾਰ ਕਰਨੇ ਆਸਾਨ ਨਹੀ ਹੋਣਗੇ। ਧੀਮੀ ਗਤੀ ਨਾਲ ਚੱਲੇ ਤਾਂ ਮੋਦੀ ਮੈਜਿਕ ਉਪਰ ਕਿੰਤੂ ਉਠਣ ਦਾ ਡਰ ਹੈ।

ਕ੍ਰਿਸ਼ਮਈ ਵਿਅਕਤੀ ਤੇ ਕੇਂਦਰੀ ਰਾਜਨੀਤੀ ਦੋ-ਮੂੰਹੀ ਤਲਵਾਰ ਹੁੰਦੀ ਹੈ। ਅੱਜ ਜਿੱਤਾਂ ਦਾ ਸਾਰਾ ਸਿਹਰਾ ਜੇ ਮੋਦੀ ਨੂੰ ਮਿਲ ਰਿਹਾ ਹੈ ਤਾਂ ਭਾਜਪਾ ਲਾਭ ਉਠਾਣ ਲਈ ਨਮੋ-ਨਮੋ ਕਰ ਰਹੀ ਹੈ। ਜੇ ਕੁਝ ਵੀ ਗ਼ਲਤ ਜਾ ਅਣਇੱਛਤ ਹੁੰਦਾ ਹੈ ਤਾਂ ਉਸ ਦਾ ਭਾਂਡਾ ਵੀ ਮੋਦੀ ਦੇ ਸਿਰ ਹੀ ਭੱਜੇਗਾ, ਨਤੀਜੇ ਦੇਸ਼ ਨੂੰ ਭੁਗਤਣੇ ਪੈਣਗੇ। ਸ੍ਰੀਮਤੀ ਇੰਦਰਾ ਇਜ਼ ਇੰਡੀਆ ਦੇ ਕ੍ਰਿਸ਼ਮੇ ਦੇ ਨਤੀਜੇ ਦੇਸ਼ ਅਜੇ ਵੀ ਭੁਗਤ ਰਿਹਾ ਹੈ ਅਤੇ ਲੰਮੇ ਸਮੇਂ ਲਈ ਭੁਗਤਦਾ ਰਹੇਗਾ।

1971 ਦੀ ਜੰਗ ਵਿਚ ਪਾਕਿਸਤਾਨ ਦੇ ਦੋ ਟੁਕੜੇ ਹੋ ਗਏ ਸਨ। ਭਾਰਤ ਨੂੰ ਆਸ ਸੀ ਕਿ ਹੁਣ ਪਾਕਿਸਤਾਨ ਬਹੁਤ ਕਮਜ਼ੋਰ ਹੋ ਜਾਵੇਗਾ। ਇਸ ਜਿੱਤ ਉਪਰ ਸ੍ਰੀ ਵਾਜਪਾਈ ਵਰਗੇ ਵੱਡੇ ਕੱਦ ਵਾਲੇ ਨੇਤਾ ਨੇ ਵੀ ਗਦਗਦ ਹੋ ਕੇ ਸ੍ਰੀਮਤੀ ਇੰਦਰਾ ਗਾਂਧੀ ਨੂੰ 'ਦੁਰਗਾ ਮਾਤਾ' ਕਹਿ ਕੇ ਵਡਿਆਇਆ ਸੀ। ਪੰਜਾਬੀ ਬਨਾਮ ਬੰਗਾਲੀ ਧੜੇਬੰਦੀ ਦਾ ਸ਼ਿਕਾਰ 2500 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਦੋ ਭਾਗਾਂ ਵਿਚ ਵੰਡੇ ਗਏ ਪਾਕਿਸਤਾਨ ਨਾਲ ਨਜਿੱਠਣਾ ਭਾਰਤ ਲਈ ਕਿਤੇ ਆਸਾਨ ਸੀ। ਬੰਗਲਾਦੇਸ਼ ਭਾਰਤ ਦਾ ਧੰਨਵਾਦੀ ਮਿੱਤਰ ਦੇਸ਼ ਬਣਨ ਦੀ ਬਜਾਏ ਸੈਨਿਕ ਸ਼ਾਸਨ ਤੇ ਅਤਿਵਾਦੀ ਰੁਝਾਨਾਂ ਵਾਲਾ ਦੇਸ਼ ਬਣ ਗਿਆ। ਨਾ ਹੀ ਸ਼ਰਨਾਰਥੀ ਸਮੱਸਿਆ ਹੱਲ ਹੋਈ। ਪਾਕਿਸਤਾਨ ਦੇ ਹਾਕਮਾਂ ਵੱਲੋਂ ਲੋਕਾਂ ਦੀਆਂ ਨਜ਼ਰਾਂ ਵਿਚ ਭਾਰਤ ਨੂੰ ਪਾਕਿਸਤਾਨ ਦੀ ਹੋਂਦ ਦੇ ਦੁਸ਼ਮਣ ਵਜੋਂ ਪੇਸ਼ ਕਰਨਾ ਆਸਾਨ ਹੋ ਗਿਆ। ਬੋਲੀ ਅਤੇ ਸਭਿਆਚਾਰਕ ਝਮੇਲਿਆਂ ਤੋਂ ਹਟ ਕੇ ਪਾਕਿਸਤਾਨ ਵਿਚ ਅਤਿਵਾਦੀ ਰੁਝਾਨ ਪ੍ਰਬਲ ਹੋ ਗਏ ਹਨ। ਦੁਰਗਾ ਮਾਤਾ ਦੀ ਕਥਾ ਤੋਂ ਇੱਕ ਸਬਕ ਇਹ ਵੀ ਮਿਲਦਾ ਹੈ ਕਿ ਦੇਵੀ ਰਾਕਸ਼ਾਂ ਦਾ ਬੱਧ ਤਾਂ ਕਰ ਸਕਦੀ ਹੈ ਪਰ ਨਵੇਂ ਰਾਕਸ਼ ਪੈਦਾ ਹੋਣੋਂ ਰੋਕ ਨਹੀਂ ਸਕਦੀ। ਮਹਿਖਾਸੁਰ ਮਾਰਿਆ ਜਾਂਦਾ ਹੈ ਤਾਂ ਸ਼ੁੰਭੀ-ਕਿਸ਼ੁੰਭੀ ਦੇ ਰਕਤਬੀਜ ਪੈਦਾ ਹੋ ਜਾਂਦੇ ਹਨ।

ਖ਼ੁਦ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਐਟਮੀ ਧਮਾਕਾ ਕਰ ਕੇ ਰਾਸ਼ਟਰਵਾਦੀ ਤਬਕਿਆਂ ਪਾਸੋਂ ਵਕਤੀ ਵਾਹ-ਵਾਹ ਤਾਂ ਖੱਟ ਲਈ ਸੀ ਪਰ ਇਸ ਨਾਲ ਪਰੰਪਰਿਕ ਹਥਿਆਰਾਂ ਵਾਲੇ ਯੁੱਧ ਵਿਚ ਭਾਰਤ ਦੀ ਪਾਕਿਸਤਾਨ ਉਪਰ ਸਪਸ਼ਟ ਬਿਹਤਰੀ ਖਤਮ ਹੋ ਗਈ ਹੈ। ਪਰਮਾਣੂ ਜੰਗ ਲੜੀ ਹੀ ਨਹੀਂ ਜਾ ਸਕਦੀ। ਹੁਣ ਅਸੀਂ 1965 ਅਤੇ 1971 ਵਰਗੇ ਯੁੱਧ ਲੜ ਕੇ ਜਿੱਤਾਂ ਪ੍ਰਾਪਤ ਕਰਨ ਦਾ ਰਾਹ ਆਪੇ ਹੀ ਬੰਦ ਕਰ ਲਿਆ ਹੈ।

ਭਾਰਤ ਦੀਆਂ ਚੋਣਾਂ ਅਮਰੀਕਨ ਚੋਣਾਂ ਵਾਂਗ ਮਹਿੰਗੀਆਂ ਹੋ ਗਈਆਂ ਹਨ। ਕਾਰਪੋਰੇਟ ਖੇਤਰ ਦੇ ਪੈਸੇ ਅਤੇ ਅਰਬਪਤੀਆਂ ਦੀ ਮਾਲਕੀ ਵਾਲੇ ਟੀ.ਵੀ. ਚੈਨਲਾਂ ਅਤੇ ਹੋਰ ਸੰਚਾਰ ਸਾਧਨਾਂ ਦੇ ਆਸਰੇ, ਟੈਕਨੋਲੋਜੀ ਦੀ ਅੰਨੀ ਵਰਤੋਂ ਕਰ ਸਕਣ ਵਾਲੀ ਪਾਰਟੀ ਹੀ ਅਜਿਹਾ ਚੋਣ ਪ੍ਰਚਾਰ ਕਰ ਸਕੇਗੀ। ਅਜਿਹੀਆਂ ਚੋਣਾਂ ਰਾਹੀਂ ਜਿੱਤ ਕੇ ਆਏ ਹੁਕਮਰਾਨਾਂ ਦੀਆਂ ਨੀਤੀਆਂ ਧਨਕੁਬੇਰਾਂ ਦੇ ਹਿਤਾਂ ਨੂੰ ਮੁੱਖ ਰੱਖ ਕੇ ਹੀ ਬਣਨਗੀਆਂ।

# ਫਲਸਤੀਨ ਦੀ ਹਕੀਕਤ ਦੇ ਰੂ-ਬ-ਰੂ

ਫਲਸਤੀਨੀਆਂ ਦੀ ਮੁਕਤੀ ਦੀ ਜੱਦੋਜਹਿਦ ਲਈ ਤਹਿ-ਦਿਲੋਂ ਇਕਮੁੱਠਤਾ ਦੇ ਮਨੋਰਥ ਨਾਲ ਸੰਪਾਦਤ ਕੀਤੀਆਂ 'ਲੈਫਟਵਰਲਡ ਬੁੱਕਸ' ਦੀਆਂ ਹਾਲੀਆ ਦੋ ਕਿਤਾਬਾਂ 'ਫਰੌਮ ਇੰਡੀਆ ਟੂ ਫਲਸਤੀਨ' ਅਤੇ 'ਐਡਵਰਡ ਸਈਦ ਔਨ ਫਲਸਤੀਨ' ਕਾਬਲੇਗੌਰ ਹਨ। 'ਫਰੌਮ ਇੰਡੀਆ

**ਬੂਟਾ ਸਿੰਘ**
ਫੋਨ: 91-94634-74342

ਟੂ ਫਲਸਤੀਨ' ਲੇਖਕਾ ਗੀਤਾ ਹਰੀਹਰਨ ਵਲੋਂ ਸੰਪਾਦਤ ਕੀਤੀ ਗਈ ਹੈ। ਇਸ ਵਿਚ ਏਜਾਜ਼ ਅਹਿਮਦ, ਮੀਨਾ ਅਲੈਗਜ਼ੈਂਡਰ, ਗੀਤਾ ਹਰੀਹਰਨ, ਸੁਨੈਨਾ ਮੈਰਾ, ਨਿਵੇਦਿਤਾ ਮੈਨਨ, ਰਿਤੂ ਮੈਨਨ, ਸੁਕੁਮਾਰ ਮੁਰਲੀਧਰਨ, ਸੀਮਾ ਮੁਸਤਫਾ, ਅਦਿਤਿਆ ਨਿਗਮ, ਪ੍ਰਭਾਤ ਪਟਨਾਇਕ, ਵਿਜੇ ਪ੍ਰਸਾਦ, ਪ੍ਰਬੀਰ ਪੁਰਕਾਇਸਥਾ, ਏ.ਕੇ. ਰਾਮਾਕ੍ਰਿਸ਼ਨਨ, ਨਯਨਤਾਰਾ ਸਹਿਗਲ, ਅਚਿਨ ਵਿਨਾਇਕ ਦੇ ਚੌਦਾਂ ਲੇਖ ਸ਼ਾਮਲ ਹਨ। ਆਪੋ-ਆਪਣੇ ਖੇਤਰ ਦੀਆਂ ਇਨ੍ਹਾਂ ਉਘੀਆਂ ਸ਼ਖ਼ਸੀਅਤਾਂ ਨੇ ਫਲਸਤੀਨ ਦੇ ਸਵਾਲ ਦੇ ਵੱਖੋ-ਵੱਖਰੇ ਪਹਿਲੂਆਂ ਬਾਰੇ ਬੜੀ ਸ਼ਿੱਦਤ ਨਾਲ ਲਿਖਿਆ ਹੈ। ਇਹ ਸਾਰੇ ਨਾ ਸਿਰਫ ਫਲਸਤੀਨ ਦੀ ਜ਼ਮੀਨੀ ਹਕੀਕਤ ਨਾਲ ਡੂੰਘੇ ਤੌਰ 'ਤੇ ਵਾਬਸਤਾ ਹਨ ਸਗੋਂ ਹਿੰਦੁਸਤਾਨ ਅੰਦਰ ਫਲਸਤੀਨ ਦੇ ਕਾਜ ਨਾਲ ਇਕਮੁੱਠਤਾ ਜ਼ਾਹਿਰ ਕਰਨ ਵਾਲੀ ਲਹਿਰ ਦਾ ਵੀ ਸਜਿੰਦ ਤੇ ਸਰਗਰਮ ਹਿੱਸਾ ਹਨ। ਦੂਜੀ ਕਿਤਾਬ 'ਐਡਵਰਡ ਸਈਦ ਔਨ ਫਲਸਤੀਨ' ਮਸ਼ਹੂਰ ਫਲਸਤੀਨੀ-ਅਮਰੀਕੀ ਚਿੰਤਕ ਐਡਵਰਡ ਸਈਦ ਦੇ ਦੋ ਲੇਖਾਂ ਅਤੇ ਫਲਸਤੀਨੀ ਚਿੰਤਕ ਰਾਜਾ ਸ਼ੇਹਾਦੇ ਦੀ ਐਡਵਰਡ ਸਈਦ ਯਾਦਗਾਰੀ ਤਕਰੀਰ ਦਾ ਸੰਗ੍ਰਹਿ ਹੈ ਜਿਸ ਵਿਚ ਫਲਸਤੀਨ ਦੇ ਅਤੀਤ, ਵਰਤਮਾਨ ਅਤੇ ਭਵਿੱਖ ਨਾਲ ਜੁੜੇ ਮੁੱਖ ਸਵਾਲਾਂ ਨੂੰ ਚਰਚਾ ਵਿਚ ਲਿਆਂਦਾ ਗਿਆ ਹੈ।

ਫਲਸਤੀਨ ਐਡਵਰਡ ਸਈਦ ਦੀ ਬੌਧਿਕ ਖੋਜ ਦਾ ਮੁੱਖ ਖੇਤਰ ਨਹੀਂ ਸੀ। ਉਹ ਸਾਹਿਤਕ ਆਲੋਚਕ ਸੀ ਜਿਸ ਨੇ ਸਾਹਿਤ ਦੇ ਅਣਗਿਣਤ ਪ੍ਰਸੰਗਾਂ ਬਾਰੇ ਨਿੱਠ ਕੇ ਲਿਖਿਆ। ਐਪਰ ਐਡਵਰਡ ਸਈਦ ਹੀ ਅਜਿਹਾ ਫਲਸਤੀਨੀ ਲੇਖਕ ਸੀ ਜਿਸ ਨੇ ਆਪਣੇ ਲੋਕਾਂ ਨਾਲ ਹੋਈ ਮਹਾਂ ਬੇਇਨਸਾਫ਼ੀ ਬਾਰੇ ਡੂੰਘੀ ਸੰਵੇਦਨਾ ਨਾਲ ਅਤੇ ਵਾਸਤਵਿਕ ਹੋ ਕੇ ਸਭ ਤੋਂ ਵੱਧ ਕਲਮ ਚਲਾਈ। ਆਪਣੇ ਆਵਾਮ ਨਾਲ ਜ਼ੁਲਮੋ-ਸਿਤਮ ਦੀ ਤਫ਼ਸੀਲ ਉਸ ਦੇ ਲੇਖਾਂ ਦਾ ਕੇਂਦਰੀ ਮੁੱਦਾ ਨਹੀਂ ਹੈ। ਉਸ ਦਾ ਮੁੱਖ ਸਰੋਕਾਰ ਫਲਸਤੀਨ ਦੇ ਸਵਾਲ ਦੀ ਸਹੀ ਵਿਆਖਿਆ ਨਾਲ ਹੈ। ਇਸ ਪੱਖੋਂ ਵੀ ਉਸ ਦਾ ਯੋਗਦਾਨ ਬਾਕਮਾਲ ਹੈ। ਉਸ ਨੇ ਜਦੋਂ ਫਲਸਤੀਨੀ ਆਗੂ ਯਾਸਰ ਅਰਾਫ਼ਾਤ ਵਲੋਂ 1993 ਵਿਚ ਕੀਤੇ ਓਸਲੋ ਸਮਝੌਤੇ ਨੂੰ ਬੇਬਾਕ ਹੋ ਕੇ 'ਗੋਡੇ ਟੇਕਣ ਦਾ ਸੰਦ' ਕਰਾਰ ਦਿੱਤਾ, ਤਾਂ ਉਸ ਦੀ ਬਹੁਤ ਭੰਡੀ ਕੀਤੀ ਗਈ। ਅਜਿਹਾ ਕਰਨ ਵਾਲਿਆਂ ਵਿਚ ਇਸਰਾਈਲੀ ਵਿਦਵਾਨ ਅਵੀ ਸ਼ਲੇਮ ਵੀ ਸੀ, ਪਰ ਦੋ ਦਹਾਕੇ ਬਾਅਦ ਸ਼ਲੇਮ ਨੇ ਲਿਖਿਆ, "ਵੀਹ ਵਰ੍ਹੇ ਪਿੱਛੋਂ ਅੱਜ ਦੇ ਭਵਿੱਖ-ਨਕਸ਼ੇ ਤੋਂ ਦੇਖਿਆਂ ਇਹ ਸਪਸ਼ਟ ਹੈ ਕਿ ਐਡਵਰਡ ਸਈਦ ਦਾ ਵਿਸ਼ਲੇਸ਼ਣ ਸਹੀ ਸੀ ਅਤੇ ਮੈਂ ਗਲਤ ਸੀ।"

ਫਲਸਤੀਨ ਦੇ ਸਵਾਲ ਨੂੰ ਸਮਝਣ ਲਈ ਜਾਣਕਾਰੀ ਅਤੇ ਵਿਸ਼ਲੇਸ਼ਣ ਪੱਖੋਂ ਦੋਵਾਂ ਕਿਤਾਬਾਂ ਦੀ ਆਪੋ-ਆਪਣੀ ਅਹਿਮੀਅਤ ਹੈ। ਐਪਰ ਗੀਤਾ ਹਰੀਹਰਨ ਵਲੋਂ ਸੰਪਾਦਤ ਕਿਤਾਬ ਇਸ ਕਰ ਕੇ ਵਧੇਰੇ ਚਰਚਾ ਦੀ ਮੰਗ ਕਰਦੀ ਹੈ ਕਿ ਇਸ ਵਿਚ ਹਿੰਦੁਸਤਾਨੀ ਲੇਖਕਾਂ, ਵਿਦਵਾਨਾਂ ਅਤੇ ਕਾਰਕੁਨਾਂ ਦੇ ਫਲਸਤੀਨ ਦੀ ਜ਼ਮੀਨੀ ਹਕੀਕਤ ਦੇ ਅੱਖੀਂ ਡਿੱਠੇ ਸਿੱਧੇ ਅਨੁਭਵਾਂ ਤੋਂ ਲੈ ਕੇ 'ਦਹਿਸ਼ਤਵਾਦ ਵਿਰੁਧ ਜੰਗ' ਦੇ ਆਲਮੀ ਸਾਮਰਾਜਵਾਦੀ ਭਵਿੱਖ-ਨਕਸ਼ੇ ਅਤੇ ਹਿੰਦੁਸਤਾਨੀ ਰਾਜ ਦੇ ਫਲਸਤੀਨੀ ਲੋਕਾਂ ਤੇ ਇਸਰਾਈਲੀ ਰਾਜ ਨਾਲ ਰਿਸ਼ਤਿਆਂ ਦੇ ਬਦਲ ਰਹੇ ਸੁਭਾਅ ਦੀ ਡੂੰਘੀ ਚੀਰ-ਫਾੜ ਪੇਸ਼ ਕੀਤੀ ਗਈ ਹੈ।

'ਫਰੌਮ ਇੰਡੀਆ ਟੂ ਫਲਸਤੀਨ' ਦਾ ਮੁੱਖ ਫੋਕਸ ਭਾਵੇਂ ਹਿੰਦੁਸਤਾਨ ਅਤੇ ਇਸਰਾਇਲ-ਫਲਸਤੀਨ ਸਬੰਧ ਹਨ ਪਰ ਇਸ ਵਿਚ ਫਲਸਤੀਨ ਦੇ ਸਵਾਲ ਨੂੰ ਦੁਨੀਆਂ ਵਿਚ ਹਿੰਦੁਸਤਾਨੀ ਸਟੇਟ ਦੀ ਬਦਲ ਰਹੀ ਭੂਮਿਕਾ ਦੇ ਚੌਤਰਫ਼ੇ ਪ੍ਰਸੰਗ ਵਿਚ ਵਿਚਾਰਿਆ ਗਿਆ ਹੈ। ਇਤਿਹਾਸਕ ਤੌਰ 'ਤੇ ਨਾ ਸਿਰਫ ਹਿੰਦੁਸਤਾਨ ਦੇ ਅਰਬ ਜਗਤ ਨਾਲ ਮਜ਼ਬੂਤ ਰਿਸ਼ਤੇ ਰਹੇ ਹਨ, ਸਗੋਂ 1948 ਵਿਚ ਫਲਸਤੀਨੀ ਸਰਜ਼ਮੀਨ ਉਪਰ ਡੂੰਘੀ ਸਾਜ਼ਿਸ਼ ਤਹਿਤ ਇਸਰਾਇਲ ਸਟੇਟ ਥੋਪ ਦਿੱਤੇ ਜਾਣ ਦੇ ਸਮੇਂ ਤੋਂ ਹੀ ਹਿੰਦੁਸਤਾਨ ਦਾ ਆਜ਼ਾਦੀ ਸੰਗਰਾਮ, ਫਲਸਤੀਨੀਆਂ ਦੇ ਆਪਣੇ ਵਤਨ ਲਈ ਸੰਘਰਸ਼ ਨੂੰ ਬਸਤੀਵਾਦ ਵਿਰੁਧ ਸੱਚਾ ਸੰਘਰਸ਼ ਤਸਲੀਮ ਕਰਦਾ ਆਇਆ ਹੈ। ਲੇਖਕਾਂ ਨੇ ਰਵਾਇਤੀ ਰਾਸ਼ਟਰਵਾਦੀ ਆਗੂਆਂ ਐਮ.ਕੇ. ਗਾਂਧੀ ਅਤੇ ਜਵਾਹਰ ਲਾਲ ਨਹਿਰੂ ਦੇ ਫਲਸਤੀਨ ਬਾਰੇ ਬਿਆਨਾਂ ਤੇ ਲੇਖਾਂ ਦੇ ਇਤਿਹਾਸਕ ਹਵਾਲਿਆਂ ਨੂੰ ਮੁੱਖ ਕਸਵੱਟੀ ਬਣਾ ਕੇ ਹਿੰਦੁਸਤਾਨੀ ਰਾਜ ਦੀ ਪੁਜ਼ੀਸ਼ਨ ਵਿਚ ਆਏ ਬਦਲਾਅ ਦਾ ਵਿਸ਼ਲੇਸ਼ਣ ਕੀਤਾ ਹੈ। 1948 ਵਿਚ ਇਸਰਾਈਲੀ ਸਟੇਟ ਬਣਾਏ ਜਾਣ ਤੋਂ ਦੋ ਵਰ੍ਹੇ ਪਹਿਲਾਂ ਗਾਂਧੀ ਨੇ ਲਿਖਿਆ ਸੀ, "ਉਨ੍ਹਾਂ ਨੇ ਪਹਿਲਾਂ ਅਮਰੀਕਾ ਤੇ ਬਰਤਾਨੀਆ ਦੀ ਮਦਦ ਨਾਲ ਅਤੇ ਹੁਣ ਨੰਗੀ ਦਹਿਸ਼ਤਗਰਦੀ ਦੀ ਮਦਦ ਨਾਲ ਖ਼ੁਦ ਨੂੰ ਫਲਸਤੀਨ ਉਪਰ ਥੋਪਣ ਦਾ ਯਤਨ ਕਰ ਕੇ ਬੱਜਰ ਗਲਤੀ ਕੀਤੀ ਹੈ।"

ਸਵਾਲ ਇਹ ਹੈ ਕਿ ਹਿੰਦੁਸਤਾਨ ਦੇ ਹੁਕਮਰਾਨ ਫਲਸਤੀਨ ਦੇ ਕਾਜ ਦੀ ਬਿਨਾਂ ਸ਼ਰਤ ਹਮਾਇਤ ਤੋਂ ਇਸਰਾਇਲ ਨਾਲ ਯੁੱਧਨੀਤਕ ਭਿਆਲੀ ਦੀ ਪੂਰੀ ਤਰ੍ਹਾਂ ਆਪਾ-ਵਿਰੋਧੀ ਪੁਜ਼ੀਸ਼ਨ 'ਤੇ ਕਿਵੇਂ ਪਹੁੰਚ ਗਏ, ਉਸ ਯਹੂਦੀਵਾਦੀ ਇਸਰਾਇਲ ਨਾਲ ਜੋ ਮੁਲਕ ਵਜੋਂ ਫਲਸਤੀਨ ਦੀ ਹੋਂਦ ਤੋਂ ਹੀ ਇਨਕਾਰੀ ਹੈ ਅਤੇ ਜਿਸ ਦੀਆਂ ਨਜ਼ਰਾਂ 'ਚ ਗਾਜ਼ਾ ਤੇ ਪੱਛਮੀ ਕੰਢਾ ਵੀ ਮਹਿਜ਼ ਇਸਰਾਇਲ ਦੇ ਫਲਸਤੀਨੀ ਇਲਾਕੇ ਹੀ ਹਨ।

ਮਸ਼ਹੂਰ ਅਰਥ ਸ਼ਾਸਤਰੀ ਪ੍ਰਭਾਤ ਪਟਨਾਇਕ ਦਾ ਮੰਨਣਾ ਹੈ ਕਿ ਫਲਸਤੀਨ ਵਿਚ ਇਸਰਾਈਲੀ ਬਸਤੀਵਾਦ ਨੂੰ ਵਡੇਰੇ ਸਾਮਰਾਜਵਾਦੀ ਪ੍ਰੋਜੈਕਟ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਇਸ ਜਾਵੀਏ ਤੋਂ ਹਿੰਦੁਸਤਾਨੀ ਹੁਕਮਰਾਨ ਜਮਾਤ ਦੀ ਇਸਰਾਈਲੀ ਰਾਜ ਨਾਲ ਪਿਛਲੇ ਦੋ ਦਹਾਕਿਆਂ ਵਿਚ ਪ੍ਰਫੁਲਤ ਹੋਈ ਯੁੱਧਨੀਤਕ ਸਾਂਝ ਦੇ ਅਸਲ ਮਾਇਨਿਆਂ ਨੂੰ ਸਮਝਿਆ ਜਾ ਸਕਦਾ ਹੈ ਜਿਸ ਦੇ ਪਿਛੋਕੜ ਵਿਚ ਸਾਮਰਾਜਵਾਦੀ ਵਿਸ਼ਵੀਕਰਨ ਦੀ ਆਲਮੀ ਯੁੱਧਨੀਤੀ ਕਾਰਜਸ਼ੀਲ ਹੈ। ਇਸ ਦੀ ਤੱਥਪੂਰਨ ਤਫ਼ਸੀਲ ਇਸ ਕਿਤਾਬ ਵਿਚ ਮਿਲਦੀ ਹੈ। ਲੇਖਕਾਂ ਨੇ ਗੰਭੀਰ ਫਿਕਰਮੰਦੀ ਨਾਲ ਨੋਟ ਕੀਤਾ ਹੈ ਕਿ ਸ਼ੀਤ ਯੁੱਧ ਦੇ ਖ਼ਾਤਮੇ ਤੋਂ ਬਾਅਦ, ਖ਼ਾਸ ਕਰ ਕੇ 1990ਵਿਆਂ ਵਿਚ ਹਿੰਦੁਸਤਾਨ ਦੇ ਇਸਰਾਇਲ ਨਾਲ ਰਿਸ਼ਤੇ 'ਚ ਵੱਡਾ ਬਦਲਾਅ ਆਇਆ। ਇਸ ਬਦਲਾਅ ਦਾ ਨਤੀਜਾ ਸੀ ਕਿ ਹਿੰਦੁਸਤਾਨੀ ਸਟੇਟ, ਫਲਸਤੀਨ ਦੇ ਕਾਜ ਦੀ ਸਿਆਸੀ-ਇਖ਼ਲਾਕੀ ਹਮਾਇਤ ਦੀ ਆਪਣੀ ਰਵਾਇਤੀ ਪੁਜ਼ੀਸ਼ਨ ਨੂੰ ਤਿਲਾਂਜਲੀ ਦੇ ਕੇ ਆਲਮੀ ਬਦੀ ਦੇ ਧੁਰੇ ਦੀ ਅਖੌਤੀ 'ਦਹਿਸ਼ਤਵਾਦ ਵਿਰੁਧ ਜੰਗ' ਦਾ ਹਿੱਸਾ ਬਣ ਗਿਆ। ਅਮਰੀਕੀ ਚਿੰਤਕ ਨੌਮ ਚੌਮਸਕੀ ਨੇ 1993 ਵਿਚ ਐਨ ਸਹੀ ਨੋਟ ਕੀਤਾ ਸੀ ਕਿ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦਾ ਇਸਰਾਇਲ ਦੇ ਟਾਕਰੇ ਦਾ ਰਾਹ ਛੱਡ ਕੇ ਸਮਝੌਤੇ ਦਾ ਰਾਹ ਅਖ਼ਤਿਆਰ ਕਰ ਲੈਣਾ ਫਲਸਤੀਨ ਦੇ ਕਾਜ ਨੂੰ ਵੱਡੀ ਸੱਟ ਤਾਂ ਹੈ ਹੀ ਸੀ, ਇਸ ਨੇ ਹਿੰਦੁਸਤਾਨੀ ਹਕੂਮਤ ਨੂੰ ਇਸਰਾਇਲ ਨਾਲ ਮੁਕੰਮਲ ਕੂਟਨੀਤਕ ਰਿਸ਼ਤਾ ਕਾਇਮ ਕਰਨ ਲਈ ਬਹਾਨਾ ਵੀ ਮੁਹੱਈਆ ਕਰ ਦਿੱਤਾ। ਕਾਂਗਰਸ ਹਕੂਮਤ ਦੀ ਅਗਵਾਈ ਵਿਚ ਹਿੰਦੁਸਤਾਨੀ ਸਟੇਟ ਨੇ ਫਲਸਤੀਨ ਦੇ ਕਾਜ ਦੀ ਹਮਾਇਤ ਦੀ ਦਰੁਸਤ ਪੁਜ਼ੀਸ਼ਨ ਛੱਡ ਕੇ ਦਹਿਸ਼ਤਗਰਦ ਇਸਰਾਈਲੀ ਸਟੇਟ ਨਾਲ ਯੁੱਧਨੀਤਕ ਭਾਈਵਾਲੀ ਬਣਾ ਲਈ। ਭਗਵੇਂ ਬ੍ਰਿਗੇਡ ਦੇ ਸੱਤਾਧਾਰੀ ਹੋਣ 'ਤੇ ਵਾਜਪਾਈ ਵਜ਼ਾਰਤ ਦੀ ਇਸਰਾਇਲ ਦਹਿਸ਼ਤਵਾਦ ਵਿਚ ਖਾਸ ਦਿਲਚਸਪੀ ਹੋਣ ਕਾਰਨ ਇਹ ਸਾਂਝ ਸਿਖਰਾਂ ਛੂਹ ਗਈ। ਹਿੰਦੁਸਤਾਨ ਵਿਚ ਸਾਬਕਾ ਇਸਰਾਈਲੀ ਸਫ਼ੀਰ ਯੇਹੋਯਾਦਾ ਹੇਮ ਨੇ ਖ਼ੁਲਾਸਾ ਕੀਤਾ ਕਿ ਐਲ.ਕੇ. ਅਡਵਾਨੀ ਨੇ ਮੋਸਾਦ (ਇਸਰਾਈਲੀ ਖ਼ੁਫ਼ੀਆ ਏਜੰਸੀ) ਦੇ ਮੁਖੀ ਨੂੰ ਮਿਲਣ ਅਤੇ 'ਦਹਿਸ਼ਤਵਾਦ ਵਿਰੋਧੀ' ਲੜਾਈ ਦੇ ਇਸਰਾਈਲੀ ਢੰਗਾਂ ਵਿਚ ਉਚੇਚੀ ਦਿਲਚਸਪੀ ਲਈ ਸੀ ਅਤੇ ਕਾਰਗਿਲ ਜੰਗ ਵਿਚ ਇਸਰਾਇਲ ਨੇ ਹਿੰਦੁਸਤਾਨੀ ਹਕੂਮਤ ਦਾ ਹੱਥ ਵਟਾਇਆ ਸੀ।




ਫਲਸਤੀਨ ਬਾਰੇ ਛਪੀਆਂ ਕਿਤਾਬਾਂ ਦੇ ਟਾਈਟਲ।

***ਫਲਸਤੀਨੀ ਵਿਦਵਾਨ ਐਡਵਰਡ ਸਈਦ ਦਾ ਇਹ ਕਥਨ ਬਹੁਤ ਅਰਥਪੂਰਨ ਹੈ ਕਿ ਫ਼ਲਸਤੀਨੀਆਂ ਦਾ ਮੱਥਾ ਸਿਰਫ਼ ਮੁਕਾਮੀ ਦੁਸ਼ਮਣ ਨਾਲ ਨਹੀਂ, ਸਗੋਂ ਆਲਮੀ ਦੁਸ਼ਮਣ ਨਾਲ ਲੱਗਿਆ ਹੋਇਆ ਹੈ ਅਤੇ ਉਨ੍ਹਾਂ ਲਈ ਆਲਮੀ ਤੌਰ 'ਤੇ ਜਿੱਤ ਦੇ ਮੁਕਾਮ ਉਤੇ ਪਹੁੰਚਣਾ ਜ਼ਰੂਰੀ ਹੈ। ਇਸੇ ਲਈ ਉਹ ਇਸਰਾਇਲ ਦੇ ਬਾਈਕਾਟ, ਅੱਪਨਿਵੇਸ਼ ਅਤੇ ਪਾਬੰਦੀਆਂ ਦੀ ਲਹਿਰ ਨੂੰ ਫ਼ਲਸਤੀਨੀਆਂ ਦੀ ਹਮਾਇਤ ਦਾ ਬੁਨਿਆਦੀ ਸੰਦ ਬਣਾਉਣ 'ਤੇ ਐਨਾ ਜ਼ੋਰ ਦਿੰਦਾ ਹੈ ਜੋ ਦੱਖਣੀ ਅਫ਼ਰੀਕਾ ਦੀ ਰੰਗਭੇਦ ਵਿਰੁਧ ਸ਼ਾਨਾਮੱਤੀ ਜੱਦੋਜਹਿਦ ਦਾ ਖ਼ਾਸ ਹਥਿਆਰ ਰਿਹਾ ਹੈ।***

2003 ਵਿਚ ਨਵੀਂ ਦਿੱਲੀ ਹਕੂਮਤ ਨਾਲ ਸਮਝੌਤਾ ਸਹੀਬੰਦ ਕਰਦੇ ਵਕਤ ਇਸਰਾਈਲੀ ਪ੍ਰਧਾਨ ਮੰਤਰੀ ਏਰੀਅਲ ਸ਼ੈਰੋਨ ਨੇ ਐਲਾਨ ਕੀਤਾ ਸੀ ਕਿ ਹਿੰਦੁਸਤਾਨ ਅਤੇ ਇਸਰਾਇਲ 'ਯੁੱਧਨੀਤਕ ਸਾਂਝੀਦਾਰ' ਹਨ। ਅੱਜ ਇਸਰਾਇਲ ਨਾ ਸਿਰਫ ਹਿੰਦੁਸਤਾਨ ਨੂੰ ਹਥਿਆਰ ਵੇਚਣ ਅਤੇ ਜਾਸੂਸੀ ਤਕਨਾਲੋਜੀ ਵੇਚਣ ਵਾਲਾ ਸਭ ਤੋਂ ਵੱਡਾ ਸਪਲਾਇਰ ਹੈ (1999 ਤੋਂ ਲੈ ਕੇ ਹੁਣ ਤਕ 10 ਅਰਬ ਡਾਲਰ ਦੇ ਹਥਿਆਰ ਖ਼ਰੀਦ ਕੇ ਹਿੰਦੁਸਤਾਨ, ਇਸਰਾਈਲੀ ਹਥਿਆਰ ਸਨਅਤ ਦਾ ਇਸਰਾਈਲੀ ਫ਼ੌਜ ਤੋਂ ਵੀ ਵੱਡਾ ਖ਼ਰੀਦਦਾਰ ਬਣ ਗਿਆ ਹੈ), ਸਗੋਂ ਕਸ਼ਮੀਰ ਤੋਂ ਲੈ ਕੇ ਉਤਰ-ਪੂਰਬ ਅਤੇ ਨਕਸਲੀ ਲਹਿਰ ਦੇ ਡੂੰਘੇ ਰਸੂਖ਼ ਵਾਲੇ 10 ਸੂਬਿਆਂ ਵਿਚ ਹਿੰਦੁਸਤਾਨ ਸਟੇਟ ਵਿਰੁਧ ਲੜ ਰਹੀਆਂ ਆਵਾਮੀ ਲਹਿਰਾਂ ਨੂੰ ਦਬਾਉਣ ਅਤੇ ਆਗੂ ਰਹਿਤ ਕਰਨ ਲਈ ਇਸਰਾਈਲੀ ਏਜੰਸੀ ਮੋਸਾਦ ਅਹਿਮ ਭੂਮਿਕਾ ਨਿਭਾਅ ਰਹੀ ਹੈ। ਹਰਿਆਣਾ ਹਕੂਮਤ ਵਲੋਂ ਇਸਰਾਈਲੀ ਜਲ ਕੰਪਨੀ ਮੈਕੋਰੋਟ ਨਾਲ ਸੀਵਰ ਵਿਵਸਥਾ ਦਾ ਸਮਝੌਤਾ, ਇਸਰਾਈਲੀ ਹਥਿਆਰ ਨਿਰਮਾਤਾ ਕੰਪਨੀ ਐਲਬਿਟ ਦੀ ਸ਼ਾਖਾ ਐਲਬਿਟ ਇੰਡੀਆ ਵਲੋਂ ਆਂਧਰਾ ਪ੍ਰਦੇਸ਼ ਵਿਚ ਫੈਕਟਰੀ ਫਾਰਮਿੰਗ ਵਿਚ ਵੱਡਾ ਪੂੰਜੀ ਨਿਵੇਸ਼ ਅਤੇ ਪੰਜਾਬ ਸਰਕਾਰ ਵਲੋਂ ਪੁਲਿਸ ਨੂੰ ਇਸਰਾਇਲ ਤੋਂ ਵਿਸ਼ੇਸ਼ ਸਿਖਲਾਈ ਇਸ ਦੇ ਅਗਾਂਹ ਪਾਸਾਰ ਹੀ ਹਨ।

ਇਸ ਲੇਖ ਸੰਗ੍ਰਹਿ ਦੇ ਲੇਖਕ ਸਹੀ ਜ਼ੋਰ ਦਿੰਦੇ ਹਨ ਕਿ ਫਲਸਤੀਨ-ਇਸਰਾਇਲ ਵਿਵਾਦ ਦੇ ਸਬੰਧ ਵਿਚ ਹਿੰਦੁਸਤਾਨੀ ਸਟੇਟ ਨਿਰਪੱਖ ਧਿਰ ਨਹੀਂ ਹੈ, ਜਿਵੇਂ ਹੁਕਮਰਾਨ ਦਾਅਵੇ ਕਰਦੇ ਹਨ। ਇਸਰਾਇਲ ਦੇ ਘਿਨਾਉਣੇ ਕਬਜ਼ੇ ਬਾਰੇ ਖ਼ਾਮੋਸ਼ ਰਹਿ ਕੇ ਅਤੇ ਉਸ ਤੋਂ ਥੋਕ ਹਥਿਆਰ ਖ਼ਰੀਦ ਕੇ ਇਹ ਉਸ ਦੀ ਫਲਸਤੀਨੀ ਆਵਾਮ ਦੀ ਨਸਲਕੁਸ਼ੀ ਦੀ ਨੀਤੀ ਦੀ ਹਮਾਇਤ ਕਰ ਰਹੇ ਹਨ। ਮੌਜੂਦਾ ਰੂਪ ਵਿਚ ਇਸਰਾਇਲ ਹਿੰਦੁਸਤਾਨ ਦੀ ਸਥਾਪਤੀ ਦੀਆਂ ਜਾਬਰ ਨੀਤੀਆਂ ਦੇ ਆਵਾਮੀ ਵਿਰੋਧ ਨੂੰ ਕੁਚਲਣ ਵਿਚ ਇਸ ਦਾ ਹੱਥ ਵਟਾਉਣ ਦੀ ਅਹਿਸਾਨ-ਫਰਾਮੋਸ਼ੀ ਕਰ ਰਿਹਾ ਹੈ। ਲਿਹਾਜ਼ਾ ਹਿੰਦੁਸਤਾਨੀ ਸਟੇਟ ਆਲਮੀ ਬਦੀ ਦੇ ਕੈਂਪ ਦਾ ਅਨਿੱਖੜ ਹਿੱਸਾ ਅਤੇ ਫਲਸਤੀਨ ਉਪਰ ਇਸਰਾਈਲੀ ਕਬਜ਼ਾ ਬਣਾਈ ਰੱਖਣ ਦਾ ਅਹਿਮ ਸਹਿਯੋਗੀ ਹੈ। ਇਸਰਾਇਲ ਨੂੰ ਫਲਸਤੀਨ ਉਪਰ ਕਬਜ਼ਾ ਅਤੇ ਨਹੱਕੀ ਜੰਗ ਬਰਕਰਾਰ ਰੱਖਣ ਵਿਚੋਂ ਐਨਾ ਲਾਹਾ ਮਿਲਣ ਦੀ ਸੂਰਤ ਵਿਚ ਉਹ ਫਲਸਤੀਨ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਅਮਨਪਸੰਦੀ ਦੀ ਚੋਣ ਭਲਾ ਕਿਉਂ ਕਰੇਗਾ।

ਬਦੀ ਦੇ ਆਲਮੀ ਧੁਰੇ ਅਮਰੀਕਾ-ਇਸਰਾਇਲ ਗੱਠਜੋੜ ਦੇ ਮੱਦੇਨਜ਼ਰ ਐਡਵਰਡ ਸਈਦ ਦਾ ਇਹ ਕਥਨ ਬਹੁਤ ਅਰਥਪੂਰਨ ਹੈ ਕਿ ਫਲਸਤੀਨੀਆਂ ਦਾ ਮੱਥਾ ਸਿਰਫ਼ ਮੁਕਾਮੀ ਦੁਸ਼ਮਣ ਨਾਲ ਨਹੀਂ, ਸਗੋਂ ਆਲਮੀ ਦੁਸ਼ਮਣ ਨਾਲ ਲੱਗਿਆ ਹੋਇਆ ਹੈ ਅਤੇ ਉਨ੍ਹਾਂ ਲਈ ਆਲਮੀ ਤੌਰ 'ਤੇ ਜਿੱਤ ਦੇ ਮੁਕਾਮ ਉਤੇ ਪਹੁੰਚਣਾ ਜ਼ਰੂਰੀ ਹੈ। ਇਸੇ ਲਈ ਉਹ ਇਸਰਾਇਲ ਦੇ ਬਾਈਕਾਟ, ਅੱਪਨਿਵੇਸ਼ ਅਤੇ ਪਾਬੰਦੀਆਂ ਦੀ ਲਹਿਰ ਨੂੰ ਫਲਸਤੀਨੀਆਂ ਦੀ ਹਮਾਇਤ ਦਾ ਬੁਨਿਆਦੀ ਸੰਦ ਬਣਾਉਣ 'ਤੇ ਐਨਾ ਜ਼ੋਰ ਦਿੰਦਾ ਹੈ ਜੋ ਦੱਖਣੀ ਅਫਰੀਕਾ ਦੀ ਰੰਗਭੇਦ ਵਿਰੁਧ ਸ਼ਾਨਾਮੱਤੀ ਜੱਦੋਜਹਿਦ ਦਾ ਖਾਸ ਹਥਿਆਰ ਰਿਹਾ ਹੈ। ਲਿਹਾਜ਼ਾ ਇਸਰਾਈਲੀ ਧੌਂਸ, ਕਬਜ਼ੇ ਅਤੇ ਜੰਗਬਾਜ਼ ਨੀਤੀ ਦੇ ਖ਼ਿਲਾਫ਼ ਵਿਆਪਕ ਆਵਾਮੀ ਰਾਇ ਤਿਆਰ ਕਰਨ, ਹਿੰਦੁਸਤਾਨ ਵਰਗੇ ਸਟੇਟਾਂ ਉਪਰ ਅਮਰੀਕਾ-ਇਸਰਾਇਲ ਦੇ ਪਿਛਾਖੜੀ ਕੈਂਪ ਤੋਂ ਅਲੱਗ ਹੋਣ ਲਈ ਆਵਾਮੀ ਦਬਾਅ ਪਾਉਣ ਲਈ ਇਸ ਤਰ੍ਹਾਂ ਦੀਆਂ ਜਾਣਕਾਰੀ ਭਰਪੂਰ ਅਤੇ ਵਿਸ਼ਲੇਸ਼ਣਾਤਮਕ ਰਚਨਾਵਾਂ ਬਹੁਤ ਅਹਿਮੀਅਤ ਰੱਖਦੀਆਂ ਹਨ। ਇਹ ਫਲਸਤੀਨ ਦੇ ਕਾਜ ਲਈ ਸੱਚੇ ਦਿਲੋਂ ਹਮਦਰਦੀ ਰੱਖਣ ਵਾਲੇ ਹਰ ਚਿੰਤਕ ਤੇ ਕਾਰਕੁਨ ਦੇ ਪੜ੍ਹਨਯੋਗ ਕਿਤਾਬਾਂ ਹਨ।

# ਭਾਜਪਾ ਨੇ ਖੇਤਰੀ ਪਾਰਟੀਆਂ ਖੂੰਜੇ ਲਾਈਆਂ

ਹਰਿਆਣਾ ਅਤੇ ਮਹਾਰਾਸ਼ਟਰ ਦੇ ਚੋਣ ਨਤੀਜਿਆਂ ਵਿਚ ਇਹ ਗੱਲ ਬਹੁਤ ਪਿਛਾਂਹ ਰਹਿ ਗਈ ਹੈ ਕਿ ਜਿੱਤ ਕਿਸ ਦੀ ਹੋਈ ਹੈ। ਇਹ ਨਤੀਜੇ ਇਸ ਗੱਲ ਦਾ ਸੰਦੇਸ਼ ਹੈ ਕਿ ਭਾਰਤੀ ਸਿਆਸਤ ਵਿਚ ਡੂੰਘਾ 'ਸਾਗਰ ਮੰਥਨ' ਸ਼ੁਰੂ ਹੋ ਚੁੱਕਾ ਹੈ। ਇਹ ਭਾਵੇਂ ਹੌਲੀ ਰਫਤਾਰ ਅਤੇ ਮੂਕ ਹੀ ਹੈ, ਪਰ

**ਕਰਨ ਥਾਪਰ**

ਇਹ ਅੱਗੇ ਵਧ ਰਿਹਾ ਹੈ। ਇਸ ਕਿਸਮ ਦੀ ਤਬਦੀਲੀ ਸਮਾਜ ਦਾ ਨਕਸ਼ਾ ਬਦਲ ਦਿੰਦੀ ਹੈ। ਇਸ ਤਬਦੀਲੀ ਦਾ ਸੰਦੇਸ਼ ਦੋ ਹਿੱਸਿਆਂ 'ਚ ਵੰਡਿਆ ਹੋਇਆ ਹੈ। ਪਹਿਲਾ ਸੰਦੇਸ਼ ਹੈ ਕਿ ਵੋਟਰ ਖੇਤਰੀ ਪਾਰਟੀਆਂ ਤੋਂ ਦੂਰ ਹਟ ਕੇ ਰਾਸ਼ਟਰੀ ਦਲਾਂ ਵੱਲ ਮੁੜ ਰਿਹਾ ਹੈ। ਮਹਾਰਾਸ਼ਟਰ 'ਚ ਸ਼ਿਵ ਸੈਨਾ ਤੇ ਐਨ.ਸੀ.ਪੀ. ਖੂੰਜੇ ਲੱਗ ਗਈਆਂ ਹਨ। ਹਰਿਆਣਾ 'ਚ ਭਾਜਪਾ, ਇੰਡੀਅਨ ਨੈਸ਼ਨਲ ਲੋਕ ਦਲ ਤੋਂ ਅੱਗੇ ਲੰਘ ਗਈ ਹੈ। ਹਰਿਆਣਾ ਜਨਹਿਤ ਕਾਂਗਰਸ ਦਾ ਤਾਂ ਸਫਾਇਆ ਹੀ ਹੋ ਗਿਆ ਹੈ।

ਇਨ੍ਹਾਂ ਚੋਣਾਂ ਤੋਂ ਪਹਿਲਾਂ ਅਸੀਂ ਇਸ ਤਰ੍ਹਾਂ ਦੀ ਤਬਦੀਲੀ ਕਰਨਾਟਕ ਵਿਚ ਦੇਖ ਚੁੱਕੇ ਹਾਂ ਅਤੇ ਭਵਿੱਖ ਵਿਚ ਅਜਿਹਾ ਜੰਮੂ-ਕਸ਼ਮੀਰ ਅਤੇ ਤਾਮਿਲਨਾਡੂ ਵਿਚ ਵੀ ਹੋ ਸਕਦਾ ਹੈ। ਉਂਜ ਇਹ ਗੱਲ ਇਸ ਤੱਥ 'ਤੇ ਨਿਰਭਰ ਕਰਦੀ ਹੈ ਕਿ ਜੰਮੂ ਕਸ਼ਮੀਰ ਵਿਚ ਭਾਜਪਾ ਦਾ 'ਮਿਸ਼ਨ 44' ਕਿੰਨਾ ਸਫਲ ਰਹਿੰਦਾ ਹੈ ਅਤੇ ਤਾਮਿਲਨਾਡੂ ਵਿਚ ਡੀ.ਐਮ.ਕੇ. ਅਤੇ ਅੰਨਾ ਡੀ.ਐਮ.ਕੇ. ਕਿੰਨੀਆਂ ਕਮਜ਼ੋਰ ਹੋ ਜਾਂਦੀਆਂ ਹਨ। ਕੁਝ ਵੀ ਹੋਵੇ, ਰਾਸ਼ਟਰੀ ਦਲ ਦੀ ਸਰਕਾਰ ਦੀ ਇਨ੍ਹਾਂ ਦੋਹਾਂ ਰਾਜਾਂ ਵਿਚ ਕਲਪਨਾ ਕਰਨਾ ਹੁਣ ਜ਼ਿਆਦਾ ਮੁਸ਼ਕਿਲ ਕੰਮ ਨਹੀਂ ਰਹਿ ਗਿਆ ਪਰ ਇਨ੍ਹਾਂ ਗੱਲਾਂ ਦੀ ਵਿਸਥਾਰ ਸਮੇਤ ਵਿਆਖਿਆ ਤੋਂ ਪਹਿਲਾਂ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਉਲਟ ਦਿਸ਼ਾ ਵਿਚ ਵੀ ਹਵਾ ਚੱਲ ਰਹੀ ਹੈ। ਜੇ ਤੁਸੀਂ ਉਪ ਚੋਣਾਂ ਦੇ ਨਤੀਜਿਆਂ 'ਤੇ ਨਜ਼ਰ ਮਾਰੋਗੇ, ਤਾਂ ਜਿਥੇ ਬਿਹਾਰ ਵਿਚ ਜਨਤਾ ਦਲ (ਯੂ), ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਨੇ ਭਾਜਪਾ ਨੂੰ ਰੋਕਣ ਲਈ ਸਫਲ ਗੱਠਜੋੜ ਬਣਾਇਆ, ਉਥੇ ਯੂ.ਪੀ. ਵਿਚ ਬਸਪਾ ਦੀ ਚੋਣ ਤੋਂ ਦੂਰ ਰਹਿਣ ਦੀ ਬਦੌਲਤ ਸਮਾਜਵਾਦੀ ਪਾਰਟੀ ਨੇ ਭਾਜਪਾ ਨੂੰ ਪਛਾੜ ਦਿੱਤਾ। ਇਸ ਤੋਂ ਬਿਲਕੁਲ ਹੀ ਵੱਖਰਾ ਸੰਦੇਸ਼ ਮਿਲਦਾ ਹੈ, ਪਰ ਇਹ ਦੇਖਣਾ ਬਾਕੀ ਹੈ ਕਿ ਖੇਤਰੀ ਪਾਰਟੀਆਂ, ਰਾਸ਼ਟਰੀ ਪਾਰਟੀਆਂ ਦੇ ਪੱਖ ਵਿਚ ਕਾਰਜਸ਼ੀਲ ਹੁੰਦੀਆਂ ਹਨ ਜਾਂ ਇਹ ਹੁਣ ਸਿਰਫ ਅਸਥਾਈ ਤੌਰ 'ਤੇ ਰਸਤਾ ਰੋਕ ਰਹੀਆਂ ਹਨ? ਇਸ ਸਵਾਲ ਦਾ ਜਵਾਬ ਇਨ੍ਹਾਂ ਰਾਜਾਂ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਹੀ ਮਿਲੇਗਾ, ਫਿਰ ਵੀ ਜਾਪਦਾ ਹੈ ਕਿ ਇਨ੍ਹਾਂ ਦੋਹਾਂ ਰਾਜਾਂ (ਬਿਹਾਰ ਅਤੇ ਯੂ.ਪੀ.) ਵਿਚ ਵੀ ਭਾਜਪਾ ਬਹੁਤ ਆਸਾਨੀ ਨਾਲ ਜਿੱਤ ਦਰਜ ਕਰੇਗੀ।

ਹੁਣ ਦੋ ਸੂਬੇ ਅਜਿਹੇ ਹਨ ਜਿਥੇ ਖੇਤਰੀ ਪਾਰਟੀਆਂ ਦੀ ਤੂਤੀ ਬੋਲਦੀ ਹੈ, ਪਰ ਲੱਖ ਟਕੇ ਦਾ ਸਵਾਲ ਇਹ ਹੈ ਕਿ ਇਹ ਤੂਤੀ ਕਦੋਂ ਤੱਕ ਬੋਲੇਗੀ? ਬੀਬੀ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਦੀਆਂ 42 ਵਿਚੋਂ 34 ਸੰਸਦੀ ਸੀਟਾਂ 'ਤੇ ਜਿੱਤ ਦਰਜ ਕੀਤੀ, ਜਦਕਿ ਭਾਜਪਾ ਨੂੰ 2 ਸੀਟਾਂ



ਹੀ ਮਿਲੀਆਂ, ਪਰ ਭਾਜਪਾ ਨੂੰ 17 ਫੀਸਦੀ ਵੋਟਾਂ ਮਿਲੀਆਂ। ਜੇ ਇਹ ਅੰਕੜਾ ਆਗਾਮੀ ਵਿਧਾਨ ਸਭਾ ਚੋਣਾਂ ਵਿਚ 25 ਫੀਸਦੀ ਤਕ ਪਹੁੰਚ ਗਿਆ, ਤਾਂ ਇਹ ਤ੍ਰਿਣਮੂਲ ਕਾਂਗਰਸ ਲਈ ਗੰਭੀਰ ਚੁਣੌਤੀ ਹੋਵੇਗੀ। ਮਮਤਾ ਬੈਨਰਜੀ ਇਹ ਗੱਲ ਜਾਣਦੀ ਹੈ, ਬੇਸ਼ੱਕ ਜਨਤਕ ਤੌਰ 'ਤੇ ਅਜਿਹਾ ਮੰਨਣ ਨੂੰ ਤਿਆਰ ਨਹੀਂ। ਪੰਜ ਮਹੀਨੇ ਪਹਿਲਾਂ ਉੜੀਸਾ ਵਿਚ ਬੀਜੂ ਜਨਤਾ ਦਲ ਨੇ ਨਾ ਸਿਰਫ ਲੋਕ ਸਭਾ ਦੀਆਂ 21 ਵਿਚੋਂ 20 ਸੀਟਾਂ 'ਤੇ ਜਿੱਤ ਦਰਜ ਕੀਤੀ, ਸਗੋਂ ਵਿਧਾਨ ਸਭਾ ਚੋਣਾਂ ਵਿਚ 147 ਵਿਚੋਂ 117 ਸੀਟਾਂ ਹਥਿਆ ਲਈਆਂ। ਹੁਣ ਤਕ ਇਸ ਪਾਰਟੀ ਨੇ ਜੋ ਚਾਰ ਚੋਣਾਂ ਲੜੀਆਂ ਹਨ, ਉਨ੍ਹਾਂ ਵਿਚੋਂ ਇਹ ਕਾਰਗੁਜ਼ਾਰੀ ਬਿਹਤਰੀਨ ਹੈ। ਲੋਕ ਸਭਾ ਚੋਣਾਂ ਵਿਚ ਤਾਂ ਉਥੇ ਕਾਂਗਰਸ ਦਾ ਤਾਂ ਸਫਾਇਆ ਹੀ ਹੋ ਗਿਆ ਅਤੇ ਭਾਜਪਾ ਨੂੰ ਸਿਰਫ ਇਕ ਹੀ ਸੀਟ ਮਿਲੀ ਫਿਲਹਾਲ ਉੜੀਸਾ, ਖੇਤਰੀ ਪਾਰਟੀਆਂ ਦਾ ਕਿਲ੍ਹਾ ਹੈ।

ਹੁਣ ਮੈਂ ਸੰਦੇਸ਼ ਦੇ ਦੂਜੇ ਹਿੱਸੇ ਵੱਲ ਪਰਤਦਾ ਹਾਂ ਜੋ ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਚੋਣਾਂ ਤੋਂ ਸਾਨੂੰ ਮਿਲਿਆ ਹੈ। ਇਨ੍ਹਾਂ ਰਾਜਾਂ ਵਿਚ ਖੇਤਰੀ ਦਲਾਂ ਦਾ ਕਾਫੀਆ ਤੰਗ ਕਰਨ ਵਾਲੀ ਰਾਸ਼ਟਰੀ ਪਾਰਟੀ ਭਾਜਪਾ ਹੈ, ਕਾਂਗਰਸ ਨਹੀਂ। ਕਾਂਗਰਸ ਤਾਂ ਤਿਲੰਗਾਨਾ ਵਿਚ ਟੀ.ਆਰ.ਐਸ. ਅਤੇ ਆਂਧਰਾ ਪ੍ਰਦੇਸ਼ ਵਿਚ ਤੈਲਗੂ ਦੇਸਮ ਪਾਰਟੀ ਦੇ ਹੱਥੋਂ ਬਹੁਤ ਅਪਮਾਨਜਨਕ ਹਾਰ ਸਹਿ ਚੁੱਕੀ ਹੈ; ਭਾਵ ਦੂਜਾ ਸੰਦੇਸ਼ ਇਹ ਹੈ ਕਿ ਭਾਜਪਾ ਮੋਹਰੀ ਰਾਸ਼ਟਰੀ ਪਾਰਟੀ ਦੇ ਤੌਰ 'ਤੇ ਅੱਗੇ ਵਧ ਰਹੀ ਹੈ। ਸੱਚਾਈ ਇਹ ਹੈ ਕਿ ਉਹ ਦਿਨ ਦੂਰ ਨਹੀਂ, ਜਦੋਂ ਇਸ ਵਲੋਂ ਸ਼ਾਸਤ ਸੂਬਿਆਂ ਦੀ ਗਿਣਤੀ ਕਾਂਗਰਸ ਸ਼ਾਸਤ ਸੂਬਿਆਂ ਤੋਂ ਵਧ ਜਾਵੇਗੀ। ਹੁਣ ਕਾਂਗਰਸ 8 ਰਾਜਾਂ ਵਿਚ ਸ਼ਾਸਨ ਕਰ ਰਹੀ ਹੈ ਅਤੇ ਹਰਿਆਣਾ ਅਤੇ ਮਹਾਰਾਸ਼ਟਰ ਦੀ ਜਿੱਤ ਤੋਂ ਬਾਅਦ ਹੁਣ ਭਾਜਪਾ ਕੋਲ ਹੁਣ 7 ਰਾਜ ਹੋ ਗਏ ਹਨ। ਕੁਝ ਸਾਲਾਂ ਦੌਰਾਨ ਕਾਂਗਰਸ ਦੇ ਹੱਥੋਂ ਕਰਨਾਟਕ, ਆਸਾਮ, ਉਤਰਾਖੰਡ ਅਤੇ ਸ਼ਾਇਦ ਅਰੁਣਾਚਲ ਅਤੇ ਕੇਰਲ ਵੀ ਜਾਂਦੇ ਰਹਿਣਗੇ। ਸਿੱਟੇ ਵਜੋਂ ਕਾਂਗਰਸ ਹੋਰ ਸੁੰਗੜ ਜਾਵੇਗੀ ਅਤੇ ਭਾਜਪਾ ਕੋਲ ਪ੍ਰਫੁੱਲਤ ਹੋਣ ਦੇ ਸਭ ਮੌਕੇ ਹਨ।

# ਵਿਆਹਾਂ 'ਚ ਹਾਸਿਆਂ ਦੇ ਫੁਹਾਰੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਵਿਆਹ ਤੋਂ ਬਾਅਦ ਕਿਉਂਕਿ 'ਸਭ ਰਾਗ-ਰੰਗ ਤੇ ਯੱਕੜੀਆਂ' ਭੁੱਲ-ਭੁਲਾ ਜਾਣੀਆਂ ਹੁੰਦੀਆਂ ਹਨ ਅਤੇ 'ਲੂਣ, ਤੇਲ, ਲੱਕੜੀਆਂ' ਨਾਲ ਸਿੱਧਾ ਵਾਹ-ਵਾਸਤਾ ਪੈ ਜਾਣਾ ਹੁੰਦਾ ਹੈ, ਗ੍ਰਹਿਸਥ-ਪੰਜਾਲੀ ਗਲ ਪੈ ਜਾਣ ਸਦਕਾ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਸਾਹਮਣੇ ਆਣ ਖਲੋਂਦੀਆਂ ਨੇ। ਇਸੇ ਕਾਰਨ ਵਿਆਹ ਨੂੰ ਖੁਸ਼ੀਆਂ ਭਰੀ ਆਜ਼ਾਦੀ ਵਾਲੇ ਸਫਰ ਦਾ ਆਖਰੀ ਮੀਲ ਪੱਥਰ ਸਮਝਿਆ ਜਾਂਦਾ ਹੈ। ਵਿਆਹੁਤਾ ਜੀਵਨ ਦੀ ਖਿੱਲੀ ਉਡਾਉਣ ਵਾਲਾ ਬੜਾ ਮਸਾਲਾ ਲਿਖਿਆ ਮਿਲਦਾ ਹੈ। ਸੈਂਕੜੇ ਚੁਟਕਲੇ ਅਤੇ ਢੇਰ ਸਾਰੀਆਂ ਮਿੱਠੀਆਂ-ਮਲੋਣੀਆਂ ਵਿਆਹਿਆਂ 'ਤੇ ਢੁਕਾਈਆਂ ਜਾਂਦੀਆਂ ਹਨ। ਵੰਨਗੀ ਮਾਤਰ ਇਸ ਸ਼ਿਅਰ ਵਿਚ ਦੇਖੋ, ਕਿਵੇਂ ਵਿਆਹਿਆਂ-ਵਰਿਆਂ ਨੂੰ ਬਦੂਹਿਆ ਗਿਆ ਹੈ,

ਮਾਲੂਮ ਨਹੀਂ ਯਿਹ ਕਿਸ ਕੇ ਸਤਾਏ ਬੈਠੇ ਹੈਂ।
ਹੰਸਤੇ-ਹੰਸਾਤੇ ਥੇ ਕਭੀ ਅਬ ਵਿਆਹੇ ਬੈਠੇ ਹੈਂ।

ਇਹੀ ਵਜ੍ਹਾ ਹੋ ਸਕਦੀ ਹੈ ਕਿ ਆਰਥਿਕ ਪੱਖੋਂ ਕੁਝ ਕਮਜ਼ੋਰ ਬੰਦਾ ਵੀ ਆਪਣੇ ਵਿਆਹ ਨੂੰ ਖੁਸ਼ੀ-ਖੇੜਿਆਂ ਭਰਪੂਰ ਬਣਾਉਣ ਲਈ ਵਿਤੋਂ ਵੱਧ ਜ਼ੋਰ ਲਾਉਂਦਾ ਹੈ। ਯਥਾ ਸੰਭਵ ਯਤਨ ਕਰ ਕੇ ਵਿਆਹ ਦੇ ਇਕ-ਇਕ ਪਲ ਨੂੰ ਯਾਦਗਾਰੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੰਞ ਬੰਨ੍ਹਣੀ, ਸਿੱਠਣੀਆਂ ਦੇਣੀਆਂ, ਜਾਗੋ ਕੱਢਣੀ, ਲਾੜੇ ਦੀ ਜੁੱਤੀ ਚੁੱਕਣੀ ਅਤੇ ਰਿਬਨ ਕਟਾਉਣ ਵਰਗੀਆਂ ਰਸਮਾਂ ਦਾ ਅਰਥ ਇਹੋ ਹੀ ਹੈ ਕਿ ਦੋ ਰੂਹਾਂ ਦੇ ਮਿਲਾਪ ਕਰਾਉਣ ਵਾਲੀ ਵਿਆਹ ਦੀ ਸੰਜੀਦਾ ਰਸਮ ਵਿਚ ਹਾਸ-ਵਿਲਾਸ ਤੇ ਨੋਕ-ਝੋਕ ਦਾ ਰੰਗ ਵੀ ਭਰਿਆ ਜਾਵੇ। ਹਾਸੇ ਦੇ ਅਨਾਰ ਚਲਾਉਣ ਲਈ ਵਿਆਹ-ਸ਼ਾਦੀਆਂ ਵਿਚ ਇਕ-ਦੂਜੇ ਨੂੰ ਖੂਬ ਟਿੱਚਰਾਂ-ਮਖੌਲ ਕੀਤੇ ਜਾਂਦੇ ਹਨ। ਤਕਰਬੀਨ ਹਰ ਵਿਆਹ ਵਿਚ ਕਿਤਿਓਂ ਨਾ ਕਿਤਿਓਂ ਭੰਡਾਂ ਦਾ ਜਥਾ ਵੀ ਆਪਣੀ ਕਲਾ ਦੇ ਜੌਹਰ ਦਿਖਾ ਕੇ ਹਸਾ-ਹਸਾ ਢਿੱਡੀਂ ਪੀੜਾਂ ਪਾ ਜਾਂਦਾ ਹੈ।

ਇਸ ਤੋਂ ਇਲਾਵਾ ਵਿਆਹ ਸਮਾਗਮਾਂ ਵਿਚ ਕਈ ਵਾਰ ਅਚਨਚੇਤੀ ਜਾਂ ਸਹਿਵਨ ਹੀ ਕਈ ਘਟਨਾਵਾਂ ਵਾਪਰ ਜਾਂਦੀਆਂ ਨੇ ਜੋ ਕੁਦਰਤੀ ਫੁੱਟਦੇ ਫੁਹਾਰੇ ਵਾਂਗ ਆਲੇ-ਦੁਆਲੇ ਹਾਸੇ ਦੇ ਮੋਤੀ ਬਿਖੇਰ ਦਿੰਦੀਆਂ ਹਨ। ਆਪਣੇ ਪਿੰਡ, ਆਪਣੇ ਰਿਸ਼ਤੇਦਾਰਾਂ ਜਾਂ ਹੋਰ ਸੱਜਣਾਂ-ਮਿੱਤਰਾਂ ਦੇ ਵਿਆਹ-ਸ਼ਾਦੀਆਂ ਵਿਚ ਦੇਖੇ-ਸੁਣੇ ਕੁਝ ਅਜਿਹੇ ਕਿੱਸੇ ਬਿਆਨ ਕਰ ਰਿਹਾ ਹਾਂ ਜਿਨ੍ਹਾਂ ਨੂੰ ਯਾਦ ਕਰ ਕੇ ਮੈਨੂੰ ਕੱਲ-ਮੁ-ਕੱਲੇ ਨੂੰ ਵੀ ਹਾਸਾ ਆ ਜਾਂਦਾ ਹੈ।

ਪਹਿਲੀ ਝਾਕੀ ਉਨ੍ਹਾਂ ਵੇਲਿਆਂ ਦੀ ਹੈ, ਜਦੋਂ ਵਿਆਂਦੜ ਕੁੜੀਆਂ ਨੂੰ ਸਾਲੂ ਵਿਚ ਲਪੇਟ ਕੇ ਅਨੰਦ ਕਾਰਜ ਵੇਲੇ ਇੰਜ ਲਿਆਇਆ ਜਾਂਦਾ ਸੀ ਕਿ ਉਨ੍ਹਾਂ ਦੇ ਕਿਸੇ ਪੈਰ ਦੀ ਚੀਚੀ ਉਂਗਲੀ ਵੀ ਨੰਗੀ ਨਹੀਂ ਸੀ ਹੁੰਦੀ। ਸਿਵਾਏ ਹੱਥਾਂ ਦੇ, ਹੋਰ ਸਾਰਾ ਸਰੀਰ ਕੱਜਿਆ ਹੁੰਦਾ ਸੀ। ਅਨੰਦ ਕਾਰਜਾਂ ਮੌਕੇ ਵਿਆਂਦੜ ਕੁੜੀਆਂ ਦੀ ਸਹਾਇਤਾ ਲਈ ਕਿਸੇ ਚੁਸਤ-ਚਲਾਕ ਜਿਹੀ ਵਹੁਟੀ ਨੂੰ ਬਿਠਾਇਆ ਜਾਂਦਾ ਸੀ ਜੋ ਲਾਵਾਂ ਦੌਰਾਨ ਉਠਦੀ-ਬਹਿੰਦੀ ਵਿਆਂਦੜ ਲੜਕੀ ਦਾ ਝੱਗਾ-ਪੱਲਾ ਜਾਂ ਚੁੰਨੀ ਵਗੈਰਾ ਬੜੀ ਸਾਵਧਾਨੀ ਨਾਲ ਸੰਵਾਰਦੀ ਰਹਿੰਦੀ



ਸੀ। ਅਜਿਹੇ ਰੰਗ-ਢੰਗ ਵਾਲਾ ਇਕ ਅਨੰਦ ਕਾਰਜ ਹੋ ਰਿਹਾ ਸੀ, ਸਮਾਪਤੀ 'ਤੇ ਸੁਭਾਗੀ ਜੋੜੀ ਨੂੰ ਸ਼ਗਨ ਦੇਣ ਲਈ ਲੜਕੀ ਦੀ ਮਾਂ ਨੂੰ ਬੁਲਾਇਆ ਗਿਆ।

ਅਨਪੜ੍ਹ ਪੇਂਡੂ ਮਾਤਾ ਹੱਥ ਭਰ ਲੰਮਾ ਘੁੰਡ ਕੱਢ ਕੇ ਸੰਗਤ ਵਿਚ ਆਈ, ਕਿਉਂਕਿ ਆਲੇ-ਦੁਆਲੇ ਉਹਦੇ ਦਿਉਰ-ਜੇਠ ਜੁ ਬੈਠੇ ਸਨ। ਹੱਥ ਵਿਚ ਫੜੇ ਥਾਲ ਵਿਚੋਂ ਰਲੀ-ਮਿਲੀ ਸ਼ੀਰਨੀ ਚੁੱਕ ਕੇ ਉਸ ਨੇ ਲਾੜੇ ਦੇ ਮੂੰਹ ਨੂੰ ਸ਼ਗਨ ਤਾਂ ਸੌਖਿਆਂ ਹੀ ਲਾ ਦਿੱਤਾ, ਪਰ ਕੁੜੀ ਨੂੰ ਸ਼ਗਨ ਦੇਣ ਲੱਗਿਆਂ ਉਹ ਨਰਵਸ ਜਿਹੀ ਹੋ ਗਈ। ਘੁੰਡ ਤਾਂ ਉਹਦੇ ਕੋਲੋਂ ਆਪਣਾ ਹੀ ਨਹੀਂ ਸੀ ਸਾਂਭਿਆ ਜਾ ਰਿਹਾ, ਕੰਬਦੇ ਹੱਥਾਂ ਨਾਲ ਸ਼ੀਰਨੀ ਚੁੱਕ ਕੇ ਉਸ ਨੇ ਕੁੜੀ ਦੇ ਹੇਠਾਂ ਨੂੰ ਲਮਕਦੇ ਘੁੰਡ ਵਿਚ ਇਉਂ ਹੱਥ ਪਾਇਆ, ਜਿਵੇਂ ਬਿੱਜੜੇ ਦੇ ਆਲ੍ਹਣੇ ਵਿਚ ਬੈਠੇ ਬੱਚਿਆਂ ਨੂੰ ਚੋਗਾ ਦੇਣ ਲੱਗੀ ਹੋਵੇ। ਕੁੜੀ ਦੇ ਮੂੰਹ ਵਿਚ ਸ਼ੀਰਨੀ ਪਾਉਂਦਿਆਂ, ਉਸ ਨੇ ਵਿਚਾਰੀ ਦੇ ਨੱਕ ਵਿਚ ਹੀ ਤੁੰਨ੍ਹ ਦਿੱਤੀ। ਕੁੜੀ ਨੇ ਖੋਰੇ ਉਸੇ ਟਾਈਮ ਨੱਕ ਰਾਹੀਂ ਖਿੱਚ ਕੇ ਸਾਹ ਲੈ ਲਿਆ। ਬੱਸ ਜੀ, ਦੇਖਦਿਆਂ-ਦੇਖਦਿਆਂ ਕੁੜੀ ਨੂੰ ਛਿੱਕ ਪਈਆਂ ਛਿੱਕਾਂ, ਤੇ ਹੁੱਥੂ ਵੀ ਆ ਗਿਆ। ਕਦੇ ਉਹ ਛਿੱਕ ਮਾਰੇ ਤੇ ਕਦੇ ਖਊਂ-ਖਊਂ ਕਰੇ। ਫਟਾ-ਫਟ ਪੱਲਾ ਛੁੜਾ ਕੇ ਕੁੜੀ ਨੂੰ ਤਾਂ ਅੰਦਰ ਲੈ ਗਏ, ਪਰ ਸਾਰੇ ਪੰਡਾਲ ਵਿਚ ਹਾਸੇ ਦੇ ਫੁਹਾਰੇ ਛੁੱਟ ਪਏ।

ਅਗਲੀ ਗੱਲ ਵੀ ਪੁਰਾਣੇ ਵੇਲਿਆਂ ਦੀ ਹੈ, ਪਰ ਹੈ ਸਾਡੇ ਪਿੰਡ ਦੀ ਹੀ। ਅਨੰਦ ਕਾਰਜ ਦੀ ਸਮਾਪਤੀ ਤੋਂ ਬਾਅਦ ਭਾਈ ਜੀ ਪ੍ਰਸ਼ਾਦ ਵਰਤਾਉਣ ਲੱਗੇ। ਧੇਤਿਆਂ ਨੇ ਕਿਹਾ ਕਿ ਭਾਈ ਜੀ, ਪਹਿਲਾਂ ਬਰਾਤੀਆਂ ਨੂੰ ਪ੍ਰਸ਼ਾਦ ਵੰਡ ਦਿਓ, ਤਾਂ ਕਿ ਉਹ ਵਿਹਲੇ ਹੋ ਕੇ ਛੇਤੀ ਡੇਰੇ ਪਹੁੰਚ ਜਾਣ, ਉਨ੍ਹਾਂ ਫਿਰ ਦੁਪਹਿਰ ਦੀ ਰੋਟੀ ਲਈ ਵੀ ਤਿਆਰ-ਬਿਆਰ ਹੋਣਾ ਹੈ। 'ਸਤਿ ਬਚਨ' ਕਹਿ ਕੇ ਬਾਬਾ ਜੀ ਫੁਰਤੀ ਨਾਲ ਬਰਾਤੀਆਂ ਵਾਲੇ ਪਾਸੇ ਪ੍ਰਸ਼ਾਦ ਵਰਤਾਉਣ ਲੱਗ ਪਏ। ਜਿਨ੍ਹਾਂ ਦਸਾਂ-ਪੰਦਰਾਂ ਕੁ ਜਣਿਆਂ ਨੂੰ ਪ੍ਰਸ਼ਾਦ ਮਿਲ ਗਿਆ, ਉਹ ਸਾਰੇ ਈ ਨਾਲੇ ਕੜਾਹ ਵਾਲੇ ਥਿੰਦੇ ਹੱਥ ਮਲੀ ਜਾਣ, ਨਾਲੇ ਇਕ-ਦੂਜੇ ਵੱਲ ਦੇਖ-ਦੇਖ ਮੁਸ਼ਕੜੀਏਂ ਹੱਸੀ ਜਾਣ। ਬਰਾਤੀਆਂ ਵਿਚ ਘੁਸਰ-ਮੁਸਰ ਜਿਹੀ ਵੀ ਹੋਣ ਲੱਗ ਪਈ। ਪਿੰਡ ਵਾਲੇ ਸ਼ੰਕਾ 'ਚ ਪਏ ਹਾਲੇ ਕਿਆਸ ਹੀ ਲਗਾ ਰਹੇ ਸਨ ਕਿ ਅਚਾਨਕ ਕੀ ਵਾਪਰ ਗਿਆ ਹੋਵੇਗਾ? ਇੰਨੇ ਨੂੰ ਕੜਾਹ ਵਾਲੇ ਹੱਥ ਦਾੜ੍ਹੀ 'ਤੇ ਫੇਰਦਾ ਵਿਚੋਲਾ, ਪਿੰਡ ਵਾਲਿਆਂ ਵੱਲ ਹੱਥ ਜੋੜ ਕੇ ਬੋਲਿਆ, "ਓ ਬਈ, ਤੁਹਾਨੂੰ ਕਿਸੇ ਨੇ ਵਹਿਮ ਪਾ'ਤਾ ਕਿ ਬਰਾਤੀਆਂ ਨੂੰ ਸ਼ੂਗਰ ਹੋਈ ਵੀ ਐ?"

ਅਸਲ 'ਚ ਕਿਤਿਓਂ ਰੌਲ ਲਾ ਕੇ ਆਏ ਬਾਬਾ ਜੀ ਨੇ ਕਾਹਲੀ-ਕਾਹਲੀ ਪ੍ਰਸ਼ਾਦ ਬਣਾਉਣ ਮੌਕੇ, ਖੰਡ ਪਾਉਣ ਦਾ ਚੇਤਾ ਹੀ ਭੁਲਾ ਦਿੱਤਾ ਸੀ!

ਇਸੇ ਤਰ੍ਹਾਂ ਸਾਡੇ ਪਿੰਡ ਹੋਏ ਇਕ ਹੋਰ ਅਨੰਦ ਕਾਰਜ ਮੌਕੇ ਵੀ ਬੜਾ ਹਾਸਾ ਪਿਆ। ਅਨੰਦ ਕਾਰਜ ਦੀ ਸਮਾਪਤੀ 'ਤੇ ਭਾਈ ਜੀ ਨੇ ਜਿਉਂ ਹੀ ਅਰਦਾਸ ਵਿਚ ਇਹ ਸ਼ਬਦ ਕਹੇ '... ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਰ ਹੈ, ਆਪ ਜੀ ਕੋ ਭੋਗ ਲੱਗੇ...', ਉਸੇ ਵੇਲੇ ਸੰਗਤ ਵਿਚ ਹਾਜ਼ਰ ਨੀਲੀਆਂ-ਪੀਲੀਆਂ ਪੱਗਾਂ ਵਾਲੇ ਕਈ ਜਥੇਦਾਰਾਂ ਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ। ਸਾਰੇ ਹੀ ਇਕ-ਦੂਜੇ ਨੂੰ ਕੜਾਹ ਪ੍ਰਸ਼ਾਦ ਵਿਚ ਕ੍ਰਿਪਾਨ ਭੇਟ ਕਰਨ ਦੇ ਇਸ਼ਾਰੇ ਕਰਨ ਲੱਗ ਪਏ। ਗਾਤਰੇ ਵਾਲੀ ਸ੍ਰੀ ਸਾਹਿਬ ਉਨ੍ਹਾਂ ਕੋਲ ਕਿਸੇ ਪਾਸ ਵੀ ਹੈ ਨਹੀਂ ਸੀ। ਲਕੀਰ ਦੇ ਫਕੀਰ ਬਣੇ ਉਹ ਇਹ ਨਹੀਂ ਤਾਂ ਸੋਚਣ ਨਾ ਕਿ ਅਰਦਾਸੀਏ ਭਾਈ ਨੇ ਜੇ ਰਤਾ ਠਹਿਰ ਕੇ ਕ੍ਰਿਪਾਨ ਭੇਟ ਕਰ ਦਿੱਤੀ, ਫਿਰ ਕੀ ਹਰਜ ਹੋਣ ਲੱਗਾ ਐ? ਪਰ ਉਹ ਸਾਰੇ ਇਕ-ਦੂਜੇ ਨੂੰ ਹੁੱਝਾਂ ਜਿਹੀਆਂ ਮਾਰੀ ਗਏ।

ਇੰਨੇ ਚਿਰ ਨੂੰ ਹਫੜਾ-ਦਫੜੀ ਵਿਚ ਪਿਆ ਕਾਹਲੇ ਜਿਹੇ ਸੁਭਾਅ ਵਾਲਾ ਇਕ ਜਥੇਦਾਰ ਛਾਲ ਮਾਰ ਕੇ ਅੱਗੇ ਵਧਿਆ। ਹਾਜ਼ਰੀਨ ਉਹਦੇ ਵੱਲ ਦੇਖਣ ਲੱਗ ਪਏ ਕਿ ਇਹ ਕੀ ਕਰਨ ਲੱਗਾ ਹੈ। ਸਭ ਦੇ ਦੇਖਦਿਆਂ ਉਸ ਨੇ ਅੱਗੇ ਹੋ ਕੇ ਅਰਦਾਸ 'ਚ ਹੱਥ ਜੋੜੀ ਖੜ੍ਹੇ ਵਿਆਂਦੜ ਮੁੰਡੇ ਦੇ ਹੱਥੋਂ ਤਿੰਨ ਫੁੱਟੀ ਕ੍ਰਿਪਾਨ ਖੋਹ ਲਈ। ਅੱਜ ਕੱਲ੍ਹ ਤਾਂ ਮੁੰਡੇ ਨਵੀਂ-ਨਕੋਰ ਸ਼ਾਨਦਾਰ ਕ੍ਰਿਪਾਨ ਲੈ ਕੇ ਵਿਆਹੁਣ ਚੜ੍ਹਦੇ ਹਨ, ਜਿਨ੍ਹਾਂ ਦੇ ਮਿਆਨਾਂ 'ਤੇ ਕੱਪੜਾ ਵੀ 'ਮੈਚਿੰਗ' ਹੁੰਦਾ ਹੈ, ਪਰ ਉਹ ਜੰਗਾਲ ਲੱਗੀ ਕ੍ਰਿਪਾਨ ਪਤਾ ਨਹੀਂ ਕਿਹੜੇ ਜੁੱਗੜਿਆਂ ਦੀ ਹੋਵੇਗੀ। ਜਥੇਦਾਰ ਨੇ ਸਾਰਾ ਜ਼ੋਰ ਲਾ ਲਿਆ, ਕ੍ਰਿਪਾਨ ਮਿਆਨ 'ਚੋਂ ਨਾ ਨਿਕਲੀ। ਫਿਰ ਉਸ ਨੇ ਇਕ ਹੋਰ ਬੰਦੇ ਨੂੰ ਮਿਆਨ ਘੁੱਟ ਕੇ ਫੜਨ ਲਈ ਆਖਿਆ। ਗੱਤਕਾ ਖੇਡਣ ਵਾਲਿਆਂ ਵਾਂਗੂੰ ਕ੍ਰਿਪਾਨ ਦੀ ਖਿੱਚਾ-ਧੂਹੀ ਕਰਦਿਆਂ ਉਨ੍ਹਾਂ ਦੋਹਾਂ ਨੂੰ ਦੇਖ ਕੇ ਸੰਗਤ ਵਿਚ ਹਾਸਾ ਪੈ ਗਿਆ। ਉਧਰ ਭਾਈ ਜੀ ਨੇ ਅਰਦਾਸ ਸਮਾਪਤੀ ਦਾ ਜੈਕਾਰਾ ਛੱਡ ਦਿੱਤਾ ਤੇ ਇੱਧਰ ਕ੍ਰਿਪਾਨ ਨਾਲ ਘੁਲਣ ਡਹੇ ਜਥੇਦਾਰਾਂ ਨੂੰ ਵੀ ਕਾਮਯਾਬੀ ਮਿਲ ਗਈ। ਕਿਸੇ ਜੇਤੂ ਜਰਨੈਲ ਵਾਂਗ ਤਿੰਨ ਫੁੱਟੀ ਕ੍ਰਿਪਾਨ ਹੱਥ 'ਚ ਲੈ ਕੇ ਕਾਹਲਾ ਜਥੇਦਾਰ ਕੜਾਹ ਪ੍ਰਸ਼ਾਦ ਦੀ ਪਰਾਤ ਕੋਲ ਜਾ ਪਹੁੰਚਿਆ। ਬਿਨਾਂ ਧੋਤਿਆਂ ਹੀ ਜੰਗਾਲ ਖਾਧੀ ਕ੍ਰਿਪਾਨ ਦੇਗ ਵਿਚ ਫੇਰ ਦਿੱਤੀ। ਇਸ ਅਨੋਖੀ 'ਕ੍ਰਿਪਾਨ ਭੇਟ ਰਸਮ' ਨੇ ਅਰਦਾਸ ਵਿਚ ਜੁੜੀਆਂ ਸੰਗਤਾਂ ਨੂੰ ਵੀ ਹੱਸਣ ਲਈ ਮਜਬੂਰ ਕਰ ਦਿੱਤਾ।

ਜਦੋਂ ਵਿਆਹੁਣ ਚੜ੍ਹੀਆਂ ਬਰਾਤਾਂ ਦੋ-ਦੋ, ਤਿੰਨ-ਤਿੰਨ ਦਿਨ ਦਾ ਠਹਿਰਾਉ ਕਰਦੀਆਂ ਸਨ, ਉਦੋਂ ਸ਼ੁਗਲ-ਪਾਣੀ ਵਜੋਂ ਨਕਲੀਏ ਨਾਲ ਲਿਜਾਣ ਦਾ ਰਿਵਾਜ਼ ਵੀ ਹੁੰਦਾ ਸੀ। ਇਕ ਵਾਰ ਬਰਾਤ ਕਿਤੇ ਰਾਹ ਵਿਚ ਲੇਟ ਹੋ ਗਈ। ਕੁੜੀ ਵਾਲਿਆਂ ਦੇ ਘਰੇ ਨਕਲੀਏ ਦਿਨ ਖੜ੍ਹੇ ਹੀ ਪਹੁੰਚ ਗਏ। ਉਨ੍ਹਾਂ ਨੂੰ ਗਰੀਬੜੇ ਜਿਹੇ ਜਾਣ ਕੇ ਕੁੜੀ ਵਾਲਿਆਂ ਨੇ ਠੰਢੀ ਪਈ ਚਾਹ ਤੇ ਨਾਲ ਬੇਹੀਆਂ ਰੋਟੀਆਂ ਦੇ ਦਿੱਤੀਆਂ। ਉਸ ਵੇਲੇ ਤਾਂ ਉਨ੍ਹਾਂ ਨੇ ਸਬਰ-ਸ਼ੁਕਰੀ ਨਾਲ ਖਾ-ਪੀ ਲਿਆ, ਪਰ ਰਾਤ ਨੂੰ ਲੱਗੇ ਅਖਾੜੇ ਵਿਚ ਨਕਲੀਆਂ ਨੇ ਕੁੜੀ ਵਾਲਿਆਂ ਦੀਆਂ ਇੰਜ 'ਸਿਫਤਾਂ' ਕੀਤੀਆਂ,

"ਓਏ ਮੀਰਜਾਦਿਆ?" ਇਕ ਨਕਲੀਆ ਆਪਣੇ ਹਸਾਉਣੇ ਪਾਤਰ 'ਟਿੱਡੀ-ਮੁੱਛੇ' ਨੂੰ ਕਹਿੰਦਾ, "ਓਏ ਤੈਨੂੰ ਪਤੈ ਕਿ ਲੜਕੀ ਵਾਲਿਆਂ ਨੇ ਐਨ੍ਹਾਂ ਬਰਾਤੀਆਂ ਨਾਲੋਂ ਸਾਡਾ ਮਾਣ-ਸਤਿਕਾਰ ਕਿਤੇ ਵੱਧ ਕੀਤਾ ਹੈ।"

"ਤੈਨੂੰ ਭੁਲੇਖਾ ਐ ਓਏ!... ਇਹ ਸੱਗੇ-ਰੱਤੇ ਪ੍ਰਾਹੁਣੇ, ਅਸੀਂ ਹੋਏ ਕੰਮੀ-ਕਮੀਣ। ਇੱਦਾਂ ਕਿਵੇਂ ਹੋ ਸਕਦੈ ਭਲਾ?" ਟਿੱਡੀ-ਮੁੱਛੇ ਨੇ ਸਵਾਲ ਕਰ'ਤਾ।

"ਹੂੰਆ!... ਸੱਗੇ-ਰੱਤੇ ਇਹ ਕਾਹਦੇ ਐ, ਅਸੀਂ ਹਾਂ... ਸ਼ਾਮੀ ਪਿੰਡ ਦੀ ਜੂਹ ਵਿਚ ਇਨ੍ਹਾਂ ਦਾ ਬੈਂਡ-ਵਾਜਾ ਕੰਨੀਂ ਪੈਣ 'ਤੇ ਲੜਕੀ ਵਾਲਿਆਂ ਨੇ ਉਬਲਦੀ ਚਾਹ ਵਿਚ ਦੁੱਧ ਪਾਇਆ... ਭੱਠੀਆਂ 'ਤੇ ਕੜਾਹੀਆਂ-ਪਤੀਲੇ ਰੱਖੇ, ਪਰ ਸਾਡੇ ਵਾਸਤੇ ਇਨ੍ਹਾਂ ਨੇ ਕੱਲ੍ਹ ਹੀ ਰੋਟੀਆਂ ਬਣਾ ਕੇ ਰੱਖ ਲਈਆਂ... ਸਵੇਰੇ ਤੜਕੇ ਈ ਚਾਹ ਵੀ ਬਣਾ ਕੇ ਰੱਖ ਲਈ, ਸਾਨੂੰ ਆਉਂਦਿਆਂ ਨੂੰ ਹੀ 'ਪਰੋਸ' ਦਿੱਤੀਆਂ। ਸੱਗੇ-ਰੱਤੇ ਇਹ ਹੋਏ ਕਿ ਅਸੀਂ?"

# ਅਕਬਰ ਅਤੇ ਤਾਨਸੇਨ

ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਸੰਗੀਤ ਦਾ ਪ੍ਰੋਗਰਾਮ ਚੱਲ ਰਿਹਾ ਸੀ। ਤਾਨਸੇਨ ਦੀ ਵਾਰੀ ਆਈ ਤਾਂ ਉਸ ਨੇ ਦੀਪਕ ਰਾਗ ਗਾ ਕੇ ਅਜਿਹਾ ਰੰਗ ਬੰਨ੍ਹਿਆ ਕਿ ਸਾਰੇ ਦਰਬਾਰੀ ਤੇ ਬਾਦਸ਼ਾਹ ਅਕਬਰ ਮੰਤਰ-ਮੁਗਧ ਹੋ ਗਏ।

ਤਾਨਸੇਨ ਰਾਗ ਦੀਪਕ ਇੰਨਾ ਵਧੀਆ ਗਾਉਂਦਾ ਸੀ ਕਿ ਬੁਝੇ ਹੋਏ ਦੀਵੇ ਵੀ ਜਗ ਪੈਂਦੇ ਸਨ।

ਅਗਲੇ ਦਿਨ ਅਕਬਰ ਨੇ ਤਾਨਸੇਨ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ, "ਮੈਂ ਤੇਰੇ ਗੁਰੂ ਨੂੰ ਸੁਣਨਾ ਚਾਹੁੰਦਾ ਹਾਂ ਕਿਉਂਕਿ ਕੱਲ੍ਹ ਰਾਤ ਜਦੋਂ ਤੂੰ ਗਾ ਕੇ ਦਰਬਾਰ ਵਿਚੋਂ ਵਿਦਾ ਹੋਇਆ ਤਾਂ ਮੈਂ ਸੋਚਿਆ ਕਿ ਤੇਰੇ ਤੋਂ ਉਤਮ ਅਤੇ ਵਧੀਆ ਗਾਇਕ ਸ਼ਾਇਦ ਹੀ ਇਸ ਦੁਨੀਆਂ 'ਤੇ ਹੋਵੇ ਅਤੇ ਨਾ ਹੀ ਸ਼ਾਇਦ ਅੱਗੇ ਹੋਵੇਗਾ। ਮੈਂ ਤੈਨੂੰ ਕੋਈ ਵੱਡਾ ਇਨਾਮ ਦੇਣ ਬਾਰੇ ਸੋਚ ਹੀ ਰਿਹਾ ਸੀ ਕਿ ਮੇਰੇ ਦਿਮਾਗ ਵਿਚ ਆਇਆ ਕਿ ਤੂੰ ਵੀ ਤਾਂ ਕਿਸੇ ਤੋਂ ਸਿੱਖਿਆ ਹੀ ਹੋਵੇਗਾ। ਕੋਈ ਤੇਰਾ ਵੀ ਗੁਰੂ ਹੋਵੇਗਾ। ਮੇਰੇ ਮਨ ਵਿਚ ਜਗਿਆਸਾ ਉਠੀ ਕਿ ਕੀ ਪਤਾ ਜਿਸ ਤੋਂ ਤੂੰ ਸਿੱਖਿਆ ਹੈ, ਉਹ ਤੇਰੇ ਤੋਂ ਵੀ ਵਧੀਆ ਗਾਉਂਦਾ ਹੋਵੇ। ਮੈਂ ਤੇਰੇ ਗੁਰੂ ਨੂੰ ਗਾਉਂਦੇ ਸੁਣਨਾ ਚਾਹੁੰਦਾ ਹਾਂ।"

ਤਾਨਸੇਨ ਨੇ ਕਿਹਾ, "ਇਹ ਬਹੁਤ ਔਖਾ ਕੰਮ ਹੈ। ਮੇਰੇ ਗੁਰੂ ਜਿਉਂਦੇ ਵੀ ਹਨ ਅਤੇ ਉਨ੍ਹਾਂ ਨੂੰ ਸੁਣਿਆ ਵੀ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਗਾਉਣ ਵਾਸਤੇ ਦਰਬਾਰ ਵਿਚ ਨਹੀਂ ਸੱਦਿਆ ਜਾ ਸਕਦਾ। ਉਹ ਕਿਸੇ ਦੇ ਕਹਿਣ ਉਤੇ ਨਹੀਂ ਗਾਉਂਦੇ। ਉਨ੍ਹਾਂ ਦਾ ਗਾਉਣਾ ਪੰਛੀਆਂ ਵਰਗਾ ਹੈ। ਤੁਸੀਂ ਕੋਇਲ ਨੂੰ ਕਿੰਨਾ ਵੀ ਕਹੋ ਕਿ ਗਾ, ਉਹ ਤੁਹਾਡੇ ਕਹਿਣ 'ਤੇ ਨਹੀਂ ਗਾਵੇਗੀ। ਮੇਰੇ ਗੁਰੂ ਜਦੋਂ ਗਾਉਂਦੇ ਹਨ ਤਦ ਹੀ ਉਨ੍ਹਾਂ ਨੂੰ ਸੁਣਿਆ ਜਾ ਸਕਦਾ ਹੈ। ਜੇਕਰ ਤੁਸੀਂ ਉਨ੍ਹਾਂ ਨੂੰ ਸੁਣਨਾ ਚਾਹੁੰਦੇ ਹੋ ਤਾਂ ਸਾਨੂੰ ਹੀ ਉਨ੍ਹਾਂ ਦੀ ਕੁਟੀਆ ਕੋਲ ਜਾਣਾ ਪਵੇਗਾ। ਉਹ ਵੀ ਲੁਕ ਕੇ ਸੁਣਿਆ ਜਾ ਸਕਦਾ ਹੈ ਕਿਉਂਕਿ ਅਸੀਂ ਸਾਹਮਣੇ ਜਾਵਾਂਗੇ ਤਾਂ ਸ਼ਾਇਦ ਉਹ ਰੁਕ ਜਾਣ। ਹੁਣ ਮੈਂ ਪਤਾ ਕਰਾਂਗਾ ਕਿ ਉਹ ਕਦੋਂ ਗਾਉਂਦੇ ਹਨ।"

ਪਤਾ ਲੱਗਿਆ ਕਿ ਰਾਤ ਨੂੰ ਤਿੰਨ ਵਜੇ ਉਹ ਗਾਉਂਦੇ ਹਨ। ਉਹ ਤਾਂ ਫ਼ਕੀਰ ਹਨ। ਉਨ੍ਹਾਂ ਦਾ ਨਾਂ ਹਰੀ ਦਾਸ ਹੈ। ਉਹ ਯਮੁਨਾ ਕੰਢੇ ਇੱਕ ਕੁਟੀਆ ਵਿਚ ਰਹਿੰਦੇ ਹਨ। ਹੁਣ ਉਹ ਉਥੇ ਹੀ ਆਪਣੀ ਕੁਟੀਆ ਵਿਚ ਗਾਉਂਦੇ ਹਨ। ਉਹ ਆਪਣੀ ਮਸਤੀ ਵਿਚ ਗਾਉਂਦੇ ਹਨ। ਉਨ੍ਹਾਂ ਦੇ ਗੀਤ ਦਾ ਕਿਸੇ ਨਾਲ ਕੁਝ ਲੈਣਾ-ਦੇਣਾ ਨਹੀਂ ਹੈ।

ਅਕਬਰ ਅਤੇ ਤਾਨਸੇਨ ਰਾਤ ਦੇ ਦੋ ਵਜੇ ਜਾ ਕੇ ਕੁਟੀਆ ਪਿੱਛੇ ਲੁਕ ਗਏ। ਤਿੰਨ ਵਜੇ ਸੰਗੀਤ ਸ਼ੁਰੂ ਹੋਇਆ।

ਅਕਬਰ ਗੀਤ ਸੁਣ ਕੇ ਅਵਾਕ ਰਹਿ ਗਿਆ। ਅੱਖਾਂ 'ਚੋਂ ਅੱਥਰੂ ਡਿੱਗਣ ਲੱਗੇ। ਵਾਪਸੀ ਸਮੇਂ ਅਕਬਰ ਪੂਰਾ ਰਸਤਾ ਤਾਨਸੇਨ ਨੂੰ ਕੁਝ ਕਹਿ ਨਹੀਂ ਸਕਿਆ। ਉਹ ਅਜਿਹਾ ਭਾਵ ਨਾਲ ਭਰਿਆ ਕਿ ਤਾਨਸੇਨ ਨੂੰ ਭੁੱਲ ਹੀ ਗਿਆ।

ਮਹਿਲ ਵਿਚ ਉਤਰਨ ਲੱਗਿਆ ਤਾਨਸੇਨ ਨੂੰ ਇੰਨਾ ਹੀ ਕਿਹਾ, "ਹੁਣ ਤਕ ਮੈਂ ਸੋਚਦਾ ਸੀ ਕਿ ਤੇਰਾ ਕੋਈ ਮੁਕਾਬਲਾ ਨਹੀਂ ਹੈ ਪਰ ਅੱਜ ਸੋਚਦਾ ਹਾਂ ਕਿ ਤੇਰੇ ਗੁਰੂ ਸਾਹਮਣੇ ਤਾਂ ਤੂੰ ਕੁਝ ਵੀ ਨਹੀਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਦੋਵਾਂ ਵਿਚ ਇੰਨਾ ਫ਼ਰਕ ਕਿਉਂ ਹੈ?"

ਤਾਨਸੇਨ ਨੇ ਕਿਹਾ, "ਫ਼ਰਕ ਪੁੱਛਣ ਦੀ ਕੀ ਜ਼ਰੂਰਤ ਹੈ? ਮੈਂ ਤੁਹਾਡੇ ਲਈ ਗਾਉਂਦਾ ਹਾਂ। ਮੇਰੇ ਗੁਰੂ ਪਰਮਾਤਮਾ ਲਈ ਗਾਉਂਦੇ ਹਨ। ਜਦੋਂ ਮੈਂ ਗਾਉਂਦਾ ਹਾਂ ਤਾਂ ਮੇਰੀ ਨਜ਼ਰ ਇਨਾਮ ਉਤੇ ਲੱਗੀ ਹੁੰਦੀ ਹੈ ਕਿ ਕੀ ਮਿਲੇਗਾ? ਮੈਂ ਗਾਉਂਦਾ ਹਾਂ ਤਾਂ ਕਿ ਕੁਝ ਮਿਲੇ। ਮੇਰਾ ਗਾਉਣਾ ਵਿਉਪਾਰ ਹੈ। ਮੇਰੇ ਗੁਰੂ ਕੁਝ ਪ੍ਰਾਪਤ ਕਰਨ ਲਈ ਨਹੀਂ ਗਾਉਂਦੇ। ਠੀਕ ਹਾਲਤ ਉਲਟੀ ਹੈ। ਮੇਰੇ ਗੁਰੂ ਤਦ ਗਾਉਂਦੇ ਹਨ ਜਦ ਉਨ੍ਹਾਂ ਨੂੰ ਕੁਝ ਮਿਲਿਆ ਹੁੰਦਾ ਹੈ। ਪਰਮਾਤਮਾ ਪ੍ਰਤੀ ਸ਼ਰਧਾ ਦੀ ਭਾਵਨਾ ਨਾਲ ਉਨ੍ਹਾਂ ਦਾ ਜਦ ਕੰਠ ਭਰਿਆ ਹੁੰਦਾ ਹੈ। ਜਦ ਉਨ੍ਹਾਂ ਦੇ ਹਿਰਦੇ ਵਿਚੋਂ ਲਹਿਰਾਂ ਉਠ ਰਹੀਆਂ ਹੁੰਦੀਆਂ ਹਨ। ਜਦ ਉਹ ਪੂਰੀ ਤਰ੍ਹਾਂ ਪੂਰਨ ਹੁੰਦੇ ਹਨ। ਇਸ ਲਈ ਮੈਂ ਤੁੱਛ ਹਾਂ। ਤੁਸੀਂ ਠੀਕ ਕਹਿੰਦੇ ਹੋ, ਮੇਰੇ ਗੁਰੂ ਨਾਲ ਮੇਰਾ ਕੀ ਮੁਕਾਬਲਾ? ਮੈਂ ਮਾਹਿਰ ਰਹਾਂਗਾ। ਮੇਰਾ ਗੁਰੂ ਮਾਹਿਰ ਨਹੀਂ ਹੈ। ਉਨ੍ਹਾਂ ਦਾ ਗੀਤ ਇੱਕ ਪੰਛੀ ਦਾ ਗੀਤ ਹੈ। ਇਹ ਹੀ ਫ਼ਰਕ ਹੈ ਗਾਉਣ-ਗਾਉਣ ਵਿਚ।"

*-ਗੁਰਸ਼ਰਨ ਸਿੰਘ ਬੇਦੀ*

## ਆਪਣਾ ਜਨਮ ਸੁਆਰ ਬੰਦੇ

ਨਿਰਾ ਨੂਰ ਏ ਗੁਰੂ ਗ੍ਰੰਥ ਬਾਣੀ,
ਨ੍ਹੇਰੇ ਦਿਲਾਂ ਵਿਚ ਜੋਤ ਜਗਾਉਣ ਵਾਲੀ।
ਏਹੋ ਧੁਰ ਕੀ ਬਾਣੀ ਸੌਗਾਤ ਰੱਬੀ,
ਠੰਢ ਜਗਤ ਜਲੰਦੇ 'ਤੇ ਪਾਉਣ ਵਾਲੀ।
ਸਰਬ ਰੋਗ ਦਾ ਦਾਰੂ ਏ ਦਾਤ ਬਾਣੀ,
ਸਾਰੇ ਜੱਗ ਦੇ ਦੁੱਖ ਮਿਟਾਉਣ ਵਾਲੀ।
ਏਹੋ ਸਰਬ ਕਲਿਆਨ ਹੈ ਜ਼ਿੰਦਗੀ ਦੀ,
ਬੇੜੇ ਡੁੱਬਦੇ ਪਾਰ ਲੰਘਾਉਣ ਵਾਲੀ।
ਸਿੱਖਿਆ ਬਾਣੀ ਦੀ ਬੰਨ੍ਹ ਹਮੇਸ਼ ਪੱਲੇ,
ਲਵੀਂ ਦੁੱਖ ਤੇ ਦਰਦ ਨਿਵਾਰ ਬੰਦੇ।
ਲੈ ਕੇ ਚਾਨਣਾ ਗੁਰੂ ਗ੍ਰੰਥ ਜੀ ਤੋਂ,
ਲਵੀਂ ਆਪਣਾ ਜਨਮ ਸੁਆਰ ਬੰਦੇ।

ਬਾਣੀ ਆਖਦੀ ਗੁਰੂ ਗ੍ਰੰਥ ਜੀ ਦੀ,
ਉਚਾ ਆਪਣਾ ਕਰੀਂ ਕਿਰਦਾਰ ਬੰਦੇ।
ਬਚਣਾ ਕਾਮ ਕ੍ਰੋਧ ਤੇ ਲੋਭ ਮੋਹ ਤੋਂ,
ਨਾ ਹੀ ਕਰੀਂ ਤੂੰ ਕਦੇ ਹੰਕਾਰ ਬੰਦੇ।
ਨੇਕੀ ਨਿਮਰਤਾ ਪ੍ਰੇਮ ਤਿਆਗ ਸੇਵਾ,
ਕਰਨਾ ਸੱਚਾ ਤੇ ਸੁੱਚਾ ਵਿਹਾਰ ਬੰਦੇ।
ਹੱਕ ਖੋਹ ਕੇ ਕਿਸੇ ਦਾ ਨਹੀਂ ਖਾਣਾ,
ਕਰੀਂ ਕਿਰਤ ਤੇ ਸੱਚ ਵਾਪਾਰ ਬੰਦੇ।
ਭਾਗੋ ਵਾਂਗ ਨਾ ਲੋਕਾਂ ਦਾ ਖੂਨ ਪੀਣਾ,
ਬਣੀ ਲਾਲੋ ਦੇ ਦੁੱਧ ਦੀ ਧਾਰ ਬੰਦੇ।
ਲੈ ਕੇ ਆਸਰਾ ਗੁਰੂ ਗ੍ਰੰਥ ਜੀ ਦਾ,
ਲਵੀਂ ਆਪਣਾ ਜਨਮ ਸੁਆਰ ਬੰਦੇ।

ਬਚਣਾ ਦੱਸਦੀ ਏ ਮਕਰ ਫਰੇਬ ਪਾਸੋਂ,
ਕਰਨਾ ਦੱਸਦੀ ਸਦਾ ਉਪਕਾਰ ਬਾਣੀ।
ਨਹੀਂਓਂ ਦੱਸਦੀ ਕੂੜ ਤੇ ਕਪਟ ਧੰਦਾ,
ਦੱਸੇ ਧਰਮ ਤੇ ਕਰਮ ਕਿਰਦਾਰ ਬਾਣੀ।
ਅਮਲਾਂ ਉਤੇ ਨਿਬੇੜੇ ਦੀ ਗੱਲ ਕਰਦੀ,
ਦੱਸਦੀ ਸੱਚ ਤੋਂ ਉਪਰ ਆਚਾਰ ਬਾਣੀ।
ਇੱਕੋ ਨੂਰ ਤੋਂ ਉਪਜਿਆ ਜੱਗ ਸਾਰਾ,
ਕਰਨਾ ਸਭ ਦਾ ਦੱਸੇ ਸਤਿਕਾਰ ਬਾਣੀ।
ਛੱਡ ਕੇ ਫੋਕੀਆਂ ਸਸਤੀਆਂ ਚੌਧਰਾਂ ਨੂੰ,
ਸਦਾ ਆਪਣਾ ਆਪ ਸੁਧਾਰ ਬੰਦੇ।
ਸੁਣ ਕੇ ਮੰਨ ਕੇ ਗੁਰੂ ਗ੍ਰੰਥ ਬਾਣੀ,
ਲਵੀਂ ਆਪਣਾ ਜਨਮ ਸੁਆਰ ਬੰਦੇ।

ਜਿਨ੍ਹਾਂ ਨਾਮ ਤੇ ਬਾਣੀ 'ਤੇ ਟੇਕ ਲਾਈ,
ਉਹ ਹੀ ਸੁੱਖ ਤੇ ਸ਼ਾਂਤੀ ਮਾਣਦੇ ਨੇ।
ਖਲਕਤ ਰੱਬ ਦੀ ਸਮਝ ਕੇ ਕਰਨ ਸੇਵਾ,
ਰਾਣਾ ਰੰਕ ਬਰਾਬਰੀ ਜਾਣਦੇ ਨੇ।
ਮੰਗਦੇ ਭਲਾ ਸਰਬੱਤ ਦਾ ਜੱਗ ਉਤੇ,
ਹਰ ਹਿਰਦੇ ਵਿਚ 'ਹਰੀ' ਪਛਾਣਦੇ ਨੇ।
ਦੀਨ ਦੁਖੀ ਤੋਂ ਜਿੰਦ ਨੇ ਵਾਰ ਦਿੰਦੇ,
ਛਾਤੀ ਜਾਬਰ ਦੇ ਅੱਗੇ ਵੀ ਤਾਣਦੇ ਨੇ।
ਪੱਲੇ ਬੰਨ੍ਹ ਕੇ ਸਿਦਕ ਪ੍ਰੇਮ ਸੇਵਾ,
ਧਰਮ ਕਰਮ ਤੋਂ ਜਿੰਦੜੀ ਵਾਰ ਬੰਦੇ।
ਲੜ ਲੱਗ ਕੇ ਗੁਰੂ ਗ੍ਰੰਥ ਜੀ ਦੇ,
ਲਵੀਂ ਆਪਣਾ ਜਨਮ ਸੁਆਰ ਬੰਦੇ।

ਤੱਕਣੀ ਇਕ ਓਂਕਾਰ ਦੀ ਓਟ ਹਰਦਮ,
ਕਿਧਰੇ ਪੂਜੀਂ ਨਾ ਮੜ੍ਹੀ-ਮਸਾਣ ਬੰਦੇ।
ਜਾਦੂ ਟੂਣੇ ਤੇ ਰਸਮਾਂ ਦੀ ਪਾਠ ਪੂਜਾ,
ਇਹ ਹੈ ਨ੍ਹੇਰ ਤੇ ਨਿਰਾ ਅਗਿਆਨ ਬੰਦੇ।
ਮਿਲਦਾ ਫਲ ਨਾ ਸੇਵਾ ਤੋਂ ਬਿਨਾਂ ਕੋਈ,
ਬੰਨ੍ਹੀਂ ਅਮਲਾਂ ਦਾ ਪੱਲੇ ਸਾਮਾਨ ਬੰਦੇ।
ਕਰਨੀ ਉਤੇ ਨਿਬੇੜਾ ਹੈ ਅੰਤ ਹੋਣਾ,
ਇਹ ਹੀ ਕਹਿੰਦਾ ਹੈ ਗੁਰੂ ਗਿਆਨ ਬੰਦੇ।
ਸ਼ੁਭ ਕਰਮਾਂ ਤੋਂ ਪਿੱਛੇ ਨਾ ਕਦੀ ਹਟਣਾ,
ਬਣ ਕੇ ਸੱਚ ਦਾ ਸ਼ਾਹਸਵਾਰ ਬੰਦੇ।
ਲੈ ਕੇ ਚਾਨਣਾ ਗੁਰੂ ਗ੍ਰੰਥ ਜੀ ਤੋਂ,
ਲਵੀਂ ਆਪਣਾ ਜਨਮ ਸੁਆਰ ਬੰਦੇ।

*-ਗਿਆਨ ਸਿੰਘ ਕੋਟਲੀ ਵੈਨਕੂਵਰ*
*ਫੋਨ: 604-502-7151*

# ਸਾਹਿਤਕ ਮਹਿਫਿਲ ਸਜਾ ਕੇ ਦੀਵਾਲੀ ਅਤੇ ਈਦ ਮਨਾਈ

**ਨਿਊ ਜਰਸੀ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਨਿਊ ਜਰਸੀ ਵਿਖੇ ਹੋਈ ਮੀਟਿੰਗ ਵਿਚ ਮੈਂਬਰਾਂ ਨੇ ਈਦ ਅਤੇ ਦੀਵਾਲੀ ਸਾਹਿਤਕ ਅਤੇ ਸੰਗੀਤਕ ਮਹਿਫਿਲ ਸਜਾ ਕੇ ਮਨਾਈ। ਮੁੱਖ ਮਹਿਮਾਨ ਪੰਜਾਬੀ ਕਵੀ ਨਵਤੇਜ ਭਾਰਤੀ ਅਤੇ ਉਨ੍ਹਾਂ ਦੀ ਪਤਨੀ ਕਵਿੱਤਰੀ ਸੁਰਿੰਦਰ ਕੌਰ ਸਨ। ਦੋਵਾਂ ਨੇ ਸ਼ਮ੍ਹਾ ਜਗਾ ਕੇ ਮਹਿਫਿਲ ਦਾ ਆਗਾਜ਼ ਕੀਤਾ। ਪ੍ਰੇਮ ਮਾਨ ਨੇ ਮੈਂਬਰਾਂ ਨਾਲ ਨਵਤੇਜ ਭਾਰਤੀ ਅਤੇ ਸੁਰਿੰਦਰ ਕੌਰ ਬਾਰੇ ਜਾਣਕਾਰੀ ਸਾਂਝੀ ਕੀਤੀ।



ਮਹਿਫਿਲ ਦੌਰਾਨ ਕਲਾਕਾਰ ਆਪਣੀ ਕਲਾ ਦੇ ਰੰਗ ਬਿਖਰੇਦੇ ਹੋਏ

ਇਸ ਮੌਕੇ ਨਵਤੇਜ ਭਾਰਤੀ ਨੇ ਕਿਹਾ ਕਿ ਸਾਹਿਤ ਸਮੂਹ ਲਈ ਹੋਣ ਦੀ ਬਜਾਏ, ਨਿਜੀ ਹੋ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਪੰਜਾਬੀ ਦੇ ਭਵਿੱਖ ਬਾਰੇ ਉਹ ਬਹੁਤੇ ਆਸ਼ਾਵਾਦੀ ਨਹੀਂ ਹਨ। ਉਨ੍ਹਾਂ ਪਟਿਆਲੇ ਦੇ ਭੂਤ-ਵਾੜੇ ਬਾਰੇ ਵੀ ਗੱਲਾਂ ਕੀਤੀਆਂ ਜਿਨ੍ਹਾਂ ਦੇ ਉਹ ਮੈਂਬਰ ਵੀ ਰਹੇ ਹਨ। ਉਨ੍ਹਾਂ ਆਪਣੀਆਂ ਕਵਿਤਾਵਾਂ ਸੁਣਾ ਕੇ ਵੀ ਸਰੋਤਿਆਂ ਨੂੰ ਕੀਲੀ ਰੱਖਿਆ। ਉਨ੍ਹਾਂ ਆਪਣੇ ਮਹਾਂ-ਕਾਵਿ 'ਲਾਲੀ' ਵਿਚੋਂ ਕੁਝ ਪਹਿਰੇ ਸੁਣਾਏ।

ਮਹਿਫਿਲ ਦੌਰਾਨ ਸਤਵੰਤ ਸਿੰਘ, ਇਜਾਜ਼ ਭੱਟੀ, ਕੁਲਦੀਪ ਸੇਠੀ, ਪਿੰਕੀ ਢੀਂਗਰਾ, ਤਰਲੋਚਨ ਸੱਚਰ, ਦਲਜੀਤ ਮੋਖਾ, ਅਜਾਇਬ ਸਿੰਘ, ਸੁਰਿੰਦਰ ਕੌਰ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ। ਆਮਿਰਾ ਸ਼ਾਹ ਨੇ ਕਹਾਣੀ ਪੜ੍ਹੀ ਅਤੇ ਵਿਨੋਦ ਸਿੱਬਲ ਨੇ ਇਕ ਰੁਬਾਈ ਸੁਣਾਈ।

ਸੰਗੀਤਕ ਮਹਿਫਿਲ ਵਿਚ ਗਾਇਕ ਰਮਨਦੀਪ ਕਲਸੀ ਨੇ ਗੀਤਾਂ ਦੀ ਝੜੀ ਲਾ ਦਿੱਤੀ। ਪਾਕਿਸਤਾਨੀ ਗਾਇਕ ਅਰਸ਼ਦ ਮਹਿਮੂਦ ਨੇ ਵੀ ਕਈ ਗੀਤ ਗਾਏ। ਯਾਦ ਰਹੇ, ਅਰਸ਼ਦ ਮਹਿਮੂਦ ਨੇ ਪਾਕਿਸਤਾਨੀ ਫ਼ਿਲਮਾਂ ਵਿਚ ਸੈਂਕੜੇ ਗੀਤ ਗਾਏ ਹਨ। ਇਸ ਤੋਂ ਬਾਅਦ ਇਟਾਲੀਅਨ ਗਾਇਕ ਲੋਰਾ ਕੈਂਪੀਸੀ ਨੇ ਪਹਿਲਾਂ ਹੀਰ ਗਾਈ ਅਤੇ ਫਿਰ ਨਵਾਜ਼ ਡੋਗਾ ਨਾਲ ਰਲ ਕੇ ਦੋ ਗੀਤ ਗਾਏ। ਨਵਾਜ਼ ਡੋਗਾ ਨੇ ਵੀ ਕਈ ਗੀਤ ਗਾ ਕੇ ਮੈਂਬਰਾਂ ਦੀ ਵਾਹ ਵਾਹ ਖੱਟੀ। ਰਾਮ ਸ੍ਰੇਸ਼ਟਾ ਨੇ ਵੀ ਗੀਤ ਗਾ ਕੇ ਹਾਜ਼ਰੀ ਲੁਆਈ। ਐਨਟੋਨੀਓ ਅਤੇ ਰਾਮ ਸ੍ਰੇਸ਼ਟਾ ਨੇ ਗਟਾਰ ਅਤੇ ਕਪੂਰ ਰਾਣਾ ਨੇ ਢੋਲਕ 'ਤੇ ਸਾਥ ਦਿੱਤਾ।

ਮੀਟਿੰਗ ਵਿਚ ਪ੍ਰਕਾਸ਼ ਕੌਰ, ਰਾਜਵੰਤ ਮੋਖਾ, ਸਰਬਜੀਤ ਮਾਨ, ਰਜਨੀ ਛਾਬੜਾ, ਹਨੀ ਸਿੰਘ, ਮੋਨਾ ਸੇਠੀ, ਰਾਜਿੰਦਰ ਕੌਰ, ਨਰਿੰਦਰ ਸਿੰਘ, ਸੰਦੀਪ ਸਿੰਘ, ਨੀਲਮ ਸਿੱਬਲ, ਬੌਬੀ ਗੁੱਜਰ, ਚੌਧਰੀ ਇਕਰਾਮ ਉਲਾ, ਅਲੀ ਸ਼ਾਹ, ਚੌਧਰੀ ਰਮੀਜ਼, ਨਤਾਸ਼ਾ, ਫਰਹਾ ਮਲਿਕ, ਵੈਲਨਟੀਨਾ, ਰੋਹਨ ਸਿੰਘ ਅਤੇ ਐਂਜਲਾ ਨੇ ਵੀ ਹਾਜ਼ਰੀ ਭਰੀ।





*ਮਿਆਣੀ ਵੈਲਫੇਅਰ ਸੁਸਾਇਟੀ-ਨਿਊ ਯਾਰਕ ਵਲੋਂ ਰੋਇਲ ਪੈਲੇਸ ਰਿਚਮੰਡ ਹਿੱਲ ਵਿਖੇ ਲੰਘੇ ਐਤਵਾਰ ਦੀਵਾਲੀ ਦੀ ਸ਼ਾਮ ਮਨਾਈ ਗਈ। ਇਸ ਮੌਕੇ ਸੁਸਾਇਟੀ ਦੀਆਂ ਪ੍ਰਾਪਤੀਆਂ ਬਾਰੇ ਹਾਜ਼ਰੀਨ ਨੂੰ ਜਾਣੂੰ ਕਰਵਾਇਆ ਗਿਆ। ਗਾਇਕ ਐਲ ਸੀ ਲਾਲਾ ਨੇ ਆਪਣੀ ਗਾਇਕੀ ਰਾਹੀਂ ਸੋਰਤਿਆਂ ਦਾ ਭਰਵਾਂ ਮਨੋਰੰਜਨ ਕੀਤਾ। ਸੁਸਾਇਟੀ ਦੇ ਪ੍ਰਧਾਨ ਸੁਜਾਨ ਸਿੰਘ ਨੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕੀਤਾ। ਤਸਵੀਰ ਵਿਚ ਇਸ ਮੌਕੇ ਹਾਜ਼ਰ ਸੁਸਾਇਟੀ ਨਾਲ ਜੁੜੇ ਸੱਜਣ ਅਤੇ ਬੀਬੀਆਂ। (ਤਸਵੀਰ ਤੇ ਵੇਰਵਾ: ਬੀ ਜੇ ਸਟੂਡੀਓ)*




H K TRANSPORT INC

Division of HK Incorporated

1401 West Ray St, Indianapolis, IN 46221

Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
| --- | --- |
| 92% ਫਲੈਟ ਡਿਸਪੈਚ<br>30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ<br>ਬਰੈਂਡ ਨਿਊ ਟਰੇਲਰ<br>ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ<br>ਹਰ 15 ਦਿਨ ਬਾਅਦ ਅਦਾਇਗੀ | 45 ਸੈਂਟ ਤੱਕ ਪ੍ਰਤੀ ਮੀਲ<br>95% ਲੋਡ ਯਾਰਡ 'ਚ ਹੁੱਕ ਐਂਡ ਡਰਾਪ<br>ਬਰੈਂਡ ਨਿਊ ਟਰੱਕ<br>ਵਧੀਆ ਅਤੇ ਸਾਫ ਸੁਥਰੇ ਟਰੱਕ<br>ਹਰ ਹਫਤੇ ਤਨਖਾਹ |

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



Dhillon Truck Stop

Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ

24 ਘੰਟੇ ਖੁੱਲ੍ਹਾ



ਡੀਜ਼ਲ ਅਤੇ ਰੋਡ ਸਰਵਿਸ

New & Used Tires

Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# ਕਈਆਂ ਦਾ ਭਵਿੱਖ ਲਕੋਈ ਬੈਠੀ ਹੈ ਗਾਬਾ ਦੀ ਡਾਇਰੀ

**ਚੰਡੀਗੜ੍ਹ:** ਸੂਬੇ ਦੇ ਸਭ ਤੋਂ ਚਰਚਿਤ 6000 ਕਰੋੜ ਦੇ ਨਸ਼ੀਲੇ ਪਦਾਰਥਾਂ ਦੀ ਜਾਂਚ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਗੁਰਾਇਆ ਦੇ ਕਾਰੋਬਾਰੀ ਚੂਨੀ ਲਾਲ ਗਾਬਾ ਦੇ ਕੋਲਡ ਸਟੋਰ ਵਿਚੋਂ ਬਰਾਮਦ ਹੋਈ ਡਾਇਰੀ ਨੇ ਸਿਆਸੀ ਸਫ਼ਾਂ ਵਿਚ ਹਲਚਲ ਮਚਾਈ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਦੋ ਵਿਧਾਇਕ ਸਰਬਣ ਸਿੰਘ ਫਿਲੌਰ ਤੇ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਅੱਜ-ਕੱਲ੍ਹ ਇਸ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਦੇ ਨਿਸ਼ਾਨੇ 'ਤੇ ਹਨ। ਡਾਇਰੀ ਵਿਚ ਨਾਂ ਆਉਣ ਤੋਂ ਬਾਅਦ ਜਲੰਧਰ ਲੋਕ-ਸਭਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਵੀ ਈ.ਡੀ. ਸਾਹਮਣੇ ਪੇਸ਼ ਹੋ ਚੁੱਕੇ ਹਨ।

ਇਸ ਜਾਂਚ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਵੀ ਉਂਗਲ ਉਠੀ ਸੀ ਪਰ ਅਜੇ ਤੱਕ ਮਜੀਠੀਆ ਖਿਲਾਫ ਕਾਰਵਾਈ ਤੋਂ ਟਾਲਾ ਵੱਟਿਆ ਜਾ ਰਿਹਾ ਹੈ।

ਚੂੰਨੀ ਲਾਲ ਗਾਬਾ ਦੀ ਡਾਇਰੀ ਉਸ ਵੇਲੇ ਚਰਚਾ ਵਿਚ ਆਈ ਸੀ ਜਦੋਂ ਆਮਦਨ ਕਰ ਵਿਭਾਗ ਨੇ ਫਰਵਰੀ ਮਹੀਨੇ ਗਾਬਾ ਦੇ ਕਾਰੋਬਾਰੀ ਅਦਾਰਿਆਂ 'ਤੇ ਛਾਪੇਮਾਰੀ ਕੀਤੀ ਸੀ ਤੇ ਬਾਅਦ ਵਿਚ ਉਸ ਨੇ 16 ਕਰੋੜ ਰੁਪਏ ਤਾਂ ਸਰੰਡਰ ਕਰ ਦਿੱਤੇ ਸਨ ਪਰ ਇਕ ਮਿਲੀ ਡਾਇਰੀ ਨਾਲ ਹੀ ਰਾਜਨੀਤਕ ਆਗੂਆਂ, ਨੌਕਰਸ਼ਾਹਾਂ ਤੇ ਕਾਰੋਬਾਰੀਆਂ 'ਤੇ ਗਾਬਾ ਨਾਲ ਸਬੰਧ ਰੱਖਣ ਦੇ ਦੋਸ਼ ਸਾਹਮਣੇ ਆਉਣ ਲੱਗੇ ਸਨ। ਗਾਬਾ ਦੀ ਡਾਇਰੀ ਵਿਚ 100 ਤੋਂ ਜ਼ਿਆਦਾ ਨਾਂ ਲਿਖੇ ਦੱਸੇ ਜਾਂਦੇ ਹਨ ਪਰ ਇਨ੍ਹਾਂ ਵਿਚ ਕਾਫ਼ੀ ਨਾਵਾਂ ਦੀ ਪਛਾਣ ਨਹੀਂ ਹੋ ਰਹੀ ਦੱਸੀ ਜਾ ਰਹੀ ਹੈ ਜਦਕਿ ਇਸ ਡਾਇਰੀ ਵਿਚ ਕੁਝ ਨਾਂ ਕੱਟੇ ਗਏ ਸਨ ਜਿਨ੍ਹਾਂ ਦਾ ਅਜੇ ਤੱਕ ਪਤਾ ਨਹੀਂ ਲੱਗਾ ਤੇ ਇਸ ਮਾਮਲੇ ਦੀ ਫੌਰੈਂਸਿਕ ਜਾਂਚ ਕਰਨ ਦੇ ਹੁਕਮ ਵੀ ਦਿੱਤੇ ਗਏ ਹਨ। ਉਕਤ ਆਗੂਆਂ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਦੁਬਾਰਾ ਸੱਦੇ ਜਾਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ। ਉਂਜ ਕਾਰੋਬਾਰੀ ਚੂੰਨੀ ਲਾਲ ਗਾਬਾ ਜਿਸ ਕੋਲੋਂ ਡਾਇਰੀ ਮਿਲੀ ਸੀ, ਉਹ ਆਪਣੇ ਲੜਕੇ ਸਮੇਤ ਵਿਭਾਗ ਦੇ ਦਫ਼ਤਰ ਵਿਚ ਪਹਿਲਾਂ ਹੀ ਪੇਸ਼ ਹੁੰਦੇ ਰਹੇ ਹਨ।



ਚੌਧਰੀ ਸੰਤੋਖ ਸਿੰਘ ਇਸ ਗੱਲ ਤੋਂ ਇਨਕਾਰ ਕਰ ਚੁੱਕੇ ਹਨ ਕਿ ਉਨ੍ਹਾਂ ਦਾ ਚੂਨੀ ਲਾਲ ਗਾਬਾ ਨਾਲ ਕੋਈ ਲੈਣ-ਦੇਣ ਹੁੰਦਾ ਰਿਹਾ ਹੈ। ਚੌਧਰੀ ਸੰਤੋਖ ਸਿੰਘ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਚੂਨੀ ਲਾਲ ਗਾਬਾ ਉਨ੍ਹਾਂ ਦੇ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਨਜ਼ਦੀਕੀ ਹਨ ਤਾਂ ਫਿਰ ਉਸ ਨਾਲ ਕਿਵੇਂ ਕੋਈ ਸਾਂਝ ਪਾਈ ਜਾ ਸਕਦੀ ਹੈ। ਆਮਦਨ ਕਰ ਵਿਭਾਗ ਨੂੰ ਜਿਹੜੀ ਗਾਬਾ ਦੇ ਕੋਲਡ ਸਟੋਰ ਵਿਚੋਂ ਡਾਇਰੀ ਮਿਲੀ ਸੀ ਉਸ ਵਿਚ ਚੌਧਰੀ ਸੰਤੋਖ ਸਿੰਘ ਦੇ ਨਾਂ ਅੱਗੇ ਪੈਸੇ ਦੇਣ ਦਾ ਜ਼ਿਕਰ ਕੀਤਾ ਹੋਇਆ ਸੀ। ਇਸ ਡਾਇਰੀ ਦੀ ਈ.ਡੀ. ਦੇ ਅਧਿਕਾਰੀ ਪੂਰੀ ਤਰ੍ਹਾਂ ਪੁਣਛਾਣ ਕਰ ਰਹੇ ਹਨ। ਇਸੇ ਡਾਇਰੀ ਵਿਚ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਤੇ ਸਾਬਕਾ ਮੰਤਰੀ ਸਰਬਣ ਸਿੰਘ ਫਿਲੌਰ ਨੂੰ ਵੀ ਪੈਸੇ ਦੇਣ ਦਾ ਜ਼ਿਕਰ ਕੀਤਾ ਗਿਆ ਸੀ।

ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬੀਤੇ ਦਿਨੀਂ ਗੁਰਾਇਆ ਦੇ ਕਾਰੋਬਾਰੀ ਚੂੰਨੀ ਲਾਲ ਗਾਬਾ ਦੀ ਮਿਲੀ ਡਾਇਰੀ ਵਿਚ ਨਾਂ ਆਉਣ ਤੋਂ ਬਾਅਦ ਜਲੰਧਰ ਲੋਕ-ਸਭਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ, ਅਵਿਨਾਸ਼ ਚੰਦਰ, ਸਰਵਣ ਸਿੰਘ ਫਿਲੌਰ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਸਨ ਜਦਕਿ ਤਿੰਨੇ ਆਗੂਆਂ ਨੇ ਚੂੰਨੀ ਲਾਲ ਗਾਬਾ ਨਾਲ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਤੋਂ ਸਪੱਸ਼ਟ ਇਨਕਾਰ ਕੀਤਾ ਸੀ।

## ਸਬੂਤਾਂ ਦੇ ਬਾਵਜੂਦ ਮਜੀਠੀਏ ਨੂੰ ਹੱਥ ਨਹੀਂ ਪਾ ਰਹੀ ਈ.ਡੀ.: ਖਹਿਰਾ

ਕਾਂਗਰਸ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਨੇ ਈ.ਡੀ. ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਦੋ ਵਿਧਾਇਕਾਂ ਸਰਬਣ ਸਿੰਘ ਫਿਲੌਰ ਤੇ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਨੂੰ ਤਾਂ ਤਲਬ ਕੀਤਾ ਜਾ ਚੁੱਕਿਆ ਹੈ ਪਰ ਦੋ ਮਹੀਨੇ ਪਹਿਲਾਂ ਉਨ੍ਹਾਂ ਨੇ ਪੁਖ਼ਤਾ ਸਬੂਤ ਸਮੇਤ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਸ਼ਿਕਾਇਤ ਕੀਤੀ ਸੀ ਕਿ ਕਿਵੇਂ ਉਸ ਨੂੰ 70 ਲੱਖ ਦੀ ਰਕਮ ਪਹੁੰਚਾਈ ਗਈ ਸੀ ਪਰ ਅਜੇ ਤੱਕ ਉਨ੍ਹਾਂ ਨੂੰ ਇਸ ਬਾਰੇ ਕੋਈ ਲਿਖਤੀ ਜਵਾਬ ਨਹੀਂ ਦਿੱਤਾ ਗਿਆ।



ਸ੍ਰੀ ਖਹਿਰਾ ਨੇ ਕਿਹਾ ਕਿ ਉਹ ਛੇਤੀ ਹੀ ਇਸ ਬਾਰੇ ਈ.ਡੀ. ਤੱਕ ਪਹੁੰਚ ਕਰਕੇ ਦਿੱਤੀ ਗਈ ਸ਼ਿਕਾਇਤ 'ਤੇ ਕਾਰਵਾਈ ਕਰਨ ਲਈ ਜ਼ੋਰ ਪਾਉਣਗੇ।

# ਗੁਰਬਖਸ਼ ਸਿੰਘ ਨੇ ਬੰਦੀ ਸਿੱਖਾਂ ਦੀ ਸੂਚੀ ਸਿੰਘ ਸਾਹਿਬ ਨੂੰ ਸੌਂਪੀ



**ਅੰਮ੍ਰਿਤਸਰ:** ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ 'ਤੇ ਭੁੱਖ ਹੜਤਾਲ ਰੱਖਣ ਵਾਲੇ ਗੁਰਬਖਸ਼ ਸਿੰਘ ਨੇ ਮੁੜ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਅਪੀਲ ਕੀਤੀ ਹੈ ਕਿ ਸੱਤ ਸਿੱਖ ਵਿਅਕਤੀਆਂ ਦੀ ਪੱਕੀ ਰਿਹਾਈ ਕਰਵਾਈ ਜਾਵੇ ਤੇ ਜੇਕਰ ਉਹ ਅਜਿਹਾ ਕਰਨ ਤੇ ਅਸਮਰਥ ਹਨ ਤਾਂ ਫਿਰ ਉਸ ਨੂੰ ਭੁੱਖ ਹੜਤਾਲ 'ਤੇ ਬੈਠਣ ਦੀ ਆਗਿਆ ਦਿੱਤੀ ਜਾਵੇ। ਉਨ੍ਹਾਂ ਇਸ ਤੋਂ ਇਲਾਵਾ 101 ਸਿੱਖਾਂ ਦੀ ਪੱਕੀ ਰਿਹਾਈ ਲਈ ਇਕ ਸੂਚੀ ਵੀ ਸੌਂਪੀ ਹੈ।

ਉਨ੍ਹਾਂ ਨੇ ਪਹਿਲਾਂ ਛੇ ਸਿੱਖਾਂ ਦੀ ਪੱਕੀ ਰਿਹਾਈ ਦੀ ਮੰਗ 'ਤੇ ਮੁਹਾਲੀ ਸਥਿਤ ਗੁਰਦੁਆਰਾ ਅੰਬ ਸਾਹਿਬ ਵਿਚ ਤਕਰੀਬਨ 40 ਦਿਨ ਭੁੱਖ ਹੜਤਾਲ ਕੀਤੀ ਸੀ, ਪਰ ਹੁਣ ਉਨ੍ਹਾਂ ਸੱਤ ਸਿੱਖਾਂ ਦੀ ਪੱਕੀ ਰਿਹਾਈ ਲਈ ਆਖਿਆ ਹੈ। ਇਸ ਵਿਚ ਦਵਿੰਦਰ ਪਾਲ ਸਿੰਘ ਭੁੱਲਰ, ਲਾਲ ਸਿੰਘ, ਸ਼ਮਸ਼ੇਰ ਸਿੰਘ, ਵਰਿਆਮ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਤੇ ਗੁਰਮੀਤ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ ਇਕ ਸੂਚੀ ਹੋਰ ਸੌਂਪੀ ਹੈ ਜਿਸ ਵਿਚ 101 ਵਿਅਕਤੀਆਂ ਦੇ ਨਾਂ ਸ਼ਾਮਲ ਹਨ।

ਉਨ੍ਹਾਂ ਆਖਿਆ ਕਿ ਇਸ ਬਾਰੇ ਸੂਚੀ ਦੇਣ ਲਈ ਆਖਿਆ ਗਿਆ ਸੀ, ਜੋ ਉਨ੍ਹਾਂ ਜਥੇਦਾਰ ਨੂੰ ਸੌਂਪ ਦਿੱਤੀ ਹੈ। ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਜੇਲ੍ਹਾਂ ਵਿਚੋਂ ਸਿੱਖਾਂ ਦੀ ਪੱਕੀ ਰਿਹਾਈ ਬਾਰੇ ਕੀਤੇ ਜਾ ਰਹੇ ਯਤਨਾਂ ਵਿਚ ਤੇਜ਼ੀ ਲਿਆਉਣ। ਉਹ ਇਸ ਬਾਰੇ ਸੂਬੇ ਦੇ ਰਾਜਪਾਲ, ਮੁੱਖ ਮੰਤਰੀ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਨੂੰ ਵੀ ਲਿਖਤੀ ਅਪੀਲ ਕਰ ਚੁਕੇ ਹਨ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਇਸ ਬਾਰੇ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਜੋ ਸੂਚੀ ਸੌਂਪੀ ਗਈ ਹੈ, ਇਸ ਬਾਰੇ ਛੇਤੀ ਹੀ ਪੰਜਾਬ ਸਰਕਾਰ ਨਾਲ ਸੰਪਰਕ ਕਰਨਗੇ ਤਾਂ ਜੋ ਅਗਲੀ ਕਾਰਵਾਈ ਹੋ ਸਕੇ। ਉਨ੍ਹਾਂ ਨੇ ਫੈਡਰੇਸ਼ਨ ਵੱਲੋਂ ਪਹਿਲੀ ਨਵੰਬਰ ਦੇ ਪੰਜਾਬ ਬੰਦ ਦੇ ਸੱਦੇ ਦੀ ਹਮਾਇਤ ਵੀ ਕੀਤੀ ਹੈ।

# ਪੰਜਾਬ ਬੰਦ ਦੇ ਸੱਦੇ ਨੂੰ ਸਮਰਥਨ ਦਾ ਐਲਾਨ

**ਜਲੰਧਰ:** ਨਵੰਬਰ 1984 ਸਿੱਖ ਕਤਲੇਆਮ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਵਿਚ ਫੇਲ੍ਹ ਹੋਈ ਹਿੰਦ ਹਕੂਮਤ ਤੇ ਕਾਨੂੰਨੀ ਨਿਆਂ ਪ੍ਰਬੰਧ ਨੂੰ ਜਗਾਉਣ ਲਈ ਇਕ ਨਵੰਬਰ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਵੱਖ-ਵੱਖ ਪੰਥਕ ਸ਼ਖਸੀਅਤਾਂ ਨੇ ਸਮਰਥਨ ਦੇਣ ਦਾ ਐਲਾਨ ਕੀਤਾ ਹੈ।

ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਭਾਈ ਬਲਦੇਵ ਸਿੰਘ, ਯੂਨਾਈਟਿਡ ਖਾਲਸਾ ਮੂਵਮੈਂਟ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਬੰਦੀ ਸਿੰਘਾਂ ਦੀ ਰਿਹਾਈ ਲਈ 44 ਦਿਨ ਭੁੱਖ ਹੜਤਾਲ ਰੱਖਣ ਵਾਲੇ ਭਾਈ ਗੁਰਬਖਸ਼ ਸਿੰਘ ਖਾਲਸਾ (ਹਰਿਆਣਾ), ਭਾਈ ਗੁਰਿੰਦਰ ਸਿੰਘ ਗੁਰੀ, ਬਾਬੂ ਸਿੰਘ ਦੁਖੀਆ ਪ੍ਰਧਾਨ ਨਵੰਬਰ 1984 ਸਿੱਖ ਨਸਲਕੁਸ਼ੀ ਵੈਲਫੇਅਰ ਸੋਸੇਇਟੀ, ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਨਰਲ ਸਕੱਤਰ ਜਸਪਾਲ ਸਿੰਘ, ਇੰਟਰਨੈਸ਼ਨਲ ਸਿੱਖ ਯੂਥ ਆਰਗੇਨਾਈਜੇਸ਼ਨ ਦੇ ਪ੍ਰਧਾਨ ਭਾਈ ਸੁਖਜਿੰਦਰ ਸਿੰਘ ਜੋੜਾ, ਸੀਨੀਅਰ ਆਗੂ ਸੁਖਵਿੰਦਰ ਸਿੰਘ ਖਾਲਸਾ, ਸੀਨੀਅਰ ਆਗੂ ਕੰਵਰਬੀਰ ਸਿੰਘ ਗਿੱਲ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸੱਜਣ ਕੁਮਾਰ ਕੇਸ ਦੀ ਮੁੱਖ ਗਵਾਹ ਬੀਬੀ ਜਗਦੀਸ਼ ਕੌਰ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਕਾਮਯਾਬ ਕਰਨ ਲਈ ਪੰਜਾਬ ਦੇ ਹਰੇਕ ਫਿਰਕੇ ਨੂੰ ਅਪੀਲ ਕੀਤੀ ਹੈ ਕਿ ਉਹ ਇਕ ਨਵੰਬਰ 2014 ਨੂੰ ਪੰਜਾਬ ਬੰਦ ਰੱਖ ਕੇ ਪੂਰਨ ਸਮਰਥਨ ਦੇਣ।

### ਪਹਿਲੀ ਨਵੰਬਰ ਨੂੰ ਦਿੱਤਾ ਗਿਆ ਹੈ ਬੰਦ ਦਾ ਸੱਦਾ

ਬੀਬੀ ਜਗਦੀਸ਼ ਕੌਰ ਤੇ ਫ਼ੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਇਕ ਨਵੰਬਰ ਨੂੰ ਪੰਜਾਬ ਬੰਦ ਵਿਚ ਪੰਜਾਬ ਸਰਕਾਰ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਵੀ ਪੂਰਨ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਮਾਨਵਤਾ ਦੇ ਭਲੇ ਤੇ ਇਨਸਾਫ਼ ਦੀ ਜੱਦੋ ਜਹਿਦ ਲਈ ਸਭ ਨੂੰ ਪੀੜਤ ਪਰਿਵਾਰਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ। ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਪੰਜਾਬ ਬੰਦ ਦੌਰਾਨ ਮੈਡੀਕਲ ਸਹੂਲਤ ਸੇਵਾਵਾਂ ਨੂੰ ਛੋਟ ਦਿੱਤੀ ਗਈ ਹੈ। ਇਸੇ ਦੌਰਾਨ ਅਧਿਆਪਕਾਂ ਦੀ ਜਥੇਬੰਦੀ ਈ.ਟੀ.ਟੀ ਯੂਨੀਅਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਤੇ ਸੀਨੀਅਰ ਆਗੂ ਰਣਜੀਤ ਸਿੰਘ ਬਾਠ ਨੇ ਵੀ ਪੰਜਾਬ ਬੰਦ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ ਹੈ।

## ਡੇਰਾ ਮੁਖੀ ਦੇ ਕਹਿਣ 'ਤੇ ਕੀਤੀ ਮੇਰੇ ਖ਼ਿਲਾਫ਼ ਕਾਰਵਾਈ: ਦਾਦੂਵਾਲ

**ਕਾਲਾਂਵਾਲੀ:** ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਅਕਾਲੀ ਸਰਕਾਰ ਵੱਲੋਂ ਉਨ੍ਹਾਂ ਖਿਲਾਫ ਸਾਰੀ ਕਾਰਵਾਈ ਡੇਰਾ ਸਿਰਸਾ ਮੁਖੀ ਦੇ ਕਹਿਣ 'ਤੇ ਕੀਤੀ ਹੈ। ਸੰਤ ਨੇ ਕਿਹਾ ਕਿ ਉਨ੍ਹਾਂ ਨਾਲ ਜੋ ਧੱਕੇਸ਼ਾਹੀ ਕੀਤੀ ਹੈ ਤੇ ਗੁਰਦੁਆਰਾ ਜੰਡਾਲੀਸਰ ਸਾਹਿਬ 'ਤੇ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਕਰਵਾਇਆ, ਉਹ ਸਾਰੀ ਦੁਨੀਆ ਦੇ ਸਾਹਮਣੇ ਹੈ। ਪਿੰਡ ਦਾਦੂ ਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਸਾਹਿਬ ਵਿਖੇ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇਹ ਸਾਰੀ ਕਰਵਾਈ ਪੰਜਾਬ ਸਰਕਾਰ ਵੱਲੋਂ ਡੇਰਾ ਮੁਖੀ ਨਾਲ ਕੀਤੇ ਗਏ ਗੁਪਤ ਸਮਝੌਤੇ ਤਹਿਤ ਕੀਤੀ ਗਈ ਹੈ।



ਹਰਿਆਣਾ ਕਮੇਟੀ ਵਿਚ ਸਾਡੀ ਭੂਮਿਕਾ ਨੂੰ ਲੈ ਕੇ ਪੰਜਾਬ ਦੇ ਅਕਾਲੀ ਆਗੂ ਖਫ਼ਾ ਸਨ ਤੇ ਇਸ ਦੇ ਨਾਲ ਹੀ ਉਨ੍ਹਾਂ ਸਿਰਸਾ ਡੇਰਾ ਮੁਖੀ ਨਾਲ ਲੋਕ ਸਭਾ ਚੋਣਾਂ ਤੇ ਤਲਵੰਡੀ ਸਾਬੋ ਜ਼ਿਮਨੀ ਚੋਣ ਵਿਚ ਕੀਤੇ ਸਮਝੌਤੇ ਤਹਿਤ ਉਸ ਨੂੰ ਸਿੱਖ ਸੰਗਤ ਦੀਆਂ ਭਾਵਨਾਵਾਂ ਭੜਕਾਉਣ ਵਾਲੇ ਕੇਸ ਵਿਚੋਂ ਬਰੀ ਕੀਤਾ ਤੇ ਮੇਰੇ ਪੁਰਾਣੇ ਕੇਸ ਖੋਲ੍ਹ ਕੇ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਅਕਾਲੀ ਆਗੂਆਂ ਨੂੰ ਇਹ ਡਰ ਸੀ ਕਿ ਸੰਤ ਦਾਦੂਵਾਲ ਕਿਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਕਾਲਾਂਵਾਲੀ ਹਲਕੇ ਤੋਂ ਅਕਾਲੀ ਉਮੀਦਵਾਰ ਖਿਲਾਫ਼ ਚੋਣ ਪ੍ਰਚਾਰ ਕਰਕੇ ਉਸ ਨੂੰ ਹਰਾ ਨਾ ਦੇਵੇ। ਉਨ੍ਹਾਂ ਕਿਹਾ ਕਿ ਪੁਲਿਸ ਨੇ ਲੁੱਟ-ਘਸੁੱਟ ਕਰਕੇ ਮੇਰਾ ਘਰੇਲੂ ਸਾਮਾਨ ਲੁੱਟ ਲਿਆ। ਉਹ ਸਿੱਖ ਸੰਗਤ ਨਾਲ ਸਲਾਹ ਕਰਕੇ ਗੁਰਦੁਆਰਾ ਜੰਡਾਲੀਸਰ ਸਾਹਿਬ ਦੀ ਸੇਵਾ ਸੰਭਾਲਣਗੇ।

# ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤ ਸਿੱਖਾਂ ਲਈ ਦੋ ਕਰੋੜ ਸਹਾਇਤਾ ਦਾ ਐਲਾਨ

**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੰਮੂ ਕਸ਼ਮੀਰ ਦੇ ਹੜ੍ਹ ਪੀੜਤਾਂ ਲਈ ਦੋ ਕਰੋੜ ਰੁਪਏ ਸਹਾਇਤਾ ਵਜੋਂ ਦੇਣ ਦਾ ਐਲਾਨ ਕੀਤਾ ਹੈ। ਇਥੇ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਦੇ ਮੀਟਿੰਗ ਹਾਲ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ। ਸ. ਮੱਕੜ ਨੇ ਦੱਸਿਆ ਕਿ ਹੜ੍ਹਾਂ ਦੌਰਾਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਦਿੱਤੇ ਜਾਣਗੇ।

ਜੰਮੂ ਕਸ਼ਮੀਰ ਵਿਚ ਹੜ੍ਹ ਦੌਰਾਨ ਪ੍ਰਭਾਵਿਤ ਹੋਏ ਗੁਰਦੁਆਰਿਆਂ ਲਈ ਇਕ-ਇਕ ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸੇ ਤਰ੍ਹਾਂ ਰਾਜੌਰੀ ਵਿਚ ਹੜ੍ਹਾਂ ਦੌਰਾਨ ਰੁੜੀ ਬੱਸ ਦੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਦੀਆਂ ਦੇ ਮੌਸਮ ਨੂੰ ਵੇਖਦਿਆਂ ਗਰਮ ਕੱਪੜੇ ਤੇ ਬਿਸਤਰੇ ਵੀ ਭੇਜੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਐਲਾਨ ਮੁਤਾਬਕ ਜੰਮੂ ਕਸ਼ਮੀਰ ਦੇ ਜਿਹੜੇ ਬੱਚੇ ਸ਼੍ਰੋਮਣੀ ਕਮੇਟੀ ਦੇ ਕਾਲਜਾਂ ਵਿਚ ਪੜ੍ਹ ਰਹੇ ਹਨ, ਉਨ੍ਹਾਂ ਦੇ ਜੇਬ ਖ਼ਰਚ ਲਈ ਪੰਜ-ਪੰਜ ਹਜ਼ਾਰ ਰੁਪਏ ਮਹੀਨਾ ਮਦਦ ਵੀ ਕੀਤੀ ਜਾਵੇਗੀ।



ਮੀਟਿੰਗ ਵਿਚ ਲਏ ਹੋਰ ਫ਼ੈਸਲਿਆਂ ਵਿਚ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਲਈ ਨਵੀਆਂ 30 ਬੱਸਾਂ ਖ਼ਰੀਦਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਸਿੱਖ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈਆਂ ਹਾਕੀ ਅਕੈਡਮੀਆਂ ਵਿਚ ਦਾਖ਼ਲ ਖਿਡਾਰੀਆਂ ਲਈ ਪ੍ਰੈਕਟਿਸ ਕਰਨ ਲਈ ਪਿੰਡ ਭਰਾੜੀਵਾਲ ਵਿਚ ਹਰਿਮੰਦਰ ਸਾਹਿਬ ਦੀ ਮਲਕੀਅਤ ਵਾਲੀ ਜ਼ਮੀਨ ਵਿਚ ਗਰਾਊਂਡ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੱਖ-ਵੱਖ ਗੁਰਦੁਆਰਿਆਂ ਲਈ ਕੜਾਹ ਪ੍ਰਸ਼ਾਦ ਦੀਆਂ ਪਰਚੀਆਂ ਤੇ ਕੱਚੀਆਂ ਕੈਸ਼ ਰਸੀਦਾਂ ਦੀ ਛਪਾਈ ਕਰਨ ਲਈ ਨਵੀਂ ਆਫਸੈਟ ਮਸ਼ੀਨ ਲਗਾਉਣ ਦਾ ਫ਼ੈਸਲਾ ਕੀਤਾ ਗਿਆ।

ਇਸੇ ਤਰ੍ਹਾਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਚ ਰੋਟੀਆਂ ਪਕਾਉਣ ਵਾਲੀ ਹੋਰ ਨਵੀਂ ਮਸ਼ੀਨ ਖਰੀਦਣ ਦੀ ਪ੍ਰਵਾਨਗੀ, ਸੱਚਖੰਡ ਹਰਿਮੰਦਰ ਸਾਹਿਬ ਤੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਬਿਜਲੀ ਦਾ ਲੋਡ ਵੱਧ ਜਾਣ ਕਰਕੇ ਵੱਡਾ ਜਨਰੇਟਰ ਖਰੀਦਣ ਦੀ ਪ੍ਰਵਾਨਗੀ ਸਮੇਤ ਹੋਰ ਫ਼ੈਸਲੇ ਲਏ ਗਏ। ਅੰਤ੍ਰਿਗ ਕਮੇਟੀ ਦੇ ਮੈਂਬਰਾਂ ਨੇ ਗਿਆਨੀ ਗੁਰਬਚਨ ਸਿੰਘ ਨੂੰ ਜਥੇਦਾਰ ਅਵਤਾਰ ਸਿੰਘ ਨੂੰ ਵਿਸ਼ੇਸ਼ ਸਨਮਾਨ ਦੇਣ ਦੀ ਬੇਨਤੀ ਕੀਤੀ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਭਇਆ ਆਨੰਦ ਜਗਤ ਵਿਚ ਕਲਿ ਤਾਰਨ ਗੁਰੂ ਨਾਨਕ ਆਇਆ॥

ਗੁਰਦੁਆਰਾ

# ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ

**113-10 101 Avenue, South Richmond Hill, NY 11419**

ਅਤੇ ਟਰਾਈ ਸਟੇਟ ਦੇ ਸਮੂਹ ਗੁਰਦੁਆਰੇ, ਜਥੇਬੰਦੀਆਂ, ਸਮੂਹ ਸੰਗਤ ਦੇ ਪਿਆਰ ਅਤੇ ਸਹਿਯੋਗ ਸਦਕਾ

## ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 545 ਵੇਂ ਆਗਮਨ ਪੁਰਬ ਦੇ ਸੰਬਧ ਵਿਚ

ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।



## 14 ਵਾਂ ਮਹਾਨ ਨਗਰ ਕੀਰਤਨ

ਪਹਿਲੀ ਨੰਵਬਰ ਦਿਨ ਸ਼ਨੀਵਾਰ ਨੂੰ ਰਿਚਮੰਡ ਹਿਲ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮਧਾਮ ਨਾਲ ਕੱਢਿਆ ਜਾ ਰਿਹਾ ਹੈ।

ਮਨੁੱਖਤਾ ਦੇ ਰਹਿਬਰ ਸਿੱਖ ਪੰਥ ਦੇ ਬਾਨੀ ਕਲਿਜੁਗ ਦੇ ਤਾਰਨਹਾਰ ਜਗਤ ਗੁਰੂ ਬਾਬਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 545 ਵੇਂ ਆਗਮਨ ਪੁਰਬ ਦੇ ਸਬੰਧ ਵਿਚ ਹਰ ਸਾਲ ਦੀ ਤਰਾਂ ਇਸ ਸਾਲ ਵੀ 14ਵਾਂ ਮਹਾਨ ਨਗਰ ਕੀਰਤਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿਖ ਸੈਂਟਰ ਨਿਊਯਾਰਕ ਤੋਂ ਦਿਨ ਸ਼ਨੀਵਾਰ ਪਹਿਲੀ ਨੰਵਬਰ 2014 ਨੂੰ ਕਢਿਆ ਜਾ ਰਹਿਆ ਹੈ ।

30 ਅੱਕਤੂਬਰ ਦਿਨ ਵੀਰਵਾਰ ਸਵੇਰੇ 10:30 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਪਹਿਲੀ ਨਵੰਬਰ ਦਿਨ ਸ਼ਨੀਵਾਰ ਸਵੇਰੇ 10:00 ਵਜੇ ਭੋਗ ਉਪਰੰਤ 12:00 ਵਜੇ ਤਕ ਦੀਵਾਨ ਸਜਣਗੇ ਅਤੇ ਸਵੇਰੇ 12:30 ਵਜੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਤੋਂ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ ।

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਤੋਂ ਆਰੰਭ ਹੋਕੇ 111 ਸਟਰੀਟ ਤੋਂ ਹੁੰਦਿਆਂ ਲਿਬਰਟੀ ਐਵਨਿਊ ਤੋਂ 123 ਸਟਰੀਟ, ਅਟਲੈਂਟਿਕ ਐਵਨਿਊ 118 ਸਟਰੀਟ ਗੁਰਦੁਆਰਾ ਸਿੱਖ ਕਲਚਰ ਸੋਸਾਇਟੀ ਦੇ ਅਗੋ ਹੁੰਦਿਆਂ ਹੋਇਆਂ 101 ਐਵਨਿਊ ਤੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਸਮਾਪਤ ਹੋਵੇਗਾ।



### ਬੰਦੀ ਛੋੜ ਦਿਵਸ {ਦਿਵਾਲੀ}

23 ਅੱਕਤੂਬਰ ਦਿਨ ਵੀਰਵਾਰ ਨੂੰ ਬੰਦੀ ਛੋੜ ਦਿਵਸ ਦੇ ਸਬੰਧ ਵਿਚ ਸ਼ਾਮ 5:00 ਵਜੇ ਤੋਂ ਰਾਤ 10:00 ਵਜੇ ਤਕ ਦੀਵਾਨ ਸਜਣਗੇ ।

### ਗੁਰਪੁਰਬ ਦੇ ਸਬੰਧ ਵਿਚ ਵਿਸ਼ੇਸ਼ ਸਮਾਗਮ:

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸਬੰਧ ਵਿਚ 6 ਨਵੰਬਰ ਦਿਨ ਵੀਰਵਾਰ ਸ਼ਾਮ 6:00 ਵਜੇ ਤੋਂ ਰਾਤ 12:00 ਵਜੇ ਤਕ ਦੀਵਾਨ ਸਜਣਗੇ ਉਪਰੰਤ ਫੁਲਾਂ ਦੀ ਬਰਖਾ ਹੋਵੇਗੀ ।

9 ਨਵੰਬਰ ਦਿਨ ਐਤਵਾਰ ਦੇ ਵਿਸ਼ੇਸ਼ ਦੀਵਾਨ ਹੋਣਗੇ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 7 ਨਵੰਬਰ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਜੀ 9 ਨਵੰਬਰ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ 3:00 ਵਜੇ ਤਕ ਦੀਵਾਨ ਸਜਣਗੇ।

ਪਹੁੰਚ ਰਹੇ ਰਾਗੀ ਪ੍ਰਚਾਰਕ : ਭਾਈ ਗੁਰਚਰਨ ਸਿੰਘ ਜੀ ਆਨੰਦਪੁਰ ਸਾਹਿਬ ਵਾਲੇ, ਭਾਈ ਕਮਲਜੀਤ ਸਿੰਘ ਜੀ ਖੰਡੂਰ ਵਾਲੇ, ਭਾਈ ਬਲਜਿੰਦਰ ਸਿੰਘ ਪਿਹੋਵਾ ਵਾਲੇ, ਭਾਈ ਜਗਪ੍ਰੀਤ ਸਿੰਘ ਲੁਧਿਆਣਾ ਵਾਲੇ

ਕਥਾਵਾਚਕ : ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਗਿਆਨੀ ਜਸਬੀਰ ਸਿੰਘ ਲੁਧਿਆਣਾ ਵਾਲੇ, ਗਿਆਨੀ ਜਸਪਾਲ ਸਿੰਘ ਜੀ ਮੁੱਖ ਗ੍ਰੰਥੀ



### ਪ੍ਰਾਰਥਕ: ਐਗਜ਼ੈਕਟਿਵ ਕਮੇਟੀ, ਬੋਰਡ ਆਫ ਟੱਰਸਟ, ਸੇਵਾਦਾਰ ਅਤੇ ਗੁਰੂ ਘਰ ਦਾ ਸਟਾਫ

| | | | |
|---|---|---|---|
| Himmat Singh Sarpanch (President) | 917-553-5036 | Sukhjinder Singh (Chairman) | 917-807-5854 |
| Ranjit Singh Mehmadpur (Vice President) | 917-969-3100 | Gurnam Singh (Vice Chairman) | 718-249-5506 |
| Kuldip Singh Khalsa (Gen. Sect.) | 917-687-5560 | Kulwant Singh (Bot Skather) | 347-645-0550 |
| Daler Singh Haryana (Asst. Sect.) | 917-849-9033 | Nirmal Kaur (Member) | 718-848-7979 |
| Jugvinder Singh (Cashier) | 347-645-0550 | Malkiat Kaur (Member) | 516-672-7306 |
| Preetpal Singh (Cashier) | 718-659-8700 | Prabhjit Singh (Member) | 917-238-9790 |
| Lakhwinder Singh (Building Incharge) | 718-414-7700 | Sampuran Singh (Member) | 646-318-7658 |
| Sardool Singh (Building Incharge) | 516-603-2805 | Lakhwinder Singh (Member) | 646-897-0041 |
| Gurbachan Kaur (Education Incharge) | 718-641-5415 | Sarabjit Singh (Member) | 917-907-1148 |
| Jaswinder Kaur (Education Incharge) | 516-710-2027 | Gurwant Singh (Member) | 917-595-9777 |
| Paramjit Kaur (PRO) | 347-685-0641 | Sukhdev Singh (Member) | 347-651-7867 |
| Malkit Singh Multani | 347-651-7867 | Narinder Kaur (Member) | 718-441-0468 |
| Lakhwinder Kaur (Member) | 917-913-3352 | Balwinder Kaur (Member) | 718-969-0441 |
| Jagtar Singh (Member) | 718-562-1090 | Jagat Singh (Member) | 646-318-6759 |
| Baljinder Kaur (Member) | 516-805-3870 | Sukhwinder Singh (Member) | 917-379-8995 |
| Kulwant Kaur (Member) | 718-332-4501 | Mohinder Singh (Member) | 917-940-9004 |
| | | Talwinder Kaur (Member) | 718-674-6836 |

[illegible]

ਸੰਗਤਾਂ ਦੀ ਸੇਵਾ ਲਈ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ ।

**ਪ੍ਰਧਾਨ**

ਮਾਸਟਰ ਮਹਿੰਦਰ ਸਿੰਘ, ਸ. ਰਘਬੀਰ ਸਿੰਘ ਸੁਭਾਨਪੁਰ

ਸ. ਮਨਜੀਤ ਸਿੰਘ ਢਡਿਹਾ, ਸ. ਪ੍ਰੀਤਮ ਸਿੰਘ ਗਿਲਜੀਆਂ

ਸ. ਕੁਲਦੀਪ ਸਿੰਘ ਖਾਲਸਾ, ਸ. ਹਿੰਮਤ ਸਿੰਘ ਸਰਪੰਚ, ਸ. ਗੁਰਮੇਜ ਸਿੰਘ

| | |
|---|---|
| Gurmit Singh Bhulath | Baljinder Singh Soni |
| Harjit Singh | Malkeet Singh |
| Daljit Singh | Malkeet Singh Neeta |
| Jaswinder Singh Tony | Paramjit Singh |
| Sandeep Singh Gippy | Garib Singh |
| Jaspal Singh Satta | Harminder Singh |
| Prince | Balwinder Singh |
| Gurnam Singh | Gulzar Singh |
| Surinder Singh | Manjinder Singh |
| Sukhdev Singh | Micky |
| Navdeep Singh | Sethi |

The Sikh Cultural Society of NY Inc.
Gurdwara Sant Majha Singh Karmjot Sikh Center
Gurdwara Ramgarhia Sikh Society of America NY
Gurdwara Sikh Center of NY (Parsons Blvd.)
Gurughar Sikh Center of NY (Queens Village)
Gurdwara Sant Sagar, NY
Temple Sri Guru Ravidas Sabha, NY
Gurdwara Sachkand Guru Nanak Darbar

ਗਿਆਨੀ ਜਸਪਾਲ ਸਿੰਘ ਮੁੱਖ ਗ੍ਰੰਥੀ • ਗਿਆਨੀ ਸੇਵਕ ਸਿੰਘ ਗ੍ਰੰਥੀ • ਗਿਆਨੀ ਕੁਲਵੰਤ ਸਿੰਘ ਗ੍ਰੰਥੀ

ਭਾਈ ਜਗਤ ਸਿੰਘ ਸੇਵਾਦਾਰ • ਭਾਈ ਗੁਰਮੀਤ ਸਿੰਘ ਲੰਗਰ ਸੇਵਾਦਾਰ

ਸੰਗਤ ਨੂੰ ਪੁਰਜ਼ੋਰ ਬੇਨਤੀ ਹੈ ਕਿ ਪਰਿਵਾਰ ਸਹਿਤ ਆਪ ਵੀ ਹਾਜਰੀਆਂ ਭਰੋ ਅਤੇ ਹੋਰਨਾਂ ਨੂੰ ਵੀ ਪ੍ਰੇਰਣਾ ਕਰ ਕੇ ਲੈ ਕੇ ਆਉ ਅਤੇ ਨਗਰ ਕੀਰਤਨ ਦੀ ਰੋਣਕ ਨੂੰ ਵਧਾਓ ॥

**ਗੁਰਦੁਆਰਾ ਸਾਹਿਬ ਦੇ ਫੋਨ 718-805-6941 / 718-805-7400**

**Print & Design By : INFINITY 347 475 7751**

# ਜੁਗਤੂ ਤੇ ਜੁਗਾੜ

## ਅਸੀਂ ਚੇਤਕ ਕਰਾਇਆ ਨਵਾਂ ਰੰਗ ਨੀ...



ਹੁਣੇ ਆਏ ਫੋਨ ਨੇ ਮੈਨੂੰ ਅੰਤਾਂ ਦਾ ਹੈਰਾਨ ਕਰ ਦਿੱਤਾ ਹੈ। ਮੇਰੀ ਦੂਰ ਦੀ ਰਿਸ਼ਤੇਦਾਰੀ ਵਿਚੋਂ ਕੋਈ ਮੁੰਡਾ ਮੇਰੇ ਬਜਾਜ ਸਕੂਟਰ ਬਾਰੇ ਪੁੱਛ ਰਿਹਾ ਹੈ ਜਿਹੜਾ ਮੈਂ 20-25 ਸਾਲ ਪਹਿਲਾਂ ਖਰੀਦਿਆ ਸੀ। ਕੱਲ੍ਹ ਤੱਕ ਇਹ ਸਕੂਟਰ ਕਬਾੜ ਦੇ ਰੂਪ ਵਿਚ ਖੜ੍ਹਾ ਸੀ ਅਤੇ ਹੁਣੇ-ਹੁਣੇ ਇਸ ਦੀ ਕੀਮਤ ਦਸ ਹਜ਼ਾਰ ਰੁਪਏ ਪੈ ਗਈ ਹੈ। ਇਕ ਵਾਰ ਤਾਂ ਮੈਂ ਇਹ ਸਕੂਟਰ 1000-1500 ਰੁਪਏ ਵਿਚ ਚੁਕਾਉਣ ਨੂੰ ਤਿਆਰ ਹੋ ਗਿਆ ਸਾਂ। ਹੁਣ ਚੇਤਾ ਨਹੀਂ ਆ ਰਿਹਾ ਕਿ ਕਿਹੜੀ ਗੱਲ ਤੋਂ ਉਦੋਂ ਇਸ ਨੂੰ ਚੁਕਾਉਂਦਾ-ਚੁਕਾਉਂਦਾ ਰਹਿ ਗਿਆ ਸਾਂ।

ਅੱਠਵੀਂ ਜਮਾਤ ਵਿਚ ਪੜ੍ਹਦਾ ਮੇਰਾ ਮੁੰਡਾ ਮੇਰੀ ਹੈਰਾਨੀ ਹੋਰ ਵਧਾ ਦਿੰਦਾ ਹੈ ਜਦੋਂ ਉਹ

ਸੁਖਵਿੰਦਰ ਸਿੰਘ ਗਰੇਵਾਲ

ਆਖਦਾ ਹੈ- "ਪਾਪਾ, ਮੁੰਡੇ ਸਕੂਟਰ ਮੋਡੀਫਾਈਡ ਕਰਵਾ ਕੇ ਸੜਕਾਂ ਵਿਚ ਗੇੜੇ ਲਾ ਰਹੇ ਹਨ ਤੇ ਇਨ੍ਹਾਂ ਦੀ ਕੀਮਤ ਹੁਣ 35-35 ਹਜ਼ਾਰ ਰੁਪਏ ਤੱਕ ਹੋ ਗਈ ਹੈ।" ਉਹ ਮੈਨੂੰ ਕਿਸੇ ਗਾਇਕ ਦਾ ਗੀਤ ਵੀ ਗੁਣ-ਗੁਣਾ ਕੇ ਦੱਸਦਾ ਹੈ- ਅਸੀਂ ਚੇਤਕ ਕਰਾਇਆ ਨਵਾਂ ਰੰਗ ਨੀ, ਪਰ੍ਹਾਂ ਕਰ ਕੇ ਸਫਾਰੀ ਬਿੱਲੋ ਲੰਘ ਨੀ। ਨਾਲ ਹੀ ਦੱਸਦਾ ਹੈ ਕਿ ਸਕੂਟਰ ਮੋਡੀਫਾਈਡ ਕਰਵਾਉਣ ਦਾ ਸਿਲਸਿਲਾ ਇਸ ਗੀਤ ਕਰ ਕੇ ਵਾਹਵਾ ਹੀ ਜ਼ੋਰ ਫੜ ਗਿਆ ਹੈ। ਪਹਿਲਾਂ ਕੋਈ-ਕੋਈ ਪੁਰਾਣੇ ਸਕੂਟਰ ਨੂੰ ਸ਼ਿੰਗਾਰ ਕੇ ਸੜਕ 'ਤੇ ਲਿਆਉਂਦਾ ਸੀ। ਇਹ ਸਿਲਸਿਲਾ ਵੀ 5-6 ਸਾਲ ਤੋਂ ਲਗਾਤਾਰ ਚੱਲ ਰਿਹਾ ਸੀ। ਇਸੇ ਸਿਲਸਿਲੇ ਦੇ ਆਧਾਰ ਉਤੇ ਤਾਂ ਇਹ ਗੀਤ ਬਣਿਆ ਸੀ। ਗੀਤ ਹਿੱਟ ਹੋ ਗਿਆ ਅਤੇ ਨਾਲ ਹੀ ਪੁਰਾਣਾ ਸਕੂਟਰ ਵੀ।

ਮੇਰੇ ਚੇਤੇ ਦੀ ਸੂਈ ਢਾਈ-ਤਿੰਨ ਦਹਾਕੇ ਪਹਿਲਾਂ ਦੇ ਸਮੇਂ ਵੱਲ ਘੁੰਮ ਜਾਂਦੀ ਹੈ। ਉਦੋਂ ਟੈਲੀਵਿਜ਼ਨ ਉਤੇ ਹੀਰੋ ਹਾਂਡਾ ਮੋਟਰਸਾਈਕਲ ਦੀ ਮਸ਼ਹੂਰੀ ਬਹੁਤ ਜ਼ਿਆਦਾ ਆਉਂਦੀ ਹੁੰਦੀ ਸੀ। ਪੰਜਾਬ ਵਿਚ ਕਿਸੇ-ਕਿਸੇ ਨੇ ਇਹ ਮੋਟਰਸਾਈਕਲ ਖਰੀਦਣਾ ਵੀ ਸ਼ੁਰੂ ਕਰ ਦਿੱਤਾ ਸੀ ਪਰ ਸਰਦਾਰੀ ਬਜਾਜ ਵਾਲਿਆਂ ਦੇ ਚੇਤਕ ਸਕੂਟਰ ਦੀ ਹੀ ਸੀ। ਵਿਚ-ਵਿਚਾਲੇ ਨਰਮਦਾ ਅਤੇ ਫਿਰ ਵੈਸਪਾ ਸਕੂਟਰ ਵੀ ਦਰਸ਼ਨ ਦੇ ਗਿਆ ਸੀ ਪਰ ਪੰਜਾਬ ਵਿਚ ਚੇਤਕ ਦੀ ਮਾਰਕੀਟ ਨੂੰ ਕੋਈ ਫਰਕ ਨਹੀਂ ਸੀ ਪਿਆ, ਸਗੋਂ ਨਵਾਂ-ਨਵਾਂ ਅਮੀਰ ਹੋ ਰਿਹਾ ਮੱਧ ਵਰਗ, ਚੇਤਕਾਂ ਉਤੇ ਧੜਾ-ਧੜ ਸਵਾਰ ਹੋ ਰਿਹਾ ਸੀ। ਉਦੋਂ ਹੀ ਤਾਂ ਬਜਾਜ ਵਾਲਿਆਂ ਨੇ ਇਕ ਮਸ਼ਹੂਰੀ ਕੱਢੀ ਸੀ ਜੋ ਬਹੁਤ ਮਸ਼ਹੂਰ ਵੀ ਹੋ ਗਈ ਸੀ। ਮਸ਼ਹੂਰੀ ਸੀ- 'ਯੂ ਜਸਟ ਕੈਨ ਨੌਟ ਬੀਟ ਏ ਬਜਾਜ', ਮਤਲਬ ਤੁਸੀਂ ਬਜਾਜ (ਸਕੂਟਰ) ਨੂੰ ਪਛਾੜ ਨਹੀਂ ਸਕਦੇ!

### ਸਕੂਟਰ ਦੀ ਸਰਦਾਰੀ?



*ਸਕੂਟਰਾਂ ਦਾ ਨਿਰਮਾਣ ਬੰਦ ਹੋਣ ਕਰ ਕੇ ਸਕੂਟਰ ਬੀਤੇ ਦੀ ਬਾਤ ਬਣ ਚੱਲੇ ਸਨ, ਪਰ ਮੁੰਡਿਆਂ ਦੇ ਸ਼ੌਂਕ ਨੇ ਇਨ੍ਹਾਂ ਸਕੂਟਰਾਂ ਨੂੰ ਫਿਰ ਸੜਕਾਂ ਉਤੇ ਲੈ ਆਂਦਾ ਹੈ। ਇਨ੍ਹਾਂ ਸਕੂਟਰਾਂ ਦੀ ਕੀਮਤ 10 ਤੋਂ ਲੈ ਕੇ 35 ਹਜ਼ਾਰ ਤੱਕ ਜਾ ਪੁੱਜੀ ਹੈ। ਕਹਿੰਦੇ ਹੀ ਹਨ ਕਿ ਸ਼ੌਂਕ ਦਾ ਕੋਈ ਮੁੱਲ ਨਹੀਂ।*

ਇਹ ਮਸ਼ਹੂਰੀ ਸੋਲਾਂ ਆਨੇ ਸੱਚ ਵੀ ਸੀ। ਹਰਿਆਣਾ ਤੇ ਹੋਰ ਸੂਬਿਆਂ ਵਿਚ ਜਦੋਂ ਹੀਰੋ ਹਾਂਡਿਆਂ ਦਾ ਹੜ੍ਹ ਜਿਹਾ ਆਇਆ ਹੋਇਆ ਸੀ ਤਾਂ ਵੀ ਪੰਜਾਬ ਵਿਚ ਬਜਾਜ ਚੇਤਕ ਸਕੂਟਰ ਹੀ ਵਿਕ ਰਹੇ ਸਨ। ਇਸ ਗੱਲ ਦਾ ਅਹਿਸਾਸ ਉਦੋਂ ਹੋਇਆ ਸੀ ਜਦੋਂ ਹਰਿਆਣਾ ਦੇ ਇਕ ਪਿੰਡ ਵਿਚੋਂ ਮੇਰੇ ਕਿਸੇ ਜਾਣੂੰ ਦਾ ਮੁੰਡਾ ਜਲੰਧਰ ਮੇਰੇ ਕੋਲ ਇਮਤਿਹਾਨ ਦੇਣ ਆਇਆ ਸੀ। ਉਹ ਸੜਕਾਂ ਉਤੇ ਭੱਜੇ ਫਿਰਦੇ ਸਕੂਟਰ ਦੇਖ ਕੇ ਹੀ ਹੈਰਾਨ ਹੋਈ ਜਾਂਦਾ ਸੀ। ਉਸ ਨੂੰ ਹੀਰੋ ਹਾਂਡਾ ਮੋਟਰਸਾਈਕਲ ਗਿਣਵੇਂ-ਚੁਣਵੇਂ ਹੀ ਦਿਸੇ ਸਨ। ਉਹ ਹੈਰਾਨ ਸੀ ਕਿ ਜਿਸ ਮੋਟਰਸਾਈਕਲ ਲਈ ਹਰਿਆਣਾ ਦੇ ਮੁੰਡੇ ਪਾਗਲ ਹੋਏ ਫਿਰਦੇ ਹਨ, ਉਸ ਦੀ ਪੰਜਾਬ ਵਿਚ ਕੋਈ ਬਹੁਤੀ ਪੁੱਛ-ਪ੍ਰਤੀਤ ਹੀ ਨਹੀਂ ਹੈ।

ਉਦੋਂ ਮੈਨੂੰ ਕੋਈ ਬਹੁਤੀ ਹੈਰਾਨੀ ਨਹੀਂ ਸੀ ਹੋਈ ਪਰ ਮੇਰੇ ਦੇਖਦਿਆਂ-ਦੇਖਦਿਆਂ ਪੰਜਾਬ ਵਿਚ ਵੀ ਹੀਰੋ ਹਾਂਡਿਆਂ ਦਾ ਹੜ੍ਹ ਆਉਣ ਲੱਗ ਪਿਆ ਸੀ। ਪੰਜਾਬ ਦੇ ਨਵੇਂ ਉਠ ਰਹੇ ਮੁੰਡੇ ਵੀ ਇਹ ਮੋਟਰਸਾਈਕਲ ਮੰਗਣ ਲੱਗ ਪਏ ਸਨ। ਉਦੋਂ ਦੇ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਨੇ ਉਨ੍ਹਾਂ ਲਈ ਖੁੱਲ੍ਹੀ ਮਾਰਕੀਟ ਦੇ ਦਰ-ਦਰਵਾਜ਼ੇ ਖੋਲ੍ਹ ਕੇ ਉਨ੍ਹਾਂ ਨੂੰ ਇਸ ਪਾਸੇ ਤੋਰ ਦਿੱਤਾ ਸੀ। ਹੌਲੀ-ਹੌਲੀ ਇਹ ਮੋਟਰਸਾਈਕਲ ਬਜਾਜ ਸਕੂਟਰਾਂ ਉਤੇ ਭਾਰੀ ਪੈ ਗਏ। ਬਾਅਦ ਵਿਚ ਤਾਂ ਬਜਾਜ ਕੰਪਨੀ ਨੂੰ ਇਨ੍ਹਾਂ ਸਕੂਟਰਾਂ ਦਾ ਨਿਰਮਾਣ ਵੀ ਰੋਕ ਦੇਣਾ ਪਿਆ। ਹੁਣ ਇਨ੍ਹਾਂ ਬੰਦ ਹੋਏ ਸਕੂਟਰਾਂ ਦੀ ਨਵੇਂ ਸਿਰਿਉਂ ਉਠੀ ਮੰਗ ਨਾਲ ਮੈਂ ਹੈਰਾਨ ਹਾਂ ਅਤੇ ਨਾਲੋ-ਨਾਲ ਬੜਾ ਕੁਝ ਸੋਚੀ ਵੀ ਜਾਂਦਾ ਹਾਂ। ਬੜੀ ਵਾਰ ਸੁਣਿਆ ਹੈ ਕਿ ਫੈਸ਼ਨ, ਇਸ ਦੁਨੀਆਂ ਵਿਚ ਕਿਤੇ ਵੀ ਨਵਾਂ ਨਹੀਂ ਆ ਰਿਹਾ ਹੁੰਦਾ, ਬੱਸ ਪੁਰਾਣੇ ਫੈਸ਼ਨ ਵਿਚ ਮਾੜੀ-ਮੋਟੀ ਤਬਦੀਲੀ ਹੋ ਕੇ ਇਹ ਨਵੇਂ ਰੂਪ ਵਿਚ ਪ੍ਰਗਟ ਹੋ ਜਾਦਾ ਹੈ। ਸਕੂਟਰਾਂ ਦੇ ਮਾਮਲੇ ਵਿਚ ਅਜਿਹਾ ਹੀ ਤਾਂ ਵਾਪਰਿਆ ਹੈ। ਹੁਣ ਜਿੱਥੇ ਕਿਤੇ ਇਹ ਮੋਡੀਫਾਈਡ ਕਰ ਕੇ ਤਿਤਲੀਆਂ ਬਣਾਏ ਸਕੂਟਰ ਦੇਖਦਾ ਹਾਂ ਤਾਂ ਬੱਸ ਦੇਖਦਾ ਹੀ ਰਹਿ ਜਾਂਦਾ ਹਾਂ।



### ਮੋਡੀਫਾਈਡ ਕਰ-ਕਰ ਕੇ ਤਿਤਲੀਆਂ ਬਣਾਏ ਸਕੂਟਰ





# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਨਵੰਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-140




*ਦੋ ਭਾਈ ਅਤੇ ਦੋ ਗਵਾਂਢੀ, ਦੋ ਮਾਸੀ ਦੇ ਪੁੱਤ,*
*ਸਕੂਲੇ ਤਾਂ ਨਹੀਂ ਜਾਣਾ, ਪੂਰੀ ਹੈ ਗਰਮੀ ਦੀ ਰੁੱਤ।*
*ਠੇਲਾ ਲਿਆ ਬਣਾ ਸਾਈਕਲ ਦਾ, ਮੌਜ-ਮਸਤੀਆਂ ਕਰੀਏ।*
*ਪਰ ਊਂ ਬਾਪੂ ਦੀ ਜੁੱਤੀ ਕੋਲੋਂ ਅੰਦਰੋ ਅੰਦਰੀ ਡਰੀਏ।*

## ਕੈਪਸ਼ਨ ਮੁਕਾਬਲਾ-138



ਦਾਦਾ ਪੋਤਾ ਗਏ ਗੁਰਦੁਆਰੇ
ਵਿਚ ਵਿਦੇਸ਼ਾਂ ਆ ਕੇ।
ਸੰਗਤ ਦੇ ਵਿਚ ਦੇਗ ਵਰਤਦੀ
ਲੈ ਲਈ ਸਿਰ ਨਿਵਾ ਕੇ।
ਚਿੱਤ ਦਾਦੇ ਦਾ ਮਿੱਠਾ ਹੋ ਗਿਆ
ਪੋਤੇ ਤਾਈਂ ਛਕਾ ਕੇ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਬਾਬੇ-ਪੋਤੇ ਦਾ ਦੇਖੋ ਪਿਆਰ
ਗੋਦ 'ਚ ਲੈ ਕੇ ਲਾਡ ਲਡਾਵੇ।
ਸੁਨਹਿਰੇ ਭਵਿੱਖ ਦੇ ਬੁਣਦਾ ਸੁਪਨੇ
ਪੋਤੇ ਨੂੰ ਪ੍ਰਸ਼ਾਦ ਛਕਾਵੇ।
ਉਚੀ ਸੋਚ ਦਾ ਬਣੇ ਇਹ ਧਾਰਨੀ
ਖਾਨਦਾਨ ਦਾ ਨਾਂ ਚਮਕਾਵੇ।

***-ਗੁਰਦੇਵ ਸਿੰਘ ਵਿਰਦੀ***
***ਓਂਟਾਰੀਓ, ਕੈਨੇਡਾ।***

---

ਸਿਰ ਪੋਤੇ ਦੇ ਬੰਨ੍ਹ ਕੇ ਪਟਕਾ
ਲੈ ਬਾਬਾ ਗੁਰੂ ਘਰ ਵੱਲ ਜਾਵੇ।
ਦੇਵੇ ਗੁੜ੍ਹਤੀ ਗੁਰਸਿੱਖ ਵਾਲੀ
ਬੈਠਾ ਉਸ ਨੂੰ ਪ੍ਰਸ਼ਾਦ ਛਕਾਵੇ।
ਗੁਰੂ ਅੰਗ-ਸੰਗ ਰਹੇ ਇਸ ਦੇ
ਸਦਾ ਹੀ ਮਨ ਵਿਚ ਇਹ ਚਾਹਵੇ।
ਕਰੇ ਅਰਦਾਸ ਸੱਚੇ ਰੱਬ ਅੱਗੇ
ਦੇਸ਼ ਕੌਮ ਦਾ ਸੇਵਕ ਕਹਾਵੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਮੂਲ ਨਾਲੋਂ ਵਿਆਜ ਪਿਆਰਾ
ਇਹ ਸਮਾਜ ਦਾ ਸੱਚ।
ਤਾਈਂਓ ਦਾਦਾ ਪੋਤੇ ਤਾਈਂ
ਲੈ ਗੋਦੀ ਖਿਡਾਵੇ ਰੱਜ ਰੱਜ।
ਗੁਰਦੁਆਰੇ ਲਿਜਾ ਜੇ ਪੋਤੇ ਨੂੰ
ਹੱਥੀਂ ਪ੍ਰਸ਼ਾਦ ਛਕਾਇਆ।
ਖੁਸ਼ੀ ਵਿਚ ਖੀਵਾ ਹੋਇਆ ਬਾਬਾ
'ਇਹ ਮੇਰੇ ਪੁੱਤ ਦਾ ਜਾਇਆ।'

***-ਗੁਰਦਾਸ ਸਿੰਘ ਨਿਰਮਾਣ***
***ਬਫਲੋ, ਨਿਊ ਯਾਰਕ।***

---

ਗੁਰੂ ਘਰ ਦਾ ਪ੍ਰਸ਼ਾਦ ਬਾਬਾ
ਪੋਤੇ ਦੇ ਮੂੰਹ ਵਿਚ ਪਾਵੇ।
ਤਾਂ ਜੋ ਗੁੜ੍ਹਤੀ ਸਿੱਖੀ ਸਰੂਪ ਦੀ
ਪੋਤੇ ਵਿਚ ਵੀ ਆਵੇ।
ਜੁੜ੍ਹਿਆ ਰਹੇ ਨਾਲ ਸਿੱਖੀ ਦੇ
ਗਲਤ ਰਸਤੇ 'ਤੇ ਨਾ ਜਾਵੇ।
ਪੋਤਾ ਨਾਲ ਪਿਆਰ ਦੇ, ਦਾਦੇ ਤੋਂ
ਬੜੇ ਚਾਅ ਨਾਲ ਪ੍ਰਸ਼ਾਦ ਖਾਵੇ।
ਦਾਦੇ-ਪੋਤੇ ਦਾ ਪਿਆਰ
ਰਿਸ਼ਤਾ ਹੁੰਦਾ ਜੱਗ ਤੋਂ ਨਿਆਰਾ।
ਤਾਂ ਹੀ ਤਾਂ ਸੱਚ ਸਿਆਣੇ ਕਹਿੰਦੇ
ਮੂਲ ਨਾਲੋਂ ਵੱਧ ਵਿਆਜ ਪਿਆਰਾ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8413***

# ਪੋਲੀਓ ਦੇ ਖਾਤਮੇ ਦੇ ਰਾਹ 'ਚ ਰੋੜਾ ਬਣਿਆ ਪਾਕਿਸਤਾਨ

**ਇਸਲਾਮਾਬਾਦ:** ਆਲਮੀ ਪੱਧਰ 'ਤੇ ਪੋਲੀਓ ਦੇ ਕੁੱਲ ਕੇਸਾਂ ਵਿਚੋਂ ਤਕਰੀਬਨ 80 ਫੀਸਦੀ ਪਾਕਿਸਤਾਨ ਵਿਚ ਹਨ ਤੇ ਇਸ ਘਾਤਕ ਬਿਮਾਰੀ ਦੇ ਖ਼ਾਤਮੇ ਲਈ ਇਹ ਮੁਲਕ ਸਭ ਤੋਂ ਵੱਡਾ ਇਕੋ-ਇਕ ਅੜਿੱਕਾ ਹੈ ਕਿਉਂਕਿ ਇਥੇ ਅਤਿਵਾਦੀਆਂ ਨੇ ਇਸ ਦੀ ਵੈਕਸੀਨ ਦਿੱਤੇ ਜਾਣ 'ਤੇ ਪਾਬੰਦੀ ਲਾਈ ਹੋਈ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਨੇ ਆਪਣੀ ਪ੍ਰਗਤੀ ਰਿਪੋਰਟ ਵਿਚ ਪੋਲੀਓ ਦੇ ਉਭਾਰ ਤੇ ਇਸ ਨੂੰ ਰੋਕਣ ਵਿਚ ਅਸਫ਼ਲ ਰਹਿਣ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ।



ਇਸ ਸਾਲ ਇਸ ਮੁਲਕ ਵਿਚ ਪੋਲੀਓ ਦੇ 206 ਨਵੇਂ ਕੇਸਾਂ ਦਾ ਖੁਲਾਸਾ ਹੋਇਆ ਹੈ ਜਦਕਿ ਇਸ ਤੋਂ ਪਹਿਲਾਂ ਇਥੇ ਸਭ ਤੋਂ ਵੱਧ 199 ਮਰੀਜ਼ 1999 ਵਿਚ ਪਾਏ ਗਏ ਸਨ। ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚੋਂ ਪੋਲੀਓ ਦੇ ਮੁਕੰਮਲ ਖਾਤਮੇ ਦਾ ਟੀਚਾ ਹਾਸਲ ਕਰਨ ਲਈ ਪਾਕਿਸਤਾਨ ਇਕੋ ਇਕ ਸਭ ਤੋਂ ਵੱਡਾ ਖ਼ਤਰਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਮੁੱਢਲੇ ਤੌਰ 'ਤੇ ਬੱਚਿਆਂ ਤੱਕ ਵੈਕਸੀਨੇਸ਼ਨ ਪੁੱਜਣ ਨਹੀਂ ਦਿੱਤੀ ਜਾ ਰਹੀ ਕਿਉਂਕਿ ਉੱਤਰੀ ਤੇ ਦੱਖਣੀ ਵਜ਼ੀਰਿਸਤਾਨ ਵਿਚ ਅਤਿਵਾਦ ਨੇ ਇਸ 'ਤੇ ਪਾਬੰਦੀ ਲਾਈ ਹੋਈ ਹੈ ਤੇ ਫੀਲਡ ਵਿਚ ਜਾਣ ਵਾਲੇ ਪੋਲੀਓ ਵਰਕਰਾਂ ਦੀਆਂ ਹੱਤਿਆਵਾਂ ਕੀਤੀਆਂ ਜਾਂਦੀਆਂ ਹਨ।

ਇਸ ਮੁਹਿੰਮ ਨੂੰ ਸਰ ਕਰਨ ਲਈ ਇਹ ਅੜਿੱਕੇ ਖਤਮ ਕੀਤੇ ਜਾਣੇ ਜ਼ਰੂਰੀ ਹਨ। ਪਾਕਿਸਤਾਨ ਵਿਚ ਪੋਲੀਓ ਰੋਕੂ ਯਤਨਾਂ ਦਾ ਸਭ ਤੋਂ ਵੱਧ ਵਿਰੋਧ ਕੀਤਾ ਜਾ ਰਿਹਾ ਹੈ। ਤਾਲਿਬਾਨ ਅਤਿਵਾਦੀ, ਇਸ ਵੈਕਸੀਨ ਨੂੰ ਮੁਸਲਮਾਨਾਂ ਨੂੰ ਖੱਸੀ ਕਰਨ ਦੀ ਸਾਜ਼ਿਸ਼ ਸਮਝਦੇ ਹਨ ਤੇ ਉਹ ਲਗਾਤਾਰ ਪੋਲੀਓ ਵਰਕਰਾਂ 'ਤੇ ਹਮਲੇ ਕਰਦੇ ਰਹਿੰਦੇ ਹਨ।

ਬੱਚਿਆਂ ਨੂੰ ਵੈਕਸੀਨ ਦੇਣ ਵਾਲੇ ਵਰਕਰਾਂ ਨੂੰ ਕਈ ਵਾਰ ਪਾਕਿਸਤਾਨ ਪੁਲਿਸ ਐਸਕਾਰਟ ਕਰਕੇ ਲਿਜਾਂਦੀ ਹੈ। ਅਤਿਵਾਦ ਪੀੜਤ ਖ਼ੈਬਰ ਪਖ਼ਤੂਨਖ਼ਵਾ ਸੂਬੇ ਦੇ ਸ਼ਹਿਰ ਪਿਸ਼ਾਵਰ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ 16000 ਤੋਂ ਵੱਧ ਬੱਚੇ ਪੋਲੀਓ ਬੂੰਦਾਂ ਲੈ ਸਕਣੋਂ ਰਹਿ ਗਏ ਹਨ ਕਿਉਂਕਿ ਉਨ੍ਹਾਂ ਦੇ ਮਾਪਿਆਂ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਮਈ ਵਿਚ ਵਿਸ਼ਵ ਸਿਹਤ ਸੰਗਠਨ ਨੇ ਪਾਕਿਸਤਾਨ ਤੋਂ ਹੋਰ ਮੁਲਕਾਂ ਵਿਚ ਜਾਣ ਵਾਲੇ ਲੋਕਾਂ 'ਤੇ ਯਾਤਰਾ ਪਾਬੰਦੀਆਂ ਲਾਈਆਂ ਸਨ। ਪੋਲੀਓ ਮੁਕਤ ਦੇਸ਼ ਭਾਰਤ ਨੇ ਅਜਿਹੀ ਕਾਰਵਾਈ ਪਹਿਲਾਂ ਹੀ ਪਾ ਦਿੱਤੀ ਸੀ।

## ਸੱਦਾਮ ਨੇ ਰਚੀ ਸੀ ਇਸਰਾਇਲੀ ਆਗੂ ਨੂੰ ਅਗਵਾ ਕਰਨ ਦੀ ਸਾਜ਼ਿਸ਼

**ਯੋਰੋਸ਼ਲਮ:** ਇਰਾਕ ਦੇ ਸਾਬਕਾ ਰਾਸ਼ਟਰਪਤੀ ਸੱਦਾਮ ਹੁਸੈਨ ਨੇ 1981 ਵਿਚ ਇਸਰਾਈਲ ਦੇ ਪ੍ਰਧਾਨ ਮੰਤਰੀ ਮੇਨਾਚੇਮ ਬੇਗਿਨ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ ਸੀ। ਅਸਲ ਵਿਚ ਇਸਰਾਈਲ ਨੇ 1981 ਵਿਚ ਹਵਾਈ ਹਮਲਾ ਕਰਕੇ ਇਰਾਕ ਦਾ ਪਰਮਾਣੂ ਰਿਐਕਟਰ ਤਬਾਹ ਕਰ ਦਿੱਤਾ ਸੀ ਤੇ ਸੱਦਾਮ ਇਸ ਬੇਇੱਜ਼ਤੀ ਦਾ ਬਦਲਾ ਲੈਣਾ ਚਾਹੁੰਦਾ ਸੀ।



ਇਹ ਜਾਣਕਾਰੀ ਸਦਾਮ ਹੁਸੈਨ ਦੇ ਅਟਾਰਨੀ ਬਡਾਈ ਅਰੇਫ ਅਲ ਨੇ ਹਵਾਲੇ ਨਾਲ ਅਲ-ਕਦਸ ਅਲ-ਅਰਬੀ ਅਖ਼ਬਾਰ ਵਿਚ ਪ੍ਰਕਾਸ਼ਿਤ ਹੋਈ ਹੈ। ਬਡਾਈ ਨੇ ਆਪਣੀਆਂ ਯਾਦਾਂ ਬਾਰੇ ਲਿਖੀ ਕਿਤਾਬ ਵਿਚ ਜ਼ਿਕਰ ਕੀਤਾ ਕਿ ਉਸ ਨੇ ਇਸਰਾਈਲ ਪ੍ਰਧਾਨ ਮੰਤਰੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਬਾਰੇ ਇਰਾਕ ਦੇ ਉੱਚ ਖੁਫੀਆ ਅਧਿਕਾਰੀਆਂ ਤੋਂ ਸੁਣਿਆ ਸੀ। ਇਰਾਕੀ ਖੁਫੀਆ ਏਜੰਸੀਆਂ ਦਾ ਦਾਅਵਾ ਸੀ ਕਿ ਇਸ ਚੁਣੌਤੀ ਨੂੰ ਸਵੀਕਾਰ ਕਰਨ ਲਈ ਫਲਸਤੀਨ ਵਿਚ ਸਰਗਰਮ ਬਾਗੀ ਤਿਆਰ ਹਨ ਤੇ ਸੱਦਾਮ ਉਸ ਨੂੰ ਅਗਵਾ ਕਰਵਾ ਕੇ ਬਗ਼ਦਾਦ ਲਿਆਉਣਾ ਚਾਹੁੰਦਾ ਸੀ। ਜ਼ਿਕਰਯੋਗ ਹੈ ਕਿ ਸੱਤ ਜੂਨ, 1981 ਨੂੰ ਇਸਰਾਇਲੀ ਜੰਗੀ ਜਹਾਜ਼ਾਂ ਨੇ 960 ਕਿਲੋਮੀਟਰ ਲੰਬੀ ਉਡਾਣ ਭਰ ਕੇ ਓਸੀਰਾਕ ਵਿਖੇ ਇਰਾਕ ਦਾ ਪਰਮਾਣੂ ਟਿਕਾਣਾ ਬੰਬਾਰੀ ਕਰ ਕੇ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ।

## ਕੁਵੈਤ ਵਿਚ ਤਿੰਨ ਮਹੀਨਿਆਂ ਦੌਰਾਨ 158 ਭਾਰਤੀਆਂ ਦੀ ਮੌਤ

**ਦੁਬਈ:** ਕੁਵੈਤ ਵਿਚ ਪਿਛਲੇ ਤਿੰਨ ਮਹੀਨਿਆਂ ਦੌਰਾਨ 158 ਭਾਰਤੀਆਂ ਦੀ ਮੌਤ ਹੋਈ ਹੈ। ਕੁਵੈਤ ਵਿਚਲੇ ਭਾਰਤੀ ਸਫਾਰਤਖਾਨੇ ਨੇ ਇਹ ਅੰਕੜੇ ਜਾਰੀ ਕੀਤੇ ਹਨ। ਇਹ ਸਮਾਂ ਜੁਲਾਈ ਤੋਂ ਸਤੰਬਰ ਤੱਕ ਦਾ ਹੈ।

ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ 158 ਭਾਰਤੀਆਂ ਵਿਚ 125 ਦੀਆਂ ਦੇਹਾਂ ਹਵਾਈ ਜਹਾਜ਼ਾਂ ਰਾਹੀਂ ਭਾਰਤ ਲਿਆਂਦੀਆਂ ਗਈਆਂ ਤੇ ਬਾਕੀ ਦੇ 33 ਨੂੰ ਉਨ੍ਹਾਂ ਦੇ ਪਰਿਵਾਰਾਂ ਦੀ ਇੱਛਾ ਮੁਤਾਬਕ ਕੁਵੈਤ ਵਿਚ ਹੀ ਦਫ਼ਨਾ ਜਾਂ ਸਸਕਾਰ ਕਰ ਦਿੱਤਾ ਗਿਆ। 104 ਭਾਰਤੀਆਂ ਦੀਆਂ ਦੇਹਾਂ ਤਾਂ ਮੌਤ ਤੋਂ 1 ਤੋਂ 5 ਦਿਨਾਂ ਵਿਚਾਲੇ ਹੀ ਭਾਰਤ ਲਿਆਂਦੀਆਂ ਗਈਆਂ ਸਨ ਤੇ 21 ਭਾਰਤੀਆਂ ਦੀਆਂ ਲਾਸ਼ਾਂ ਦੇਸ਼ ਲਿਜਾਣ ਲਈ 6 ਤੋਂ 25 ਦਿਨ ਦਾ ਲੰਮਾ ਸਮਾਂ ਲੱਗਿਆ। 21 ਲਾਸ਼ਾਂ ਦੇ ਦੇਰ ਨਾਲ ਭਾਰਤ ਪੁੱਜਣ ਦਾ ਕਾਰਨ ਖੁਦਕੁਸ਼ੀ, ਕਤਲ ਜਾਂ ਟਰੈਫਿਕ ਕਾਰਨ ਹੋਏ ਹਾਦਸਿਆਂ ਵਿਚਲੀਆਂ ਮੌਤਾਂ ਲਈ ਲੋੜੀਂਦੀ ਪੁਲਿਸ ਜਾਂਚ ਵਿਚ ਲੱਗਿਆ ਸਮਾਂ ਮੰਨਿਆ ਜਾਂਦਾ ਹੈ। ਕਈ ਮਾਮਲਿਆਂ ਵਿਚ ਸਥਾਨਕ ਸਪਾਂਸਰਾਂ ਨੂੰ ਕਾਗਜ਼ੀ ਕਾਰਵਾਈ ਪੂਰੀ ਕਰਨ ਨੂੰ ਸਮਾਂ ਲੱਗਦਾ ਰਿਹਾ ਤੇ ਕਈ ਵਾਰ ਜਹਾਜ਼ ਵਿਚ ਥਾਂ ਨਾ ਮਿਲਣ ਜਾਂ ਵਿਚ ਛੁੱਟੀਆਂ ਆ ਜਾਣ ਕਾਰਨ ਵੀ ਦੇਰੀ ਹੁੰਦੀ ਰਹੀ।

ਸਫ਼ਾਰਤਖਾਨੇ ਵੱਲੋਂ ਜਾਰੀ ਬਿਆਨ ਅਨੁਸਾਰ ਉਨ੍ਹਾਂ ਦਾ ਇਹ ਯਤਨ ਹੁੰਦਾ ਹੈ ਕਿ ਕੁਵੈਤ ਵਿਚ ਮਰਨ ਵਾਲੇ ਭਾਰਤੀਆਂ ਦੀਆਂ ਦੇਹਾਂ ਛੇਤੀ ਤੋਂ ਛੇਤੀ ਭਾਰਤ ਪੁੱਜਦੀਆਂ ਕੀਤੀਆਂ ਜਾਣ ਕਿਉਂਕਿ ਕੁਵੈਤ ਵਿਚ ਲਾਸ਼ਾਂ ਅਗਨ ਭੇਟ ਕਰਨ ਦੀ ਇਜਾਜ਼ਤ ਨਹੀਂ ਹੈ, ਸੋ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਹਵਾਈ ਸਫ਼ਰ ਰਾਹੀਂ ਭਾਰਤ ਭੇਜਣ ਦੀ ਕੋਸ਼ਿਸ਼ ਹੁੰਦੀ ਹੈ।

## ਦੁਨੀਆਂ ਵਿਚ ਮਹਾਂਮਾਰੀ ਵਾਂਗ ਵਧ ਰਹੀ ਹੈ ਆਰਥਿਕ ਨਾਬਰਾਬਰੀ

**ਸੰਯੁਕਤ ਰਾਸ਼ਟਰ:** ਦੁਨੀਆਂ ਵਿਚ ਇਕ ਅਰਬ ਵੀਹ ਲੱਖ ਲੋਕ ਅਜਿਹੇ ਹਨ ਜਿਨ੍ਹਾਂ ਦੀ ਰੋਜ਼ਾਨਾ ਆਮਦਨ ਸਵਾ ਡਾਲਰ ਤੋਂ ਵੀ ਘੱਟ ਹੈ ਤੇ ਦੋ ਅਰਬ 40 ਲੱਖ ਲੋਕ ਅਜਿਹੇ ਹਨ ਜਿਨ੍ਹਾਂ ਦੀ ਆਮਦਨ ਰੋਜ਼ਾਨਾ ਦੋ ਡਾਲਰ ਤੋਂ ਵੀ ਘੱਟ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਗਰੀਬੀ ਨੂੰ ਖਤਮ ਕਰਨ ਬਾਰੇ ਅੰਤਰਰਾਸ਼ਟਰੀ ਦਿਹਾੜੇ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਸੱਤ ਕਰੋੜ ਲੋਕ 1990 ਤੋਂ 2010 ਤੱਕ ਗਰੀਬੀ ਰੇਖਾ ਤੋਂ ਉਪਰ ਚਲੇ ਗਏ ਹਨ। ਉਹ ਗਰੀਬੀ ਹਟਾਉਣ ਵਿਚ ਸੰਯੁਕਤ ਰਾਸ਼ਟਰ ਵੱਲੋਂ ਇਤਿਹਾਸਕ ਭੂਮਿਕਾ ਨਿਭਾਉਣ ਲਈ ਦ੍ਰਿੜ੍ਹ ਸੰਕਲਪ ਹਨ।

ਉਨ੍ਹਾਂ ਕਿਹਾ ਕਿ 2008 ਵਿਚ ਜਦੋਂ ਤੋਂ ਵਿੱਤੀ ਸੰਕਟ ਸ਼ੁਰੂ ਹੋਇਆ ਹੈ ਤਾਂ ਨਾਬਰਾਬਰੀ ਹੋਰ ਵਧੀ ਹੈ ਤੇ ਔਰਤਾਂ ਤੇ ਲੜਕੀਆਂ ਨਾਲ ਵਿਤਕਰੇਬਾਜ਼ੀ ਵਿਚ ਵਾਧਾ ਹੋਇਆ ਹੈ। ਉਨ੍ਹਾਂ ਚਿਤਾਵਨੀ ਭਰੇ ਲਹਿਜੇ ਵਿਚ ਕਿਹਾ ਕਿ ਵਧ ਰਹੀ ਗਰੀਬੀ, ਆਰਥਿਕ ਨਾਬਰਾਬਰੀ ਤੇ ਬੇਇਨਸਾਫ਼ੀ ਸਮਾਜਿਕ ਤੰਦਾਂ ਨੂੰ ਹੋਰ ਉਲਝਾਉਂਦੀ ਹੈ। ਇਸ ਕਾਰਨ ਅਸਥਿਰਤਾ ਵੀ ਵਧਦੀ ਹੈ।

ਉਨ੍ਹਾਂ ਪੱਛਮੀ ਅਫਰੀਕਾ ਵਿਚ ਇਬੋਲਾ ਸੰਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਰੋਗ ਨਾ ਸਿਰਫ਼ ਸਿਹਤ ਲਈ ਮਾਰੂ ਸਾਬਤ ਹੋ ਰਿਹਾ ਹੈ ਸਗੋਂ ਇਸ ਤੋਂ ਵਧੇਰੇ ਪ੍ਰਭਾਵਿਤ ਤਿੰਨ ਦੇਸ਼ਾਂ ਲਾਇਬੇਰੀਆ, ਸਿਆਰਾ ਲਿਓਨ ਤੇ ਗੁਨੀਆ ਵਿਚ ਹੋਰ ਗਰੀਬੀ ਵਧਣ ਦਾ ਵੀ ਡਰ ਬਣਿਆ ਹੋਇਆ ਹੈ। ਇਸ ਦੌਰਾਨ ਹੀ ਸੰਯੁਕਤ ਰਾਸ਼ਟਰ ਵੱਲੋਂ ਨਿਰੰਤਰ ਵਿਕਾਸ ਲਈ ਵਿੱਤੀ ਵਿਵਸਥਾ ਬਾਰੇ ਜਾਰੀ ਰਿਪੋਰਟ ਅਨੁਸਾਰ ਸਵਾ ਡਾਲਰ ਰੋਜ਼ਾਨਾ ਕਮਾਈ ਵਾਲੇ ਲੋਕਾਂ ਦੀ ਕਮਾਈ ਵਧਾਉਣ ਲਈ ਹਰ ਸਾਲ 66 ਕਰੋੜ ਡਾਲਰ ਦੀ ਸਾਲਾਨਾ ਜ਼ਰੂਰਤ ਹੈ।

## ਸੰਘ ਨੇ ਮੋਦੀ ਨੂੰ ਚੇਤੇ ਕਰਵਾਇਆ ਰਾਮ ਮੰਦਰ ਦਾ ਵਾਅਦਾ

**ਲਖਨਊ:** ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਨੇ ਅਯੁੱਧਿਆ ਵਿਚ ਰਾਮ ਮੰਦਰ ਉਸਾਰੀ ਦਾ ਰਾਗ ਇਕ ਵਾਰ ਫਿਰ ਛੇੜਦਿਆਂ ਕਿਹਾ ਹੈ ਕਿ ਇਹ ਮੁੱਦਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਚੋਣ ਮਨੋਰਥ ਪੱਤਰ ਵਿਚ ਰਿਹਾ ਹੈ ਤੇ ਕੇਂਦਰ ਸਰਕਾਰ ਕੋਲ ਇਸ ਲਈ 2019 ਤੱਕ ਦਾ ਸਮਾਂ ਹੈ।

ਸੰਘ ਦੇ ਸੰਯੁਕਤ ਜਨਰਲ ਸਕੱਤਰ ਦੱਤਾਤਰੇ ਹੋਸਬਾਲੇ ਨੇ ਕਿਹਾ ਕਿ ਰਾਮ ਮੰਦਰ ਦਾ ਮੁੱਦਾ ਤਾਂ ਪਹਿਲਾਂ ਹੀ ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਹੈ। ਰਾਮ ਮੰਦਰ ਤਾਂ ਦੇਸ਼ ਦੇ ਏਜੰਡੇ 'ਤੇ ਹੈ, ਦੇਸ਼ ਹਿਤ ਵਿਚ ਹੈ। ਅਸੀਂ ਰਾਮ ਮੰਦਰ ਦੀ ਉਸਾਰੀ ਦੇ ਮੁੱਦੇ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਧਾਰਮਿਕ ਆਗੂਆਂ ਦੀ ਇਮਦਾਦ ਕਰ ਰਹੇ ਹਾਂ।

ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਭਾਜਪਾ ਕਹਿੰਦੀ ਰਹੀ ਹੈ ਕਿ ਜੇਕਰ ਇਹ ਕੇਂਦਰ ਵਿਚ ਬਹੁ-ਗਿਣਤੀ ਵਿਚ ਆ ਗਈ ਤਾਂ ਰਾਮ ਮੰਦਰ ਦੀ ਉਸਾਰੀ ਲਈ ਰਾਹ ਕਾਨੂੰਨ ਰਾਹੀਂ ਖੋਲ੍ਹੇਗੀ ਤੇ ਕੀ ਹੁਣ ਆਰ.ਐਸ.ਐਸ. ਇਸ ਦੀ ਮੰਗ ਕਰੇਗੀ, ਤਾਂ ਹੋਸਵਾਲੇ ਨੇ ਕਿਹਾ ਕਿ ਰਾਮ ਮੰਦਰ ਦਾ ਮੁੱਦਾ ਪਹਿਲਾਂ ਹੀ ਚੋਣ ਮਨੋਰਥ ਪੱਤਰ ਵਿਚ ਸੀ। ਉਨ੍ਹਾਂ ਕਿਹਾ ਕਿ ਅਸੀਂ ਰਾਮ ਮੰਦਰ ਉਸਾਰੀ ਲਈ ਧਰਮ ਆਚਾਰੀਆਂ ਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਅੰਦੋਲਨ ਦੀ ਹਮਾਇਤ ਕਰਦੇ ਰਹੇ ਹਾਂ।

## ਭਾਰਤੀ ਵੋਟਰਾਂ ਵਿਚ 'ਨੋਟ ਬਦਲੇ ਵੋਟ' ਦਾ ਰੁਝਾਨ ਵਧਿਆ

**ਨਵੀਂ ਦਿੱਲੀ:** ਇਕ ਨਵੇਂ ਸਰਵੇਖਣ ਦਾ ਕਹਿਣਾ ਹੈ ਕਿ ਭਾਰਤੀ ਵੋਟਰਾਂ ਵਿਚ 'ਨੋਟ ਬਦਲੇ ਵੋਟ' ਦਾ ਰੁਝਾਨ ਵਧ ਰਿਹਾ ਹੈ ਤੇ ਵੋਟ ਦੇ ਬਦਲੇ ਰਿਸ਼ਵਤ ਲੈਣ ਦੀ ਵੋਟਰਾਂ ਦੀ ਇੱਛਾ ਲਗਾਤਾਰ ਵਧ ਰਹੀ ਹੈ। ਸੈਂਟਰ ਫ਼ਾਰ ਮੀਡੀਆ ਸਟੱਡੀਜ਼ (ਸੀ.ਐਮ.ਐਸ.) ਦੇ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਆਖ਼ਰੀ ਸਮੇਂ ਅਪਣੀ ਵੋਟ ਬਦਲਣ ਜਾਂ ਤੈਅ ਕਰਨ ਵਾਲਿਆਂ ਵਿਚੋਂ ਤਕਰੀਬਨ 70 ਫ਼ੀਸਦੀ ਲੋਕ ਇਨ੍ਹਾਂ ਪੰਜ ਕਾਰਨਾਂ ਵਿਚੋਂ ਕਿਸੇ ਇਕ ਜਾਂ ਇਕ ਤੋਂ ਵੱਧ ਤੋਂ ਪ੍ਰਭਾਵਤ ਹੁੰਦੇ ਹਨ-ਸਥਾਨਕ ਦਬਾਅ, ਪੈਸੇ ਦਾ ਲਾਲਚ, ਅਸਰਦਾਰ ਚੋਣ ਪ੍ਰਚਾਰ, ਮੀਡੀਆ ਵਿਚ ਕਵਰੇਜ ਤੇ ਚੋਣ ਮਨੋਰਥ ਪੱਤਰ ਵਿਚ ਜ਼ਿਆਫ਼ਤਾਂ। +



ਇਸ ਪ੍ਰਕਿਰਿਆ ਵਿਚ ਪੈਸੇ ਦਾ ਲਾਲਚ ਜ਼ਿਆਦਾ ਸੰਭਾਵੀ ਕਾਰਨ ਹੁੰਦਾ ਹੈ ਜਿਸ ਦਾ ਪਤਾ ਹਮੇਸ਼ਾ ਨਹੀਂ ਲੱਗਦਾ। ਅਧਿਐਨ ਵਿਚ ਕਿਹਾ ਗਿਆ ਹੈ ਕਿ ਪੈਸੇ ਦਾ ਲਾਲਚ ਪੰਜ ਅਹਿਮ ਕਾਰਨਾਂ ਵਿਚੋਂ ਇਕ ਮੰਨਿਆ ਜਾਂਦਾ ਹੈ ਜੋ ਉਨ੍ਹਾਂ ਵੋਟਰਾਂ ਦਾ ਵੋਟ ਪਾਉਣਾ ਤੈਅ ਕਰਦਾ ਹੈ ਜਿਨ੍ਹਾਂ ਨੇ ਆਖ਼ਰ ਤੱਕ ਕੋਈ ਫ਼ੈਸਲਾ ਨਹੀਂ ਕੀਤਾ ਹੁੰਦਾ। ਜੋ ਵੋਟਰ ਪੈਸੇ ਨੂੰ ਇਕ ਕਾਰਨ ਮੰਨਦੇ ਹਨ, ਉਨ੍ਹਾਂ ਦੀ ਫ਼ੀਸਦੀ 2008 ਦੀ ਤੁਲਨਾ ਵਿਚ 2014 ਵਿਚ ਕਾਫ਼ੀ ਵਧ ਗਈ ਹੈ।

'ਨੋਟ ਬਦਲੇ ਵੋਟ' ਸਰਵੇਖਣ ਵਿਚ ਵੇਖਿਆ ਗਿਆ ਹੈ ਕਿ ਵੋਟ ਪਾਉਣ ਤੋਂ ਪਹਿਲਾਂ ਆਖ਼ਰੀ ਸਮੇਂ ਵਿਚ ਪੈਸੇ ਦੇ ਲਾਲਚ 'ਤੇ ਧਿਆਨ ਦੇਣ ਵਾਲੇ ਵੋਟਰਾਂ ਦੀ ਗਿਣਤੀ ਪ੍ਰਮੁੱਖ ਸੂਬਿਆਂ ਵਿਚ ਵਧੀ ਹੈ ਜਿਥੇ ਅਧਿਐਨ ਦੌਰਾਨ ਚੋਣਾਂ ਹੋਈਆਂ ਸਨ। ਇਨ੍ਹਾਂ ਵਿਚ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ ਆਦਿ ਸ਼ਾਮਲ ਹਨ। ਜਿਥੇ 2008 ਵਿਚ ਕਰਨਾਟਕ ਵਿਚ ਸਿਰਫ ਸੱਤ ਫ਼ੀਸਦੀ ਵੋਟਰਾਂ ਨੇ ਇਸ ਤਰ੍ਹਾਂ ਸੋਚਿਆ ਸੀ, ਉਥੇ 2014 ਵਿਚ ਉਨ੍ਹਾਂ ਦੀ ਫ਼ੀਸਦੀ 15 ਤੱਕ ਪਹੁੰਚ ਗਈ ਹੈ। ਇਸ ਤਰ੍ਹਾਂ ਮਹਾਂਰਾਸ਼ਟਰ ਵਿਚ ਵੋਟਰਾਂ ਦੀ ਫ਼ੀਸਦੀ 2008 ਦੇ ਦੋ ਤੋਂ ਵਧ ਕੇ 10 'ਤੇ ਪਹੁੰਚ ਗਈ ਹੈ।

ਸਰਵੇਖਣ ਵਿਚ 2007 ਤੋਂ 2014 ਦੌਰਾਨ 75000 ਵੋਟਰਾਂ ਦਾ ਸਰਵੇਖਣ ਕੀਤਾ ਗਿਆ। ਇਸ ਵਿਚ ਕਿਹਾ ਗਿਆ ਹੈ ਕਿ ਇਸ ਦੌਰਾਨ ਉਨ੍ਹਾਂ ਵੋਟਰਾਂ ਦੀ ਵੀ ਗਿਣਤੀ ਵਧੀ ਹੈ ਜੋ ਭ੍ਰਿਸ਼ਟਾਚਾਰ ਨੂੰ ਪ੍ਰੇਸ਼ਾਨ ਕਰਨ ਵਾਲਾ ਮੁੱਦਾ ਮੰਨਦੇ ਹਨ। ਸਰਵੇਖਣ ਵਿਚ ਦੱਸਿਆ ਗਿਆ ਹੈ ਕਿ 2014 ਦੀਆਂ ਚੋਣਾਂ ਵਿਚ ਆਂਧਰਾ ਪ੍ਰਦੇਸ਼ ਦੇ 75 ਫ਼ੀਸਦੀ ਵੋਟਰਾਂ, ਉੱਤਰ ਪ੍ਰਦੇਸ਼ ਦੇ 26 ਫ਼ੀਸਦੀ, ਮੱਧ ਪ੍ਰਦੇਸ਼ ਦੇ 30 ਫ਼ੀਸਦੀ, ਪੰਜਾਬ ਦੇ 20 ਫ਼ੀਸਦੀ ਤੇ ਦਿੱਲੀ ਦੇ ਅੱਠ ਫ਼ੀਸਦੀ ਵੋਟਰਾਂ ਨੇ ਖ਼ੁਦ ਇਸ ਤਰ੍ਹਾਂ ਦੀ ਚੀਜ਼ ਦਾ ਤਜਰਬਾ ਕੀਤਾ ਜਾਂ ਆਪਣੇ ਗੁਆਂਢ ਵਿਚ ਇਸ ਤਰ੍ਹਾਂ ਦੇ ਭ੍ਰਿਸ਼ਟ ਪੈਸੇ ਦੀ ਵੰਡ ਬਾਰੇ ਸੁਣਿਆ। ਇਸ ਅਧਿਐਨ ਵਿਚ ਇਕ ਦਿਲਚਸਪ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਜਦ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰ ਸਥਾਨਕ ਹੁੰਦੇ ਹਨ ਤਾਂ 'ਨੋਟ ਬਦਲੇ ਵੋਟ' ਲੈਣ ਦੀ ਲੋੜ ਘੱਟ ਹੁੰਦੀ ਹੈ।

## ਦਹਿਸ਼ਤੀ ਜਥੇਬੰਦੀਆਂ ਭਾਰਤ ਖਿਲਾਫ ਇਕਜੁਟ ਹੋਈਆਂ

**ਨਵੀਂ ਦਿੱਲੀ:** ਦਹਿਸ਼ਤਗਰਦੀ ਦਾ ਟਾਕਰਾ ਕਰਨ ਵਾਲੀ ਦੇਸ਼ ਦੀ ਵਿਲੱਖਣ ਫੋਰਸ ਐਨ.ਐਸ.ਜੀ. ਨੇ ਚਿਤਾਵਨੀ ਦਿੱਤੀ ਹੈ ਕਿ ਆਈ.ਐਸ.ਆਈ.ਐਸ ਤੇ ਅਲਕਾਇਦਾ ਵਰਗੀਆਂ ਖ਼ਤਰਨਾਕ ਜਥੇਬੰਦੀਆਂ ਇਕਜੁੱਟ ਹੋ ਕੇ ਇਕੋ ਸਮੇਂ ਭਾਰਤ ਦੇ ਕਈ ਸ਼ਹਿਰਾਂ ਵਿਚ ਹਮਲੇ ਕਰ ਸਕਦੀਆਂ ਹਨ। ਫੋਰਸ ਨੇ ਇਹ ਭਰੋਸਾ ਵੀ ਦਿੱਤਾ ਹੈ ਕਿ ਉਹ ਹਰ ਥਾਂ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ।

ਚਿਤਾਵਨੀ ਦਿੰਦਿਆਂ ਨੈਸ਼ਨਲ ਸਕਿਓਰਟੀ ਗਾਰਡਜ਼ (ਐਨ.ਐਸ.ਜੀ.) ਦੇ ਡਾਇਰੈਕਟਰ ਜਨਰਲ ਜੇ.ਐਨ. ਚੌਧਰੀ ਨੇ 2008 ਦੇ ਮੁੰਬਈ ਹਮਲਿਆਂ ਨੂੰ ਮਹਿਜ਼ ਸ਼ੁਰੂਆਤ ਕਰਾਰ ਦਿੱਤਾ। ਇਨ੍ਹਾਂ ਹਮਲਿਆਂ ਵਿਚ 166 ਲੋਕ ਮਾਰੇ ਗਏ ਸਨ। ਸ੍ਰੀ ਚੌਧਰੀ ਨੇ ਕਿਹਾ ਕਿ ਨੌਜਵਾਨਾਂ ਦਾ ਐਸ.ਆਈ.ਐਸ. ਜਿਹੇ ਸੰਗਠਨਾਂ ਵੱਲ ਆਕਰਸ਼ਿਤ ਹੋਣਾ ਸੰਭਾਵਨਾ ਤੋਂ ਗੰਭੀਰ ਤੇ ਅੱਗੇ ਦੀ ਗੱਲ ਹੈ ਕਿਉਂਕਿ ਆਲਮੀ ਦਹਿਸ਼ਤਗਰਦ ਜਥੇਬੰਦੀਆਂ ਅਜਿਹੇ ਸੰਗਠਨਾਂ ਦਾ ਸਾਥ ਲੱਭਣਗੀਆਂ, ਜੋ ਪਹਿਲਾਂ ਹੀ ਭਾਰਤ ਵਿਚ ਸਰਗਰਮ ਹਨ, ਜਿਵੇਂ ਹਰਕਤ-ਉਲ-ਮੁਜਾਹਿਦੀਨ, ਜੈਸ਼-ਇ-ਮੁਹੰਮਦ, ਇੰਡੀਅਨ ਮੁਜਾਹਿਦੀਨ ਤੇ ਲਾਸ਼ਕਰ-ਇ-ਤੋਇਬਾ ਆਦਿ। ਡਾਇਰੈਕਟਰ ਜਨਰਲ ਅਨੁਸਾਰ ਹੁਣ ਜਦੋਂ ਅਲ-ਕਾਇਦਾ ਜਿਹੀਆਂ ਕੌਮਾਂਤਰੀ ਇੰਤਹਾਪਸੰਦ



ਜਥੇਬੰਦੀਆਂ ਭਾਰਤ ਉੱਤੇ ਹਮਲੇ ਕਰਨ ਦੇ ਆਪਣੇ ਇਰਾਦੇ ਪ੍ਰਤੱਖ ਕਰ ਚੁੱਕੀਆਂ ਹਨ ਤਾਂ ਜ਼ਾਹਿਰ ਹੈ ਕਿ ਉਹ ਭਾਰਤ ਵਿਚ ਪਹਿਲਾਂ ਤੋਂ ਹੀ ਸਰਗਰਮ ਗੁੱਟਾਂ ਨਾਲ ਭਾਈਵਾਲੀ ਕਰਨਗੀਆਂ। ਇਹ ਭਾਵੇਂ ਲਸ਼ਕਰ ਹੋਵੇ, ਜੈਸ਼ ਹੋਵੇ ਜਾਂ ਹਰਕਤ ਹੋਵੇ ਜਾਂ ਫਿਰ ਆਈ.ਐਸ. ਹੋਵੇ।

ਉਨ੍ਹਾਂ ਦਾ ਖਦਸ਼ਾ ਇਹ ਹੈ ਕਿ ਜੇਕਰ ਉਹ ਰਲਕੇ ਸਾਂਝੀ ਰਣਨੀਤੀ ਜਾਂ ਸਾਂਝੇ ਅਪਰੇਸ਼ਨ ਕਰਦੀਆਂ ਹਨ, ਤਾਂ ਭਾਰਤ ਨੂੰ ਇਸ ਬਾਬਤ ਪੂਰਾ ਤਿਆਰ ਤੇ ਚੌਕਸ ਰਹਿਣਾ ਹੋਏਗਾ। ਫਿਰ 'ਇਕੋ ਸਮੇਂ ਕਈ ਸ਼ਹਿਰਾਂ ਵਿਚ ਕਈ ਥਾਈਂ' ਹਮਲਿਆਂ ਦਾ ਖਦਸ਼ਾ ਹੈ। ਇਸ ਕਰਕੇ ਐਨ.ਐਸ.ਜੀ. ਅਜਿਹੇ ਪੱਧਰ ਦੀਆਂ ਤਿਆਰੀਆਂ ਕਰ ਰਹੀ ਹੈ ਤੇ ਇਸ ਸੰਦਰਭ ਵਿਚ ਦਹਿਸ਼ਤਗਰਦੀ ਵਿਰੋਧੀ ਬਲਾਂ ਤੇ ਸੂਬਾਈ ਪੁਲਿਸ ਨਾਲ ਰਲ ਕੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਚੇਤੇ ਕਰਦਿਆਂ ਦੱਸਿਆ ਕਿ ਜਦੋਂ ਉਹ ਆਈ.ਬੀ. ਵਿਚ ਸਨ ਤਾਂ ਦਹਾਕਾ ਪਹਿਲਾਂ ਅਲ ਕਾਇਦਾ ਦੇ ਮੈਂਬਰਾਂ ਨੇ ਗੋਆ, ਬੰਗਲੌਰ ਤੇ ਅੰਮ੍ਰਿਤਸਰ ਵਿਚ ਵਿਸ਼ੇਸ਼ ਗੁਪਤ ਸਰਵੇਖਣ ਕਰਾਏ ਸਨ। ਉਨ੍ਹਾਂ ਕਿਹਾ ਕਿ ਭਾਰਤ ਵਿਚ ਅਹਿਮ ਥਾਵਾਂ ਦੇ ਗੁਪਤ ਸਰਵੇਖਣ ਅਲ-ਕਾਇਦਾ ਦਾ ਪੁਰਾਣਾ ਹਥਕੰਡਾ ਹੈ।

# ਹਿੰਦੂਸਤਾਨ ਵਿਚ ਵਿਗਿਆਨ ਅਤੇ ਤਕਨਾਲੋਜੀ

ਵਿਗਿਆਨ ਅਤੇ ਤਕਨਾਲੋਜੀ ਬਾਰੇ ਭਾਰਤ ਦੇ ਦੋ ਹਾਲ ਹੀ ਦੇ ਪ੍ਰੋਜੈਕਟਾਂ ਦੀ ਤੁਲਨਾ ਕੀਤਿਆਂ ਇਨ੍ਹਾਂ ਵਿਚਲਾ ਵਖਰੇਵਾਂ ਸਪਸ਼ਟ ਨਜ਼ਰ ਆਉਂਦਾ ਹੈ। ਇਕ ਪ੍ਰੋਜੈਕਟ ਹੁਦਹੁਦ ਤੂਫ਼ਾਨ ਸਬੰਧੀ ਸਟੀਕ ਅਗਾਊਂ ਚਿਤਾਵਨੀਆਂ ਦੇਣ ਨਾਲ ਸਬੰਧਤ ਸੀ ਜਿਸ ਸਦਕਾ ਹਜ਼ਾਰਾਂ ਜਾਨਾਂ ਬਚਾਈਆਂ ਜਾ ਸਕੀਆਂ। ਦੂਜੇ ਤਹਿਤ ਭਾਰਤ ਦੇ 'ਮਾਰਸ ਆਰਬੀਟਰ ਮਿਸ਼ਨ' (ਮੌਮ) ਤਹਿਤ ਮੰਗਲਯਾਨ ਨੂੰ ਮੰਗਲ ਗ੍ਰਹਿ ਦੇ ਪੰਧ 'ਤੇ ਪਾ ਦਿੱਤਾ ਗਿਆ। ਇਹ ਤਕਨੀਕੀ ਪ੍ਰਾਪਤੀ ਸੀ ਜਿਸ ਦੇ ਵਿਗਿਆਨਕ ਖੇਤਰ 'ਤੇ ਬਹੁਤ ਜ਼ਿਆਦਾ ਪ੍ਰਭਾਵ ਨਹੀਂ ਪੈਣ ਵਾਲੇ, ਸਮਾਜਕ ਖੇਤਰ ਦੇ ਪ੍ਰਭਾਵਾਂ ਦੀ ਤਾਂ ਗੱਲ ਹੀ ਛੱਡੋ। ਮੀਡੀਆ ਵੱਲੋਂ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਮੰਗਲ ਮਿਸ਼ਨ ਸਬੰਧੀ ਹੱਦੋਂ

ਪ੍ਰਫੁੱਲ ਬਿਦਵਈ

ਵੱਧ ਖੁਸ਼ੀਆਂ ਮਨਾਈਆਂ ਗਈਆਂ। ਇਸ ਸਬੰਧੀ ਰਾਸ਼ਟਰਵਾਦੀ ਅਤਿ-ਉਤਸ਼ਾਹ ਪੈਦਾ ਕੀਤਾ ਗਿਆ, ਭਾਰਤ ਨੂੰ ਮਹਾਨ ਵਿਗਿਆਨਕ ਵਿਸ਼ਵ ਤਾਕਤ ਐਲਾਨਿਆ ਗਿਆ।

ਇਹ ਗੱਲ ਗੌਲਣ ਵਾਲੀ ਹੈ ਕਿ ਮੀਡੀਆ ਵੱਲੋਂ ਪਹਿਲੇ ਪ੍ਰੋਜੈਕਟ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਹ ਪ੍ਰੋਜੈਕਟ ਵੱਖ-ਵੱਖ ਧਿਰਾਂ ਅਤੇ ਸੰਸਥਾਵਾਂ ਦੇ ਆਪਸੀ ਸਹਿਯੋਗ 'ਤੇ ਆਧਾਰਤ ਸੀ ਜਿਸ ਤਹਿਤ ਭਾਰਤੀ ਮੌਸਮ ਵਿਭਾਗ, ਸਮੁੰਦਰੀ ਤਕਨਾਲੋਜੀ ਸਬੰਧੀ ਕੌਮੀ ਸੰਸਥਾ, ਮੌਸਮੀ ਭਵਿੱਖਵਾਣੀ ਬਾਰੇ ਕੌਮੀ ਕੇਂਦਰ, ਭਾਰਤੀ ਹਵਾਈ ਫੌਜ, ਨੇਵੀ, ਦੋ ਭਾਰਤੀ ਤਕਨੀਕੀ ਸੰਸਥਾਵਾਂ ਅਤੇ ਉੜੀਸਾ ਤੇ ਆਂਧਰਾ ਪ੍ਰਦੇਸ਼ ਦੀਆਂ ਸਰਕਾਰਾਂ ਦੇ ਆਪਸੀ ਸਹਿਯੋਗ ਤਹਿਤ ਇਸ ਨੂੰ ਨੇਪਰੇ ਚਾੜ੍ਹਿਆ ਗਿਆ। ਇਸ ਸਦਕਾ ਤੂਫਾਨ ਸਬੰਧੀ ਚਿਤਾਵਨੀ ਦੇਣ ਦੇ ਸਮੇਂ ਵਿਚ ਵੱਡਾ ਸੁਧਾਰ ਸੰਭਵ ਹੋ ਸਕਿਆ। 1999 ਵਿਚ ਜਦੋਂ ਉੜੀਸਾ ਵਿਚ ਵੱਡਾ ਤੂਫਾਨ ਆਇਆ ਸੀ, ਤਾਂ ਸਿਰਫ 24 ਘੰਟੇ ਪਹਿਲਾਂ ਚਿਤਾਵਨੀ ਦਿੱਤੀ ਜਾ ਸਕੀ ਸੀ। ਇਸ ਤੂਫਾਨ ਦੇ ਨਤੀਜੇ ਵਜੋਂ 3958 ਮੌਤਾਂ ਹੋਈਆਂ ਸਨ (ਗ਼ੈਰ-ਸਰਕਾਰੀ ਅੰਕੜਾ 10 ਹਜ਼ਾਰ ਮੌਤਾਂ ਦਾ ਸੀ); ਪਰ ਇਸ ਵਾਰ ਪੰਜ ਦਿਨ ਪਹਿਲਾਂ ਹੀ ਚਿਤਾਵਨੀ ਜਾਰੀ ਕਰ ਦਿੱਤੀ ਗਈ। ਇਸ ਸਦਕਾ 2 ਲੱਖ ਤੋਂ ਵਧੇਰੇ ਲੋਕਾਂ ਨੂੰ ਖ਼ਤਰੇ ਵਾਲੀਆਂ ਥਾਂਵਾਂ ਤੋਂ ਕੱਢ ਲਿਆ ਗਿਆ। ਖੁਰਾਕ ਅਤੇ ਹੋਰ ਲੋੜੀਂਦੀ ਸਮੱਗਰੀ ਦਾ ਭੰਡਾਰ ਜੁਟਾ ਲਿਆ ਗਿਆ ਅਤੇ ਰਾਹਤ ਸਬੰਧੀ ਬਿਹਤਰ ਤਾਲਮੇਲ ਸੰਭਵ ਹੋ ਸਕਿਆ। ਇਸ ਸਾਰੇ ਅਮਲ ਦੀ ਕਿਤੇ ਵਡੇਰੀ ਸਮਾਜਕ ਪ੍ਰਸੰਗਿਕਤਾ ਹੈ ਅਤੇ ਇਹ ਮੰਗਲ ਮਿਸ਼ਨ ਦੇ ਮੁਕਾਬਲੇ ਤਕਨਾਲੋਜੀ ਦੀ ਕਿਤੇ ਵਧੇਰੇ ਅਰਥਪੂਰਨ ਵਰਤੋਂ ਹੈ। ਠੀਕ ਹੈ ਕਿ ਇਸਰੋ ਵੱਲੋਂ ਵਿਆਪਕ ਪੱਧਰ 'ਤੇ ਵੱਖ-ਵੱਖ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਰਾਕੇਟ ਸਾਇੰਸ, ਇੰਜਣ ਡਿਜ਼ਾਈਨ, ਬਿਜਲਈ ਫੈਬਰੀਕੇਸ਼ਨ, ਰਿਮੋਟ ਟਰੈਕਿੰਗ ਤੇ ਕੰਟਰੋਲ ਅਤੇ ਡਾਟਾ ਪ੍ਰੋਸੈਸਿੰਗ ਆਦਿ ਵਰਗੀਆਂ ਅਹਿਮ ਤਕਨੀਕਾਂ ਸ਼ਾਮਿਲ ਹਨ। ਇਸਰੋ ਵੱਲੋਂ ਪਹਿਲੇ ਉਪਰਾਲੇ ਵਿਚ ਹੀ ਮੰਗਲਯਾਨ ਨੂੰ ਮੰਗਲ ਗ੍ਰਹਿ ਦੇ ਪੰਧ ਉਤੇ ਪਾ ਦੇਣ ਦੀ ਪ੍ਰਾਪਤੀ ਨੂੰ ਵੀ ਘਟਾ ਕੇ ਨਹੀਂ ਦੇਖਿਆ ਜਾ ਸਕਦਾ, ਪਰ ਮੰਗਲ ਮਿਸ਼ਨ ਦਾ ਵਿਗਿਆਨਕ ਏਜੰਡਾ ਸਾਧਾਰਨ ਹੀ ਹੈ। ਇਸ ਰਾਹੀਂ ਮੰਗਲ ਗ੍ਰਹਿ ਨੂੰ 366 ਕਿਲੋਮੀਟਰ ਦੀ ਘੱਟ ਤੋਂ ਘੱਟ ਦੂਰੀ ਤੋਂ ਵਾਚਿਆ ਜਾਵੇਗਾ। ਇੰਨੀ ਦੂਰੀ ਤੋਂ ਭਾਰਤੀ ਮੰਗਲਯਾਨ ਉਸ ਜਾਣਕਾਰੀ ਦੇ ਮੁਕਾਬਲੇ ਭੋਰਾ ਭਰ ਜਾਣਕਾਰੀ ਹੀ ਮੁਹੱਈਆ ਕਰਵਾ ਸਕੇਗਾ ਜੋ ਅਮਰੀਕਾ-ਯੂਰਪ ਦੇ ਤਾਜ਼ਾ 'ਮਾਰਸ ਐਕਸਪ੍ਰੈਸ ਮਿਸ਼ਨ' ਵੱਲੋਂ ਮੁਹੱਈਆ ਕਰਾਈ ਜਾ ਰਹੀ ਹੈ। ਮੰਗਲਯਾਨ ਦਾ ਭਾਰ 1350 ਕਿੱਲੋ ਹੈ ਪਰ ਇਹ ਮਾਤਰ 13 ਕਿੱਲੋ ਦੀ ਵਿਗਿਆਨਕ ਸਮੱਗਰੀ ਹੀ ਲੈ ਕੇ ਗਿਆ ਹੈ। ਇਸ ਦੇ ਮੁਕਾਬਲੇ 'ਮਾਰਸ ਐਕਸਪ੍ਰੈਸ' ਉਤੇ 116 ਕਿੱਲੋ ਸਮੱਗਰੀ ਮੌਜੂਦ ਹੈ। ਇੰਨੀ ਥੋੜ੍ਹੀ ਸਮੱਗਰੀ ਸਦਕਾ ਮੰਗਲਯਾਨ ਵੱਲੋਂ ਕੀਤੇ ਜਾਣ ਵਾਲੇ ਸਰਵੇਖਣਾਂ ਦੀ ਗੁਣਵਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਮੰਗਲ ਗ੍ਰਹਿ ਦੇ ਵਾਤਾਵਰਨ ਜਾਂ ਮੌਸਮ ਬਾਰੇ ਜੋ ਕੁਝ ਪਹਿਲਾਂ ਤੋਂ ਹੀ ਪਤਾ ਹੈ, ਉਸ ਵਿਚ ਮੰਗਲਯਾਨ ਕੋਈ ਵਿਸ਼ੇਸ਼ ਵਾਧਾ ਨਹੀਂ ਕਰ ਸਕੇਗਾ।

ਇਸਰੋ ਦੇ ਸਾਬਕਾ ਚੇਅਰਮੈਨ ਜੀ. ਮਾਧਵਨ ਨਾਇਰ ਮੁਤਾਬਿਕ ਮੰਗਲਯਾਨ ਨੇ 24 ਕਿਲੋ ਭਾਰ ਦੇ 12 ਯੰਤਰ ਲੈ ਕੇ ਜਾਣੇ ਸਨ, ਪਰ ਇਨ੍ਹਾਂ ਵਿਚੋਂ ਸਿਰਫ 5 ਦੀ ਹੀ ਸਮੇਂ ਸਿਰ ਪਰਖ ਹੋ ਸਕੀ। ਬਾਕੀ ਯੰਤਰ ਨਾ ਲਿਜਾਏ ਜਾ ਸਕਣ ਕਾਰਨ ਪੂਰਾ ਮਿਸ਼ਨ 'ਵਿਅਰਥ' ਅਤੇ ਸਿਰਫ 'ਸ਼ੋਅਪੀਸ' ਬਣ ਕੇ ਰਹਿ ਗਿਆ।

ਮੰਗਲਯਾਨ ਦੀਆਂ ਸੀਮਤਾਈਆਂ ਦਾ ਮੁਢਲਾ ਕਾਰਨ ਇਹ ਹੈ ਕਿ ਇਸਰੋ 15 ਸਾਲਾਂ ਵਿਚ ਜੀ.ਐਸ.ਐਲ.ਵੀ. ਦੀ ਤਕਨਾਲੋਜੀ ਨੂੰ ਮੁਕੰਮਲ ਕਰਨ 'ਚ ਅਸਫਲ ਰਹੀ ਹੈ, ਜਿਸ ਰਾਹੀਂ 2000 ਕਿਲੋ ਤੋਂ ਵਧੇਰੇ ਭਾਰ ਵਾਲੇ ਉਪਗ੍ਰਹਿਆਂ ਨੂੰ ਉਚੇਰੇ ਗ੍ਰਹਿ ਪੰਧਾਂ 'ਤੇ ਭੇਜਿਆ ਜਾ ਸਕਦਾ ਹੈ। ਜੀ.ਐਸ.ਐਲ.ਵੀ. ਦੀ ਥਾਂ 'ਤੇ ਇਸ ਨੇ ਕਾਹਲੀ ਵਿਚ ਘੱਟ ਤਾਕਤਵਰ ਪੀ.ਐਸ.ਐਲ.ਵੀ. ਰਾਹੀਂ ਹੀ ਮੰਗਲਯਾਨ ਨੂੰ ਲਾਂਚ ਕਰ ਦਿੱਤਾ ਜਿਸ ਨਾਲ ਮੰਗਲਯਾਨ ਦੀਆਂ ਸਮਰਥਾਵਾਂ ਘਟ ਗਈਆਂ। ਮੰਗਲ ਮਿਸ਼ਨ ਇਸਰੋ ਨੂੰ ਹੁਲਾਰਾ ਦੇਣ ਦਾ ਕੰਮ ਕਰ ਸਕਦਾ ਹੈ, ਪਰ



ਇਹ ਭਾਰਤ ਦੀ ਵਿਗਿਆਨ ਅਤੇ ਤਕਨੀਕ ਨੂੰ ਅੱਗੇ ਵਧਾਉਣ ਵਿਚ ਬਹੁਤਾ ਯੋਗਦਾਨ ਨਹੀਂ ਪਾ ਸਕੇਗਾ। ਦਹਾਕਿਆਂ ਤੱਕ ਭਾਰਤ ਤੀਜੀ ਦੁਨੀਆਂ ਦੀ ਵਿਵਾਦ ਰਹਿਤ 'ਵਿਗਿਆਨਕ ਮਹਾਂਸ਼ਕਤੀ' ਰਿਹਾ ਹੈ। 1980 ਵਿਚ ਭਾਰਤ ਵਿਗਿਆਨਕ ਪ੍ਰਾਪਤੀਆਂ ਸਬੰਧੀ ਲਿਖੇ ਜਾਣ ਵਾਲੇ ਪਰਚਿਆਂ ਦੀ ਗਿਣਤੀ ਪੱਖੋਂ ਵਿਸ਼ਵ ਵਿਚ ਅੱਠਵੇਂ ਨੰਬਰ 'ਤੇ ਸੀ, ਜਦਕਿ ਚੀਨ ਇਸ ਤੋਂ ਕਿਤੇ ਪਿੱਛੇ 15ਵੇਂ ਸਥਾਨ 'ਤੇ ਸੀ। 2010 ਤੱਕ ਚੀਨ ਉਪਰ ਉਠ ਕੇ ਦੂਜੇ ਸਥਾਨ 'ਤੇ ਪਹੁੰਚ ਗਿਆ ਜਦੋਂ ਕਿ ਭਾਰਤ 9ਵੇਂ ਸਥਾਨ 'ਤੇ ਹੇਠਾਂ ਖਿਸਕ ਗਿਆ। ਖੋਜ ਅਤੇ ਵਿਕਾਸ ਦੇ ਮਾਮਲੇ ਵਿਚ ਹੋਰ ਉਭਰ ਰਹੀਆਂ ਆਰਥਿਕਤਾਵਾਂ ਵੀ ਭਾਰਤ ਦੀ ਬਰਾਬਰੀ 'ਤੇ ਆ ਰਹੀਆਂ ਹਨ। ਨਾ ਸਿਰਫ ਚੀਨ, ਸਗੋਂ ਰੂਸ ਅਤੇ ਦੱਖਣੀ ਕੋਰੀਆ ਨੇ ਵੀ ਭਾਰਤ ਨਾਲੋਂ ਵਧੇਰੇ ਲੋਕਾਂ ਨੂੰ ਖੋਜ ਅਤੇ ਵਿਕਾਸ ਦੇ ਕੰਮ ਵਿਚ ਲਾਇਆ ਹੋਇਆ ਹੈ। ਬਰਾਜ਼ੀਲ ਵੀ ਬਹੁਤਾ ਪਿੱਛੇ ਨਹੀਂ ਹੈ।

ਅਸਲ ਵਿਚ ਭਾਰਤ ਦਾ ਵਿਗਿਆਨ ਅਤੇ ਤਕਨਾਲੋਜੀ ਦਾ ਖੇਤਰ ਸੰਕਟ ਵਿਚ ਹੈ। ਇਸ ਦੀਆਂ ਤਰਜੀਹਾਂ ਵਿਗਾੜ ਭਰੀਆਂ ਹਨ। ਖੋਜ ਅਤੇ ਵਿਕਾਸ ਦੇ ਖਰਚੇ ਦਾ ਦੋ-ਤਿਹਾਈ ਹਿੱਸਾ 'ਸੁਰੱਖਿਆ' ਨਾਲ ਸਬੰਧਤ ਸਿਰਫ 3 ਸੰਸਥਾਵਾਂ- ਐਟਮੀ ਊਰਜਾ ਵਿਭਾਗ, ਰੱਖਿਆ ਖੋਜ ਤੇ ਵਿਕਾਸ ਸੰਗਠਨ ਅਤੇ ਪੁਲਾੜ ਵਿਭਾਗ, ਵੱਲੋਂ ਹੀ ਖਰਚਿਆ ਜਾਂਦਾ ਹੈ। ਇਨ੍ਹਾਂ 'ਚੋਂ ਪਹਿਲੇ ਦੋਵਾਂ ਦੀ ਕਾਰਗੁਜ਼ਾਰੀ ਵੀ ਸੰਤੁਸ਼ਟੀਜਨਕ ਨਹੀਂ ਹੈ। ਰੱਖਿਆ ਖੋਜ ਨਾਲ ਸਬੰਧਤ ਬਾਕੀ ਸਾਰੀਆਂ ਸੰਸਥਾਵਾਂ ਨੂੰ ਬਾਕੀ ਬਚਦਾ ਇਕ-ਤਿਹਾਈ ਫੰਡ ਹੀ ਮਿਲਦਾ ਹੈ। ਇਨ੍ਹਾਂ ਵਿਚ ਖੇਤੀਬਾੜੀ ਖੋਜ ਕੌਂਸਲ ਅਧੀਨ ਆਉਂਦੀਆਂ ਪ੍ਰਯੋਗਸ਼ਾਲਾਵਾਂ ਦੀ ਵੱਡੀ ਲੜੀ, ਵਿਗਿਆਨਕ ਅਤੇ ਸਨਅਤੀ ਖੋਜ, ਮੈਡੀਕਲ ਖੋਜ ਅਤੇ ਬਾਇਓ ਤਕਨੀਕ ਦਾ ਵਿਭਾਗ ਸ਼ਾਮਿਲ ਹਨ। ਇਨ੍ਹਾਂ ਦੇ ਫੰਡ ਹਾਲ ਹੀ ਵਿਚ 20 ਤੋਂ 30 ਫੀਸਦੀ ਤੱਕ ਹੋਰ ਘਟਾ ਦਿੱਤੇ ਗਏ ਹਨ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਅਲਾਟ ਹੋਏ ਫੰਡ ਵੀ ਸਮੇਂ ਸਿਰ ਨਹੀਂ ਮਿਲਦੇ ਅਤੇ ਅਨੇਕਾਂ ਪ੍ਰੋਜੈਕਟ ਲੋੜੀਂਦੇ ਯੰਤਰਾਂ ਅਤੇ ਕਰਮਚਾਰੀਆਂ ਦੀ ਘਾਟ ਦਾ ਸ਼ਿਕਾਰ ਹਨ।

ਭਾਰਤ ਨੇ 1950ਵਿਆਂ ਵਿਚ ਉਦੋਂ ਵੱਡੀ ਗਲਤੀ ਕੀਤੀ ਜਦੋਂ ਖੋਜ ਦੇ ਕੰਮ ਨੂੰ ਸਿੱਖਿਆ ਨਾਲੋਂ ਨਿਖੇੜ ਦਿੱਤਾ ਗਿਆ। ਚਾਹੀਦਾ ਤਾਂ ਇਹ ਸੀ ਕਿ ਇਹ ਕੰਮ ਯੂਨੀਵਰਸਿਟੀ ਪ੍ਰਬੰਧ ਅਧੀਨ ਰਹਿੰਦਾ, ਪਰ ਇਸ ਦੀ ਥਾਂ 'ਤੇ ਵਿਸ਼ੇਸ਼ ਪ੍ਰਯੋਗਸ਼ਾਲਾਵਾਂ ਸਥਾਪਤ ਕਰ ਦਿੱਤੀਆਂ ਗਈਆਂ ਜਿਨ੍ਹਾਂ ਤੱਕ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਪਹੁੰਚ ਨਾ ਹੋ ਸਕੀ। ਬਹੁਤੀਆਂ ਪ੍ਰਯੋਗਸ਼ਾਲਾਵਾਂ ਬੁਰੀ ਤਰ੍ਹਾਂ ਨੌਕਰਸ਼ਾਹੀ ਦਾ ਸ਼ਿਕਾਰ ਹਨ ਅਤੇ ਆਪਣੀਆਂ ਜਗੀਰਾਂ ਵਜੋਂ ਚਲਾਈਆਂ ਜਾ ਰਹੀਆਂ ਹਨ ਜਿਸ ਤਹਿਤ ਕਿਸੇ ਤਰ੍ਹਾਂ ਦੀ ਜਨਤਕ ਜਵਾਬਦੇਹੀ ਨਹੀਂ ਸਮਝੀ ਜਾਂਦੀ। ਇਨ੍ਹਾਂ ਵਿਚ ਤਰੱਕੀਆਂ ਵੀ ਕਾਰਗੁਜ਼ਾਰੀ ਦੇ ਆਧਾਰ 'ਤੇ ਨਹੀਂ, ਸਗੋਂ ਭਾਈ-ਭਤੀਜਾਵਾਦ ਜਾਂ ਸੇਵਾਕਾਲ ਦੇ ਸਮੇਂ ਦੇ ਆਧਾਰ 'ਤੇ ਹੁੰਦੀਆਂ ਹਨ।

ਭਾਰਤ ਵਿਚ ਵਿਗਿਆਨ ਅਤੇ ਤਕਨਾਲੋਜੀ ਸਬੰਧੀ ਉਦਮ ਦੀ ਸ਼ੁਰੂਆਤ ਆਜ਼ਾਦੀ ਵੇਲੇ ਕੀਤੀ ਗਈ ਸੀ, ਪਰ ਇਹ ਹੋਰ ਵੀ ਕਈ ਪੱਖਾਂ ਤੋਂ ਨੁਕਸਪੂਰਨ ਸਿੱਧ ਹੋਇਆ ਹੈ। ਇਸ ਦਾ ਮਕਸਦ ਸੀ ਵਿਗਿਆਨਕ ਨਜ਼ਰੀਆ ਪੈਦਾ ਕਰਨਾ (ਜਿਵੇਂ ਕਿ ਸੰਵਿਧਾਨ ਵਿਚ ਦਰਜ ਹੈ) ਅਤੇ ਪਰਖ ਪੜਚੋਲ ਆਧਾਰਤ ਵਿਹਾਰ ਦੀ ਸਿਰਜਣਾ ਕਰਨਾ, ਪਰ ਇਹ ਅਜਿਹਾ ਕਰਨ 'ਚ ਅਸਫਲ ਰਿਹਾ ਹੈ। ਵਧ ਰਿਹਾ ਅੰਧਵਿਸ਼ਵਾਸ, ਧਰਮਾਂ ਦਾ ਸਿਆਸੀਕਰਨ ਅਤੇ ਵਹਿਮ-ਭਰਮ ਆਦਿ ਇਸੇ ਗੱਲ ਦੇ ਸਬੂਤ ਹਨ। ਭਾਰਤ ਵਿਚ ਸਿੱਖਿਆ ਸੰਸਥਾਵਾਂ ਨਾਲੋਂ ਵਧੇਰੇ ਧਾਰਮਿਕ ਅਦਾਰੇ ਹਨ। ਇਸਰੋ ਦੇ ਚੇਅਰਮੈਨ ਕੇ. ਰਾਧਾਕ੍ਰਿਸ਼ਨਨ ਨੇ ਕਿਉਂ ਮੰਗਲਯਾਨ ਮਾਡਲ ਦੀ ਤ੍ਰਿਪੁਤੀ ਮੰਦਿਰ ਵਿਚ ਜਨਤਕ ਤੌਰ 'ਤੇ ਪੂਜਾ ਕੀਤੀ ਅਤੇ ਅਜਿਹੀਆਂ ਰਸਮਾਂ ਕੀਤੀਆਂ ਜੋ ਤਰਕਵਾਦੀਆਂ ਨੂੰ ਨਿਰਾਸ਼ ਕਰਨ ਵਾਲੀਆਂ ਸਨ।

ਭਾਰਤ ਦਾ ਪ੍ਰਤਿਭਾਸ਼ਾਲੀ ਨੌਜਵਾਨ ਵਰਗ ਹੁਣ ਵਿਗਿਆਨ ਪ੍ਰਤੀ ਆਕਰਸ਼ਤ ਨਹੀਂ ਰਿਹਾ। ਭਾਰਤ ਵਿਚ ਵਿਗਿਆਨ ਦੀ ਸਿੱਖਿਆ ਬੁਰੇ ਹਾਲਾਤ ਦੀ ਸ਼ਿਕਾਰ ਹੋ ਚੁੱਕੀ ਹੈ। ਇਸ ਵਿਚ ਪ੍ਰਤਿਭਾਸ਼ਾਲੀ ਅਧਿਆਪਕਾਂ ਦੀ ਵੀ ਘਾਟ ਹੈ। ਵਿਗਿਆਨ ਅਤੇ ਤਕਨੀਕੀ ਸਥਾਪਤੀ ਲੋਕਾਂ ਨੂੰ ਲਾਭਦਾਇਕ ਖੋਜਾਂ ਮੁਹੱਈਆ ਕਰਾਉਣ ਦੇ ਆਪਣੇ ਦਾਅਵੇ ਨੂੰ ਪੂਰਾ ਕਰਨ 'ਚ ਅਸਫਲ ਰਹੀ ਹੈ, ਹਾਲਾਂ ਕਿ ਖੇਤੀਬਾੜੀ ਦੇ ਖੇਤਰ ਅਤੇ ਸੂਚਨਾ ਤਕਨਾਲੋਜੀ ਦੇ ਖੇਤਰ ਸਬੰਧੀ ਕੁਝ ਅਪਵਾਦ ਜ਼ਰੂਰ ਮੌਜੂਦ ਹਨ। ਜਦੋਂ ਤੱਕ ਵਿਗਿਆਨ ਅਤੇ ਤਕਨਾਲੋਜੀ ਸਥਾਪਤੀ ਆਪਣੇ ਉਕਤ ਵਾਅਦੇ ਨੂੰ ਪੂਰਾ ਕਰਨ ਲਈ ਤਹਿ-ਦਿਲੋਂ ਯਤਨਸ਼ੀਲ ਨਹੀਂ ਹੁੰਦੀ, ਇਹ ਹੋਰ ਹੇਠਾਂ ਵੱਲ ਹੀ ਜਾਵੇਗੀ, ਮੰਗਲ ਮਿਸ਼ਨ ਨਾਲ ਕੋਈ ਫਰਕ ਨਹੀਂ ਪੈਣ ਵਾਲਾ।

# ਸਿਹਤ ਸਹੂਲਤਾਂ ਤੇ ਪ੍ਰਾਈਵੇਟ ਸੈਕਟਰ

ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ ਵੱਲੋਂ ਦੋ ਦਹਾਕਿਆਂ ਤੋਂ ਲਾਗੂ ਕੀਤੀਆਂ ਜਾ ਰਹੀਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦਾ ਲੋਕ ਵਿਰੋਧੀ ਚਿਹਰਾ ਹੁਣ ਸਾਹਮਣੇ ਆ ਰਿਹਾ ਹੈ। ਕੌਮਾਂਤਰੀ ਮੁਦਰਾ ਫੰਡ ਅਤੇ ਸੰਸਾਰ ਬੈਂਕ ਦੇ ਦਬਾਅ ਹੇਠ ਕੇਂਦਰ ਸਰਕਾਰ ਵੱਲੋਂ ਤਮਾਮ ਸਰਕਾਰੀ ਅਦਾਰਿਆਂ ਦਾ ਨਿਜੀਕਰਨ ਕੀਤਾ ਜਾ ਰਿਹਾ ਹੈ। ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਪਾਣੀ, ਜ਼ਮੀਨ ਅਤੇ ਹੋਰ ਖੇਤਰਾਂ ਵਿਚ ਕਾਰਪੋਰੇਟ ਜਗਤ ਪੱਖੀ ਨੀਤੀਆਂ ਲਾਗੂ ਹੋਣ ਕਾਰਨ ਇਹ ਬੁਨਿਆਦੀ ਸਹੂਲਤਾਂ ਦੇਸ਼ ਦੀ 80 ਫੀਸਦੀ ਆਬਾਦੀ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ।

ਜੇ ਸਿਰਫ ਸਿਹਤ ਖੇਤਰ ਦੀ ਹੀ ਗੱਲ ਕੀਤੀ

ਸੁਮੀਤ ਸਿੰਘ
ਫੋਨ: 91-97792-30173

ਜਾਵੇ ਤਾਂ ਸਰਕਾਰਾਂ ਦੀ ਜਨਤਾ ਪ੍ਰਤੀ ਗ਼ੈਰ-ਸੰਜੀਦਗੀ ਦਾ ਅੰਦਾਜ਼ਾ ਇਸ ਤੱਥ ਤੋਂ ਲੱਗ ਜਾਂਦਾ ਹੈ ਕਿ ਆਜ਼ਾਦੀ ਮਿਲਣ ਦੇ 36 ਸਾਲਾਂ ਬਾਅਦ, 1983 ਵਿਚ ਕੌਮੀ ਸਿਹਤ ਨੀਤੀ ਲਾਗੂ ਕੀਤੀ ਗਈ। ਅਜਿਹਾ ਕਰਨ ਵਿਚ ਵੀ ਸਰਕਾਰ ਦੀ ਆਪਣੀ ਕੋਈ ਲੋਕ-ਪੱਖੀ ਭੂਮਿਕਾ ਨਹੀਂ ਸੀ, ਬਲਕਿ ਸੰਯੁਕਤ ਰਾਸ਼ਟਰ ਦੇ ਅਦਾਰੇ ਵਿਸ਼ਵ ਸਿਹਤ ਸੰਸਥਾ ਵੱਲੋਂ ਆਪਣੇ ਮੈਂਬਰ ਦੇਸ਼ਾਂ ਨੂੰ ਸਭ ਨਾਗਰਿਕਾਂ ਲਈ ਚੰਗੀ ਸਿਹਤ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਸਨ।

ਵਿਸ਼ਵ ਵਪਾਰ ਸੰਸਥਾ ਅਤੇ ਸੰਸਾਰ ਬੈਂਕ ਦੇ ਦਬਾਅ ਹੇਠ 1991 ਵਿਚ ਕੇਂਦਰੀ ਸਰਕਾਰ ਵੱਲੋਂ ਹੋਰ ਸਰਕਾਰੀ ਅਦਾਰਿਆਂ ਦੇ ਨਾਲ-ਨਾਲ ਸਿਹਤ ਖੇਤਰ ਵਿਚ ਵੀ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰ ਦਿੱਤੀਆਂ ਗਈਆਂ ਜਿਸ ਤਹਿਤ ਕੌਮੀ ਸਿਹਤ ਬਜਟ ਵਿਚ ਕਟੌਤੀ ਕਰ ਕੇ ਬਹੁਕੌਮੀ ਕੰਪਨੀਆਂ ਅਤੇ ਵੱਡੇ ਪੂੰਜੀਪਤੀ ਅਦਾਰਿਆਂ ਨੂੰ ਸਿਹਤ ਸੰਭਾਲ ਖੇਤਰ ਵਿਚ ਪੂੰਜੀ ਨਿਵੇਸ਼ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ। ਫਿਰ 2002 ਵਿਚ ਕੌਮੀ ਸਿਹਤ ਨੀਤੀ ਵਿਚ ਕਾਰਪੋਰੇਟ ਜਗਤ ਪੱਖੀ ਤਬਦੀਲੀਆਂ ਕਰ ਕੇ ਇਲਾਜ ਤੇ ਦਵਾਈਆਂ ਦੇ ਖੇਤਰ ਵਿਚ ਬਹੁਕੌਮੀ ਕੰਪਨੀਆਂ ਨੂੰ ਮਨਮਰਜ਼ੀ ਦੀਆਂ ਕੀਮਤਾਂ ਲਾਗੂ ਕਰਨ ਦੀ ਖੁੱਲ੍ਹ ਦੇ ਦਿੱਤੀ। ਇਸੇ ਕਰ ਕੇ ਇਲਾਜ ਬਹੁਤ ਮਹਿੰਗਾ ਹੋ ਗਿਆ ਹੈ। ਮੌਜੂਦਾ ਸਰਕਾਰਾਂ ਵੱਲੋਂ ਸਿਹਤ ਖੇਤਰ ਵਿਚ ਸਰਕਾਰੀ ਭਾਈਵਾਲੀ ਘਟਾ ਕੇ ਇਸ ਨੂੰ ਨਿੱਜੀ ਅਦਾਰਿਆਂ ਦੇ ਸਪੁਰਦ ਕੀਤਾ ਜਾ ਰਿਹਾ ਹੈ। ਇਕ ਟੀ.ਵੀ. ਚੈਨਲ ਦੀ ਰਿਪੋਰਟ ਅਨੁਸਾਰ 80 ਫੀਸਦੀ ਡਾਕਟਰ ਨਿੱਜੀ ਹਸਪਤਾਲਾਂ ਵਿਚ ਕੰਮ ਕਰਦੇ ਹਨ ਅਤੇ 49 ਫ਼ੀਸਦੀ ਬੈਡ ਵੀ ਨਿਜੀ ਹਸਪਤਾਲਾਂ ਵਿਚ ਹਨ। ਦੇਸ਼ ਦੀ ਤਿੰਨ ਫੀਸਦੀ ਆਬਾਦੀ ਨਿੱਜੀ ਹਸਪਤਾਲਾਂ ਵਿਚੋਂ ਇਲਾਜ ਕਰਵਾਉਂਦੇ-ਕਰਵਾਉਂਦੇ ਗਰੀਬੀ ਰੇਖਾ ਤੋਂ ਹੇਠਾਂ ਚਲੇ ਜਾਂਦੀ ਹੈ। ਗਰੀਬ ਲੋਕ ਬਿਮਾਰ ਹੋ ਰਹੇ ਅਤੇ ਬਿਮਾਰ ਲੋਕ ਗਰੀਬ ਹੋ ਰਹੇ ਹਨ।

ਸਰਕਾਰੀ ਹਸਪਤਾਲਾਂ ਵਿਚ ਡਾਕਟਰੀ ਅਮਲੇ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਆਮ ਵਰਗ ਨਾਲ ਸਬੰਧਤ ਮਰੀਜ਼ ਆਧੁਨਿਕ ਇਲਾਜ ਖੁਣੋਂ ਮੌਤ ਦੇ ਮੂੰਹ ਵਿਚ ਜਾ ਰਹੇ ਹਨ ਅਤੇ ਪ੍ਰਾਈਵੇਟ ਹੋਟਲਨੁਮਾ ਹਸਪਤਾਲਾਂ ਵਿਚ ਮਹਿੰਗਾ ਇਲਾਜ ਕਰਵਾਉਣ ਦੀ ਉਨ੍ਹਾਂ ਦੀ ਸਮਰੱਥਾ ਨਹੀਂ ਹੈ। ਜ਼ਾਹਿਰ ਹੈ ਕਿ ਹਾਕਮ ਜਮਾਤਾਂ ਆਮ ਜਨਤਾ ਦੀ ਸਿਹਤ ਅਤੇ ਜ਼ਿੰਦਗੀ ਨੂੰ ਬਚਾਉਣ ਲਈ ਗੰਭੀਰ ਨਹੀਂ ਹਨ। ਪੂੰਜੀਵਾਦੀ ਪੱਖੀ ਸਰਕਾਰਾਂ ਦੀਆਂ ਨਿਜੀਕਰਨ ਪੱਖੀ ਨੀਤੀਆਂ ਕਾਰਨ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਦੀ ਹਾਲਤ ਖਸਤਾ ਹੈ। ਸਰਕਾਰੀ ਹਸਪਤਾਲਾਂ ਵਿਚ ਇਲਾਜ ਦੇ ਨਾਂ ਹੇਠ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਿਸਾਂ ਦੀ ਖੱਜਲ-ਖੁਆਰੀ ਹੋ ਰਹੀ ਹੈ। ਹੁਣ ਹਾਲ ਇਹ ਹੈ ਕਿ ਗੈਰ-ਮਿਆਰੀ ਸਿਹਤ ਢਾਂਚੇ ਕਾਰਨ ਜ਼ਿਆਦਾਤਰ ਮਰੀਜ਼ ਸਰਕਾਰੀ ਹਸਪਤਾਲਾਂ ਵਿਚ ਇਲਾਜ ਕਰਵਾਉਣ ਹੀ ਨਹੀਂ ਜਾਂਦੇ, ਕਿਉਂਕਿ ਉਨ੍ਹਾਂ ਨੂੰ ਉਥੇ ਸਿਹਤਯਾਬ ਹੋਣ ਦਾ ਯਕੀਨ ਨਹੀਂ ਹੁੰਦਾ। ਅਸਲ ਵਿਚ ਸਿਰਫ ਗਰੀਬ ਤੇ ਮੱਧ ਵਰਗ ਨਾਲ ਸਬੰਧਤ ਮਰੀਜ਼ ਹੀ ਸਰਕਾਰੀ ਹਸਪਤਾਲਾਂ ਵਿਚ ਮਜਬੂਰੀਵੱਸ ਦਾਖਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਵੀ ਇਲਾਜ ਦਾ ਸਾਰਾ ਖਰਚਾ ਪੱਲਿਉਂ ਹੀ ਕਰਨਾ ਪੈਂਦਾ ਹੈ।



*ਸਰਕਾਰੀ ਹਸਪਤਾਲਾਂ ਵਿਚ ਡਾਕਟਰੀ ਅਮਲੇ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਆਮ ਵਰਗ ਨਾਲ ਸਬੰਧਤ ਮਰੀਜ਼ ਆਧੁਨਿਕ ਇਲਾਜ ਖੁਣੋਂ ਮੌਤ ਦੇ ਮੂੰਹ ਵਿਚ ਜਾ ਰਹੇ ਹਨ ਅਤੇ ਪ੍ਰਾਈਵੇਟ ਹੋਟਲਨੁਮਾ ਹਸਪਤਾਲਾਂ ਵਿਚ ਮਹਿੰਗਾ ਇਲਾਜ ਕਰਵਾਉਣ ਦੀ ਉਨ੍ਹਾਂ ਦੀ ਬਿਲਕੁਲ ਸਮਰੱਥਾ ਨਹੀਂ ਹੈ।*

ਹਸਪਤਾਲ ਸਰਕਾਰੀ ਹੋਵੇ ਜਾਂ ਪ੍ਰਾਈਵੇਟ, ਮਰੀਜ਼ ਦੀ ਜਾਂਚ ਕਰਨ ਤੋਂ ਬਾਅਦ ਡਾਕਟਰ ਵੱਲੋਂ ਉਸ ਨੂੰ ਕਈ ਤਰ੍ਹਾਂ ਦੇ ਮਹਿੰਗੇ ਜਾਂਚ ਟੈਸਟ ਕਰਵਾਉਣ ਲਈ ਕਿਹਾ ਜਾਂਦਾ ਹੈ। ਬਿਮਾਰੀ ਲੱਭਣ ਲਈ ਬੇਸ਼ੱਕ ਕੁਝ ਬੁਨਿਆਦੀ ਜਾਂਚ ਟੈਸਟਾਂ ਦਾ ਬਹੁਤ ਮਹੱਤਵ ਹੁੰਦਾ ਹੈ, ਪਰ ਕਈ ਵਾਰ ਡਾਕਟਰਾਂ ਵੱਲੋਂ ਕੁਝ ਗ਼ੈਰ-ਜ਼ਰੂਰੀ ਟੈਸਟ ਵੀ ਲਿਖ ਦਿੱਤੇ ਜਾਂਦੇ ਹਨ। ਮਰੀਜ਼ ਨੂੰ ਇਹ ਟੈਸਟ ਕਿਸੇ ਵਿਸ਼ੇਸ਼ ਜਾਂਚ ਪ੍ਰਯੋਗਸ਼ਾਲਾ ਤੋਂ ਕਰਵਾਉਣ ਦੀ ਗੁੱਝੀ ਹਦਾਇਤ ਕੀਤੀ ਜਾਂਦੀ ਹੈ। ਉਹ ਇਸ ਲਈ ਕਿਉਂਕਿ ਇਨ੍ਹਾਂ ਨਿੱਜੀ ਪ੍ਰਯੋਗਸ਼ਾਲਾਵਾਂ ਅਤੇ ਸਕੈਨਿੰਗ ਸੈਂਟਰ ਇਨ੍ਹਾਂ ਡਾਕਟਰਾਂ ਨੂੰ ਮੋਟਾ ਕਮਿਸ਼ਨ ਦਿੰਦੇ ਹਨ। ਇਸੇ ਤਰ੍ਹਾਂ ਕਈ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਵਿਸ਼ੇਸ਼ ਕੰਪਨੀਆਂ ਦੀਆਂ ਮਹਿੰਗੀਆਂ ਦਵਾਈਆਂ ਲਿਖੀਆਂ ਜਾਂਦੀਆਂ ਹਨ।

ਪ੍ਰਾਈਵੇਟ ਹਸਪਤਾਲਾਂ ਵਿਚ ਬੇਸ਼ੱਕ ਸਰਕਾਰੀ ਹਸਪਤਾਲਾਂ ਨਾਲੋਂ ਕੁਝ ਬਿਹਤਰ ਸਹੂਲਤਾਂ ਮਿਲਦੀਆਂ ਹਨ ਪਰ ਇਹ ਉਨ੍ਹਾਂ ਲੋਕਾਂ ਨੂੰ ਹੀ ਹਾਸਲ ਹੁੰਦੀਆਂ ਹਨ ਜਿਹੜੇ ਮੂੰਹ ਮੰਗੇ ਪੈਸੇ ਖਰਚ ਸਕਦੇ ਹਨ। ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਹਸਪਤਾਲਾਂ ਵਿਚ ਓ.ਪੀ.ਡੀ. ਦੀ ਫੀਸ ਹੀ ਇੰਨੀ ਜ਼ਿਆਦਾ ਹੁੰਦੀ ਹੈ ਕਿ ਆਮ ਲੋਕਾਂ ਵਿਚ ਦੇਣ ਦੀ ਸਮਰੱਥਾ ਹੀ ਨਹੀਂ ਹੁੰਦੀ। ਕਈ ਹਸਪਤਾਲਾਂ ਵਿਚ ਤਾਂ ਮਰੀਜ਼ ਤੋਂ ਹਰ ਵਾਰ ਫੀਸ ਵਸੂਲੀ ਜਾਂਦੀ ਹੈ। ਦੁਨੀਆਂ ਦੇ ਸਾਰੇ ਕਿੱਤਿਆਂ ਵਿਚੋਂ ਸਿਰਫ ਡਾਕਟਰੀ ਹੀ ਅਜਿਹਾ ਕਿੱਤਾ ਹੈ ਜਿਸ ਦਾ ਸਿੱਧਾ ਸਬੰਧ ਜ਼ਿੰਦਗੀ ਅਤੇ ਮਾਨਵਤਾ ਦੀ ਭਲਾਈ ਨਾਲ ਜੁੜਿਆ ਹੋਇਆ ਹੈ। ਡਾਕਟਰ ਦਾ ਮੁੱਖ ਫਰਜ਼ ਨਾ ਸਿਰਫ ਮਰੀਜ਼ ਨੂੰ ਸਿਹਤਯਾਬ ਕਰਨਾ ਹੈ, ਬਲਕਿ ਮਨੁੱਖ ਨੂੰ ਉਸ ਦੀ ਸਰੀਰਕ, ਮਾਨਸਿਕ ਤੇ ਸਮਾਜਕ ਸਿਹਤ ਪ੍ਰਤੀ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਜਾਗਰੂਕ ਕਰਨਾ ਵੀ ਹੈ, ਪਰ ਹੁਣ ਇਹ ਕਿੱਤਾ ਕਾਫੀ ਹੱਦ ਤੱਕ ਹੋਰਨਾਂ ਕਿੱਤਿਆਂ ਵਾਂਗ ਪੈਸੇ ਕਮਾਉਣ ਦਾ ਜ਼ਰੀਆ ਬਣ ਗਿਆ ਹੈ।

ਇਹੀ ਵਜ੍ਹਾ ਹੈ ਕਿ ਜ਼ਿਆਦਾਤਰ ਡਾਕਟਰ ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖ ਕੇ ਪਿੰਡਾਂ, ਕਸਬਿਆਂ ਅਤੇ ਪੱਛੜੇ ਇਲਾਕਿਆਂ ਵਿਚ ਡਿਊਟੀ ਕਰਨ ਤੋਂ ਗੁਰੇਜ਼ ਕਰਦੇ ਹਨ। ਇਸ ਗੱਲ ਦੀ ਸੰਤੁਸ਼ਟੀ ਹੈ ਕਿ ਜਨਤਕ ਸਿਹਤ ਢਾਂਚੇ ਵਿਚ ਆਏ ਨਿਘਾਰ ਦੇ ਬਾਵਜੂਦ ਸਰਕਾਰੀ ਹਸਪਤਾਲਾਂ ਦੇ ਕਈ ਡਾਕਟਰ ਹਰ ਤਰ੍ਹਾਂ ਦੇ ਸਮਝੌਤਿਆਂ ਤੋਂ ਉਪਰ ਉਠ ਕੇ ਪੂਰੀ ਨੇਕ ਨੀਅਤੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਪਿਛਲੇ ਦੋ ਦਹਾਕੇ ਤੋਂ ਕੇਂਦਰ ਤੇ ਰਾਜ ਸਰਕਾਰਾਂ ਦੇਸ਼ ਦੀ ਗਰੀਬ ਜਨਤਾ ਨੂੰ ਜਿਥੇ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ ਪਾਣੀ, ਰੋਟੀ, ਕੱਪੜਾ, ਮਕਾਨ ਆਦਿ ਬੁਨਿਆਦੀ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ, ਉਥੇ ਹੀ ਕਾਰਪੋਰੇਟ ਖੇਤਰ ਦੀ ਭਾਈਵਾਲੀ ਰਾਹੀਂ ਸਿਹਤ ਖੇਤਰ ਵਿਚ ਕੌਮੀ ਸਿਹਤ ਬੀਮਾ ਯੋਜਨਾ ਲਾਗੂ ਕਰਕੇ ਇਸ ਦਾ ਸਮੁੱਚਾ ਢਾਂਚਾ ਹੀ ਨਿੱਜੀ ਖੇਤਰ ਦੇ ਹਵਾਲੇ ਕਰ ਰਹੀਆਂ ਹਨ; ਮਤਲਬ, ਜਿਸ ਕੋਲ ਪੈਸਾ ਹੋਵੇਗਾ, ਸਿਰਫ ਉਹੀ ਆਪਣਾ ਇਲਾਜ ਕਰਵਾ ਸਕੇਗਾ ਅਤੇ ਬਾਕੀਆਂ ਨੂੰ ਤਿਲ-ਤਿਲ ਮਰਨ ਲਈ ਛੱਡ ਦਿੱਤਾ ਜਾਵੇਗਾ। ਹੁਕਮਰਾਨਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਜਿਸ ਦੇਸ਼ ਦੀ 77 ਫੀਸਦੀ ਆਬਾਦੀ 20 ਰੁਪਏ ਪ੍ਰਤੀ ਦਿਨ 'ਤੇ ਗੁਜ਼ਾਰਾ ਕਰ ਰਹੀ ਹੋਵੇ, ਉਹ ਸਿਹਤ ਬੀਮੇ ਦੀਆਂ ਮਹਿੰਗੀਆਂ ਕਿਸ਼ਤਾਂ ਭਰਨ ਦੇ ਕਿਵੇਂ ਸਮਰੱਥ ਹੋ ਸਕਦੀ ਹੈ?

# ਤੀਵੀਂ ਤੇ ਉਸ ਦੀਆਂ ਭੈਣਾਂ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਇਸਤਰੀ ਲਈ ਪੰਜਾਬੀ ਵਿਚ ਸਭ ਤੋਂ ਵਧ ਪ੍ਰਚਲਿਤ ਸ਼ਬਦ ਤੀਵੀਂ ਜਾਂ ਇਸ ਦਾ ਇਕ ਹੋਰ ਭੇਦ ਤੀਮੀਂ ਹੈ। ਸ਼ਬਦ ਜੁੱਟ ਤੀਵੀਂ-ਆਦਮੀ ਤੋਂ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਦੋਵੇਂ ਇਕ ਦੂਜੇ ਲਈ ਹੀ ਬਣੇ ਹੁੰਦੇ ਹਨ। ਤੀਵੀਂ ਸ਼ਬਦ ਵਿਚ ਔਰਤ ਦੀ ਬੇਚਾਰਗੀ, ਮਰਦ ਪ੍ਰਤੀ ਅਧੀਨਗੀ, ਉਸ ਲਈ ਇਕ ਕਾਮ ਵਸਤੂ ਦੇ ਭਾਵ ਨਿਹਿਤ ਹਨ ਭਾਵੇਂ ਕਿ ਇਹ ਸ਼ਬਦ ਨਿਰਭਾਵ ਆਸ਼ੇ ਨਾਲ ਵੀ ਵਰਤਿਆ ਜਾਂਦਾ ਹੈ। ਪਤਨੀ ਵਜੋਂ ਤੀਵੀਂ ਸ਼ਬਦ ਵਿਚ ਘਰ ਵਾਲੀ ਨਾਲੋਂ ਰਖੇਲ ਦੇ ਭਾਵ ਵਧੇਰੇ ਉਜਾਗਰ ਹੁੰਦੇ ਹਨ। ਹਰ ਸ਼ਬਦ ਦੀਆਂ ਆਪਣੀਆਂ ਅਰਥ-ਪਰਛਾਈਆਂ ਹੁੰਦੀਆਂ ਹਨ। "ਤੀਵੀਂ ਕੱਢ ਲਿਆਇਆ" ਉਕਤੀ ਵਿਚੋਂ ਦੱਸੋ ਤੀਵੀਂ ਦੀ ਕੀ ਵੁੱਕਤ ਸਾਹਵੇਂ ਆਉਂਦੀ ਹੈ? ਕਈ ਛੜਿਆਂ ਜਾਂ ਰੰਡਿਆਂ ਦਾ ਹਾਲ ਦੇਖੋ, ਰੋਟੀ ਪੱਕਦੀ ਕਰਨ ਲਈ ਕੋਈ ਸੁਲਭ ਤੀਵੀਂ ਕੀਤੀ ਜਾਂਦੀ ਹੈ। ਅਜਿਹੀ ਤੀਵੀਂ ਮੁੱਲ ਦੀ ਵੀ ਹੋ ਸਕਦੀ ਹੈ, ਭਲਾ ਮਰਦ ਅਜਿਹਾ ਹੋ ਸਕਦਾ ਹੈ? ਤੀਵੀਂ ਦੀ ਬੇਚਾਰਗੀ ਦੱਸਣ ਲਈ ਤੀਵੀਂ ਮਾਨੀ ਕਿਹਾ ਜਾਂਦਾ ਹੈ। ਸ਼ਰਾਬ ਪੀ ਕੇ ਮਰਦ ਤੀਵੀਆਂ ਨੂੰ ਆਮ ਹੀ ਕੁੱਟਦੇ ਰਹਿੰਦੇ ਹਨ। ਉਸ ਲਈ ਤਰਸ ਭਰਿਆ ਅਖਾਣ ਬਣਿਆ ਹੈ ਕਿ ਤੀਵੀਂ ਅਤੇ ਮਿੱਟੀ ਨੂੰ ਬਹੁਤਾ ਨਹੀਂ ਕੁੱਟੀਦਾ। ਕਹਿੰਦੇ ਹਨ, ਤੀਮੀਂ ਦੀ ਜੂਨ ਬੁਰੀ। ਤੀਵੀਂ ਤਾਂ ਜਾਣੋਂ ਮਰਦ ਦੀ ਸੇਵਾ ਲਈ ਹੀ ਹੈ। ਮੋਹਨ ਸਿੰਘ ਲਿਖਦੇ ਹਨ,

ਐਪਰ ਤੀਵੀਂ ਮਰਦ ਦੀ ਕਰੇ ਲੱਖ ਚਿੰਤਾ
ਕਦੇ ਮਰਦ ਨੂੰ ਫਿਕਰ ਨਾ ਕੱਖ ਹੋਵੇ
ਹਿਜ਼ਰ ਨਾਲ ਤੀਵੀਂ ਭਾਵੇਂ ਬਣੇ ਸੁਰਮਾ
ਕਦੇ ਸਾਫ ਨਾ ਮਰਦ ਦੀ ਅੱਖ ਹੋਵੇ।

ਪੁਰਾਣੇ ਪੰਜਾਬੀ ਸਾਹਿਤ ਵਿਚ ਤੀਵੀਂ ਜਾਂ ਤੀਮੀਂ ਸ਼ਬਦ ਬਹੁਤਾ ਨਹੀਂ ਲਭਦਾ। ਇਥੇ ਰੰਨ, ਤ੍ਰਿਆ, ਜਣੀ ਆਦਿ ਦੀ ਹੀ ਭਰਮਾਰ ਹੈ ਤੇ ਇਹ ਵੀ ਨਾਕਾਰਤਮਕ ਲਹਿਜੇ ਵਿਚ। ਉਂਜ ਪਿੰਡਾਂ ਵਿਚ ਤੀਵੀਂ ਨਾਲੋਂ ਵੀ ਬੁੜੀ ਸ਼ਬਦ ਬਹੁਤਾ ਚਲਦਾ ਹੈ।

ਭੋਜਪੁਰੀ ਵਿਚ ਤੀਵੀਂ ਦੇ ਨੇੜੇ ਤੇੜੇ ਦਾ ਸ਼ਬਦ ਤਿਵਈ ਹੈ, "ਗੰਗਾ ਮਈਆ ਕੇ ਜੈਕੀ ਅਸ ਤਵਈਆ, ਏਕ ਗੋਲਾ ਕੋ ਏ ਗੰਗਾ ਮਦ...।" ਤੀਵੀਂ ਜਿਹਾ ਹੀ ਇਕ ਹੋਰ ਸ਼ਬਦ ਤ੍ਰੀਮਤ ਹੈ ਜੋ ਭਾਵੇਂ ਪੂਰਬੀ ਪੰਜਾਬ ਵਿਚ ਬਹੁਤਾ ਬੋਲਿਆ ਨਹੀਂ ਜਾਂਦਾ ਪਰ ਸਮਝਿਆ ਤੇ ਲਿਖਿਆ ਜ਼ਰੂਰ ਜਾਂਦਾ ਹੈ। ਇਹ ਸ਼ਬਦ ਮੁਢਲੇ ਤੌਰ 'ਤੇ ਲਹਿੰਦਾ ਤੇ ਮੁਲਤਾਨੀ ਵਿਚ ਬੋਲਿਆ ਜਾਂਦਾ ਹੈ। ਇਥੋਂ ਹੀ ਚੱਲ ਕੇ ਇਹ ਟਕਸਾਲੀ ਪੰਜਾਬੀ ਵਿਚ ਪ੍ਰਵੇਸ਼ ਕਰ ਗਿਆ। ਪੰਜਾਬੀ ਸਾਹਿਤ ਵਿਚ ਇਸ ਦੀ ਖਾਸੀ ਵਰਤੋਂ ਮਿਲਦੀ ਹੈ। ਪਤਨੀ ਦੇ ਅਰਥਾਂ ਵਿਚ ਇਹ ਤੀਵੀਂ ਦੇ ਮੁਕਾਬਲੇ ਵਧੇਰੇ ਪ੍ਰਵਾਨਯੋਗ ਹੈ। ਇਕ ਕਹਾਵਤ ਹੈ, "ਤ੍ਰੀਮਤ ਰੋਵੇ ਤਿੰਨ ਵਾਰ, ਮਾਤਾ ਰੋਵੇ ਜਨਮ ਜਨਮ" ਮਤਲਬ ਘਰ ਵਾਲੀ ਕੁਝ ਵਾਰ ਰੋ ਕੇ ਚੁੱਪ ਕਰ ਜਾਂਦੀ ਹੈ, ਮਾਂ ਔਲਾਦ ਦਾ ਟੁਰ ਜਾਣਾ ਕਬਰਾਂ ਤੱਕ ਲੈ ਕੇ ਜਾਂਦੀ ਹੈ। ਨਵੀਨ ਪੰਥ ਪ੍ਰਕਾਸ਼ ਅਨੁਸਾਰ ਪੁਰਾਣੇ ਗੁਰਸਿੱਖ ਦੀ ਇਕ ਸਿਫਤ ਸੀ, "ਬਿਨਾਂ ਅਨੰਦ ਪੜ੍ਹਾਏ ਤ੍ਰੀਮਤ ਕੋ ਨਹਿ ਅੰਗ ਛੁਹਾਏ।"

ਪਰ ਔਰਤ ਜਾਤੀ ਦੀ ਸਭ ਤੋਂ ਵਧ ਇਜ਼ਤ ਰੋਲੀ ਹੈ ਤਿਰੀਆ/ਤ੍ਰਿਆ/ਤ੍ਰੀਆ ਸ਼ਬਦ ਨੇ। ਇਸੇ ਦਾ ਹੋਰ ਰੁਪਾਂਤਰ ਹਨ ਤਿਆ ਤੇ ਤੀ। ਮੈਂ ਸਭ ਤੋਂ ਪਹਿਲਾਂ ਤਿਰੀਆ ਸ਼ਬਦ ਆਪਣੇ ਭਾਪਾ ਜੀ ਤੋਂ ਸੁਣਿਆ ਸੀ। ਉਹ ਅਕਸਰ ਹੀ ਇਹ ਗੱਲ ਸੁਣਾਇਆ ਕਰਦੇ ਸਨ: ਇਕ ਆਦਮੀ ਨੇ ਲੰਮੀ ਚੌੜੀ ਸਾਰੀ ਰਾਮਾਇਣ ਸੁਣ ਕੇ ਇਸ ਦਾ ਖੁਲਾਸਾ ਇਸ ਪ੍ਰਕਾਰ ਕੀਤਾ ਸੀ, "ਉਸ ਨੇ ਉਸ ਕੀ ਤਿਰੀਆ ਛੀਨੀ, ਉਸ ਨੇ ਉਸ ਕੀ ਮੌਤ ਕੀਨੀ।" ਤਿਰੀਆ ਸ਼ਬਦ ਦੀ ਬਹੁਤੀ ਅਧੋਗਤੀ 'ਤਿਰੀਆ ਚਲਿੱਤਰ' ਸ਼ਬਦ ਜੁੱਟ ਵਿਚ ਆ ਕੇ ਹੋਈ ਲਗਦੀ ਹੈਂ। ਫਿਰ ਤਿਰੀਆ ਹਠ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਜਿਸ ਨੇ ਤਿਰੀਆ ਚਰਿਤਰ/ਚਲਿੱਤਰ ਜਾਣਨੇ ਹੋਣ ਉਹ "ਚਰਿਤ੍ਰੋ ਪਾਖਿਆਨ" ਪੜ੍ਹ ਲੈਣ। ਮੁਣਸ਼ੀ ਪ੍ਰੇਮ ਚੰਦ ਨੇ ਆਪਣੀਆਂ ਕਹਾਣੀਆਂ ਵਿਚ 'ਤਿਰੀਆ ਚਲਿੱਤਰ' ਸ਼ਬਦ ਜੁੱਟ ਦੀ ਕਈ ਵਾਰੀ ਵਰਤੋਂ ਕੀਤੀ ਹੈ। ਇਕ ਕਹਾਣੀ ਦਾ ਤਾਂ ਨਾਂ ਹੀ ਇਹੋ ਹੈ। ਹਾਲ ਇਹ ਹੈ ਕਿ ਮਦੀਨ ਜਾਤੀ ਦੀ ਨਖਰੇਬਾਜ਼ੀ ਦਰਸਾਉਣ ਲਈ "ਔਰਤ ਦਾ ਤਿਰੀਆ ਚਲਿੱਤਰ" ਉਕਤੀ ਆਮ ਹੀ ਉਚਾਰੀ ਜਾਂਦੀ ਹੈ ਹਾਲਾਂ ਕਿ ਤਿਰੀਆ ਦਾ ਅਰਥ ਵੀ ਔਰਤ ਹੀ ਹੈ। ਘਾਗ ਬਾਣੀ ਵੀ ਸੁਣ ਲਵੋ, "ਬਗੜ ਬਿਗਾਨੇ ਜੋ ਰਹੇ, ਮਾਨੇ ਤਿਰੀਆ ਕੀ ਸੀਖ। ਤੀਨੋਂ ਜੋਂ ਹੀ ਜਾਏਂਗੇ, ਪਾਹੀ ਬੋਵੈ ਈਖ।" ਉਂਜ ਪਹਿਲਾਂ ਪਹਿਲ ਤਿਰੀਆ ਸ਼ਬਦ ਨਿਖੇਧਾਤਮਕ ਅਰਥਾਂ ਵਿਚ ਨਹੀਂ ਸੀ ਵਰਤਿਆ ਜਾਂਦਾ। ਜੀਵਨ ਦੀ ਤ੍ਰਾਸਦੀ ਹੈ ਕਿ ਹਰ ਇਕ ਨੇ ਇਕ ਨਾ ਇਕ ਦਿਨ ਮਰ ਜਾਣਾ ਹੈ। ਇਸ ਤ੍ਰਾਸਦੀ ਦੀ ਟੀਸ ਮ੍ਰਿਤ ਵਿਅਕਤੀ ਦੇ ਪਰਿਵਾਰ ਵਲੋਂ ਬੇਹੱਦ ਸ਼ਿਦਤ ਨਾਲ ਅਨੁਭਵ ਕੀਤੀ ਜਾਂਦੀ ਹੈ। ਭਗਤ ਕਬੀਰ ਦੀ ਇਸ ਤੁਕ ਵਿਚ ਇਹ ਗੱਲ ਕਿੰਨੀ ਮਾਰਮਿਕਤਾ ਸਹਿਤ ਦਰਸਾਈ ਗਈ ਹੈ, "ਦੇਹਰੀ ਬੈਠੀ ਮਾਤਾ ਰੋਵੈ, ਖਟੀਆ ਲੈ ਗਏ ਭਾਈ, ਲਟ ਛਿਟਕਾਏ ਤਿਰੀਆ ਰੋਵੈ, ਹੰਸੁ ਇਕੇਲਾ ਜਾਈ।" ਦਸਮ ਗ੍ਰੰਥ ਦੇ ਇਕ ਸਵੱਈਏ ਵਿਚ ਤਿਰੀਆ ਸ਼ਬਦ ਇਸ ਪ੍ਰਕਾਰ ਆਇਆ ਹੈ, "ਆਇਸ ਪਾਇਕੈ ਨੰਦਹਿ ਕੋ ਸਭ ਗੋਪਨ ਜਾਇ ਭਲੇ ਰਥ ਸਾਜੇ॥ ਬੈਠ ਸਭੈ ਤਿਨ ਪੈ



ਤਿਰੀਆ ਸੰਗਿ ਗਾਵਤ ਜਾਤ ਬਜਾਵਤ ਬਾਜੇ। ਕਬੀਰ ਸਾਹਿਬ ਨੇ ਤ੍ਰੀਆ ਸ਼ਬਦ ਵਰਤਿਆ ਹੈ, "ਤਬ ਇਹ ਤ੍ਰਿਅ ਉਹੁ ਕੰਤ ਕਹਾਵਾ।" ਗੁਰੂ ਅਰਜਨ ਦੇਵ ਨੇ 'ਤੀ' ਸ਼ਬਦ ਦੀ ਵਰਤੋਂ ਕੀਤੀ ਹੈ, "ਪਰ ਧਨ ਪਰ ਪਰ ਤਨ ਪਰ ਤੀ ਨਿੰਦਾ॥" ਚਰਿਤ੍ਰੋ ਪਾਖਿਆਨ ਦੇ ਚਰਿਤ੍ਰ 115 ਵਿਚ ਇਹ ਸ਼ਬਦ ਆਇਆ ਹੈ, "ਗ੍ਰਿਹ ਤੀ ਜੁਤ ਜਾਨ।" ਅਰਥ ਆਪੇ ਸਮਝ ਲਵੋ।

ਔਰਤ ਲਈ ਤਿਰਯ ਅਤੇ ਇਸਤਰੀ- ਦੋਵੇਂ ਸ਼ਬਦ ਸੰਸਕ੍ਰਿਤ ਵਿਚ ਮਿਲਦੇ ਹਨ। ਇਨ੍ਹਾਂ ਸਾਰੇ ਸ਼ਬਦਾਂ ਦੇ ਟਾਕਰੇ ਇਸਤਰੀ ਸ਼ਬਦ ਸਭ ਤੋਂ ਵਧ ਸਭਿਅਕ ਸਮਝਿਆ ਜਾਂਦਾ ਹੈ ਹਾਲਾਂਕਿ ਇਹ ਵੀ ਉਸੇ ਧਾਤੂ ਤੋਂ ਬਣਿਆ ਹੈ ਜਿਸ ਤੋਂ ਬਾਕੀ ਦੇ ਗਿਣਾਏ ਗਏ ਸ਼ਬਦ। ਪਰ ਪੰਜਾਬੀ ਵਿਚ ਇਸਤਰੀ ਆਮ ਬੋਲਚਾਲ ਦਾ ਸ਼ਬਦ ਨਹੀਂ ਹੈ, ਬਹੁਤਾ ਲਿਖਤੀ ਜਾ ਸਾਹਿਤਕ ਤੌਰ 'ਤੇ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਕੁਝ ਇਕ ਵਾਰੀ ਆਇਆ ਹੈ। "ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ॥" - ਗੁਰੂ ਨਾਨਕ ਦੇਵ। ਅਰਥਾਤ ਜੇ ਸੁਰਗ ਦੀਆਂ ਪਰੀ ਰੂਪ ਇਸਤਰੀਆਂ ਵੀ ਮੇਰੇ ਘਰ ਹੋਣ ਤਾਂ ਇਹ ਵੀ ਨਾਸ਼ਵਾਨ ਹਨ। "ਇਸਤਰੀ ਪੁਰਖੈ ਖਟਿਐ ਭਾਉ॥" -ਇਸਤਰੀ ਕਮਾਊ ਪਤੀ ਨਾਲ ਹੀ ਪਿਆਰ ਕਰਦੀ ਹੈ। ਅੱਜ ਕਲ੍ਹ ਔਰਤ ਨਾਲ ਸਬੰਧਤ ਬਹੁਤੇ ਸ਼ਬਦ ਮਹਿਲਾ ਤੋਂ ਬਿਨਾ ਇਸਤਰੀ ਦੇ ਅੱਗੇ ਪਿਛੇ ਹੋਰ ਵਧੇਤਰ ਜਾਂ ਸ਼ਬਦ ਆਦਿ ਲਾ ਕੇ ਹੀ ਬਣਾਏ ਜਾਂਦੇ ਹਨ ਜਿਵੇਂ ਇਸਤਰੀ ਲਿੰਗ, ਇਸਤਰੀ ਸਭਾ, ਇਸਤਰੀ ਜਥਾ, ਇਸਤਰੀ ਸ਼ਕਤੀ, ਇਸਤਰੀਤਵ, ਇਸਤਰੀ ਦਿਵਸ, ਪਰਾਈ ਇਸਤਰੀ, ਪਰ-ਇਸਤਰੀਗਮਨ ਆਦਿ। ਕੁਝ ਲੋਕ ਇਸਤਰੀ ਸ਼ਬਦ ਨੂੰ ਹਿੰਦੀ ਜਾਂ ਸੰਸਕ੍ਰਿਤ ਦਾ ਸਮਝਦੇ ਹੋਏ ਇਸ ਦੀ ਵਰਤੋਂ ਦੇ ਵਿਰੁਧ ਝੰਡੇ ਚੁੱਕੀ ਫਿਰਦੇ ਹਨ। ਪਰ ਅਸੀਂ ਦੇਖਿਆ ਹੈ ਕਿ ਗੁਰਬਾਣੀ ਵਿਚ ਇਸਤਰੀ ਸ਼ਬਦ ਆਇਆ ਹੈ। ਹੋਰ ਤਾਂ ਹੋਰ ਸਿੱਖ ਰਹਿਤ ਮਰਿਆਦਾ ਵਿਚ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਮਿਸਾਲ ਵਜੋਂ "ਸਿੱਖ ਦੀ ਤਾਰੀਫ" ਦਸਦੇ ਹੋਏ ਲਿਖਿਆ ਹੈ ਕਿ "ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਦੇ ਅੰਮ੍ਰਿਤ 'ਤੇ ਨਿਸਚਾ ਰੱਖਦਾ ਹੈ ਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।" ਸੰਸਕ੍ਰਿਤ ਵਿਚ ਇਸਤਰੀ ਸ਼ਬਦ ਹਰ ਜਾਨਵਰ ਦੇ ਮਾਦਾ ਲਈ ਵੀ ਵਰਤਿਆ ਜਾਂਦਾ ਹੈ। ਪੰਜਾਬੀ ਵਿਚ ਕਿਧਰੇ ਕਿਧਰੇ ਮੈਨੂੰ ਇਸਤਰੀ ਸ਼ਬਦ ਵਿਚੋਂ 'ਸ' ਧੁਨੀ ਅਲੋਪ ਹੋ ਕੇ ਬਣਿਆ ਸ਼ਬਦ 'ਇਤਰੀ' ਰੜਕਿਆ ਹੈ ਜਿਵੇਂ "ਪਸ਼ੂ ਪੰਛੀਆਂ ਵਿਚ ਇੱਕ-ਇੱਕ ਦੋਖ ਹੈ ਪਰ ਇਤਰੀ ਪੁਰਸ਼ ਵਿਚ ਪੰਜ ਇੱਕਠੇ ਹਨ- ਮ੍ਰਿਗ ਮੀਨ ਭ੍ਰਿੰਗ ਕੁੰਚਰ ਏਕੁ ਦੋਖ ਬਿਨਾਸ॥ ਪਾਂਚ ਦੋਖ ਅਸਾਧ ਜਾ ਮਹਿ ਤਾਂ ਕੀ ਕੇਤਕ ਆਸ॥ ਜਿਵੇਂ ਚੰਦਨ ਦੇ ਨਿਕਟ ਵੱਸਣ ਵਾਲੇ ਹਰਿੰਡ 'ਚੋਂ ਵੀ ਖੁਸ਼ਬੂ ਆਉਣ ਲੱਗ ਜਾਂਦੀ ਹੈ- ਨੀਚ ਰੂਖ ਤੇ ਊਚ ਭਏ॥

ਬਹੁਤ ਸਾਰੇ ਸ੍ਰੋਤਾਂ ਅਨੁਸਾਰ ਇਸਤਰੀ ਸ਼ਬਦ ਦਾ ਧਾਤੂ ਹੈ 'ਸਤੈ।' ਇਸ ਵਿਚ ਜੁੜਨਾ, ਜੰਮਣਾ (ਜਿਵੇਂ ਦਹੀਂ ਦਾ), ਫੈਲਣਾ, ਸਿੱਥਲ ਹੋਣਾ, ਗਾੜਾ ਹੋਣਾ, ਵਧਣਾ ਆਦਿ ਦੇ ਭਾਵ ਹਨ। ਮਰਦ ਦਾ ਵੀਰਯ ਅਤੇ ਔਰਤ ਦਾ ਬੀਜਾਣੂ ਇਸਤਰੀ ਦੀ ਬੱਚੇਦਾਨੀ ਵਿਚ ਇਕੱਠੇ ਹੋ ਕੇ ਬੱਚਾ ਪੈਦਾ ਕਰਦੇ ਹਨ। ਇਸ ਤਰ੍ਹਾਂ ਔਰਤ ਜਣਨਹਾਰ ਹੈ। ਇਸਤਰੀ ਸ਼ਬਦ ਦੀ ਵਿਉਤਪਤੀ ਇਸ ਪ੍ਰਕਾਰ ਹੀ ਕੀਤੀ ਜਾਂਦੀ ਹੈ। ਸੋ, ਇਸਤਰੀ ਦੇ ਨਿਰੁਕਤਕ ਅਰਥ ਜਣਨੀ ਦੇ ਹੀ ਸਿਧ ਹੁੰਦੇ ਹਨ। ਤੀਵੀਂ, ਤ੍ਰੀਮਤ, ਤਿਰੀਆ ਆਦਿ ਸ਼ਬਦ ਇਸਤਰੀ ਤੋਂ ਹੀ ਬਣੇ ਹਨ। ਇਸਤਰੀ ਵਿਚੋਂ 'ਇਸ' ਅਲੋਪ ਹੋਣ ਨਾਲ 'ਤਰੀ' ਅੰਸ਼ ਰਹਿ ਜਾਂਦਾ ਹੈ ਜਿਸ ਨਾਲ ਹੋਰ ਪਿਛੇਤਰ ਲੱਗ ਕੇ ਇਹ ਸਾਰੇ ਸ਼ਬਦ ਬਣੇ ਹਨ। ਟਰਨਰ ਅਨੁਸਾਰ ਇਨ੍ਹਾਂ ਦੀ ਵਿਆਖਿਆ ਨਹੀਂ ਹੋ ਰਹੀ। ਭਾਰਤ ਦੀਆਂ ਆਰਿਆਈ ਭਾਸ਼ਾਵਾਂ ਵਿਚ ਇਸਤਰੀ ਸ਼ਬਦ ਦੇ ਆਪਣੇ ਆਪਣੇ ਅਨੇਕਾਂ ਰੂਪ ਮਿਲਦੇ ਹਨ।

ਤ੍ਰਿੰਜਣ ਸ਼ਬਦ ਵਿਚ ਵੀ ਤਿਰਅ ਅੰਸ਼ ਬੋਲਦਾ ਹੈ, ਇਹ ਤਿਰੀਆਂ ਦਾ ਆਂਗਣ ਹੀ ਹੈ। ਤੀਆਂ ਦਾ ਤਿਉਹਾਰ ਇਸਤਰੀਆਂ ਦਾ ਹੋਣ, ਕੁਝ ਲੋਕਾਂ ਅਨੁਸਾਰ ਇਸ ਸ਼ਬਦ ਵਿਚ ਵੀ ਤਿਰੀਆ ਹੀ ਗੂੰਜਦੀ ਹੈ। ਪਰ ਵਾਸਤਵ ਵਿਚ ਇਹ ਸ਼ਬਦ ਤੀਜ ਤੋਂ ਬਣਿਆ ਹੈ। ਇਥੇ ਤੀਜ ਦਾ ਅਰਥ ਹੈ- ਸਾਵਣ ਮਹੀਨੇ ਦੀ ਤੀਜੀ ਤਿਥੀ। ਇਹ ਤਿਉਹਾਰ ਇਸ ਦਿਨ ਤੋਂ ਸ਼ੁਰੂ ਹੁੰਦਾ ਹੈ। ਇਸ ਨੂੰ ਹਰਿਆਲੀ ਤੀਜ ਜਾਂ ਸਾਵਿਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ।

## ਵਕਤ

ਵੇਖ ਕੇ ਦੁਨੀਆਂ ਦੀ ਦੀਵਾਲੀ
ਦਿਲ ਮੇਰਾ ਉਦਾਸ ਹੋ ਗਿਆ।
ਵਲੈਤ ਗਿਆ ਨਾ ਵਾਪਸ ਮੁੜਿਆ
ਜਿਵੇਂ ਸਵਰਗੀਂ ਵਾਸ ਹੋ ਗਿਆ।
ਆਪਣੇ ਦੇਸ਼ 'ਚ 'ਰਾਜਾ' ਸੀ ਜੋ
ਬਾਹਰ ਆ ਕੇ 'ਦਾਸ' ਹੋ ਗਿਆ।
ਅਮਰੀਕਾ ਵਿਚ 'ਲੇਬਰ' ਸੀ ਉਹ
ਇੰਡੀਆ ਮੁੜ ਕੇ 'ਬਾਸ' ਹੋ ਗਿਆ।
ਹਰ ਖੇਤਰ ਵਿਚ ਫੇਲ੍ਹ ਸੀ ਕਾਕਾ
ਛੋਲੇ ਦੇ ਕੇ ਪਾਸ ਹੋ ਗਿਆ।
'ਗਿੱਲ' ਭੇਜਿਆ ਪੈਨ ਸੀ ਤੋਹਫਾ
ਉਸ ਦੇ ਲਈ ਨਾ ਖਾਸ ਹੋ ਗਿਆ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

## ਗਜ਼ਲ

ਸਾਨੂੰ ਤੋੜਿਆ ਤੂੰ ਰੁੱਖ ਨਾਲੋਂ ਫਲ ਵਾਂਗਰਾਂ।
ਅਸੀਂ ਵਹਿ ਚੱਲੇ ਅੱਖੀਆਂ ਦੇ ਜਲ ਵਾਂਗਰਾਂ।

ਮੇਰੇ ਘਰ ਵਿਚ ਰੋਜ਼ ਇਕ ਬਦਲਦਾ ਹੈ ਯੁਗ,
ਮੇਰੀ ਜ਼ਿੰਦਗੀ, ਇਹ ਬੀਤੇ ਪਰ ਪਲ ਵਾਂਗਰਾਂ।

ਤੇਰੇ ਨਾਲ ਜੋ ਬਿਤਾਏ ਪਲ, ਨਹੀਂਓਂ ਭੁੱਲਦੇ,
ਹੋਇਆ ਬੀਤਿਆ ਉਹ ਲੱਗਦੈ, ਕੱਲ੍ਹ ਵਾਂਗਰਾਂ।

ਤੂੰ ਸਮਾ ਗਿਐਂ ਸਮੁੰਦਰ 'ਚ ਬਣ ਕੇ ਨਦੀ,
ਅਸੀਂ ਭੁੱਜਦੇ ਪਏ ਹਾਂ, ਕਿਸੇ ਥਲ ਵਾਂਗਰਾਂ।

ਮੇਰੀ ਤਨਹਾਈ ਮੈਨੂੰ ਦੱਸਦੀ ਐ 'ਸੈਂਪਲੇ',
ਆਊ ਫਿਰ ਮੁਸੀਬਤ, ਸਾਗਰ ਛਲ ਵਾਂਗਰਾਂ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

## ਸੰਪਾਦਕ ਦੀ ਡਾਕ

### ਧਨ, ਧਰਮ ਤੇ ਇਖਲਾਕ

'ਪੰਜਾਬ ਟਾਈਮਜ਼' ਦੇ 18 ਅਕਤੂਬਰ ਵਾਲੇ ਅੰਕ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਵੱਲੋਂ ਲਿਖਿਆ ਲੇਖ 'ਧਨ ਤੇ ਇਖਲਾਕ ਦਾ ਰਿਸ਼ਤਾ' ਪੜ੍ਹਿਆ। ਉਨ੍ਹਾਂ ਦੇ ਇਹ ਵਿਚਾਰ ਮੇਰੇ ਲਿਖੇ ਪ੍ਰਤੀਕਰਮ ਬਾਰੇ ਹਨ। ਉਨ੍ਹਾਂ ਨੇ ਇਸ ਲੇਖ ਵਿਚ ਮੇਰੇ ਉਨ੍ਹਾਂ ਵਿਚਾਰਾਂ ਨੂੰ ਨਕਾਰਿਆ ਹੈ ਜੋ ਮੈਂ ਕਾਨਾ ਸਿੰਘ ਦੇ ਲੇਖ 'ਵੱਡਿਆਂ ਦਾ ਲਾਂਘਾ' (ਅੰਕ 38) ਬਾਰੇ ਪ੍ਰਗਟ ਕੀਤੇ ਸਨ। ਡਾ. ਸਮਰਾਓ ਨੇ ਆਪਣੇ ਲੇਖ ਵਿਚ ਕਾਨਾ ਸਿੰਘ ਦੇ ਵਿਚਾਰਾਂ ਦਾ ਪੱਖ ਪੂਰਿਆ ਹੈ।

ਦਲੀਲ ਅਤੇ ਕਾਨੂੰਨ ਦਾ ਕਈ ਵਾਰੀ ਸੱਚਾਈ ਨਾਲ ਕੋਈ ਸਬੰਧ ਨਹੀਂ ਹੁੰਦਾ; ਜਿਵੇਂ ਕਈ ਵਾਰੀ ਵਕੀਲ ਦਲੀਲਾਂ ਨਾਲ ਝੂਠੇ ਕੇਸ ਨੂੰ ਵੀ ਸੱਚਾ ਸਿੱਧ ਕਰ ਦਿੰਦਾ ਹੈ। ਡਾ. ਸਮਰਾਓ ਨੇ ਮੇਰੇ ਕਹੇ ਸ਼ਬਦ ਕਾਨਾ ਸਿੰਘ ਦੇ ਬਣਾ ਦਿੱਤੇ; ਜਿਵੇਂ ਮੈਂ ਕਾਨਾ ਸਿੰਘ ਦੇ ਵਿਚਾਰਾਂ ਦਾ ਵਿਰੋਧ ਨਹੀਂ ਸੀ ਕੀਤਾ, ਕਿ ਪੈਸੇ ਦੀ ਸੰਭਾਲ ਨਹੀਂ ਕਰਨੀ ਚਾਹੀਦੀ, ਤੇ ਇਹ ਮੇਰੇ ਸ਼ਬਦ ਹਨ ਕਿ ਮਨੁੱਖ ਨੂੰ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਮੈਂ ਤਾਂ ਉਨ੍ਹਾਂ ਦੇ ਇਸ ਵਿਚਾਰ ਦਾ ਵਿਰੋਧ ਕੀਤਾ ਸੀ ਕਿ ਇਸ ਵਿਚਾਰ ਨਾਲ ਸਹਿਮਤੀ ਨਹੀਂ ਕਿ ਜਿਹੜਾ ਮਨੁੱਖ ਪੈਸੇ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ, ਉਸ ਦਾ ਇਖਲਾਕ ਤੇ ਅਸੂਲ ਨਹੀਂ ਹੁੰਦਾ। ਮੈਂ ਗੁਰੂ ਨਾਨਕ ਸਾਹਿਬ ਦੀ ਉਦਾਹਰਨ ਦਿੱਤੀ ਸੀ ਕਿ ਉਨ੍ਹਾਂ ਨੇ ਸਾਰੀ ਉਮਰ ਪੈਸੇ ਦੀ ਪ੍ਰਵਾਹ ਨਹੀਂ ਕੀਤੀ, ਤਾਂ ਕੀ ਉਨ੍ਹਾਂ ਦਾ ਇਖਲਾਕ ਤੇ ਅਸੂਲ ਨਹੀਂ ਸੀ?

ਡਾ. ਸਮਰਾਓ ਪਦਾਰਥਵਾਦੀ ਵਿਚਾਰਾਂ ਦੇ ਲਗਦੇ ਹਨ ਅਤੇ ਗੁਰਬਾਣੀ ਵਿਚ ਇਨ੍ਹਾਂ ਦੀ ਕੋਈ ਸ਼ਰਧਾ ਤੇ ਵਿਸ਼ਵਾਸ ਨਹੀਂ ਲਗਦਾ। ਮੈਂ ਪੈਸੇ ਤੇ ਇਖਲਾਕ ਦੇ ਸਬੰਧ ਵਿਚ ਲਿਖਿਆ ਸੀ ਕਿ ਗੁਰਬਾਣੀ ਕਹਿੰਦੀ ਹੈ- ਮਾਇਆਧਾਰੀ ਅਤਿ ਅੰਨਾ ਬੋਲਾ॥ ਡਾ. ਸਮਰਾਓ ਨੇ ਇਸ ਵਿਚਾਰ ਨੂੰ ਵੀ ਨਕਾਰਨ ਦਾ ਯਤਨ ਕੀਤਾ, ਜਦੋਂ ਕਿ ਇਹ ਮੇਰੇ ਆਪਣੇ ਵਿਚਾਰ ਨਹੀਂ ਹਨ, ਗੁਰੂ ਸਾਹਿਬ ਦੇ ਹਨ। ਉਨ੍ਹਾਂ ਕਾਰਲ ਮਾਰਕਸ ਦੀ ਗੱਲ ਕੀਤੀ ਹੈ, ਜਦੋਂ ਕਿ ਕਾਰਲ ਮਾਰਕਸ ਵਿਅਕਤੀਗਤ ਗੁਣਾਂ ਦੇ ਹੱਕ ਵਿਚ ਹੀ ਨਹੀਂ; ਜਿਵੇਂ ਉਹ ਦਇਆ, ਦਾਨ, ਸਬਰ, ਸੰਤੋਖ ਵਰਗੀਆਂ ਫਿਊਡਲ ਸਦਾਚਾਰਕ ਕੀਮਤਾਂ ਨੂੰ ਤਾਂ ਉਂਜ ਹੀ ਗਲਤ ਸਮਝਦਾ ਹੈ। ਉਹ ਸਰਬੱਤ ਦਾ ਭਲਾ ਵਰਗੀਆਂ ਅਪਨਾਉਣ ਯੋਗ ਕੀਮਤਾਂ ਅਤੇ ਵੰਡ ਛਕੋ ਦੇ ਆਦਰਸ਼ਵਾਦੀ ਆਦਰਸ਼ਾਂ ਨੂੰ ਵੀ ਯੂਟੋਪੀਆਈ ਬਿਆਨ ਕਰਦਾ ਹੈ।

ਗੁਰਬਾਣੀ ਵਿਚ ਗੁਰੂ ਜੀ ਪੈਰ-ਪੈਰ 'ਤੇ ਹੋਕਾ ਦਿੰਦੇ ਹਨ ਕਿ ਮਾਇਆ ਧਰਮ ਕਮਾਉਣ ਵਿਚ ਅਤੇ ਪਰਮਾਤਮਾ ਦੀ ਪ੍ਰਾਪਤੀ ਵਿਚ ਵੱਡੀ ਰੁਕਾਵਟ ਹੈ। ਡਾ. ਸਮਰਾਓ ਨਾਸਤਿਕ ਲਗਦੇ ਹਨ, ਜੇ ਉਹ ਆਸਤਿਕ ਹੁੰਦੇ ਤੇ ਗੁਰਬਾਣੀ ਵਿਚ ਉਨ੍ਹਾਂ ਦੀ ਸ਼ਰਧਾ ਹੁੰਦੀ, ਤਾਂ ਮੇਰੇ ਇਨ੍ਹਾਂ ਵਿਚਾਰਾਂ ਨੂੰ ਬੁੱਧੀ ਦੇ ਤਲ 'ਤੇ ਨਾ ਨਕਾਰਦੇ। ਕੌਣ ਠੀਕ, ਕੌਣ ਗਲਤ ਤੇ ਕੌਣ ਸੱਚਾ-ਝੂਠਾ ਹੈ, ਭਾਵ ਸੱਚਾਈ ਦਾ ਸਬੰਧ ਮਨੁੱਖੀ ਕਦਰਾਂ-ਕੀਮਤਾਂ ਨਾਲ ਹੁੰਦਾ। ਗੈਰਤ, ਜ਼ਮੀਰ, ਨੈਤਿਕਤਾ, ਜਜ਼ਬਾਤ, ਅਹਿਸਾਸ, ਹਮਦਰਦੀ, ਦਇਆ ਤੋਂ ਸੱਖਣਾ ਮਨੁੱਖ, ਮਨੁੱਖ ਨਹੀਂ ਹੁੰਦਾ ਅਤੇ ਉਹ ਸੱਚਾਈ ਤੋਂ ਕੋਹਾਂ ਦੂਰ ਹੁੰਦਾ ਹੈ।

ਡਾ. ਸਮਰਾਓ ਆਖਦੇ ਹਨ ਕਿ ਨਿਰਧਨ ਮਨੁੱਖ ਗੈਰ-ਇਖਲਾਕੀ ਵਿਹਾਰ ਕਰਦਾ ਹੈ। ਉਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਪੈਸੇ ਦੇ ਨਸ਼ੇ ਵਿਚ ਵੀ ਮਨੁੱਖ ਗੈਰ-ਇਖਲਾਕੀ ਵਿਹਾਰ ਕਰਦਾ ਹੈ, ਜਿਵੇਂ ਗੁਰਬਾਣੀ ਆਖਦੀ ਹੈ- ਮਾਇਆਧਾਰੀ ਅਤਿ ਅੰਨਾ ਬੋਲਾ॥ ਡਾ. ਸਮਰਾਓ ਨੇ ਲਿਖਿਆ ਹੈ ਕਿ ਮਾਸਟਰ ਲਾਲੀ ਪਤਾ ਨਹੀਂ ਕਿਹੜੇ ਇਖਲਾਕ ਦੀ ਗੱਲ ਕਰਦੇ ਹਨ? ਡਾਕਟਰ ਜੀ, ਉਚੀ ਵਿੱਦਿਆ ਪ੍ਰਾਪਤ ਕਰਨੀ ਹੋਰ ਗੱਲ ਹੈ ਅਤੇ ਉਚਾ-ਸੁੱਚਾ ਕਿਰਦਾਰ ਹੋਣਾ ਹੋਰ ਗੱਲ ਹੈ; ਜਿਵੇਂ ਵਿੱਦਿਆ, ਕਿਰਦਾਰ, ਪੈਸਾ, ਪਿਆਰ, ਪਦਵੀ, ਸੁੱਖ ਅਤੇ ਜ਼ਿੰਦਗੀ ਵੱਖ-ਵੱਖ ਪਹਿਲੂ ਹਨ। ਇਖਲਾਕ ਕੀ ਹੈ ਭਲਾ? ਇਕੱਲੀ-ਇਕਹਿਰੀ ਵਿਦਵਤਾ ਹਿਪੋਕਰੇਸੀ ਵੱਲ ਹੀ ਲੈ ਕੇ ਜਾਂਦੀ ਹੈ।

ਅੰਤ ਵਿਚ ਡਾ. ਸਮਰਾਓ ਨੂੰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਵਿਚਾਰ ਕਾਨਾ ਸਿੰਘ ਦੀ ਲਿਖਤ ਬਾਰੇ ਮੈਂ ਲਿਖੇ ਸਨ, ਉਹ ਵਿਚਾਰ ਮੇਰੇ ਇਕੱਲੇ ਦੇ ਨਹੀਂ ਸਨ। ਮੈਂ ਇਹ ਵਿਚਾਰ ਪੜ੍ਹੇ-ਲਿਖੇ ਲੋਕਾਂ ਨਾਲ ਮਸ਼ਵਰਾ ਕਰ ਕੇ ਲਿਖੇ ਸਨ। ਡਾ. ਸਮਰਾਓ ਨੂੰ ਪਤਾ ਨਹੀਂ ਇਹ ਵਿਚਾਰ ਚੰਗੇ ਕਿਉਂ ਨਹੀਂ ਲੱਗੇ। ਹੋ ਸਕਦਾ ਹੈ, ਮਾਰਕਸਵਾਦੀ ਵਿਚਾਰਧਾਰਾ ਦੇ ਧਾਰਨੀ ਹੋਣ ਕਰ ਕੇ ਉਨ੍ਹਾਂ ਨੂੰ ਮੇਰੇ ਇਹ ਵਿਚਾਰ ਚੰਗੇ ਨਾ ਲੱਗੇ ਹੋਣ, ਪਰ ਮੇਰੇ ਇਹ ਵਿਚਾਰ ਮੇਰੀ ਜ਼ਮੀਰ ਨੇ ਮੈਥੋਂ ਲਿਖਾਏ ਹਨ। ਆਤਮਾ ਦੀ ਆਵਾਜ਼ ਵਿਚੋਂ ਉਪਜੇ ਵਿਚਾਰ ਕਦੀ ਗਲਤ ਨਹੀਂ ਹੁੰਦੇ। ਪੱਖਪਾਤ, ਖੁਦਗਰਜ਼ੀ, ਹਉਮੈ ਤੇ ਈਰਖਾ ਵੀ ਮਨੁੱਖ ਕੋਲੋਂ ਬਹੁਤ ਕੁਝ ਕਰਾ ਦਿੰਦੀ ਹੈ।

*-ਮਾਸਟਰ ਨਿਰਮਲ ਸਿੰਘ ਲਾਲੀ*
*ਯੂਬਾ ਸਿਟੀ, ਕੈਲੀਫੋਰਨੀਆ।*
*ਫੋਨ: 530-777-0955*

---

### ਬਾਹਮਣਾਂ ਦਾ ਸੱਤ ਦੇਵ ਬਨਾਮ ਸੱਤ ਦੇਵ ਸ਼ਰਮਾ

'ਪੰਜਾਬ ਟਾਈਮਜ਼' ਦੇ 11 ਅਕਤੂਬਰ ਵਾਲੇ ਅੰਕ ਵਿਚ ਨੰਗਲ ਸ਼ਾਮਾ ਵਾਲੇ ਦਲਬੀਰ ਸਿੰਘ ਦਾ ਲਿਖਿਆ ਲੇਖ 'ਬਾਹਮਣਾਂ ਦਾ ਸੱਤ ਦੇਵ' ਪੜ੍ਹਿਆ। ਉਨ੍ਹਾਂ ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ ਦਰਜ ਇਹ ਲੇਖ ਸ੍ਰੀ ਸੱਤ ਦੇਵ ਸ਼ਰਮਾ ਦੇ ਪਰਿਵਾਰ ਨੂੰ ਸਮਰਪਿਤ ਸੀ। ਮੈਂ ਸ੍ਰੀ ਸੱਤ ਦੇਵ ਸ਼ਰਮਾ ਦਾ ਵਿਦਿਆਰਥੀ ਹਾਂ ਅਤੇ ਇਸ ਲੇਖ ਦੇ ਨਾਲ ਇਹ ਵਾਧਾ ਕਰਨਾ ਚਾਹੁੰਦਾ ਹਾਂ ਕਿ ਉਹ ਬਹੁਤ ਬੁੱਧੀਮਾਨ, ਸਮਰਪਿਤ ਅਤੇ ਸੱਚੇ ਅਧਿਆਪਕ ਸਨ ਜੋ ਸਦਾ ਹੀ ਆਪਣੇ ਵਿਦਿਆਰਥੀਆਂ ਦੀ ਮਦਦ ਲਈ ਤਿਆਰ ਰਹਿੰਦੇ ਸਨ; ਖਾਸ ਕਰ ਕੇ ਪੇਂਡੂ ਪਿਛੋਕੜ ਵਾਲੇ ਵਿਦਿਆਰਥੀਆਂ ਨਾਲ ਉਨ੍ਹਾਂ ਦਾ ਵਿਸ਼ੇਸ਼ ਮੋਹ ਸੀ। ਮੈਨੂੰ ਮਾਣ ਹੈ ਕਿ ਮੈਂ ਉਨ੍ਹਾਂ ਦਾ ਵਿਦਿਆਰਥੀ ਹਾਂ ਜਿਨ੍ਹਾਂ ਨੇ ਮੇਰੇ ਸਮੇਤ ਕਈ ਹੋਰ ਵਿਦਿਆਰਥੀਆਂ ਨੂੰ ਸਫ਼ਲਤਾ ਦੇ ਰਾਹ ਉਤੇ ਤੋਰਿਆ।

ਮੈਨੂੰ ਯਕੀਨ ਹੈ ਕਿ ਮੇਰੇ ਵਰਗੇ ਉਨ੍ਹਾਂ ਦੇ ਕਈ ਹੋਰ ਵਿਦਿਆਰਥੀਆਂ ਦੇ ਵੀ ਇਹੀ ਵਿਚਾਰ ਹੋਣਗੇ। ਮੈਂ ਤੁਹਾਡਾ ਅਤੇ ਲੇਖਕ (ਮਰਹੂਮ) ਦਲਬੀਰ ਸਿੰਘ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੇਰੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ ਅਤੇ ਮੈਨੂੰ ਸ੍ਰੀ ਸ਼ਰਮਾ ਨਾਲ ਕਈ ਦਹਾਕੇ ਪਹਿਲਾਂ ਬਿਤਾਇਆ ਸਮਾਂ ਯਾਦ ਆ ਗਿਆ।

ਤੁਸੀਂ ਆਪਣੇ ਸੰਪਾਦਕੀ ਨੋਟ ਵਿਚ ਲੇਖਕ ਬਾਰੇ ਠੀਕ ਹੀ ਟਿੱਪਣੀ ਕੀਤੀ ਹੈ ਕਿ ਉਸ ਨੇ ਆਪਣੀ ਸਵੈ-ਜੀਵਨੀ ਵਿਚ ਸਿਰਫ਼ ਨੰਗਲ ਸ਼ਾਮਾ ਹੀ ਨਹੀਂ, ਪੂਰੇ ਪੰਜਾਬ ਦੇ ਪਿੰਡਾਂ ਦੀ ਗੱਲ ਕੀਤੀ ਹੈ। ਮੈਨੂੰ ਇਹ ਕਹਿਣ ਦੀ ਲੋੜ ਤਾਂ ਨਹੀਂ ਜਾਪਦੀ, ਪਰ ਕਹਿ ਰਿਹਾ ਹਾਂ ਕਿ 'ਪੰਜਾਬ ਟਾਈਮਜ਼' ਸਭ ਅਖ਼ਬਾਰਾਂ ਤੋਂ ਅੱਗੇ ਹੈ। ਰੱਬ ਅੱਗੇ ਦੁਆ ਹੈ ਕਿ ਅਜਿਹਾ ਕੰਮ ਕਰਦੇ ਰਹਿਣ ਲਈ ਤੁਸੀਂ ਅਤੇ ਤੁਹਾਡਾ ਸਟਾਫ ਸਲਾਮਤ ਰਹੋ।

*-ਡਾ. ਕੁਲਵਿੰਦਰ ਐਸ. ਬਾਠ*
*ਲਿਵਿੰਗਸਟਨ, ਕੈਲੀਫੋਰਨੀਆ*

*ਆਪਣੇ ਪਹਿਲੇ ਲੇਖਾਂ ਵਾਂਗ ਸ. ਮਝੈਲ ਸਿੰਘ ਸਰਾਂ ਨੇ ਆਪਣੇ ਇਸ ਵਿਚਾਰ-ਉਤੇਜਤ ਲੇਖ 'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ' ਵਿਚ ਵੀ ਵਾਹਵਾ ਘੁੰਡੀਆਂ ਖੋਲ੍ਹੀਆਂ ਹਨ। ਇਸ ਲੇਖ ਵਿਚ ਉਨ੍ਹਾਂ ਨੇ ਦੀਵਾਲੀ ਦੇ ਪਿਛੋਕੜ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ ਅਤੇ ਉਨ੍ਹਾਂ ਤੱਥਾਂ ਤੇ ਹਕੀਕਤਾਂ ਵੱਲ ਧਿਆਨ ਦਿਵਾਇਆ ਹੈ ਜਿਨ੍ਹਾਂ ਵੱਲ ਅਕਸਰ ਸਾਡਾ ਧਿਆਨ ਜਾਂਦਾ ਹੀ ਨਹੀਂ ਹੈ। ਇਹੀ ਉਹ ਅਚੇਤ ਗੱਲਾਂ ਹਨ ਜਿਹੜੀਆਂ ਸਾਡੇ ਜੀਵਨ ਨੂੰ ਅਸਲ ਪੈਂਡੇ ਤੋਂ ਲਾਂਭੇ ਕਰ ਕੇ ਹੋਰ ਹੀ ਕਿਤੇ ਲਈ ਜਾ ਰਹੀਆਂ ਹਨ। ਲੇਖਕ ਨੇ ਇਸ ਲੇਖ ਵਿਚ ਸਵਾਲ-ਦਰ-ਸਵਾਲ ਖੜ੍ਹੇ ਕਰ ਕੇ ਅਤੇ ਫਿਰ ਦਲੀਲਾਂ ਸਹਿਤ ਇਨ੍ਹਾਂ ਸਵਾਲਾਂ ਦੇ ਜਵਾਬ ਦੇ ਕੇ ਕੁਝ ਕੌੜੀਆਂ ਹਕੀਕਤਾਂ ਤੋਂ ਪਰਦਾ ਉਠਾਇਆ ਹੈ। ਅਦਾਰਾ 'ਪੰਜਾਬ ਟਾਈਮਜ਼' ਚਾਹੁੰਦਾ ਹੈ ਕਿ ਇਸ ਲੇਖ ਵਿਚ ਚਰਚਾ ਅਧੀਨ ਆਈਆਂ ਗੱਲਾਂ ਬਾਰੇ ਅਗਾਂਹ ਚਰਚਾ ਚੱਲੇ, ਇਸ ਲਈ ਇਸ ਵਿਸ਼ੇ ਨਾਲ ਸਬੰਧਤ ਲਿਖਤਾਂ ਲਈ ਸਭ ਨੂੰ ਖੁੱਲ੍ਹਾ ਸੱਦਾ ਹੈ। -ਸੰਪਾਦਕ*

# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ

ਜ਼ਿੰਦਗੀ ਦੇ 6 ਦਹਾਕਿਆਂ ਤੋਂ ਦੀਵਾਲੀ ਦੇ ਮਾਇਨੇ ਮੇਰੇ ਲਈ ਸਮੇਂ-ਸਮੇਂ ਬਦਲਦੇ ਰਹੇ ਹਨ। ਜਦੋਂ ਪਹਿਲੀ-ਦੂਜੀ ਜਮਾਤਾਂ ਵਿਚ ਸੀ, ਉਦੋਂ ਦੀਵਾਲੀ ਲੱਡੂ-ਜਲੇਬੀਆਂ ਤੇ ਹੋਰ ਨਿਕ-ਸੁਕ ਜਿਹੜਾ ਸਾਡੀ ਬੀਬੀ ਘਰ ਬਣਾਉਂਦੀ ਹੁੰਦੀ ਸੀ, ਖਾ ਕੇ ਕੁੱਖਾਂ ਕੱਢਣ ਅਤੇ ਰਾਤ ਹੁੰਦੇ ਸਾਰ ਬੱਸ ਰੁਪਈਏ ਕੁ ਦੇ ਕੰਧ ਵਿਚ ਮਾਰਨ ਵਾਲੇ ਪਟਾਕੇ ਜਾਂ ਫੁਲਝੜੀਆਂ ਚਲਾਉਣਾ ਹੁੰਦਾ ਸੀ। ਕੋਈ ਪਤਾ ਨਹੀਂ ਸੀ ਹੁੰਦਾ ਕਿ ਇਹ ਦੀਵਾਲੀ ਕਾਹਤੋਂ ਮਨਾਈ ਜਾਂਦੀ, ਪਰ ਦਿਲ ਇਹੋ ਕਹਿੰਦਾ ਹੁੰਦਾ ਕਿ ਦੀਵਾਲੀ ਹਰ ਦੂਜੇ-ਚੌਥੇ ਬੱਸ ਆਈ ਰਿਹਾ ਕਰੇ! ਜਦੋਂ ਚੌਥੀ ਵਿਚ ਹੋਏ, ਉਦੋਂ ਪੰਜਾਬੀ ਵਿਚ ਲੇਖ ਲਿਖਣ ਨੂੰ ਆਉਂਦਾ ਹੁੰਦਾ ਸੀ, ਤੇ ਸਭ ਤੋਂ ਪਹਿਲਾ ਲੇਖ ਸਾਨੂੰ ਦੀਵਾਲੀ ਦਾ ਚੇਤੇ ਕਰਵਾਇਆ। ਉਦੋਂ ਮਾੜਾ ਜਿਹਾ ਪਤਾ ਲੱਗਾ ਕਿ ਦੀਵਾਲੀ ਕਾਹਤੋਂ ਮਨਾਈ ਜਾਂਦੀ ਹੈ। ਦਸਵੀਂ-ਗਿਆਰਵੀਂ ਤੱਕ ਕੀ ਪੰਜਾਬੀ, ਕੀ ਹਿੰਦੀ ਤੇ ਕੀ ਅੰਗਰੇਜ਼ੀ- ਹਰ ਭਾਸ਼ਾ ਵਿਸ਼ੇ ਵਿਚ ਦੀਵਾਲੀ ਦਾ ਲੇਖ ਪੱਕਾ ਚੇਤੇ ਕਰਨਾ ਹੁੰਦਾ ਸੀ। ਇਹ ਰਟ ਚੁੱਕਾ ਸੀ ਕਿ



**ਮਝੈਲ ਸਿੰਘ ਸਰਾਂ**

ਜਦੋਂ 14 ਸਾਲਾਂ ਦਾ ਬਣਵਾਸ ਕੱਟ ਕੇ ਸ੍ਰੀ ਰਾਮ ਚੰਦਰ ਵਾਪਸ ਅਯੁੱਧਿਆ ਪਰਤੇ, ਤਾਂ ਲੋਕਾਂ ਨੇ ਖੁਸ਼ੀ ਵਿਚ ਦੀਵੇ ਜਗਾਏ। ਬਣਵਾਸ ਕਾਹਤੋਂ ਦਿੱਤਾ? ਉਹੀ ਕਹਾਣੀ, ਕੈਕਈ ਦਾ ਆਪਣੇ ਪੁੱਤ ਭਰਤ ਨੂੰ ਰਾਜਾ ਬਣਾਉਣ ਖਾਤਿਰ ਵਗੈਰਾ-ਵਗੈਰਾ। ਇਕ ਗੱਲ ਪੱਕੀ ਤਰ੍ਹਾਂ ਨਾਲ ਲਿਖੀ ਹੁੰਦੀ ਸੀ ਕਿ ਦੀਵਾਲੀ ਹਿੰਦੂਆਂ ਦਾ ਪਵਿੱਤਰ ਤਿਉਹਾਰ ਹੈ, ਕਦੀ-ਕਦੀ ਇਹ ਵੀ ਲਿਖਿਆ ਹੁੰਦਾ ਸੀ ਕਿ ਸਿੱਖ ਇਹਨੂੰ ਬੰਦੀ ਛੋੜ ਦਿਵਸ ਵਜੋਂ ਮਨਾਉਂਦੇ ਹਨ। ਉਦੋਂ ਬੰਦੀ ਛੋੜ ਬਾਰੇ ਕੁਝ ਵੀ ਨਹੀਂ ਸੀ ਪਤਾ। ਸੱਚ ਤਾਂ ਇਹ ਹੈ ਕਿ ਸਕੂਲ ਤੋਂ ਬਾਅਦ ਵੀ ਇਸ ਬਾਰੇ ਬਹੁਤਾ ਗਿਆਨ ਨਹੀਂ ਸੀ, ਬੱਸ ਦੀਵਾਲੀ ਹੀ ਗੂੰਜਦੀ ਸੀ ਮਨ ਵਿਚ, ਕਿਉਂਕਿ ਕੁਝ ਕਹੌਤਾਂ ਵੀ ਸਾਡੇ ਸਿੱਖਾਂ ਵਿਚ ਪੱਕੀਆਂ ਘਰ ਕਰ ਚੁੱਕੀਆਂ ਸਨ, ਜਿਵੇਂ 'ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ।' ਕਹਿਣ ਦਾ ਭਾਵ ਕਿ ਸਿੱਖ ਵੀ ਦੀਵਾਲੀ ਮਨਾਉਂਦੇ ਆਏ ਹਨ। ਹੁਣ ਵੀ ਦੀਵਾਲੀ ਵਾਲੇ ਦਿਨ ਜਦੋਂ ਗੁਰਦੁਆਰਿਆਂ, ਖਾਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਤੋਂ ਰਾਗੀ ਸਿੰਘਾਂ ਵੱਲੋਂ 'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ' ਸ਼ਬਦ ਦਾ ਕੀਰਤਨ ਕੀਤਾ ਜਾਂਦਾ ਹੈ, ਤਾਂ ਮੇਰੇ ਵਰਗੇ ਸਿੱਖ ਨੂੰ ਇਹੋ ਲਗਦਾ ਕਿ ਦੀਵਾਲੀ ਮਨਾਉਣ ਨੂੰ ਗੁਰਬਾਣੀ ਵਿਚ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। ਆਹ ਪਿਛਲੇ 10 ਕੁ ਸਾਲਾਂ ਤੋਂ ਪਤਾ ਲੱਗਿਆ ਕਿ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਨਹੀਂ, ਭਾਈ ਗੁਰਦਾਸ ਦਾ ਹੈ। ਇਹਦੇ ਅਰਥਾਂ ਵੱਲ ਧਿਆਨ ਵੀ ਹੁਣ ਹੀ ਗਿਆ ਹੈ। ਧਿਆਨ ਦੇਣ ਪਿੱਛੋਂ ਸੁਰਤ ਆਈ ਕਿ ਇਸ ਸ਼ਬਦ ਵਿਚ ਭਾਈ ਗੁਰਦਾਸ ਨੇ ਦੀਵੇ ਜਗਾਉਣ ਤੋਂ ਤਾਂ ਵਰਜਿਆ ਹੈ, ਪਰ ਅਸੀਂ ਝੂਮ-ਝੂਮ ਕੇ ਇਹ ਸ਼ਬਦ ਪੜ੍ਹਦੇ ਵੀ ਹਾਂ, ਤੇ ਇਸ ਦੀ ਸਿੱਖਿਆ ਤੋਂ ਉਲਟ ਦੀਵਿਆਂ ਦੀਆਂ ਕਤਾਰਾਂ ਲਾ ਦੇਈਦੀਆਂ ਰਾਤ ਨੂੰ ਕੋਠਿਆਂ ਦੇ ਬਨੇਰਿਆਂ 'ਤੇ।

ਹੁਣ ਗੱਲ ਦੀਵਾਲੀ ਬਾਰੇ ਕਰੀਏ ਕਿ ਸ੍ਰੀ ਰਾਮ ਚੰਦਰ ਦੇ ਵਾਪਸ ਅਯੁੱਧਿਆ ਪੁੱਜਣ 'ਤੇ ਉਥੋਂ ਦੇ ਵਾਸੀਆਂ ਨੇ ਬਹੁਤ ਖੁਸ਼ੀ ਮਨਾਈ। ਇਹ ਖੁਸ਼ੀ ਹੌਲੀ-ਹੌਲੀ ਐਨੀ ਫੈਲ ਗਈ ਕਿ ਸਮੁੱਚਾ ਭਾਰਤ ਦੇਸ਼ ਸਾਲ ਦੀ ਸਾਲ ਇਹਦੇ ਵਿਚ ਸ਼ਿਰਕਤ ਕਰਨ ਲੱਗ ਪਿਆ ਤੇ ਅੱਜ ਦੀ ਤਰੀਕ ਵਿਚ ਮੁਲਕ ਦਾ ਕੋਈ ਵੀ ਤਬਕਾ ਦੀਵਾਲੀ ਮਨਾਉਣ ਤੋਂ ਪਿੱਛੇ ਨਹੀਂ ਰਿਹਾ। ਯੁੱਗ ਬੀਤ ਚੁੱਕੇ ਹਨ ਇਸ ਘਟਨਾ ਨੂੰ ਵਾਪਰਿਆਂ, ਲੋਕਾਂ ਦਾ ਉਤਸ਼ਾਹ ਇਸ ਦੀਵਾਲੀ ਤੋਂ ਮੱਠਾ ਤਾਂ ਕੀ ਪੈਣਾ ਸੀ, ਸਗੋਂ ਹਰ ਸਾਲ ਵਧ ਰਿਹਾ ਹੈ। ਕਾਰਨ ਕੀ ਹੈ ਭਲਾ? ਕਿੰਨੀ ਕੁ ਵੱਡੀ ਘਟਨਾ ਸੀ 14 ਸਾਲਾਂ ਦੇ ਬਣਵਾਸ ਤੋਂ ਵਾਪਸੀ ਦੀ, ਕਿ ਲੋਕਾਂ ਦੇ ਦਿਲ-ਓ-ਦਿਮਾਗ ਵਿਚ ਅੱਜ ਤੱਕ ਘਰ ਕਰੀ ਬੈਠੀ ਹੈ? ਜਿਹੜਾ ਵੀ ਬੱਚਾ ਭਾਰਤ ਵਿਚ ਜਨਮ ਲੈਂਦਾ, ਹੋਸ਼ ਸੰਭਾਲਣ 'ਤੇ ਉਹਦਾ ਮਨਭਾਉਂਦਾ ਤਿਉਹਾਰ ਦੀਵਾਲੀ ਹੀ ਹੁੰਦਾ ਹੈ। ਲੱਗਦਾ ਨਹੀਂ ਕਿ ਕੋਈ ਬੰਦਾ ਦੀਵਾਲੀ ਨੂੰ ਨਾ ਉਡੀਕਦਾ ਹੋਊ। ਜਿਹੜਾ ਤਰਕ ਇਸ ਦੀਵਾਲੀ ਦੇ ਪਿੱਛੇ ਹਿੰਦੂ ਇਤਿਹਾਸ, ਮਿਥਿਹਾਸ ਜਾਂ ਸ਼ਾਸਤਰਾਂ ਵੱਲੋਂ ਦਿੱਤਾ ਜਾਂਦਾ, ਉਹ ਹੈ ਸ੍ਰੀ ਰਾਮ ਚੰਦਰ ਦਾ ਅਯੁੱਧਿਆ ਦੇ ਰਾਜਾ ਹੋਣ ਨਾਤੇ ਲੋਕਾਂ ਨੂੰ ਦਿੱਤਾ 'ਰਾਮ ਰਾਜ।' 'ਰਾਮ ਰਾਜ' ਦੀ ਪ੍ਰੀਭਾਸ਼ਾ ਇਹੋ ਦਿੱਤੀ ਜਾਂਦੀ ਕਿ ਰਾਜਾ ਤੇ ਰੰਕ ਬਰਾਬਰ ਸਨ, ਕੋਈ ਉਚਾ-ਨੀਵਾਂ ਨਹੀਂ। ਕੀ ਮਰਦ, ਕੀ ਔਰਤਾਂ, ਕੀ ਸ਼ੂਦਰ- ਸਭ ਰਾਮ ਰਾਜ ਵਿਚ ਬਰਾਬਰ ਦੇ ਹੱਕਦਾਰ ਸਨ। ਹਰ ਇਕ ਦੀ ਆਵਾਜ਼ ਸੁਣੀ ਜਾਂਦੀ ਸੀ, ਤੇ ਸ੍ਰੀ ਰਾਮ ਚੰਦਰ ਕਿਉਂਕਿ ਮਰਿਆਦਾ ਪੁਰਸ਼ੋਤਮ ਵਜੋਂ ਜਾਣੇ ਜਾਂਦੇ ਸਨ ਤੇ ਉਹ ਖੁਦਾਈ ਨਿਆਂਇਕ ਸਨ, ਜਿਸ ਵਿਚ ਰਤੀ ਭਰ ਵੀ ਅਨਿਆਂ ਦੀ ਗੁੰਜਾਇਸ਼ ਨਹੀਂ ਸੀ ਹੁੰਦੀ, ਇਸ ਕਰ ਕੇ ਇਸ ਤਿਉਹਾਰ ਲਈ ਉਤਸ਼ਾਹ ਲੋਕਾਂ 'ਚ ਅੱਜ ਵੀ ਬਰਕਰਾਰ ਹੈ। ਅਸੀਂ ਭਾਰਤੀ ਲੋਕ, ਸਿਆਸੀ ਲੀਡਰ ਤੇ ਧਾਰਮਿਕ ਹਸਤੀਆਂ ਅਕਸਰ ਰਾਮ ਰਾਜ ਦੀ ਬਾਤ ਹੀ ਪਾਉਂਦੇ ਰਹਿੰਦੇ ਹਾਂ।

ਭੁਲੇਖਾ ਹੈ ਸਾਡੇ ਮਨਾਂ ਵਿਚ ਕਿ ਹੁਣ ਰਾਮ ਰਾਜ ਹੈ ਨਹੀਂ, ਜਿੱਦਾਂ ਦਾ ਸ੍ਰੀ ਰਾਮ ਚੰਦਰ ਨੇ ਪਰਜਾ ਨੂੰ ਦਿੱਤਾ ਸੀ। ਉਦੋਂ ਤਾਂ ਸਭ ਕੁਝ ਜ਼ੁਬਾਨੀ-ਕਲਾਮੀ ਹੋ ਜਾਂਦਾ ਸੀ, ਕਿਉਂਕਿ ਉਹ ਖੁਦ ਹੀ ਮਰਿਆਦਾ ਪੁਰਸ਼ੋਤਮ ਸਨ, ਪਰ ਹੁਣ ਤਾਂ ਆਜ਼ਾਦੀ ਤੋਂ ਬਾਅਦ ਅਸੀਂ ਮਰਿਆਦਾ ਦਾ ਗ੍ਰੰਥ ਲਿਖ ਲਿਆ ਹੋਇਆ ਜਿਸ ਪ੍ਰਤੀ ਵਫਾਦਾਰੀ ਦੀ ਸਹੁੰ ਖਾਂਦੇ ਹਾਂ। ਇਹ ਗ੍ਰੰਥ ਹੈ ਸੰਵਿਧਾਨ ਜਿਸ ਵਿਚ ਮੌਲਿਕ ਅਧਿਕਾਰ ਤੇ ਹੋਰ ਪਤਾ ਨਹੀਂ ਕੀ-ਕੀ ਲਿਖਿਆ ਹੋਇਆ ਹੈ। ਇਹੋ ਪਹਿਲਾ ਲੱਛਣ ਹੈ ਰਾਮ ਰਾਜ ਦਾ। ਦੁਨੀਆਂ ਭਰ ਵਿਚ ਸਭ ਤੋਂ ਵੱਡਾ, ਕਾਨੂੰਨੀ ਮਰਿਆਦਾਵਾਂ ਦਾ ਗ੍ਰੰਥ (ਸੰਵਿਧਾਨ) ਹੈ ਰਾਮ ਰਾਜ ਵਾਲੇ ਮੁਲਕ ਦਾ, ਫਿਰ ਅਨਿਆਂ ਦੀ ਗੁੰਜਾਇਸ਼ ਭਲਾ...? ਹੁਣ ਤਾਂ ਮੁਲਕ ਦਾ ਨਵਾਂ ਹਾਕਮ ਵੀ ਆਪਣੇ ਆਪ ਨੂੰ 'ਪ੍ਰਧਾਨ ਸੇਵਕ' ਹੀ ਕਹਾਉਂਦਾ। ਰਾਮ ਰਾਜ ਦੀ ਇਹਦੇ ਨਾਲੋਂ ਵੱਡੀ ਮਿਸਾਲ ਭਲਾ ਕਿਹੜੀ ਹੋ ਸਕਦੀ ਹੈ?

ਜਿੰਨੀ ਸ਼ਿੱਦਤ ਅਤੇ ਸ਼ਰਧਾ ਨਾਲ ਦੀਵਾਲੀ ਬੀਬੀਆਂ ਮਨਾਉਂਦੀਆਂ ਹਨ, ਉਨੀ ਬੰਦੇ ਨਹੀਂ। ਘਰ ਸੰਵਾਰਨ-ਸ਼ਿੰਗਾਰਨ ਤੋਂ ਲੈ ਕੇ ਭਗਵਾਨ ਰਾਮ ਦੀ ਪੂਜਾ ਤੱਕ, ਸਭ ਕੁਝ ਔਰਤਾਂ ਬੜੀ ਲਗਨ ਨਾਲ ਕਰਦੀਆਂ ਹਨ। ਸ਼ਾਇਦ ਉਨ੍ਹਾਂ ਦੇ ਮਨ ਵਿਚ ਇਹ ਵਸ ਚੁੱਕਾ ਹੈ ਕਿ ਭਗਵਾਨ ਰਾਮ ਅਤੇ ਉਸ ਦੇ ਪਰਿਵਾਰ ਨੇ ਔਰਤਾਂ ਨੂੰ ਬਹੁਤ ਉਚਾ ਦਰਜਾ ਦਿੱਤਾ ਹੋਇਆ ਸੀ ਤੇ ਉਸੇ ਦਰਜੇ ਦੀ ਚਾਹਤ ਔਰਤ ਨੂੰ ਦੀਵਾਲੀ 'ਤੇ ਦੀਵੇ ਜਗਾਉਣ ਲਈ ਉਤਸ਼ਾਹਤ ਕਰਦੀ ਹੈ। ਇਹ ਸੱਚਾਈ ਹੈ ਕਿ ਜਿਸ ਕੰਮ ਨੂੰ ਸਮਾਜ ਦੀਆਂ ਔਰਤਾਂ ਧਾਰਮਿਕ ਲਗਨ ਨਾਲ ਕਰਨ, ਉਹਦਾ ਰੰਗ ਕਦੇ ਫਿੱਕਾ ਨਹੀਂ ਪੈਂਦਾ। ਤਾਂਹੀਓਂ ਦੀਵਾਲੀ ਦਾ ਜੋਸ਼ ਕਦੇ ਨਹੀਂ ਘਟਿਆ।

ਜੇ ਭਗਵਾਨ ਰਾਮ ਦੇ ਤ੍ਰੇਤਾ ਯੁੱਗ ਦੀ ਔਰਤ ਦੇ ਮਾਣ-ਸਤਿਕਾਰ ਦੀ ਗੱਲ ਕਰਨੀ ਹੈ ਤਾਂ ਗੱਲ ਸ੍ਰੀ ਰਾਮ ਚੰਦਰ ਦੇ ਪਰਿਵਾਰ ਤੋਂ ਕਰਨੀ ਪਵੇਗੀ। ਸੀਤਾ ਮਾਤਾ ਦੀ ਗੱਲ ਹੀ ਕਰ ਲਈਏ। ਬਣਵਾਸ ਤਾਂ ਰਾਜੇ ਦਸ਼ਰਥ ਨੇ ਆਪਣੇ ਮਰਿਆਦਾ ਪੁਰਸ਼ੋਤਮ ਬੇਟੇ ਸ੍ਰੀ ਰਾਮ ਚੰਦਰ ਨੂੰ ਦਿੱਤਾ ਸੀ, ਫਿਰ ਮਰਿਆਦਾ ਤਾਂ ਇਹੋ ਕਹਿੰਦੀ ਹੈ ਕਿ ਰਾਮ ਚੰਦਰ ਨੂੰ ਇਕੱਲੇ ਨੂੰ ਹੀ ਜਾਣਾ ਚਾਹੀਦਾ ਸੀ ਬਣਵਾਸ 'ਤੇ, ਕਿਉਂ ਸੀਤਾ ਨੂੰ ਨਾਲ ਲੈ ਕੇ ਬਿਖੜੇ ਪੈਂਡਿਆਂ 'ਤੇ ਚੱਲ ਪਿਆ? ਇਥੇ ਗੱਲ ਸੀਤਾ ਦੇ ਹਠ ਦੀ ਨਹੀਂ, ਹੱਠ ਅਤੇ ਮਰਿਆਦਾ ਵਿਚੋਂ ਰਾਮ ਚੰਦਰ ਨੂੰ ਤਾਂ ਮਰਿਆਦਾ ਨੂੰ ਹੀ ਪਹਿਲ ਦੇਣੀ ਬਣਦੀ ਸੀ। ਕਿਉਂ 14 ਸਾਲ ਸੀਤਾ ਨੂੰ ਨਾਲ ਨੂੜ ਕੇ ਰੱਖਿਆ ਬਣਾਂ ਵਿਚ? ਮਰਦਾਂ ਦੇ ਪੱਖ ਦੀ ਗੱਲ ਕਰਨੀ ਹੋਵੇ ਤਾਂ ਔਰਤ ਦਾ ਪਤੀਬ੍ਰਤਾ ਪਿਆਰ ਅੱਗੇ ਲਿਆਇਆ ਜਾਂਦਾ ਹੈ। ਕੀ ਮਰਦ ਦਾ ਕੋਈ ਫਰਜ਼ ਨਹੀਂ ਬਣਦਾ ਕਿ ਆਪਣੇ ਦੁੱਖ-ਤਕਲੀਫਾਂ ਖੁਦ ਝੱਲੇ? ਉਹ ਵੀ ਭਗਵਾਨ ਰਾਮ ਵਰਗੇ ਮਰਿਆਦਾ ਪੁਰਸ਼ੋਤਮ ਨੂੰ? ਅੱਜ ਦੇ ਅਗਾਂਹਵਧੂ ਯੁੱਗ ਵਿਚ ਵੀ ਭਾਰਤੀ ਮਰਦ, ਔਰਤ ਨੂੰ ਆਜ਼ਾਦ ਨਹੀਂ ਦੇਖ ਸਕਦਾ, ਕਿਉਂਕਿ ਜਿਹੜੇ ਸੰਸਕਾਰ ਉਹਨੇ ਰਾਮ ਰਾਜ ਤੋਂ ਲਏ ਆ, ਉਹੀ ਇਹਦੀ ਫ਼ਿਤਰਤ ਵਿਚ ਰਚ ਚੁੱਕੇ ਹਨ। ਜਦ ਭਗਵਾਨ ਰਾਮ ਖੁਦ ਆਪਣੀ ਪਤਨੀ ਸੀਤਾ ਨੂੰ ਬਣਵਾਸ ਦੌਰਾਨ ਆਪਣੇ ਵੱਲੋਂ ਹੀ ਸਿਰਜੀ 'ਰਾਮ ਕਾਰ' ਵਾਹ ਕੇ ਕੈਦ ਕਰੀ ਰੱਖਦਾ ਸੀ, ਫਿਰ ਆਜ਼ਾਦੀ ਦੀ ਗੱਲ ਬੀਬੀਆਂ ਨਾ ਹੀ ਸੋਚਣ। 'ਰਾਮ ਕਾਰ' ਸੀਤਾ ਦੀ ਹਿਫ਼ਾਜ਼ਤ ਲਈ ਨਹੀਂ ਸੀ। ਰਾਮ ਚੰਦਰ ਆਪ ਵੱਡਾ ਯੋਧਾ ਕਹਾਉਂਦਾ ਰਿਹਾ, ਕਿਉਂ ਨਾ ਸੀਤਾ ਨੂੰ ਹਥਿਆਰ ਚਲਾਉਣੇ ਸਿਖਾਏ? ਉਹ ਆਪਣੀ ਹਿਫ਼ਾਜ਼ਤ ਕਰ ਸਕਦੀ ਸੀ। ਸੀਤਾ ਜਦੋਂ ਆਪਣੇ ਬਾਪ ਜਨਕ ਦੇ ਘਰ ਸੀ, ਤਾਂ ਉਹਦੇ ਹਥਿਆਰਾਂ ਨਾਲ ਖੇਡਦੀ ਰਹੀ ਤੇ ਉਹਦਾ ਸਭ ਤੋਂ ਵੱਡਾ ਧਨੁਸ਼ ਚੁੱਕ ਕੇ ਇਧਰ-ਉਧਰ ਆਸਾਨੀ ਨਾਲ ਹੀ ਕਰ ਦਿੰਦੀ ਸੀ, ਪਰ ਵਿਆਹ ਤੋਂ ਬਾਅਦ ਰਾਮ ਨੇ ਸੀਤਾ ਨੂੰ ਸਾੜ੍ਹੀ ਵਿਚ ਲਪੇਟਿਆ ਪਟੋਲਾ ਬਣਾ ਦਿੱਤਾ। ਔਰਤ ਨੂੰ ਸ਼ੀਹਣੀ ਬਾਬੇ ਨਾਨਕ ਦੇ ਦਰ ਨੇ ਬਣਾਇਆ, ਕਿਸੇ ਹੋਰ ਅਵਤਾਰ ਨੇ ਨਹੀਂ। ਬਰਾਬਰ ਦਾ ਰੁਤਬਾ ਦਿੱਤਾ, ਉਹਦੇ ਗਲ 'ਚ ਮਰਦਾਂ ਵਾਲੇ ਹਥਿਆਰ ਪੁਆ ਕੇ।



ਬਣਵਾਸ ਦੌਰਾਨ ਸ੍ਰੀ ਰਾਮ ਚੰਦਰ ਨੇ ਸੀਤਾ ਦਾ ਆਪਣੇ ਪ੍ਰਤੀ ਪਿਆਰ ਤੇ ਉਹਦੇ ਨੇਕ ਚਲਣ ਨੂੰ ਘੋਖ-ਪਰਖ ਹੀ ਲਿਆ ਸੀ, ਤੇ ਉਹ ਇਹ ਵੀ ਜਾਣਦਾ ਸੀ ਕਿ ਉਹਨੇ ਰਾਜ ਮਹਿਲਾਂ ਦੇ ਸੁੱਖ ਆਰਾਮ ਛੱਡ ਕੇ ਆਪਣੇ ਪਤੀ ਨਾਲ ਬਣਵਾਸ ਵਿਚ ਰਹਿਣ ਨੂੰ ਤਰਜੀਹ ਦਿੱਤੀ। ਫਿਰ ਜਦੋਂ ਰਾਵਣ ਦੀ ਕੈਦ ਵਿਚੋਂ ਉਹਨੂੰ ਮੁਕਤ ਕਰਾਇਆ ਤਾਂ ਮਰਿਆਦਾ ਪੁਰਸ਼ੋਤਮ ਨੇ ਉਹਨੂੰ ਅਪਨਾਉਣ ਤੋਂ ਨਾਂਹ ਇਸ ਕਰ ਕੇ ਕੀਤੀ ਕਿ ਇਹ ਦੈਂਤ ਦੀ ਜੇਲ੍ਹ ਵਿਚ ਰਹੀ ਹੈ, ਭਾਵ ਉਹਦੇ ਚਾਲ-ਚਲਣ 'ਤੇ ਸ਼ੱਕ ਕੀਤਾ ਅਤੇ ਫਿਰ ਉਹਨੂੰ ਅਗਨੀ ਪ੍ਰੀਖਿਆ ਲਈ ਮਜਬੂਰ ਕੀਤਾ। ਆਹ ਹੈ ਔਰਤ ਦਾ ਸਨਮਾਨ ਤ੍ਰੇਤਾ ਯੁੱਗ ਦੇ ਰਾਮ ਰਾਜ ਦਾ!

ਮਰਦ ਦਾ ਸੁਭਾਅ ਔਰਤ ਪ੍ਰਤੀ ਕਿੰਨਾ ਕੁ ਸ਼ੱਕੀ ਹੈ, ਇਹ ਵੀ ਸ੍ਰੀ ਰਾਮ ਚੰਦਰ ਤੋਂ ਹੀ ਦੇਖਣਾ ਪਵੇਗਾ। ਬਣਵਾਸ ਵਾਪਸੀ ਦਾ ਅਯੁੱਧਿਆ ਵਾਸੀਆਂ ਦਾ ਚਾਅ ਤਾਂ ਅਜੇ ਪੂਰਾ ਵੀ ਨਹੀਂ ਸੀ ਹੋਇਆ ਕਿ ਭਗਵਾਨ ਰਾਮ ਕੰਨਾਂ ਦੇ ਇੰਨੇ ਕੱਚੇ ਅਤੇ ਸ਼ੱਕੀ ਨਿਕਲੇ ਕਿ ਕਿਸੇ ਧੋਬੀ ਵੱਲੋਂ ਆਪਣੀ ਘਰ ਵਾਲੀ ਨੂੰ ਮਾਰਿਆ ਤਾਹਨਾ ਸੁਣਨ ਤੋਂ ਬਾਅਦ ਸੀਤਾ ਨੂੰ ਮੁੜ 12 ਸਾਲਾਂ ਦੇ ਬਣਵਾਸ ਦਾ ਫ਼ਰਮਾਨ ਕੱਢ ਮਾਰਿਆ। ਭਲਾ ਇਹ ਕਿਥੋਂ ਦਾ ਇਨਸਾਫ਼ ਹੋਇਆ? ਜਿਸ ਘਰ ਵਾਲੀ ਨੇ ਮਰਜ਼ੀ ਨਾਲ ਆਪਣੇ ਹੀ ਪਤੀ ਨਾਲ 14 ਸਾਲ ਬਣਵਾਸ ਵਿਚ ਬਿਤਾਏ, ਜਿਸ ਨੇ ਪਵਿੱਤਰਤਾ ਵੀ ਅਗਨੀ ਪ੍ਰੀਖਿਆ ਦੇ ਕੇ ਸਾਬਤ ਕਰ ਦਿੱਤੀ, ਉਸੇ ਨੂੰ ਧੋਬੀ ਦੇ ਤਾਹਨੇ ਮਾਰਨ 'ਤੇ ਦੁਬਾਰਾ ਘਰੋਂ ਕੱਢ ਦਿੱਤਾ। ਉਹ ਵੀ ਉਦੋਂ ਜਦੋਂ ਉਹ ਗਰਭਵਤੀ ਸੀ। ਇਹ ਵੀ ਨਹੀਂ ਸੋਚਿਆ ਕਿ ਜੰਗਲ ਬੀਆਬਾਨ ਵਿਚ ਇਹ ਜਣੇਪਾ ਕਿੱਦਾਂ ਕਰੂਗੀ! ਬੇਕਸੂਰ ਤੇ ਦੇਵੀ ਵਰਗੀ ਇਸਤਰੀ ਨੂੰ ਘਰੋਂ ਕੱਢ ਦੇਣਾ ਕਾਹਦੀ ਸੂਰਮਗਤੀ ਹੋਈ? ਅੱਜ ਜੇ ਕੋਈ ਇੱਦਾਂ ਕਰਦਾ ਤਾਂ ਸਮਾਜ ਥੂਹ-ਥੂਹ ਕਰਦਾ ਇਹੋ ਜਿਹੇ ਬੰਦੇ ਉਤੇ, ਪਰ ਮਰਿਆਦਾ ਪੁਰਸ਼ੋਤਮ ਦੇ ਇਸ ਕਾਰਨਾਮੇ 'ਤੇ ਜੈ-ਜੈ ਰਾਮ ਹੋਈ ਜਾਂਦੀ। ਇਹ ਜੈ-ਜੈ ਰਾਮ ਸਭ ਤੋਂ ਵੱਧ ਬੀਬੀਆਂ ਹੀ ਕਰਦੀਆਂ। ਸੀਤਾ ਨੂੰ ਤਾਂ ਮੁੜ ਬਣਵਾਸ 'ਤੇ ਭੇਜ ਦਿੱਤਾ, ਫਿਰ ਦੀਵਾਲੀ ਨੂੰ ਕਿਉਂ ਦੀਵੇ ਜਗਾਏ ਔਰਤਾਂ ਨੇ?... ਕਿਉਂਕਿ ਰਾਮ ਰਾਜ ਵਿਚ ਔਰਤ ਦੀ ਹੈਸੀਅਤ ਪੈਰ ਦੀ ਜੁੱਤੀ ਤੋਂ ਵੱਧ ਨਹੀਂ ਮੰਨੀ ਮਰਿਆਦਾ ਪਰਸ਼ੋਤਮ ਨੇ। ਅੱਜ ਦੇ ਸਮੇਂ ਵਿਚ ਵੀ ਜਿਨ੍ਹਾਂ ਬੀਬੀਆਂ-ਭੈਣਾਂ ਨੂੰ ਘਰੋਂ ਧੱਕੇ ਮਾਰੇ ਜਾਂਦੇ ਆ, ਇਹ ਹੋਰ ਕੁਝ ਨਹੀਂ, ਰਾਮ ਰਾਜ ਦੀ ਹੀ ਦੇਣ ਹੈ। ਇਕ ਗੱਲ ਹੋਰ... ਰਾਮ ਦੇ 14 ਸਾਲ ਅਤੇ ਸੀਤਾ ਦੇ 12 ਸਾਲ ਦੇ ਬਣਵਾਸ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਰਾਮ ਚੰਦਰ ਦਾ ਬਣਵਾਸ ਕਾਹਦਾ ਸੀ ਭਲਾ? ਭਰਾ ਨਾਲ ਸੀ, ਘਰਵਾਲੀ ਨਾਲ ਸੀ; ਮਤਲਬ ਇਕ ਤਰ੍ਹਾਂ ਨਾਲ ਟੱਬਰ ਸੀ ਉਹਦੇ ਕੋਲ। ਸੀਤਾ ਇਕੱਲੀ ਸੀ, ਉਹ ਵੀ ਗਰਭਵਤੀ। ਜੇ ਬਾਲਮੀਕ ਰਿਸ਼ੀ ਨਾ ਮਿਲਦੇ ਤਾਂ ਸ਼ਾਇਦ ਵਿਚਾਰੀ ਬਣਾਂ ਵਿਚ ਹੀ ਖਪ ਜਾਂਦੀ।

ਹਿੰਦੂ ਗ੍ਰੰਥਾਂ ਵਿਚ ਦੇਵੀ ਦੇਵਤਿਆਂ ਦੀਆਂ ਪ੍ਰੇਮ-ਕਹਾਣੀਆਂ ਦੇ ਬਹੁਤ ਕਿੱਸੇ ਮਿਲਦੇ ਹਨ ਤੇ ਹਿੰਦੂ ਧਰਮ ਵਿਚ ਇਨ੍ਹਾਂ ਕਹਾਣੀਆਂ ਨੂੰ ਧਾਰਮਿਕ ਸਮਝ ਕੇ ਰੱਜ ਕੇ ਸਲਾਹਿਆ ਜਾਂਦਾ ਹੈ, ਪਰ ਰਾਵਣ ਦੀ ਭੈਣ ਸਰੂਪ ਨਖਾ ਨੇ ਜੇ ਲਛਮਣ (ਰਾਮ ਦੇ ਭਰਾ) ਨਾਲ ਪਿਆਰ ਦਾ ਇਜ਼ਹਾਰ ਕਰ ਕੇ ਵਿਆਹ ਕਰਾਉਣ ਨੂੰ ਕਿਹਾ, ਤਾਂ ਕਿਹੜੀ ਪਰਲੋ ਆ ਗਈ ਸੀ? ਨਾਂਹ ਕਰ ਦਿੰਦਾ ਸਖਤੀ ਨਾਲ ਕਿ ਨਹੀਂ ਕਰਵਾਉਣਾ, ਪਰ ਉਹਦਾ ਨੱਕ ਵੱਢਣਾ! ਕਿੰਨੀ ਸ਼ਰਮਨਾਕ ਗੱਲ ਕੀਤੀ। ਕਿਸੇ ਕੁੜੀ ਦੇ ਚਿਹਰੇ ਨੂੰ ਬਦਸੂਰਤ ਕਰਨਾ ਕਿਹੜੀ ਮਰਿਆਦਾ ਵਿਚ ਲਿਖਿਆ? ਸ਼ਾਇਦ ਅੱਜ ਹਾਕਮਾਂ ਦੇ ਅਸਰ-ਰਸੂਖ ਵਾਲੇ ਕਾਕੇ ਇਸ ਤੋਂ ਹੀ ਸਿੱਖ ਕੇ ਕੁੜੀਆਂ ਦੇ ਚਿਹਰਿਆਂ 'ਤੇ ਤੇਜ਼ਾਬ ਸੁੱਟ ਕੇ ਉਨ੍ਹਾਂ ਨੂੰ ਬਦਸੂਰਤ ਕਰਦੇ ਆ। ਜੇ ਅੱਜ ਸਮਾਜ ਤੇਜ਼ਾਬ ਸੁੱਟਣ ਦੇ ਕੇਸਾਂ ਨੂੰ ਮਾੜਾ ਕਹਿੰਦਾ ਹੈ, ਤਾਂ ਕਿਸੇ ਵੀ ਭੈਣ ਦਾ ਨੱਕ ਵੱਢਣ ਵਾਲੀ ਕਰਤੂਤ ਦੀ ਵੀ ਉਨੀ ਹੀ ਨਿੰਦਿਆ ਹੋਣੀ ਬਣਦੀ ਸੀ, ਖਾਸ ਕਰ ਕੇ ਮਰਿਆਦਾ ਪੁਰਸ਼ੋਤਮ ਤੋਂ। ਹੈਰਾਨੀ ਹੈ ਕਿ ਰਾਮ ਲੀਲ੍ਹਾ ਦੇ ਇਸੇ ਸੀਨ (ਸਰੂਪ ਨਖਾ ਦਾ ਨੱਕ ਵੱਢਣ) 'ਤੇ ਔਰਤਾਂ ਵੱਲੋਂ ਹੀ ਵੱਧ ਤਾੜੀਆਂ ਮਾਰੀਆਂ ਜਾਂਦੀਆਂ। ਅਜਿਹਾ ਕਰ ਕੇ ਆਪਣੇ 'ਤੇ ਹੁੰਦੇ ਜ਼ੁਲਮ ਨੂੰ ਖੁਦ ਜਾਇਜ਼ ਠਹਿਰਾਉਂਦੀਆਂ ਹੋ ਭੈਣੋਂ ਤੁਸੀਂ! ਇਹ ਜਿਹੜੀਆਂ ਅਲਾਮਤਾਂ ਜਿਵੇਂ ਧੀਆਂ ਨੂੰ ਕੁੱਖ ਵਿਚ ਮਾਰਨਾ, ਫਿਰ ਦਾਜ-ਦਹੇਜ ਦੀ ਬਲੀ ਚੜ੍ਹਾਉਣਾ ਵਗੈਰਾ ਹਨ, ਇਹਦੀ ਤਾਰ ਰਾਮ ਰਾਜ ਨਾਲ ਹੀ ਜੁੜੀ ਹੋਈ ਹੈ। ਇਹੋ ਜਿਹੀਆਂ ਵਧੀਕੀਆਂ ਬੀਬੀਓ ਨਹੀਂ ਰੁਕਣੀਆਂ, ਜਿੰਨੀ ਦੇਰ ਤੁਸੀਂ ਰਾਮ ਲੀਲ੍ਹਾ ਨਾਲ ਜੁੜੀਆਂ ਹੋਈਆਂ ਦੀਵਾਲੀ 'ਤੇ ਦੀਵੇ ਜਗਾ ਕੇ ਖੁਸ਼ੀ ਪ੍ਰਗਟਾਵਾ ਕਰੀ ਜਾਂਦੀਆਂ,

*(ਬਾਕੀ ਅਗਲੇ ਸਫੇ 'ਤੇ)*

## ਭਾਈ ਗੁਰਦਾਸ ਦਾ ਸ਼ਬਦ ਤੇ ਇਸ ਦੇ ਅਰਥ

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥
ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ॥
ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ॥
ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ॥
ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ॥
ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ॥

ਭਾਵ... ਦੀਵਾਲੀ ਦੀ ਰਾਤ ਨੂੰ ਦੀਵੇ ਬਾਲੇ ਜਾਂਦੇ ਹਨ, ਵੰਨ-ਸੁਵੰਨੇ ਤਾਰੇ ਆਕਾਸ਼ ਵਿਚ ਟਿਮ-ਟਿਮਾਉਂਦੇ ਹਨ, ਫੁੱਲਾਂ ਲੱਦੇ ਬਾਗ ਵਿਚੋਂ ਫੁੱਲ ਚੁਣ-ਚੁਣ ਤੋੜੇ ਜਾਂਦੇ ਹਨ, ਸ਼ਰਧਾਲੂ ਤੀਰਥਾਂ ਉਤੇ ਜਾਂਦੇ ਹਨ, ਖਿਆਲ ਬਣਦੇ-ਵਿਗਸਦੇ ਹਨ; ਇਹ ਸਭ ਕੁਝ ਬੱਸ ਕੁਝ ਕੁ ਪਲਾਂ ਦੀ ਹੀ ਖੇਡ ਹੈ, ਪਰ ਗੁਰਮੁਖ ਲੋਕ ਸ਼ਬਦ ਰਾਹੀਂ ਸੁੱਖ ਦਾ ਫਲ ਪਾ ਲੈਂਦੇ ਹਨ। ਭਾਈ ਗੁਰਦਾਸ ਛਿਣ-ਭੰਗੁ ਵਸਤਾਂ ਪਿੱਛੇ ਜਾਣ ਦੀ ਥਾਂ, ਸ਼ਬਦ ਨੂੰ ਦਿਲ ਵਿਚ ਵਸਾਉਣ ਦਾ ਸੁਨੇਹਾ ਦਿੰਦੇ ਹਨ।

ਤੇ ਕਰਵਾ ਚੌਥ ਦੇ ਵਰਤ ਰੱਖ ਕੇ ਬਿਨਾਂ ਵਜ੍ਹਾ ਮਰਦ ਦੀ ਗੁਲਾਮੀ ਕਬੂਲਣ 'ਚ ਖੁਸ਼ੀ ਮਹਿਸੂਸ ਕਰਦੀਆਂ।

ਅਯੁੱਧਿਆ ਦਾ ਰਾਜਾ ਬਣਨ ਤੋਂ ਬਾਅਦ ਸ੍ਰੀ ਰਾਮ ਚੰਦਰ ਨੇ 'ਰਾਮ ਰਾਜ' ਦੀ ਜਿਹੜੀ ਵੱਡੀ ਮਸਾਲ ਦਿੱਤੀ, ਉਹ ਸੀ ਸ਼ੂਦਰਾਂ ਨੂੰ ਰੱਬ ਦੀ ਭਗਤੀ ਕਰਨ ਤੋਂ ਸਖ਼ਤੀ ਨਾਲ ਰੋਕਣਾ, ਕਿਉਂਕਿ ਉਹਦੇ ਰਾਮ ਰਾਜ ਵਿਚ ਰੱਬ ਦੀ ਇਬਾਦਤ ਸਿਰਫ਼ ਬ੍ਰਾਹਮਣ ਹੀ ਕਰ ਸਕਦਾ ਸੀ ਤੇ ਇਸੇ ਆੜ ਵਿਚ ਇਹ ਜਮਾਤ ਬਾਕੀ ਸਾਰੇ ਸਮਾਜ ਨੂੰ ਲੁੱਟ ਰਹੀ ਸੀ। ਇਸ ਜਮਾਤ ਨੂੰ ਤਾਕਤ ਦਿੰਦਾ ਸੀ ਖੁਦ ਰਾਮ ਚੰਦਰ। ਜਦੋਂ ਉਹਨੂੰ ਸ਼ਿਕਾਇਤ ਕੀਤੀ ਗਈ ਕਿ ਇਸ ਜਮਾਤ ਦੀਆਂ ਮੁਸ਼ਕਿਲਾਂ ਇਸ ਕਰ ਕੇ ਵਧ ਰਹੀਆਂ ਹਨ ਕਿਉਂਕਿ ਇਕ ਸ਼ੂਦਰ ਸ਼ੰਭੂਕ ਰੱਬ ਦੀ ਭਗਤੀ ਵਿਚ ਲੀਨ ਬੈਠਾ ਹੈ। ਰਾਜੇ ਰਾਮ ਨੇ ਇਸ ਨੂੰ ਵਡਿਆਈ ਦੇਣ ਦੀ ਬਜਾਏ ਉਸੇ ਵਕਤ ਆਪਣੇ 'ਪੁਸ਼ਪਕ ਵਿਮਾਨ' ਉਤੇ ਉਡਾਰੀ ਮਾਰ ਕੇ ਸ਼ੰਭੂਕ ਨੂੰ ਲੱਭ ਲਿਆ ਤੇ ਉਹਦਾ ਸਿਰ ਕਲਮ ਕਰ ਦਿੱਤਾ। ਇਹ ਕਿਹੜੀ ਮਰਦਾਂ ਵਾਲੀ ਬਹਾਦਰੀ ਦਿਖਾਈ? ਭਗਤੀ ਵਿਚ ਬੈਠੇ ਨਿਹੱਥੇ ਇਨਸਾਨ ਨੂੰ ਹੀ ਜਾ ਕਤਲ ਕੀਤਾ! ਅੱਜ ਕੱਲ੍ਹ ਬਹੁਤਿਆਂ ਨੇ ਸੀਰੀਆ ਦੇ ਇਸਲਾਮਿਕ ਕੱਟੜਵਾਦੀਆਂ ਵੱਲੋਂ ਅਮਰੀਕਾ-ਇੰਗਲੈਂਡ ਦੇ ਪੱਤਰਕਾਰਾਂ ਨੂੰ ਬੰਨ੍ਹ ਕੇ ਛੁਰੇ ਨਾਲ ਸਿਰ ਕਲਮ ਕਰਨ ਦੀਆਂ ਵੀਡੀਓ ਦੇਖੀਆਂ। ਕਿੰਨੇ ਦਰਦਨਾਕ ਦ੍ਰਿਸ਼ ਸਨ! ਸਾਰੀ ਦੁਨੀਆਂ ਨੇ ਇਸ ਨੂੰ ਹੈਵਾਨਾਂ ਤੋਂ ਵੀ ਮਾੜੀ ਹਰਕਤ ਕਿਹਾ, ਪਰ ਬਿਲਕੁਲ ਇਸੇ ਤਰ੍ਹਾਂ ਹੀ ਰਾਮ ਚੰਦਰ ਨੇ ਵੀ ਸ਼ੰਭੂਕ ਦਾ ਸਿਰ ਕਲਮ ਕੀਤਾ ਹੋਣਾ। ਇਸ ਕਰਨਾਮੇ ਨੂੰ ਫਿਰ ਕਿਹੜੇ ਖਾਤੇ ਵਿਚ ਪਾਉਣਾ ਚਾਹੀਦਾ ਹੈ? ਰਾਮ ਰਾਜ ਵਿਚ ਬ੍ਰਾਹਮਣ ਤੇ ਖਤਰੀ ਤੋਂ ਇਲਾਵਾ ਬਾਕੀ ਸਾਰੇ ਸ਼ੂਦਰ ਹੀ ਸਨ। ਅੱਜ ਕੱਲ੍ਹ ਦੀਵਾਲੀ ਮੌਕੇ ਆਤਿਸ਼ਬਾਜ਼ੀ ਬ੍ਰਾਹਮਣਾਂ ਤੇ ਖੱਤਰੀਆਂ ਤੋਂ ਇਲਾਵਾ ਦੂਜੇ ਤਬਕੇ ਵੱਧ ਕਰਦੇ ਆ। ਭਲਾ ਕਿਸ ਖੁਸ਼ੀ ਵਿਚ?... ਕਿ ਸਾਡੇ ਸ਼ੰਭੂਕ ਦਾ ਸਿਰ ਕਲਮ ਦਿੱਤਾ ਸੀ! ਅੱਜ ਕੱਲ੍ਹ ਸ਼ੂਦਰਾਂ ਦਾ ਸਿਰਕੱਢ ਬਣਿਆ ਤਬਕਾ ਮਾੜੀ ਜਿਹੀ ਹੇਠ-ਉਤੇ ਹੋਣ 'ਤੇ ਸਿੰਗ ਮਿੱਟੀ ਚੁੱਕ ਲੈਂਦਾ ਹੈ, ਪਰ ਇਹੀ ਲੋਕ ਸ਼ੰਭੂਕ ਦੇ ਕਾਤਲ ਦੀ ਬਣਵਾਸ ਵਾਪਸੀ ਦੀ ਖੁਸ਼ੀ ਵਿਚ ਘਿਓ ਦੇ ਦੀਵੇ ਜਗਾਉਂਦੇ ਆ ਦੀਵਾਲੀ ਵਾਲੇ ਦਿਨ।

ਕਿਹਾ ਜਾਂਦਾ ਹੈ ਕਿ 'ਰਾਮ ਰਾਜ' ਵਿਚ ਰਾਜਾ ਤੇ ਪਰਜਾ ਵਿਚਕਾਰ ਕੋਈ ਫ਼ਰਕ ਨਹੀਂ ਸੀ, ਪਰ ਹਕੀਕਤ ਇਹ ਹੈ ਕਿ ਜ਼ਮੀਨ ਆਸਮਾਨ ਦਾ ਫ਼ਰਕ ਸੀ। ਦੱਸਿਆ ਜਾਂਦਾ ਹੈ ਕਿ ਉਸ ਯੁੱਗ ਵਿਚ ਲੋਕਾਂ ਦੀ ਆਵਾਜਾਈ ਪੈਦਲ ਜਾਂ ਜਾਨਵਰਾਂ 'ਤੇ ਹੁੰਦੀ ਸੀ, ਪਰ ਰਾਜੇ ਰਾਮ ਚੰਦਰ ਕੋਲ ਆਪਣੇ ਹਵਾਈ ਜਹਾਜ਼ ਸਨ। 'ਪੁਸ਼ਪਕ ਵਿਮਾਨ' ਹੋਰ ਕੀ ਆ? ਹਵਾਈ ਜਹਾਜ਼ ਦਾ ਨਾਂ ਹੀ ਤਾਂ ਹੈ। ਅਗਲੀ ਗੱਲ, ਇਸ ਜਹਾਜ਼ ਦੀ ਵਰਤੋਂ ਭਲਾ ਕਿਹੜੇ ਭਲਾਈ ਕਾਰਜਾਂ ਲਈ ਕੀਤੀ? ਸ਼ੰਭੂਕ ਨੂੰ ਲੱਭਣ ਅਤੇ ਉਹਦਾ ਸਿਰ ਵੱਢਣ ਲਈ?

ਹਿੰਦੁਸਤਾਨ ਵਿਚ 1947 ਤੋਂ ਬਾਅਦ 'ਰਾਮ ਰਾਜ' ਹੀ ਹੈ। ਸਿਆਸੀ ਪਾਰਟੀਆਂ ਨੇ ਜੁਗਤ ਕੱਢੀ ਹੋਈ ਹੈ- ਦੂਜੀ ਪਾਰਟੀ ਦੇ ਬੰਦੇ ਤੋੜ ਕੇ ਆਪਣੀ ਪਾਰਟੀ ਵਿਚ ਸ਼ਾਮਲ ਕਰ ਕੇ ਅੰਦਰੂਨੀ ਭੇਤ ਲਓ ਤੇ ਅਗਲੇ ਨੂੰ ਹਰਾ ਦਿਓ। ਇਹ ਜੁਗਤ ਵੀ ਰਾਮ ਚੰਦਰ ਤੋਂ ਹੀ ਲਈ ਹੋਈ ਹੈ; ਉਸ ਨੇ ਸੁਗਰੀਵ ਤੇ ਬਭੀਸ਼ਣ ਨੂੰ ਰਾਵਣ ਨਾਲੋਂ ਤੋੜ ਕੇ ਆਪਣੇ ਨਾਲ ਮਿਲਾ ਕੇ ਲੰਕਾ ਜਿੱਤੀ ਸੀ, ਤੇ ਅਸੀਂ ਇਸੇ ਰਾਮ ਨੂੰ ਮਰਿਆਦਾ ਪੁਰਸ਼ੋਤਮ ਕਹੀ ਜਾਂਦੇ ਹਾਂ। ਇਸ ਹਿਸਾਬ ਨਾਲ ਤਾਂ ਅੱਜ ਸਭ ਤੋਂ ਵੱਡੇ ਮਰਿਆਦਾ ਪੁਰਸ਼ੋਤਮ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੋਏ!

ਮੈਂ ਤਾਂ ਬੱਸ ਇੰਨੀ ਕੁ ਗੱਲ ਕਰ ਕੇ 'ਹੈਪੀ ਦੀਵਾਲੀ' (?) ਹੀ ਕਹਿਣਾ ਸੀ, ਫਿਰ ਲੱਗਿਆ ਕਿ ਸਿੱਖ ਭਰਾਵਾਂ ਨੇ ਕਹਿਣਾ ਕਿ ਉਨ੍ਹਾਂ ਤਾਂ ਬੜੇ ਚਿਰ ਤੋਂ ਛੱਡੀ ਹੋਈ ਆ ਦੀਵਾਲੀ ਮਨਾਉਣੀ, ਅਸੀਂ ਤਾਂ ਬੱਸ ਬੰਦੀ ਛੋੜ ਦਿਵਸ ਮਨਾਉਂਦੇ ਹਾਂ ਜਿਹੜਾ ਇਤਫ਼ਾਕਨ ਦੀਵਾਲੀ ਵਾਲੇ ਦਿਨ ਆ ਜਾਂਦਾ। ਉਨ੍ਹਾਂ ਦੇ ਪਟਾਕੇ-ਆਤਿਸ਼ਬਾਜ਼ੀਆਂ ਦਾ ਦੀਵਾਲੀ ਨਾਲ ਕੋਈ ਸਬੰਧ ਨਹੀਂ, ਪਰ ਹਕੀਕਤ ਇਹ ਹੈ ਕਿ ਅਸੀਂ ਸਾਰੇ ਬੰਦੀ ਛੋੜ ਦੀ ਆੜ ਥੱਲੇ ਮਨਾਉਂਦੇ ਦੀਵਾਲੀ ਹੀ ਹਾਂ। ਜੇ ਮੰਨ ਵੀ ਲਈਏ ਕਿ ਸਿੱਖ 'ਬੰਦੀ ਛੋੜ ਦਿਵਸ' ਹੀ ਮਨਾਉਂਦੇ ਆ, ਭਲਾ ਕਿਉਂ? ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਜਹਾਂਗੀਰ ਨੇ ਚੰਦੂ ਵਰਗਿਆਂ ਦੀਆਂ ਲਾਈਆਂ ਲੂਤੀਆਂ ਕਾਰਨ ਕੈਦ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਜਿਥੇ ਉਤਰੀ ਭਾਰਤ ਦੀਆਂ ਹੋਰ ਰਿਆਸਤਾਂ ਦੇ ਰਾਜੇ ਵੀ ਕੈਦ ਸਨ। ਮਗਰੋਂ ਗੁਰੂ ਸਾਹਿਬ ਦੀ ਰਿਹਾਈ ਜਹਾਂਗੀਰ ਨੂੰ ਕਰਨੀ ਪਈ। ਜਦੋਂ ਇਹ ਖ਼ਬਰ ਕੈਦੀ ਰਾਜਿਆਂ ਨੂੰ ਮਿਲੀ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਅੱਗੇ ਆਪਣੀ ਰਿਹਾਈ ਲਈ ਵੀ ਫਰਿਆਦ ਕੀਤੀ। ਫਿਰ ਗੁਰੂ ਸਾਹਿਬ ਨੇ ਆਪਣੀ ਰਿਹਾਈ ਇਸ ਸ਼ਰਤ 'ਤੇ ਹੀ ਮੰਨੀ ਕਿ ਇਨ੍ਹਾਂ ਰਾਜਿਆਂ ਨੂੰ ਵੀ ਛੱਡਿਆ ਜਾਵੇ। ਗੁਰੂ ਸਾਹਿਬ ਦੇ ਕਹਿਣ ਉਤੇ ਇਹ 52 ਰਾਜੇ ਵੀ ਜਹਾਂਗੀਰ ਨੇ ਰਿਹਾਅ ਕਰ ਦਿੱਤੇ। ਇਨ੍ਹਾਂ ਵਿਚੋਂ ਬਾਈਧਾਰ ਦੇ ਪਹਾੜੀ ਰਾਜੇ ਵੀ ਸਨ। ਇਸ ਰਿਹਾਈ ਕਰ ਕੇ ਗੁਰੂ ਹਰਿਗੋਬਿੰਦ ਨੂੰ 'ਬੰਦੀ ਛੋੜ ਦਾਤਾ' ਕਿਹਾ ਜਾਂਦਾ ਤੇ ਉਸ ਦਿਨ ਨੂੰ ਸਿੱਖਾਂ ਨੇ 'ਬੰਦੀ ਛੋੜ ਦਿਵਸ' ਵਜੋਂ ਮਨਾਇਆ। ਇਥੇ ਇਸ ਝਮੇਲੇ ਵਿਚ ਪੈਣ ਦੀ ਲੋੜ ਨਹੀਂ ਕਿ ਉਹ ਦਿਨ ਦੀਵਾਲੀ ਵਾਲਾ ਸੀ ਵੀ ਜਾਂ ਨਹੀਂ ਅਤੇ ਕਿਸ ਨੇ ਇਸ ਦਿਨ ਨੂੰ ਦੀਵਾਲੀ ਨਾਲ ਪੱਕਾ ਟਾਂਕਾ ਲਾ ਕੇ ਫਿੱਟ ਕਰ ਦਿੱਤਾ ਹੋਇਆ ਹੈ। ਤੁਸੀਂ ਸੋਚੋ, ਛੇਵੇਂ ਪਾਤਸ਼ਾਹ ਤੋਂ ਪਹਿਲਾਂ ਗੁਰੂ ਨਾਨਕ ਨੂੰ ਵੀ ਤਾਂ ਬਾਬਰ ਨੇ ਏਮਨਾਬਾਦ ਵਿਚ ਕੈਦ ਕੀਤਾ ਸੀ। ਬਾਬੇ ਦਾ ਜਦ ਬਾਬਰ ਨਾਲ ਕੈਦ ਵਿਚ ਸਾਹਮਣਾ ਹੋਇਆ ਤਾਂ ਬੇਖੌਫ਼ ਬਾਬੇ ਨੇ ਉਹਨੂੰ ਜਾਬਰ ਕਹਿ ਦਿੱਤਾ, ਤਾਂ ਬਾਬਰ ਨੂੰ ਬਾਬੇ ਨਾਨਕ ਵਿਚ ਅੱਲਾਹ ਪਾਕਿ ਦੇ ਦੀਦਾਰ ਹੋਏ ਅਤੇ ਉਹਨੇ ਏਮਨਾਬਾਦ ਵਿਚ ਸੈਂਕੜੇ-ਹਜ਼ਾਰਾਂ ਬੰਦੀ ਕੈਦੀਆਂ ਨੂੰ ਬਾਬੇ ਨਾਨਕ ਦੀ ਰਹਿਮਤ ਸਦਕਾ ਰਿਹਾਅ ਕਰ ਦਿੱਤਾ। ਉਹ



ਦਿਨ ਸਾਡੇ ਚੇਤਿਆਂ ਵਿਚ ਸ਼ਾਇਦ ਇਸ ਕਰ ਕੇ ਨਹੀਂ ਵਸਿਆ ਕਿਉਂਕਿ ਦੀਵਾਲੀ ਨਾਲ ਨਹੀਂ ਬੰਨ੍ਹ ਹੋਇਆ। ਸਿੱਖਾਂ ਲਈ ਤਾਂ ਗੁਰੂ ਸਾਹਿਬਾਨ ਸਦਾ ਹੀ ਬੰਦੀ ਛੋੜ ਬਣ ਕੇ ਰਾਹਨੁਮਾਈ ਕਰਦੇ ਰਹੇ।

ਹੁਣ ਦੇਖਣਾ ਬਣਦਾ ਹੈ ਕਿ ਜਿਨ੍ਹਾਂ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਨੇ ਜਹਾਂਗੀਰ ਦੀ ਕੈਦ ਵਿਚੋਂ ਮੁਕਤੀ ਦਿਵਾ ਕੇ ਮੁੜ ਰਾਜ ਤਖ਼ਤਾਂ ਤੇ ਬਿਰਾਜਮਾਨ ਕਰਵਾ ਦਿੱਤਾ, ਉਹ ਗੁਰੂ ਪਰਿਵਾਰ ਨਾਲ ਅਹਿਸਾਨਮੰਦੀ ਨਿਭਾਅ ਸਕੇ ਜਾਂ ਉਸੇ ਜਹਾਂਗੀਰ ਦੀ ਔਲਾਦ ਨਾਲ ਗੰਢ-ਤੁੱਪ ਕਰ ਕੇ ਗੁਰੂ ਪਰਿਵਾਰ ਨਾਲ ਦੁਸ਼ਮਣੀ ਪਾਲੀ।... ਇਨ੍ਹਾਂ ਪਹਾੜੀ ਹਿੰਦੂ ਰਿਆਸਤਾਂ ਨੇ ਕੋਈ ਦਿਨ ਅਜਿਹਾ ਨਹੀਂ ਛੱਡਿਆ ਜਿੰਦਣ ਗੁਰੂ ਹਰਿਗੋਬਿੰਦ ਦੇ ਪੋਤੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਟਿਕਣ ਦਿੱਤਾ ਹੋਵੇ। ਜੇ ਗੁਰੂ ਸਾਹਿਬ ਨਾਹਨ ਪਾਉਂਟਾ ਸਾਹਿਬ ਗਏ ਤਾਂ ਇਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਭੰਗਾਣੀ ਦੀ ਲੜਾਈ ਗੁਰੂ ਸਾਹਿਬ ਨਾਲ ਲੜੀ। ਜੇ ਸ੍ਰੀ ਅਨੰਦਪੁਰ ਸਾਹਿਬ ਆ ਗਏ ਤਾਂ ਉਥੇ ਵੀ ਘੇਰਾ ਪਾ ਕੇ ਬਹਿ ਗਏ ਤੇ ਗੁਰੂ ਸਾਹਿਬ ਨੂੰ ਸ੍ਰੀ ਅਨੰਦਪੁਰ ਸਾਹਿਬ ਛੱਡਣ ਲਈ ਮਜਬੂਰ ਕਰ ਦਿੱਤਾ। ਇਥੇ ਹੀ ਬੱਸ ਨਹੀਂ ਕੀਤੀ, ਇਨ੍ਹਾਂ ਨੇ ਦਰਿਆ ਸਿਰਸੇ ਤੋਂ ਲੈ ਕੇ ਚਮਕੌਰ ਦੀ ਗੜ੍ਹੀ ਤੱਕ ਪਿੱਛਾ ਕੀਤਾ। ਸ਼ਹੀਦ ਕਰ ਦਿੱਤੇ ਗੁਰੂ ਦੇ ਜਿਗਰ ਦੇ ਟੋਟੇ ਵੱਡੇ ਸਾਹਿਬਜ਼ਾਦੇ ਅਤੇ ਜਾਨ ਨਾਲੋਂ ਪਿਆਰੇ ਸਿੱਖ। ਫੁੱਲ ਭਰ ਛੋਟੇ ਸਾਹਿਬਜ਼ਾਦਿਆਂ ਅਤੇ ਵਡੇਰੀ ਉਮਰ ਦੀ ਮਾਤਾ ਗੁਜਰੀ ਨਾਲ ਵੀ ਲਿਹਾਜ਼ ਨਾ ਕੀਤਾ। ਚਿਣ ਦਿੱਤੇ ਜਿਉਂਦੇ ਨੀਂਹਾਂ ਵਿਚ ਤੇ ਬੰਦੀ ਬਣਾ ਦਿੱਤੀ ਠੰਢੇ ਬੁਰਜ ਵਿਚ ਸ਼ਾਂਤੀ ਦੀ ਮੂਰਤ ਮਾਤਾ ਗੁਜਰੀ। ਸਾਰਾ ਪਰਿਵਾਰ ਸ਼ਹੀਦ ਕਰਵਾ ਕੇ ਗੁਰੂ ਗੋਬਿੰਦ ਸਿੰਘ ਨੂੰ ਗੜ੍ਹੀ ਛੱਡਣੀ ਪਈ। ਫਿਰ ਹੁਣ ਸਿੱਖ ਕਾਹਤੋਂ ਇਨ੍ਹਾਂ ਪਹਾੜੀ ਰਾਜਿਆਂ ਦੀ ਬੰਦ ਖਲਾਸੀ ਹੋਣ 'ਤੇ ਖੁਸ਼ੀ ਵਿਚ ਆਤਿਸ਼ਬਾਜ਼ੀਆਂ ਚਲਾਉਂਦੇ ਹਨ। ਕਿਸ ਨੇ ਸੋਚਣਾ ਹੈ ਇਸ ਬਾਰੇ ਸਿੱਖ ਭਰਾਵੋ?

ਜੇ ਸਿੱਖ ਬੰਦੀ ਛੋੜ ਦਿਵਸ ਦੀ ਮਹਾਨਤਾ ਇਹ ਸਮਝ ਕੇ ਮਨਾਉਂਦੇ ਹਨ ਕਿ ਕਿਸੇ ਵੀ ਮਜ਼ਲੂਮ ਨੂੰ ਬਿਨਾਂ ਵਜ੍ਹਾ ਜਾਂ ਸਜ਼ਾ ਪੂਰੀ ਕਰਨ ਉਪਰੰਤ ਕੈਦ ਵਿਚ ਰੱਖਣਾ ਗੁਨਾਹ ਹੈ ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੀ ਸਮਝ ਨਾਲ ਰਿਹਾਅ ਕਰਵਾਇਆ, ਤਾਂ ਸਵਾਲ ਬਣਦਾ ਹੈ ਕਿ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਕੈਦੀ ਜਿਨ੍ਹਾਂ ਵਿਚ ਸਿੱਖ ਵੀ ਹਨ, ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਰਿਹਾ ਹੈ? ਇਨ੍ਹਾਂ ਸਿੱਖਾਂ ਦੀਆਂ ਤਾਂ ਸਜ਼ਾਵਾਂ ਵੀ ਪੂਰੀਆਂ ਹੋ ਚੁੱਕੀਆਂ ਹਨ। ਦਵਿੰਦਰਪਾਲ ਸਿੰਘ ਭੁੱਲਰ ਨੂੰ ਜੇਲ੍ਹ ਵਿਚ ਪਾਗਲ ਕਰ ਦਿੱਤਾ ਗਿਆ। ਇਹ ਸਭ ਕੁਝ ਅੱਜ ਦੇ ਆਪਣੇ ਚੁਣੇ ਹੋਏ ਹਾਕਮ, ਜਹਾਂਗੀਰ ਦਾ ਰੋਲ ਅਦਾ ਕਰ ਰਹੇ ਹਨ ਤੇ ਉਨ੍ਹਾਂ ਨੂੰ ਥਾਪੜਾ ਦੇ ਰਹੇ ਹਨ ਸਾਡੇ ਸਿੱਖ ਧਾਰਮਿਕ ਮਹਾਂ ਪੁਰਸ਼! ਫਿਰ ਕੀ ਹੱਕ ਬਣਦਾ ਭਲਾ ਸਿੱਖਾਂ ਦਾ ਬੰਦੀ ਛੋੜ ਦਿਵਸ ਮਨਾਉਣ ਦਾ? ਪਿਛਲੇ ਸਾਲ ਭਾਈ ਗੁਰਬਖਸ਼ ਸਿੰਘ ਵੱਲੋਂ ਸਜ਼ਾਵਾਂ ਭੁਗਤ ਚੁੱਕੇ ਸਿੱਖਾਂ ਦੀ ਰਿਹਾਈ ਲਈ ਅਰੰਭੇ ਸੰਘਰਸ਼ ਨੂੰ ਸਾਡੇ ਆਪਣੇ ਹੀ ਜਥੇਦਾਰ ਨੇ ਹਾਕਮ ਦੇ ਪੱਖ ਵਿਚ ਸਾਬੋਤਾਜ ਕਰਵਾ ਦਿੱਤਾ। ਅੱਜ ਸਿੱਖਾਂ ਦਾ ਸਭ ਕੁਝ ਬੰਦੀ ਹੈ... ਗੁਰਾਂ ਦੀ ਧਰਤੀ ਪੰਜਾਬ ਨਸ਼ਿਆਂ ਦੀ ਬੰਦੀ ਹੈ; ਬੰਦੀ ਛੋੜ ਦਾਤਾ ਗੁਰੂ ਹਰਿਗੋਬਿੰਦ ਸਾਹਿਬ ਦਾ ਉਸਾਰਿਆ ਸੱਚਾ ਤਖਤ ਬਿਪਰਵਾਦ ਨੇ ਬੰਦੀ ਕੀਤਾ ਹੋਇਆ ਹੈ; ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਟੱਬਰੇ ਦੀ ਮੁੱਠੀ ਵਿਚ ਬੰਦ ਹੈ; ਡੇਰਾਵਾਦ ਦੀ ਸਿੱਖੀ, ਗੁਰੂ ਦੀ ਸਿੱਖੀ ਨੂੰ ਘੁਣ ਵਾਂਗ ਲੱਗੀ ਹੋਈ ਹੈ; ਤੇ ਸਭ ਤੋਂ ਉਤੇ, ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਆਪਣੇ ਹੱਥੀਂ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਗੁਰਿਆਈ ਨੂੰ ਚੁਣੌਤੀ ਇਕ ਹੋਰ ਗ੍ਰੰਥ ਨੂੰ ਗੁਰੂ ਦਾ ਦਰਜਾ ਦੇ ਕੇ ਦਿੱਤੀ ਜਾ ਰਹੀ ਹੈ।

ਜੇ ਸਿੱਖਾਂ ਨੇ ਬੰਦੀ ਛੋੜ ਦਿਵਸ ਮਨਾਉਣਾ ਹੈ, ਤਾਂ ਮੇਲੇ ਵਾਂਗ ਜਾਂ ਤਿਉਹਾਰ ਦੇ ਰੂਪ ਵਿਚ ਨਾ ਮਨਾਈਏ... ਗੁਰਦੁਆਰੇ ਗਏ, ਛੋਲੇ-ਭਟੂਰਿਆਂ ਨੂੰ ਵਾਢ ਦਿੱਤੀ, ਫਿਰ ਭਾਂਤ-ਸੁਭਾਂਤੀਆਂ ਮਠਿਆਈਆਂ ਤੇ ਜਲੇਬੀਆਂ ਵੱਲ ਹੋ ਗਏ; ਨਿਸ਼ਾਨ ਸਾਹਿਬ ਦੇ ਥੱਲੇ ਦੀਵੇ, ਮੋਮਬੱਤੀਆਂ ਬਾਲੀਆਂ ਤੇ ਆ ਗਏ ਘਰਾਂ ਨੂੰ। ਇਸ ਦਿਵਸ ਮੌਕੇ ਪ੍ਰਣ ਕਰੀਏ ਕਿ ਅਕਾਲ ਤਖ਼ਤ ਨੂੰ ਆਜ਼ਾਦ ਕਰਵਾਉਣਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਗ੍ਰੰਥ ਨੂੰ ਗੁਰੂ ਨਹੀਂ ਮੰਨਣਾ, ਡੇਰਾਵਾਦ ਤੋਂ ਖਹਿੜਾ ਛੁਡਾ ਕੇ ਸਿਰਫ਼ ਗੁਰਮਤਿ ਨੂੰ ਜ਼ਿੰਦਗੀ ਵਿਚ ਢਾਲਣਾ ਹੈ। ਜੇ ਹੋਰ ਨਹੀਂ ਤਾਂ ਬਾਹਰਲੇ ਮੁਲਕਾਂ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਇਹੋ ਜਿਹਾ ਸੁਨੇਹਾ ਤਾਂ ਬੰਦੀ ਛੋੜ ਦਿਵਸ 'ਤੇ ਅਕਾਲ ਤਖ਼ਤ ਅਤੇ ਹਾਕਮਾਂ ਤੱਕ ਪੁੱਜਦਾ ਕਰ ਹੀ ਸਕਦੀਆਂ ਹਨ। ਨਹੀਂ ਤਾਂ ਦੀਵਾਲੀ ਅਤੇ ਬੰਦੀ ਛੋੜ ਦਿਵਸ ਵਿਚ ਕੋਈ ਫ਼ਰਕ ਨਹੀਂ।

## ਦੀਵਾਲੀ

ਕਿਸ ਤਰ੍ਹਾਂ ਦੀ ਦੀਵਾਲੀ ਅਸੀਂ,
ਹਰੇਕ ਸਾਲ ਮਨਾਈਏ।
ਮਨ ਦਾ ਨ੍ਹੇਰਾ ਦੂਰ ਕਰਨ ਲਈ,
ਦੀਵੇ ਬਾਹਰ ਜਗਾਈਏ।
ਭੁੱਲ ਗਏ ਆਂ ਇਸ ਦਿਨ ਨੇਕੀ,
ਸੀ ਬਦੀ 'ਤੇ ਜਿੱਤ ਪਾਈ।



ਹੱਕ, ਸੱਚ, ਇਨਸਾਫ ਦੇ ਸੂਰਜ,
ਦੀ ਫੈਲੀ ਸੀ ਰੁਸ਼ਨਾਈ।
ਪਰ ਅੱਜ ਫੇਰ ਕੂੜ ਦਾ ਹਨੇਰਾ,
ਪਸਰਿਆ ਚਾਰ-ਚੁਫੇਰੇ।
ਬੇ-ਇਨਸਾਫੀ, ਝੂਠ, ਬੇਸ਼ਰਮੀ,
ਅ-ਧਰਮ ਨੇ ਲਾਏ ਡੇਰੇ।
ਭੁੱਖ, ਨੰਗ, ਗਰੀਬੀ ਹਰ ਪਾਸੇ,
ਫਿਰੇ ਦੁਹਾਈ ਪਾਉਂਦੀ।
ਅੱਧੀ ਤੋਂ ਵੱਧ ਵਸੋਂ ਮੁਲਕ ਦੀ,
ਰਾਤਾਂ ਨੂੰ ਭੁੱਖੀ ਸੌਂਦੀ।
ਵਿਹਲੀ ਬੇ-ਰੁਜ਼ਗਾਰ ਜਵਾਨੀ ਨੂੰ,
ਭਵਿਖ ਨਜ਼ਰ ਨਾ ਆਵੇ।
ਨਸ਼ਿਆਂ ਦੇ, ਵਗਦੇ ਦਰਿਆ 'ਚ,
ਪਈ ਬੇਵੱਸ ਗੋਤੇ ਖਾਵੇ।
ਪੜ੍ਹਣਾ, ਲਿਖਣਾ ਗਰੀਬਾਂ ਲਈ,
ਵੱਸੋਂ ਬਾਹਰਾ ਹੋਇਆ।
ਸਮਾਜਿਕ ਕਦਰਾਂ-ਕੀਮਤਾਂ ਵਾਲਾ,
ਉਠਦਾ ਨਿੱਤ ਨੜੋਆ।
ਰਿਸ਼ਵਤਖੋਰੀ, ਕੁਨਬਾਪਰਵਰੀ,
ਹਰ ਜਗ੍ਹਾ ਪੈਰ ਪਸਾਰੇ।
ਦਰ ਦਰ, ਰੁਲ ਰੁਲ ਧੱਕੇ ਖਾਵਣ,
ਬੇਕਸ ਗਰੀਬ ਵਿਚਾਰੇ।
ਖਾਣ ਨੂੰ ਰੋਟੀ, ਪੀਣ ਨੂੰ ਪਾਣੀ,
ਦੁਰਲੱਭ ਹੁੰਦਾ ਜਾਏ।
ਬਿਮਾਰੀ ਗੰਦਗੀ ਤੇ ਪ੍ਰਦੂਸ਼ਣ ਨੇ,
ਜੀਵਨ, ਨਰਕ ਬਣਾਏ।
ਸੋਚੋ, ਕਿੰਨਾ ਧਨ-ਮਾਲ ਅਸੀਂ,
ਅਗਨ ਭੇਟ ਚੜ੍ਹਾਈਏ।
ਕਿਉਂ ਨਾ ਏਨੇ ਧਨ ਨਾਲ ਅਸੀਂ,
ਗਰੀਬਾਂ ਦੇ ਦੁੱਖ ਵੰਡਾਈਏ।
ਇਹੋ ਹੀ ਸੱਚੀ ਦੀਵਾਲੀ ਸਾਡੀ,
ਇਹੋ ਸੱਚਾ ਸ਼ੁਕਰਾਨਾ।
ਇਹੋ ਹੀ, ਸੱਚੀ ਪੂਜਾ ਉਹਦੀ,
ਇਹੋ ਸੱਚਾ ਨਜ਼ਰਾਨਾ।

*-ਚੰਨ*

*ਫੋਨ: 908-788-8427*

## ਤਉ ਕਿਰਪਾ ਤੇ ਮਾਰਗੁ ਪਾਈਐ

## ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੫**
ਤਉ ਕਿਰਪਾ ਤੇ ਮਾਰਗੁ ਪਾਈਐ॥
ਪ੍ਰਭੂ ਕਿਰਪਾ ਤੇ ਨਾਮੁ ਧਿਆਈਐ॥
ਪ੍ਰਭ ਕਿਰਪਾ ਤੇ ਬੰਧਨ ਛੁਟੈ॥
ਤਉ ਕਿਰਪਾ ਤੇ ਹਉਮੈ ਤੁਟੈ॥੧॥
ਤੁਮ ਲਾਵਹੁ ਤਉ ਲਾਗਹ ਸੇਵ॥
ਹਮ ਤੇ ਕਛੂ ਨ ਹੋਵੈ ਦੇਵ॥੧॥ ਰਹਾਉ॥
ਤੁਧੁ ਭਾਵੈ ਤਾ ਗਾਵਾ ਬਾਣੀ॥
ਤੁਧੁ ਭਾਵੈ ਤਾ ਸਚੁ ਵਖਾਣੀ॥
ਤੁਧੁ ਭਾਵੈ ਤਾ ਸਤਿਗੁਰ ਮਾਇਆ॥
ਸਰਬ ਸੁਖਾ ਪ੍ਰਭ ਤੇਰੀ ਦਇਆ॥੨॥
ਜੋ ਤੁਧੁ ਭਾਵੈ ਸੋ ਨਿਰਮਲ ਕਰਮਾ॥
ਜੋ ਤੁਧੁ ਭਾਵੈ ਸੋ ਸਚੁ ਧਰਮਾ॥
ਸਰਬ ਨਿਧਾਨ ਗੁਣ ਤੁਮ ਹੀ ਪਾਸਿ॥
ਤੂੰ ਸਾਹਿਬੁ ਸੇਵਕ ਅਰਦਾਸਿ॥੩॥
ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ॥
ਸਰਬ ਸੁਖਾ ਪਾਵਉ ਸਤਸੰਗਿ॥
ਨਾਮਿ ਤੇਰੈ ਰਹੈ ਮਨੁ ਰਾਤਾ॥
ਇਹੁ ਕਲਿਆਣੁ ਨਾਨਕ ਕਰਿ ਜਾਤਾ॥੪॥

ਪੰਚਮ ਪਾਤਸ਼ਾਹ ਉਸ ਮਿਹਰਵਾਨ ਪ੍ਰਭ ਦੀ ਵਡਿਆਈ ਕਰਦੇ ਹਨ- ਤਉ ਕਿਰਪਾ ਤੇ ਮਾਰਗੁ ਪਾਈਐ, ਮੇਰੇ ਪ੍ਰਭ ਜੀਉ! ਤੇਰੀ ਕਿਰਪਾ ਸਦਕਾ ਹੀ ਜੀਵਨ ਦਾ ਸਹੀ ਰਸਤਾ ਪ੍ਰਾਪਤ ਹੁੰਦਾ ਹੈ; ਪ੍ਰਭੂ ਕਿਰਪਾ ਤੇ ਨਾਮੁ ਧਿਆਈਐ, ਭਾਈ! ਉਸ ਮਾਲਕ ਪ੍ਰਭ ਦੀ ਕਿਰਪਾ ਨਾਲ ਹੀ ਉਸ ਦਾ ਨਾਮ ਜਪੀਦਾ ਹੈ; ਪ੍ਰਭ ਕਿਰਪਾ ਤੇ ਬੰਧਨ ਛੁਟੈ, ਪ੍ਰਭੂ ਦੀ ਕਿਰਪਾ ਸਦਕਾ ਹੀ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ, ਤੇ ਪ੍ਰਭ ਜੀਉ! ਤੇਰੀ ਕਿਰਪਾ ਨਾਲ ਹੀ ਜੀਵਾਂ ਦੀ ਹਉਮੈ ਦੂਰ ਹੁੰਦੀ ਹੈ।

ਤੁਮ ਲਾਵਹੁ ਤਉ ਲਾਗਹ ਸੇਵ॥
ਹਮ ਤੇ ਕਛੂ ਨ ਹੋਵੈ ਦੇਵ॥੧॥ ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਉਸ ਮਿਹਰਵਾਨ ਪ੍ਰਭ ਅੱਗੇ ਅਰਦਾਸ ਕਰਦੇ ਆਖਦੇ ਹਨ- ਇਸ ਹਨੇਰੇ ਭਰੇ ਸੰਸਾਰ ਵਿਚ ਪ੍ਰਕਾਸ਼ ਰੂਪ ਹੋ ਕੇ ਦਿਖ ਰਹੇ ਪ੍ਰਭ ਜੀਉ! ਜੇ ਤੂੰ ਸਾਨੂੰ ਜੀਵਾਂ ਨੂੰ ਆਪ ਹੀ ਆਪਣੀ ਸੇਵਾ ਵਿਚ ਲਾਵੇਂ, ਤਾਂ ਹੀ ਅਸੀਂ ਤੇਰੀ ਭਗਤੀ ਵਿਚ ਲੱਗ ਸਕਦੇ ਹਾਂ; ਵਰਨਾ ਮੇਰੇ ਪ੍ਰਭ ਜੀਉ! ਅਸਾਂ ਵਿਚਾਰੇ ਜੀਵਾਂ ਕੋਲੋਂ ਤਾਂ ਕੁਝ ਵੀ ਨਹੀਂ ਹੋ ਸਕਦਾ।

ਤੁਧੁ ਭਾਵੈ ਤਾ ਗਾਵਾ ਬਾਣੀ॥
ਤੁਧੁ ਭਾਵੈ ਤਾ ਸਚੁ ਵਖਾਣੀ॥
ਤੁਧੁ ਭਾਵੈ ਤਾ ਸਤਿਗੁਰ ਮਾਇਆ॥
ਸਰਬ ਸੁਖਾ ਪ੍ਰਭ ਤੇਰੀ ਦਇਆ॥੨॥

ਗੁਰਦੇਵ ਜੀ ਬਖਸ਼ਿਸ਼ ਕਰਦੇ ਹਨ- ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਜੇ ਤੈਨੂੰ ਭਾਵੇ ਤਾਂ ਮੈਂ ਤੇਰੀ ਸਿਫ਼ਤ-ਸਾਲਾਹ ਦੀ ਬਾਣੀ ਗਾ ਸਕਦਾ ਹਾਂ; ਪ੍ਰਭ ਜੀਉ! ਜੇ ਆਪ ਜੀ ਨੂੰ ਚੰਗਾ ਲੱਗੇ ਤਾਂ ਮੈਂ ਤੇਰਾ ਸਦਾ ਹੀ ਅਟੱਲ ਰਹਿਣ ਵਾਲਾ ਨਾਮ ਉਚਾਰ ਸਕਦਾ ਹਾਂ; ਤੁਧੁ ਭਾਵੈ ਤਾ ਸਤਿਗੁਰ ਮਾਇਆ, ਪ੍ਰਭ ਜੀ! ਜੇ ਤੈਨੂੰ ਭਾਵੇ ਤਾਂ ਹੀ ਜੀਵਾਂ ਉਤੇ ਗੁਰੂ ਦੀ ਕਿਰਪਾ ਹੁੰਦੀ ਹੈ ਅਤੇ ਪ੍ਰਭ ਜੀਉ! ਸਾਰੇ ਸੁੱਖ ਤਾਂ ਤੇਰੀ ਦਾਇਆ ਵਿਚ ਹੀ ਹਨ।

ਜੋ ਤੁਧੁ ਭਾਵੈ ਸੋ ਨਿਰਮਲ ਕਰਮਾ॥
ਜੋ ਤੁਧੁ ਭਾਵੈ ਸੋ ਸਚੁ ਧਰਮਾ॥
ਸਰਬ ਨਿਧਾਨ ਗੁਣ ਤੁਮ ਹੀ ਪਾਸਿ॥
ਤੂੰ ਸਾਹਿਬੁ ਸੇਵਕ ਅਰਦਾਸਿ॥੩॥

ਹੇ ਮੇਰੇ ਮਿਹਰਾਂ ਦੇ ਮਾਲਕ ਪ੍ਰਭ ਜੀਉ! ਜਿਹੜਾ ਕੰਮ ਤੈਨੂੰ ਚੰਗਾ ਲੱਗ ਜਾਵੇ, ਉਹੀ ਪਵਿੱਤਰ ਕਰਮ ਹੈ; ਜੋ ਤੁਧੁ ਭਾਵੈ ਸੋ ਸਚੁ ਧਰਮਾ, ਪ੍ਰਭ ਜੀਉ! ਜਿਹੜੀ ਵੀ ਜੀਵਨ ਦੀ ਮਰਿਆਦਾ ਤੈਨੂੰ ਪਿਆਰੀ ਲੱਗੇ, ਉਹੀ ਸੱਚਾ ਧਰਮ ਹੈ; ਸਰਬ ਨਿਧਾਨ ਗੁਣ ਤੁਮ ਹੀ ਪਾਸਿ, ਹੇ ਮਿਹਰਵਾਨ ਪ੍ਰਭ ਜੀ! ਸਾਰੇ ਖ਼ਜ਼ਾਨੇ ਅਤੇ ਸਾਰੇ ਹੀ ਗੁਣ ਤੇਰੇ ਵੱਸ ਵਿਚ ਹਨ, ਇਸ ਲਈ ਹੇ ਜਗਤ ਦੇ ਸੁਆਮੀ! ਤੂੰ ਹੀ ਮੇਰਾ ਮਾਲਕ ਹੈਂ, ਮੈਂ ਸੇਵਕ ਦੀ ਤੇਰੇ ਅੱਗੇ ਹੀ ਅਰਦਾਸ ਹੈ।

ਮਨੁ ਤਨੁ ਨਿਰਮਲੁ ਹੋਇ ਹਰਿ ਰੰਗਿ॥
ਸਰਬ ਸੁਖਾ ਪਾਵਉ ਸਤਸੰਗਿ॥
ਨਾਮਿ ਤੇਰੈ ਰਹੈ ਮਨੁ ਰਾਤਾ॥
ਇਹੁ ਕਲਿਆਣੁ ਨਾਨਕ ਕਰਿ ਜਾਤਾ॥੪॥

ਅਖੀਰ ਵਿਚ ਗੁਰਦੇਵ ਜੀ ਆਖਦੇ ਹਨ- ਹੇ ਭਾਈ! ਜੇ ਪ੍ਰਭੂ ਦੇ ਪਿਆਰ ਵਿਚ ਜੁੜੇ ਰਹੀਏ ਤਾਂ ਮਨ ਵੀ ਪਵਿੱਤਰ ਹੋ ਜਾਂਦਾ ਹੈ ਅਤੇ ਤਨ ਵੀ; ਇਵੇਂ ਜਾਪਦਾ ਹੈ ਕਿ ਸਤਿਸੰਗ ਵਿਚ ਜੁੜ ਕੇ ਮੈਂ ਸਾਰੇ ਸੁੱਖਾਂ ਦੀ ਪ੍ਰਾਪਤੀ ਕਰ ਲੈਂਦਾ ਹਾਂ; ਨਾਮਿ ਤੇਰੈ ਰਹੈ ਮਨੁ ਰਾਤਾ, ਜਿਸ ਜੀਵ ਦਾ ਮਨ ਤੇਰੇ ਨਾਮ ਰੰਗ ਵਿਚ ਰੰਗਿਆ ਜਾਂਦਾ ਹੈ, ਹੇ ਨਾਨਕ! ਉਹ ਜੀਵ ਇਸ ਪ੍ਰਾਪਤੀ ਨੂੰ ਸਭ ਤੋਂ ਵੱਡਾ ਕਰ ਕੇ ਜਾਣਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫ਼ੋਨ: 916-687-3536*

## ਸਿੱਖੀ ਕੀ ਸੀ ਤੇ ਕੀ ਹੈ-2

# ਕਿਵ ਸਚਿਆਰਾ ਹੋਈਐ...

**ਸਿੱਖੀ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਪਿਛਲੇ ਕੁਝ ਅੰਕਾਂ ਤੋਂ 'ਪੰਜਾਬ ਟਾਈਮਜ਼' ਵਿਚ ਚੱਲ ਰਹੀ ਹੈ। ਇਸ ਲੜੀ ਵਿਚ ਪਾਠਕ ਪ੍ਰੋ. ਬਲਕਾਰ ਸਿੰਘ, ਬੀਬੀ ਰਾਜਬੀਰ ਕੌਰ ਢੀਂਡਸਾ, ਮਾਸਟਰ ਨਿਰਮਲ ਸਿੰਘ ਲਾਲੀ, ਸੰਪੂਰਨ ਸਿੰਘ ਤੇ ਬੀਬੀ ਕਿਰਪਾਲ ਕੌਰ ਦੀਆਂ ਲਿਖਤਾਂ ਪੜ੍ਹ ਚੁੱਕੇ ਹਨ। ਇਨ੍ਹਾਂ ਲਿਖਤਾਂ ਵਿਚ ਸਿੱਖੀ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰਾਂ ਕਰਦਿਆਂ ਲੇਖਕਾਂ ਨੇ ਸਿੱਖਾਂ ਦੇ ਸਿੱਖੀ ਤੋਂ ਲਾਂਭੇ ਜਾਣ ਬਾਰੇ ਆਪੋ-ਆਪਣੇ ਫਿਕਰ ਸਾਂਝੇ ਕੀਤੇ ਹਨ। ਇਸ ਵਿਚਾਰ-ਚਰਚਾ ਤਹਿਤ ਪ੍ਰੋ. ਹਰਪਾਲ ਸਿੰਘ ਦੇ ਲੰਮੇ ਲੇਖ ਦਾ ਪਹਿਲਾ ਹਿੱਸਾ ਪਿਛਲੇ ਅੰਕ ਵਿਚ ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਸਮੁੱਚੇ ਸੰਸਾਰ ਦੇ ਧਰਮਾਂ ਦੇ ਪ੍ਰਸੰਗ ਵਿਚ ਸਿੱਖੀ ਦੇ ਦਾਰਸ਼ਨਿਕ ਪੱਖਾਂ ਬਾਰੇ ਗੱਲਾਂ ਕੀਤੀਆਂ ਸਨ। ਐਤਕੀਂ ਉਨ੍ਹਾਂ ਧਰਮ ਅਤੇ ਵਿਸ਼ਵਾਸ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ**

### ਵਿਚਾਰ-ਚਰਚਾ

ਜਿਸ ਦੇ ਕੋਲ ਸੱਚ ਨਹੀਂ, ਉਸ ਦੇ ਜਿਉਣ ਦਾ ਕੋਈ ਅਰਥ ਨਹੀਂ। ਸੱਚ ਇਕ ਹੀ ਹੋ ਸਕਦਾ ਹੈ, ਖੁਦ ਦਾ ਅਨੁਭਵ। ਸੱਚ ਦਿੱਤਾ ਨਹੀਂ ਜਾ ਸਕਦਾ, ਦਿੱਤਾ ਸੱਚ ਮਰ ਜਾਂਦਾ ਹੈ। ਸੱਚ ਪਾਉਣਾ ਪੈਂਦਾ ਹੈ, ਹੰਢਾਉਣਾ ਪੈਂਦਾ ਹੈ। ਗੁਰੂਆਂ ਨੇ ਸੱਚ ਨੂੰ ਪਿੰਡੇ 'ਤੇ ਹੰਢਾਇਆ,

ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥

ਸੱਚ ਦਾ ਰਸਤਾ ਇਕੱਲੇ ਦਾ ਰਸਤਾ ਹੈ। ਸੱਚ ਤਾਂ ਬੱਸ ਸੱਚ ਹੀ ਹੁੰਦਾ ਹੈ- ਗੁਰੂਆਂ ਵਰਗਾ, ਪੀਰਾਂ ਵਰਗਾ। ਸੱਚ 'ਤੇ ਚੱਲਣਾ ਰੱਬ ਦੇ ਰਾਹ 'ਤੇ ਚੱਲਣਾ ਹੈ। ਕਠਿਨ ਹੈ ਇਹ ਰਾਹ, ਪਰ ਨਾ-ਮੁਮਕਿਨ ਨਹੀਂ।

ਏਕ ਆਗ ਕਾ ਦਰਿਆ ਹੈ,
ਔਰ ਡੂਬ ਕੇ ਜਾਨਾ ਹੈ।

ਸੱਚ ਅਤੇ ਝੂਠ ਵਿਪਰੀਤ (ਵਿਰੋਧੀ) ਦਿਸ਼ਾਵਾਂ ਹਨ। ਸੱਚ ਜਾਗਦੀ ਆਤਮਾ ਦਾ ਨੂਰ ਹੈ, ਝੂਠ ਮੁਰਦਾ ਰੂਹਾਂ ਦਾ। ਦੂਜੇ ਤੋਂ ਦਿੱਤੇ ਹੋਏ ਵਿਚਾਰ ਨੂੰ ਮੰਨ ਲੈਣਾ, ਸੱਚ ਤੋਂ ਕਿਨਾਰਾ ਕਰ ਲੈਣਾ ਹੈ। ਨਿਰਪੱਖ ਹੋਏ ਬਿਨਾਂ ਸੱਚ ਦੇ ਪੱਖ ਵਿਚ ਨਹੀਂ ਹੋਇਆ ਜਾ ਸਕਦਾ। ਕਹਿਣ ਨੂੰ ਤੁਸੀਂ ਰਾਮ ਦੇ ਨਾਲ ਹੋ, ਕ੍ਰਿਸ਼ਨ ਦੇ ਨਾਲ ਹੋ, ਬੁੱਧ ਤੇ ਨਾਨਕ ਦੇ ਨਾਲ ਹੋ; ਪਰ ਤੁਸੀਂ ਪਰਮਾਤਮਾ ਨਾਲ ਨਹੀਂ ਹੋ। ਜਿਸ ਦਿਨ ਤੁਸੀਂ ਪਰਮਾਤਮਾ ਨਾਲ ਹੋ ਗਏ; ਰਾਮ, ਕ੍ਰਿਸ਼ਨ, ਬੁੱਧ ਤੇ ਨਾਨਕ ਨਾਲ ਹੋ ਗਏ। ਸੱਚ ਨੂੰ ਪਾਉਣ ਲਈ ਪਹਿਲਾ ਕਦਮ ਇਹੀ ਹੋਵੇਗਾ ਕਿ ਜੋ ਤੁਹਾਨੂੰ ਬਾਬਿਆਂ, ਸਾਧਾਂ ਤੇ ਸੰਤਾਂ ਕੋਲੋਂ ਮਿਲਿਆ ਹੈ, ਉਸ ਨੂੰ ਅਸਵੀਕਾਰ ਕਰ ਦੇਵੋ। ਇਹ ਉਨ੍ਹਾਂ ਦਾ ਦਿੱਤਾ ਹੈ, ਤੁਹਾਡਾ ਆਪਣਾ ਕੋਈ ਯਤਨ ਨਹੀਂ, ਕੋਈ ਆਪਣੀ ਖੋਜ ਨਹੀਂ। ਤੁਹਾਡੀ ਅੰਨ੍ਹੀ ਸ਼ਰਧਾ ਸਵੀਕਾਰ ਕਰਦੀ ਹੈ। ਦੂਜੇ, ਨਿਰਪੱਖ ਹੋਏ ਬਿਨਾਂ ਸੱਚ ਦੇ ਪੱਖ ਵਿਚ, ਸੱਚ ਦੇ ਰਾਹ 'ਤੇ ਚੱਲਣਾ ਨਾ-ਮੁਮਕਿਨ ਹੈ। ਕਾਜ਼ੀਆਂ, ਮੁਲਾਣਿਆਂ ਅਤੇ ਬ੍ਰਾਹਮਣਾਂ ਨੇ ਪੁੱਛਿਆ, "ਨਾਨਕ, ਤੁਸੀਂ ਕਿਸ ਦੇ ਨਾਲ ਹੋ?" ਜੁਆਬ ਮਿਲਿਆ, "ਮੈਂ ਪਰਮਾਤਮਾ ਨਾਲ ਹਾਂ, ਸੱਚ ਨਾਲ ਹਾਂ। ਮੈਂ ਬ੍ਰਾਹਮਣ ਵੀ ਹਾਂ, ਕਾਜ਼ੀ ਮੁੱਲਾ ਵੀ ਹਾਂ, ਪਰ ਮੈਂ ਨੂਰ ਹਾਂ। ਅੱਜ ਵੀ ਹਾਂ, ਕੱਲ੍ਹ ਵੀ ਸੀ, ਕੱਲ੍ਹ ਨੂੰ ਵੀ ਹੋਵਾਂਗਾ।"



**ਪ੍ਰੋ. ਹਰਪਾਲ ਸਿੰਘ**
ਫੋਨ: 916-236-8830

ਏਕ ਨੂਰ ਕੀ ਬੂੰਦ ਹੈ, ਸਦੀਓਂ ਸੇ ਬਹਾ ਕਰਤੀ ਹੈ।

ਮਨੁੱਖ ਦੀ ਸਾਰੀ ਪੀੜਾ, ਸੰਤਾਪ ਇਹੀ ਹੈ ਕਿ ਸੱਚ ਦੇ ਸੂਰਜ ਵੱਲ ਪਿੱਠ ਕਰੀ ਖੜ੍ਹਾ ਹੈ। ਉਸ ਦਾ ਖੁਦ ਦਾ ਪਰਛਾਵਾਂ ਉਸ ਦੇ ਰਾਹ ਦਾ ਹਨੇਰਾ ਬਣ ਜਾਂਦਾ ਹੈ। ਆਦਮੀ ਦੇ ਅੰਦਰ ਜ਼ਹਿਰ ਇਕੱਠਾ ਹੋ ਗਿਆ। ਸੱਚ ਪਿਆਸ ਹੈ, ਦੂਜੇ ਦਾ ਦਿੱਤਾ ਹੋਇਆ ਵਿਸ਼ਵਾਸ ਨਹੀਂ।

ਤੁਹਾਡੇ ਸੰਸਕਾਰ ਅੰਨ੍ਹੇ ਵਿਸ਼ਵਾਸ ਨਾਲ ਬੱਝੇ ਹੋਏ ਹਨ। ਤੁਹਾਡਾ ਧਰਮ ਬਿਬੇਕ ਬੁੱਧੀ ਤੋਂ ਖਾਲੀ ਹੈ। ਬੁੱਧੀਹੀਣ ਹੋ ਤੁਸੀਂ। ਤੁਹਾਡੀ ਸ਼ਰਧਾ ਬੁੱਧੀ ਬਿਬੇਕ ਤੋਂ ਸੱਖਣੀ, ਸੱਚ ਤੋਂ ਕੋਹਾਂ ਦੂਰ ਹੈ। ਕਿੰਨਾ ਕੁ ਚਿਰ ਦੂਜਿਆਂ ਦੇ ਉਧਾਰੇ ਸੱਚ ਨੂੰ ਢੋਂਹਦੇ ਰਹੋਗੇ, ਸੱਚ ਦੇ ਖੋਜੀ ਨਹੀਂ ਬਣੋਗੇ। ਜਿਸ ਕੋਲ ਆਪਣਾ ਸੱਚ ਨਹੀਂ, ਉਹ ਜਿਉਂਦਾ ਵੀ ਮੁਰਦਾ ਹੈ। ਹਰ ਆਦਮੀ ਝੂਠ ਦੀ ਕਬਰ 'ਤੇ ਬੈਠਾ ਹੋਇਆ ਹੈ, ਚਿਤਾ 'ਤੇ ਚੜ੍ਹਿਆ ਹੋਇਆ ਹੈ। ਜਿਸ ਨੂੰ ਤੁਸੀਂ ਜੀਵਨ ਕਹਿੰਦੇ ਹੋ, ਉਹ ਰੋਜ਼ ਕਬਰ ਵਿਚ ਉਤਰਨਾ ਹੈ।

ਗਿਰਦੇ ਹੋਏ ਪੱਤੇ ਤੁਹਾਡੀ ਮੌਤ ਦੀ ਖਬਰ ਦੇ ਰਹੇ ਹਨ। ਡੁੱਬਦੇ ਸੂਰਜ ਨਾਲ ਖੁਦ ਡੁੱਬ ਜਾਓਗੇ। ਮੰਨਣਾ ਦੂਜਿਆਂ ਤੋਂ ਆਉਂਦਾ ਹੈ, ਜਾਣਨਾ ਖੁਦ ਤੋਂ। ਧਰਮ ਮੰਨਣਾ ਨਹੀਂ, ਜਾਣਨਾ ਹੈ। ਧਰਮ ਵਿਸ਼ਵਾਸ ਨਹੀਂ, ਵਿਵੇਕ ਹੈ। ਧਰਮ ਦੂਜਿਆਂ ਦੁਆਰਾ ਗ੍ਰਹਿਣ ਕਰਨਾ ਨਹੀਂ, ਧਰਮ ਖੁਦ ਪ੍ਰਾਪਤ ਕਰਨਾ ਹੈ। ਕੋਈ ਆਦਮੀ ਕੇਵਲ ਵਿਸ਼ਵਾਸ ਨਾਲ ਧਾਰਮਿਕ ਨਹੀਂ ਹੋ ਜਾਂਦਾ, ਕਿਉਂਕਿ ਵਿਸ਼ਵਾਸ ਦਾ ਅਰਥ ਹੈ- ਜੋ ਮੈਂ ਨਹੀਂ ਜਾਣਦਾ, ਉਸ ਨੂੰ ਮੰਨ ਲਵਾਂ। ਜੋ ਬਿਨਾਂ ਵਿਚਾਰੇ ਮੰਨ ਲੈਂਦਾ ਹੈ, ਅਸੀਂ ਉਸ ਨੂੰ ਧਾਰਮਿਕ ਆਦਮੀ ਹੋਣ ਦਾ ਅਹੁਦਾ ਦੇ ਦਿੰਦੇ ਹਾਂ। ਜੋ ਸਦਾ ਠਹਿਰਿਆ ਹੈ, ਉਹ ਵਿਸ਼ਵਾਸ ਹੈ, ਉਸ ਵਿਚ ਕੋਈ ਗਤੀ ਨਹੀਂ ਹੁੰਦੀ। ਵਿਸ਼ਵਾਸ ਕਦੀ ਵਿਰੋਹ ਨਹੀਂ ਕਰਦਾ, ਵਿਚਾਰ ਦੇ ਪਿਛੋਂ ਵਿਦਰੋਹ ਦੀ ਚਿਣਗ ਬਲਦੀ ਹੈ। ਵਿਚਾਰ ਕਰਨਾ ਕਸ਼ਟ-ਪੂਰਨ ਹੈ, ਵਿਸ਼ਵਾਸ ਕਰਨਾ ਸੌਖਾ ਹੈ। ਵਿਸ਼ਵਾਸ ਕਰਨ ਨਾਲ ਕੁਝ ਨਹੀਂ ਕਰਨਾ ਪੈਂਦਾ। ਕੋਈ ਕਸ਼ਟ ਨਹੀਂ। ਮੰਨ ਲਿਆ, ਠੀਕ ਹੋ ਗਿਆ। ਸੰਸਾਰ ਵਿਚ ਸਭ ਤੋਂ ਮਰੀ ਹੋਈ ਚੀਜ਼ ਦਾ ਨਾਂ ਹੈ ਵਿਸ਼ਵਾਸ। ਵਿਸ਼ਵਾਸ ਨਾਲ ਸਬਰ ਹੈ, ਵਿਚਾਰ ਨਾਲ ਵਿਦਰੋਹ ਹੈ। ਵਿਸ਼ਵਾਸ ਨਾਲ ਮੌਤ ਹੈ, ਵਿਚਾਰ ਨਾਲ ਗਤੀ ਹੈ। ਵਿਸ਼ਵਾਸ ਧਰਮ ਗਿਆਨੀ ਹੈ, ਵਿਚਾਰ ਧਰਮ ਅਗਿਆਨੀ ਹੈ। ਸਾਨੂੰ ਸਭ ਪਤਾ ਹੈ; ਬ੍ਰਹਮ ਦਾ, ਮਾਇਆ ਦਾ, ਸਵਰਗ ਦਾ, ਨਰਕ ਦਾ; ਸਭ ਪਤਾ ਹੈ, ਪਰ ਆਪਣੇ ਆਪ ਦਾ ਪਤਾ ਨਹੀਂ। ਅਸੀਂ ਮਰ ਬਹੁਤ ਪਹਿਲੇ ਜਾਂਦੇ ਹਾਂ, ਦਫਨਾਏ ਬਾਅਦ ਵਿਚ।

> **ਮਨੁੱਖ ਦੀ ਸਾਰੀ ਪੀੜਾ, ਸੰਤਾਪ ਇਹੀ ਹੈ ਕਿ ਸੱਚ ਦੇ ਸੂਰਜ ਵੱਲ ਪਿੱਠ ਕਰੀ ਖੜ੍ਹਾ ਹੈ। ਉਸ ਦਾ ਖੁਦ ਦਾ ਪਰਛਾਵਾਂ ਉਸ ਦੇ ਰਾਹ ਦਾ ਹਨੇਰਾ ਬਣ ਜਾਂਦਾ ਹੈ। ਆਦਮੀ ਦੇ ਅੰਦਰ ਜ਼ਹਿਰ ਇਕੱਠਾ ਹੋ ਗਿਆ। ਸੱਚ ਪਿਆਸ ਹੈ, ਦੂਜੇ ਦਾ ਦਿੱਤਾ ਹੋਇਆ ਵਿਸ਼ਵਾਸ ਨਹੀਂ।**

ਜੋ ਅਸਲੀ ਧਾਰਮਿਕ ਹੈ, ਉਹ ਖੋਜੀ ਹੈ। ਉਹ ਮੰਨਣ ਲਈ ਰਾਜ਼ੀ ਨਹੀਂ ਹੁੰਦਾ। ਉਹ ਖੋਜ ਕਰੇਗਾ, ਵਿਚਾਰ ਕਰੇਗਾ, ਪ੍ਰਯੋਗ ਕਰੇਗਾ, ਅਨੁਭਵ ਕਰੇਗਾ। ਜਿਸ ਦਿਨ ਖੋਜ ਪੂਰੀ ਹੋ ਗਈ, ਉਸ ਦਿਨ ਵਿਸ਼ਵਾਸ ਕਰੇਗਾ।

ਸਤਿਗੁਰ ਨੋ ਸਭੁ ਕੋ ਵੇਖਦਾ
ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ॥

ਅਸੀਂ ਜਿਨ੍ਹਾਂ ਗੱਲਾਂ ਨੂੰ ਬਿਲਕੁਲ ਨਹੀਂ ਜਾਣਦੇ, ਉਨ੍ਹਾਂ ਨੂੰ ਮੰਨ ਕੇ ਬੈਠ ਗਏ ਹਾਂ। ਸਾਡੀ ਖੋਜ, ਸਾਡੀ ਜਾਣਨ ਦੀ ਇੱਛਾ ਖਤਮ ਹੋ ਰਹੀ ਹੈ। ਅੰਨਾ ਵਿਸ਼ਵਾਸ ਖੋਜ ਦੀ ਹੱਤਿਆ ਹੈ। ਅਸੀਂ ਧਰਮ ਨੂੰ ਵਿਸ਼ਵਾਸ ਉਪਰ ਖੜ੍ਹਾ ਕੀਤਾ ਹੈ, ਗਿਆਨ ਉਪਰ ਨਹੀਂ। ਬੱਚਿਆਂ ਨੂੰ ਵਿਸ਼ਵਾਸ ਕਰਨ ਦੀ ਸਿੱਖਿਆ ਦਿੱਤੀ ਜਾ ਰਹੀ ਹੈ, ਕੋਈ ਲੋੜ ਨਹੀਂ। ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ ਵਿਚਾਰ ਕਰਨ ਦੀ, ਚਿੰਤਨ ਕਰਨ ਦੀ, ਖੋਜ ਕਰਨ ਦੀ। ਸੱਚ ਨੂੰ ਖੋਜਣਾ ਪਵੇਗਾ, ਜਾਣਨਾ ਪਵੇਗਾ, ਸਮਝਣਾ ਪਵੇਗਾ।

ਰੋਂਦੀ, ਕੁਰਲਾਉਂਦੀ, ਧਾਹਾਂ ਮਾਰਦੀ ਮਾਈ ਬੁੱਧ ਦੇ ਪੈਰੀਂ ਆਣ ਪਈ, "ਮੇਰਾ ਜੁਆਨ ਪੁੱਤ ਮਰ ਗਿਆ। ਮੇਰਾ ਕੁਝ ਨਹੀਂ ਰਿਹਾ। ਭਗਵਾਨ, ਇਸ ਨੂੰ ਜਿੰਦਾ ਕਰ।" ਮਾਈ ਦਾ ਰੋਣਾ ਰੁਕ ਨਹੀਂ ਸੀ ਰਿਹਾ।

"ਮਾਈ, ਮੈਂ ਕੁਝ ਨਹੀਂ ਕਰ ਸਕਦਾ। ਸੱਚ ਨੂੰ ਸਵੀਕਾਰ ਕਰ।" ਬੁੱਧ ਬੋਲੇ।

"ਤੁਸੀਂ ਭਗਵਾਨ ਹੋ, ਪਰਮਾਤਮਾ ਹੋ, ਰੱਬ ਹੋ। ਲੋਕ ਤੁਹਾਨੂੰ ਪੂਜਦੇ ਹਨ। ਤੁਸੀਂ ਸਭ ਕਰ ਸਕਦੇ ਹੋ, ਮੇਰਾ ਪੁੱਤਰ ਜਿੰਦਾ ਕਰ ਦੇਵੋ।" ਮਾਈ ਤਰਲਾ ਲੈ ਰਹੀ ਸੀ।

"ਮਾਈ, ਮੈਂ ਤਾਂ ਤੇਰੇ ਵਰਗਾ ਹੀ ਆਦਮੀ ਹਾਂ, ਹੋਰ ਕੁਝ ਨਹੀਂ। ਇਹ ਮੇਰੇ ਵੱਸ ਦਾ ਨਹੀਂ।" ਬੁੱਧ ਬੋਲੇ।

"ਨਹੀਂ ਪ੍ਰਭੂ, ਜਾਂ ਤਾਂ ਮੇਰੇ ਪੁੱਤ ਨੂੰ ਜਿੰਦਾ ਕਰ ਦੇ, ਨਹੀਂ ਤਾਂ ਮੈਂ ਇੱਥੇ ਤੇਰੇ ਚਰਨਾਂ ਵਿਚ ਹੀ ਆਪਣੀ ਜਾਨ ਦੇ ਦੇਵਾਂਗੀ।" ਮਾਈ ਜ਼ਿਦ ਕਰੀ ਬੈਠੀ ਸੀ।

"ਅੱਛਾ ਮਾਈ! ਇਕ ਕੰਮ ਕਰ, ਤੇਰਾ ਪੁੱਤ ਜਿੰਦਾ ਹੋ ਜਾਊ।" ਮਹਾਤਮਾ ਬੋਲੇ।

"ਦੱਸੋ ਪ੍ਰਭੂ, ਮੈਂ ਤਾਂ ਆਪਣਾ-ਆਪ ਵੇਚ ਦਊਂ।" ਮਾਈ ਨੂੰ ਹੌਸਲਾ ਹੋਇਆ।

"ਮਾਈ, ਜਾ ਇਹ ਭਿਖਸ਼ੂ ਪਾਤਰ ਲੈ ਜਾ ਅਤੇ ਸਾਹਮਣੇ ਪਿੰਡ ਤੋਂ ਇੱਕ ਮੁੱਠੀ ਆਟੇ ਦੀ ਲੈ ਆ।" ਬੁੱਧ ਬੋਲੇ।

ਮਾਈ ਵਾਹੋ-ਦਾਹੀ ਪਿੰਡ ਨੂੰ ਜਾਣ ਲਈ ਉਠੀ, "ਤੁਸੀਂ ਇਕ ਮੁੱਠੀ ਆਟੇ ਦੀ ਗੱਲ ਕਰਦੇ ਹੋ, ਮੈਂ ਬੋਰਾ ਭਰ ਲਿਆਊਂ।" ਬੁੜ-ਬੁੜਾਂਦੀ ਮਾਈ ਤੁਰ ਪਈ।

"ਠਹਿਰ ਮਾਈ, ਇੱਕ ਗੱਲ ਸੁਣ ਜਾ, ਜ਼ਰੂਰੀ ਹੈ। ਆਟਾ ਉਸ ਘਰ ਤੋਂ ਮੰਗੀਂ ਜਿਥੇ ਕਦੀ ਕਿਸੇ ਦੀ ਮੌਤ ਨਾ ਹੋਈ ਹੋਵੇ।" ਮਹਾਤਮਾ ਬੋਲੇ।

"ਬੱਸ, ਮੈਂ ਗਈ ਤੇ ਆਈ।" ਵਾਹੋ-ਦਾਹੀ ਮਾਈ ਪਿੰਡ ਨੂੰ ਹੋ ਤੁਰੀ।

ਸੂਰਜ ਡੁੱਬਣ ਨੂੰ ਤਿਆਰ ਖੜ੍ਹਾ ਸੀ, ਮਾਈ ਦਾ ਕਿਧਰੇ ਵੀ ਕੋਈ ਪਤਾ ਨਹੀਂ ਸੀ।

ਡੁੱਬਦੇ ਸੂਰਜ ਦੀ ਲਾਲੀ ਵਿਚੋਂ ਮਾਈ ਨੇ ਬੁੱਧ ਨੂੰ ਆ ਮੱਥਾ ਟੇਕਿਆ। ਚਿਹਰਾ ਆਨੰਦਿਤ ਸੀ।

"ਕੀ ਹੋਇਆ?" ਮਹਾਤਮਾ ਬੋਲੇ।

"ਭਗਵਾਨ, ਸਮਝ ਆ ਗਈ। ਜੀਣਾ ਝੂਠ, ਮਰਨਾ ਸੱਚ ਹੈ।" ਮਾਈ ਸਾਧਵੀ ਹੋ ਗਈ।

ਬੀਤੇ ਵਿਚ ਜੀਣਾ ਸਿਆਣਪ ਨਹੀਂ। ਆਉਣ ਵਾਲੇ ਪਲ ਤੁਹਾਡੇ ਆਪਣੇ ਨਹੀਂ, ਅੱਜ ਤੁਹਾਡਾ ਹੈ। ਗੁਆ ਲਵੋ ਜਾਂ ਪਾ ਲਵੋ। ਸਵਰਗ ਦੀ ਤਮੰਨਾ ਮਨ ਦੀ ਦਵੰਦ ਹੈ। ਕੱਲ੍ਹ ਦੀ ਆਸ ਵਿਚ ਅੱਜ ਗੁਆ ਰਹੇ ਹੋ, ਪਤਾ ਨਹੀਂ ਕਿਉਂ? ਕਚਰੇ ਨੂੰ ਦਬਾ ਦੇਣ ਨਾਲ ਮੁਕਤੀ ਨਹੀਂ ਮਿਲਦੀ।

---

### ਦੁਖਦੀ ਰਗ

# ਗੁਰੂ ਦੇ ਕੀਰਤਨੀਏ ਤੇ ਗੁਰੂ ਘਰਾਂ ਦੇ 'ਮਾਲਕ'

ਅਹੁ ਸਾਹਮਣੇ ਜੋ ਆਲੀਸ਼ਾਨ ਅਤੇ ਵਿਸ਼ਾਲ ਬਿਲਡਿੰਗ ਦਿਸ ਰਹੀ ਹੈ, ਇਹ ਗੁਰਦੁਆਰਾ ਹੈ ਜਿਸ ਉਤੇ ਕਈ ਮਿਲੀਅਨ ਡਾਲਰ ਖਰਚ ਹੋਏ ਹਨ। ਇਸ ਦੇ ਬਾਹਰ ਕਾਰ ਪਾਰਕ ਦਾ ਜੋ ਨਜ਼ਾਰਾ ਹੈ, ਉਹ ਵੀ ਅਤਿ ਮਨਮੋਹਣਾ ਹੈ। ਬਜ਼ੁਰਗਾਂ ਦੇ ਬੈਠਣ ਲਈ ਨਿੱਕੀਆਂ-ਨਿੱਕੀਆਂ ਪਾਰਕਾਂ ਬਣਾ ਕੇ ਵਿਚ ਗੱਦੇਦਾਰ ਬੈਂਚ ਲਗਾਏ ਗਏ ਹਨ ਅਤੇ ਸੋਹਣੇ ਰੰਗ-ਬਰੰਗੇ ਫੁੱਲਾਂ ਵਾਲੇ ਤੇ ਛਾਂ-ਦਾਰ ਬੂਟੇ ਇਸ ਦੀ ਦਿਖ ਨੂੰ ਹੋਰ ਸੁੰਦਰ ਬਣਾਉਂਦੇ ਹਨ। ਇਸ ਬਿਲਡਿੰਗ ਦੀ ਜੋ ਅੰਦਰਲੀ ਖੂਬਸੂਰਤੀ ਹੈ, ਇਹ ਇਸ ਦੁਨੀਆਂ ਤੋਂ ਵੱਖਰੀ ਹੀ ਦਿਖਾਈ ਦਿੰਦੀ ਹੈ। ਸਤਿਗੁਰਾਂ ਦੇ ਦਰਬਾਰ ਹਾਲ ਦੀ ਤਾਂ ਸ਼ਾਨ ਹੀ ਨਿਆਰੀ ਹੈ। ਸੋਨੇ ਦੀ ਬਹੁਤ ਮਹਿੰਗੀ ਅਤੇ ਕੀਮਤੀ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ਼ੁਸ਼ੋਭਿਤ ਹੈ। ਸ਼ਬਦ ਗੁਰੂ ਜੀ ਦੇ ਵਸਤਰ ਰੁਮਾਲੇ ਵੀ ਬੇਹੱਦ ਕੀਮਤੀ ਹਨ ਜਿਨ੍ਹਾਂ ਉਤੇ ਕਾਰੀਗਰਾਂ ਨੇ ਕਮਾਲ ਦਾ ਕੰਮ ਕੀਤਾ ਹੋਇਆ ਹੈ। ਸ਼ਬਦ ਗੁਰੂ ਦਾ ਇਹ ਘਰ ਹੈ ਅਤੇ ਸੁੰਦਰ ਸੋਹਣਾ ਹੋਣਾ ਵੀ ਚਾਹੀਦਾ ਹੈ।



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
ਫੋਨ: 916-687-3536

ਐਤਵਾਰ ਦਾ ਦਿਨ ਹੈ, ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਚੁੱਕੀ ਹੈ। ਸਟੇਜ 'ਤੇ ਬੈਠੇ ਕੁਝ ਲੋਕ ਕੀਰਤਨ ਕਰ ਰਹੇ ਹਨ ਜੋ ਕੀਰਤਨੀਏ ਨਹੀਂ ਹਨ। ਉਨ੍ਹਾਂ ਦਾ ਗੁਰਬਾਣੀ ਦਾ ਉਚਾਰਨ ਵੀ ਸ਼ੁੱਧ ਨਹੀਂ ਹੈ। ਸੰਗਤਾਂ ਆ ਰਹੀਆਂ ਹਨ, ਰੌਣਕ ਵਧ ਰਹੀ ਹੈ। ਥੋੜ੍ਹੀ-ਥੋੜ੍ਹੀ ਦੇਰ ਬਾਅਦ ਸਟੇਜ 'ਤੇ ਅਦਲਾ-ਬਦਲੀ ਹੋ ਰਹੀ ਹੈ। ਹੁਣ ਕੁਝ ਹੋਰ ਆਦਮੀ ਸਟੇਜ 'ਤੇ ਆ ਬੈਠਦੇ ਹਨ ਅਤੇ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੰਦੇ ਹਨ। ਇਹ ਪਹਿਲਿਆਂ ਨਾਲੋਂ ਵੀ ਥੋੜ੍ਹਾ ਜਿਹਾ ਅੱਗੇ ਹਨ। ਹੁਣ ਤੀਜਾ ਗਰੁਪ ਸਟੇਜ 'ਤੇ ਆ ਰਿਹਾ ਹੈ ਪਰ ਸੈਕਟਰੀ ਸਾਹਿਬ ਜੋ ਗੁਰਬਾਣੀ ਅਤੇ ਇਤਿਹਾਸ ਤੋਂ ਬਿਲਕੁਲ ਕੋਰੇ ਅਤੇ ਅਨਜਾਣ ਹਨ, ਹਰ ਵਾਰੀ ਉਠ ਕੇ ਸਟੇਜ 'ਤੇ ਜਾ ਮਾਈਕ ਫੜ ਕੇ ਬੋਲਦੇ ਹਨ- ਹੁਣ ਸਾਡਾ ਅਗਲਾ ਮਹਾਨ ਕੀਰਤਨੀ ਜਥਾ ਸ਼ਬਦ ਪੜ੍ਹੇਗਾ।

ਸਟੇਜ ਦੇ ਨੇੜੇ ਹੀ ਇਕ ਬਜ਼ੁਰਗ ਬੈਠੇ ਹਨ ਜਿਨ੍ਹਾਂ ਦੇ ਚਿਹਰੇ 'ਤੇ ਨੂਰ ਵੀ ਭਾਸਦਾ ਹੈ, ਪਰ ਉਹ ਵਿਆਕੁਲ ਲੱਗਦੇ ਹਨ। ਉਹ ਕੋਲ ਬੈਠੇ ਸਟੇਜ ਸੈਕਟਰੀ ਨੂੰ ਥੋੜ੍ਹੀ-ਥੋੜ੍ਹੀ ਦੇਰ ਬਾਅਦ ਕੁਝ ਕਹਿੰਦੇ ਹਨ। ਸਟੇਜ ਸੈਕਟਰੀ ਹਰ ਵਾਰ ਉਨ੍ਹਾਂ ਨੂੰ ਅਣਗੌਲਿਆ ਕਰ ਦਿੰਦਾ ਹੈ। ਉਹ ਬਜ਼ੁਰਗ ਫਿਰ ਹਿੰਮਤ ਕਰਦੇ ਹਨ ਅਤੇ ਹੱਥ ਜੋੜ ਕੇ ਸੈਕਟਰੀ ਨੂੰ ਬੇਨਤੀ ਕਰਦੇ ਹਨ। ਸਟੇਜ ਸੈਕਟਰੀ ਬੜੀ ਮੁਸ਼ਕਿਲ ਨਾਲ ਸਪੀਕਰ 'ਤੇ ਉਸ ਬਜ਼ੁਰਗ ਦਾ ਨਾਮ ਬੋਲ ਕੇ ਦੋ ਮਿੰਟ ਦਾ ਟਾਈਮ ਉਸ ਲਈ ਅਨਾਊਂਸ ਕਰਦਾ ਹੈ।

ਬਜ਼ੁਰਗ ਦਾ ਨਾਮ ਸੁਣ ਕੇ ਮੈਂ ਤ੍ਰਭਕ ਉਠਦੀ ਹਾਂ ਅਤੇ 30 ਸਾਲ ਪਿੱਛੇ ਜਾ ਪਹੁੰਚਦੀ ਹਾਂ... ਹਾਇ ਰੱਬਾ! ਇਹ ਬਾਬਾ ਜੀ ਉਹ ਕੀਰਤਨੀਏ ਹਨ... ਉਸ ਵੇਲੇ ਇਨ੍ਹਾਂ ਦੀ ਉਮਰ ਮਸੀਂ ਪੰਤਾਲੀ ਜਾਂ ਪੰਜਾਹ ਦੇ ਕਰੀਬ ਹੋਵੇਗੀ, ਜਦ ਇਹ ਆਪਣੇ ਜਥੇ ਨਾਲ ਇੰਡੀਆ ਤੋਂ ਸੰਗਤਾਂ ਦੇ ਸੱਦੇ 'ਤੇ ਕੀਰਤਨ ਕਰਨ ਲਈ ਆਏ ਸਨ। ਇਨ੍ਹਾਂ ਦਾ ਕੀਰਤਨ ਅਤੇ ਨਾਂ ਸੁਣ ਕੇ ਜਿਵੇਂ ਗੁਰੂ ਘਰਾਂ ਦੀਆਂ ਕਮੇਟੀਆਂ ਵਿਚ ਦੌੜ ਜਿਹੀ ਲੱਗ ਗਈ ਸੀ। ਹਰ ਗੁਰੂ ਘਰ ਦੀ ਕਮੇਟੀ ਚਾਹੁੰਦੀ ਸੀ ਕਿ ਅਗਲਾ ਕੀਰਤਨ ਉਨ੍ਹਾਂ ਵਾਲੇ ਗੁਰੂ ਘਰ ਵਿਚ ਹੋਵੇ। ਕਮੇਟੀਆਂ ਤਰਲੇ ਅਤੇ ਸੰਗਤਾਂ ਤਾਰੀਫ਼ ਕਰਦੀਆਂ ਨਹੀਂ ਸੀ ਥੱਕਦੀਆਂ। ਜਿਥੇ ਵੀ ਕੀਰਤਨ ਹੁੰਦਾ, ਦੂਜੇ ਸ਼ਹਿਰਾਂ ਤੋਂ ਵੀ ਸੰਗਤਾਂ ਇਕ-ਦੂਜੇ ਤੋਂ ਪਹਿਲਾਂ ਪਹੁੰਚ ਕੇ ਬੈਠਣ ਲਈ ਅਹੁਲਦੀਆਂ। ਕੀਰਤਨ ਮਗਰੋਂ ਲੋਕ ਲਾਈਨਾਂ ਵਿਚ ਲੱਗ ਕੇ ਇਨ੍ਹਾਂ ਨੂੰ ਆਪਣੇ ਘਰ ਲੰਗਰ ਛਕਣ ਲਈ ਬੇਨਤੀਆਂ ਕਰਦੇ। ਜਿਨ੍ਹਾਂ ਨੂੰ ਲੰਗਰ ਲਈ ਸਮਾਂ ਨਾ ਮਿਲਦਾ, ਉਹ ਚਾਹ-ਪਾਣੀ ਵਾਸਤੇ ਸਮਾਂ ਮੰਗ ਲੈਂਦੇ। ਉਨ੍ਹਾਂ ਦੀ ਰਸਨਾ 'ਤੇ ਵੀ ਜਿਵੇਂ ਰੱਬ ਆਪ ਬੈਠਾ ਹੋਵੇ। ਇੰਜ ਲਗਦਾ, ਜਿਵੇਂ ਰੱਬ ਆਪ ਹੀ ਬੋਲ ਰਿਹਾ ਹੋਵੇ। ਗੁਰੂ ਦੀ ਮਿਹਰ ਸਦਕਾ ਆਚਾਰ ਦੇ ਵੀ ਉਚੇ ਅਤੇ ਕਿਰਦਾਰ ਦੇ ਵੀ ਸੁੱਚੇ। ਗੁਰੂ ਸ਼ਬਦ ਦਾ ਸ਼ੁੱਧ ਉਚਾਰਨ ਅਤੇ ਸੋਹਣੀ ਵਿਆਖਿਆ, ਜਿਵੇਂ ਅੰਮ੍ਰਿਤ ਰਸ ਵਰਸ ਰਿਹਾ ਹੋਵੇ। ਚਿਹਰੇ 'ਤੇ ਖਿੜਿਆ ਹੋਇਆ ਨੂਰ ਅਤੇ ਗੁਰੂ ਦਾ ਸਤਿਕਾਰ। ਮਾਇਆ ਨੂੰ ਕਦੀ ਪਿਆਰ ਨਾ ਕੀਤਾ; ਜੋ ਮਿਲਿਆ, ਪ੍ਰਵਾਨ ਕਰ ਲਿਆ। ਕੀਰਤਨ ਰਾਹੀਂ ਜਦ ਨਾਮ ਦੀ ਵਰਖਾ ਹੁੰਦੀ, ਤਾਂ ਧਰਤੀ 'ਤੇ ਹੀ ਸੱਚਖੰਡ ਬਣ ਜਾਂਦਾ।

ਸਮਾਂ ਤੁਰਦਾ ਗਿਆ, ਬੁਢਾਪੇ ਨੇ ਪੈਰ ਪਸਾਰ ਲਏ। ਇਨ੍ਹਾਂ ਦੇ ਦੋਵੇਂ ਬੇਟੇ ਵੀ ਪੜ੍ਹ-ਲਿਖ ਕੇ ਇਥੇ ਹੀ ਆਣ ਵੱਸੇ ਅਤੇ ਇਨ੍ਹਾਂ ਵਾਂਗ ਉਹ ਵੀ ਆਪਣੇ ਧਰਮ ਅਤੇ ਪਰਉਪਕਾਰ ਦੇ ਰਸਤੇ ਦੇ ਰਾਹੀ ਬਣੇ। ਬਾਬਾ ਜੀ ਅੱਜ ਵੀ ਗੁਰੂ ਨੂੰ ਸਮਰਪਿਤ ਹਨ ਅਤੇ ਕੀਰਤਨ ਦਾ ਚਾਉ ਵੀ ਉਵੇਂ ਬਰਕਰਾਰ ਰਿਹਾ, ਪਰ ਅੱਜ ਜਦੋਂ ਸੈਕਟਰੀ ਨੇ ਉਸ ਬਜ਼ੁਰਗ ਕੀਰਤਨੀਏ ਲਈ ਦੋ ਮਿੰਟ ਦਾ ਸਮਾਂ ਅਨਾਊਂਸ ਕੀਤਾ ਤਾਂ ਨਾਲ ਹੀ ਇਹ ਚਾਨਣਾ ਵੀ ਪਾ ਦਿੱਤਾ, 'ਬਜ਼ੁਰਗ ਆਖਦੇ ਹਨ, ਕਦੀ ਇਹ ਵੀ ਸ਼ਬਦ ਪੜ੍ਹਦੇ ਹੁੰਦੇ ਸਨ।' ਇਹ ਸੁਣ ਕੇ ਮੇਰੀਆਂ ਅੱਖਾਂ ਵਿਚੋਂ ਆਪ-ਮੁਹਾਰੇ ਪਾਣੀ ਵਹਿ ਤੁਰਿਆ... ਹਾਇ ਰੱਬਾ! ਏਡੀ ਦੁਰਗਤ! ਸੈਕਟਰੀ ਫਿਰ ਬੋਲਿਆ, 'ਮੈਂ ਤਾਂ ਕਹਿੰਦਾ ਹਾਂ ਕਿ ਹੁਣ ਇਨ੍ਹਾਂ ਦੀ ਉਮਰ ਹੋ ਚੁੱਕੀ ਹੈ, ਇਨ੍ਹਾਂ ਨੂੰ ਘਰ ਬੈਠ ਕੇ ਆਰਾਮ ਕਰਨਾ ਚਾਹੀਦਾ ਹੈ। ਇਹ ਹਰ ਸੰਡੇ ਨੂੰ ਆ ਕੇ ਸਾਨੂੰ ਤੰਗ ਕਰਦੇ ਹਨ ਅਤੇ ਸ਼ਬਦ ਦਾ ਟਾਈਮ ਮੰਗਦੇ ਹਨ। ਸਾਡੇ ਕੋਲ ਤਾਂ ਪਹਿਲਾਂ ਹੀ ਕੀਰਤਨ ਕਰਨ ਵਾਲੇ ਜਥੇ ਬਥੇਰੇ ਹਨ। ਦੱਸੋ ਸਾਨੂੰ ਕੀ ਕਰਨਾ ਚਾਹੀਦਾ ਹੈ?'

ਇਹ ਸੁਣ ਕੇ ਸੰਗਤਾਂ ਵਿਚ ਵੀ ਘੁਸਰ-ਮੁਸਰ ਸ਼ੁਰੂ ਹੋ ਗਈ। ਕਿਸੇ ਦੀ ਆਵਾਜ਼ ਆਈ, 'ਬਾਬੇ ਨੇ ਆਪਣੇ ਵੇਲੇ ਬਥੇਰੀ ਕਮਾਈ ਕੀਤੀ ਹੋਈ ਹੈ।' ਕਿਸੇ ਨੇ ਆਖਿਆ, 'ਘਰ ਕਿਹੜਾ ਹੁਣ ਕੋਈ ਪੁੱਛਦਾ ਹੋਣਾ ਹੈ', ਤੇ ਕਿਸੇ ਆਖਿਆ, 'ਬਾਬੇ ਨੂੰ ਇਸ ਉਮਰੇ ਵੀ ਸ਼ਬਦ ਦਾ ਚਾਅ ਚੜ੍ਹਿਆ ਪਿਆ ਹੈ', 'ਚਲੋ ਦੋ-ਚਾਰ ਮਿੰਟ ਨਾਲ ਕੀ ਫਰਕ ਪੈਂਦਾ ਹੈ, ਬੋਲ ਲੈਣ ਦਿਓ ਵਿਚਾਰੇ ਨੂੰ।'... ਇਹ ਸਾਰੀਆਂ ਆਵਾਜ਼ਾਂ ਗੁਰੂ ਦੀਆਂ ਸੰਗਤਾਂ ਵਿਚੋਂ ਆ ਰਹੀਆਂ ਸੁਣ ਕੇ ਬਜ਼ੁਰਗ ਬਾਬਾ ਜੀ ਨੇ ਬੜੇ ਹੀ ਆਰਾਮ ਨਾਲ ਸਿਰ ਉਤਾਂਹ ਚੁੱਕਿਆ, ਡਬ-ਡਬਾਈਆਂ ਅੱਖਾਂ ਨਾਲ ਸ਼ਬਦ ਗੁਰੂ ਅਤੇ ਸੰਗਤਾਂ ਵੱਲ ਵੇਖਿਆ, ਕੰਬਦੇ ਹੱਥਾਂ ਨਾਲ ਮਾਈਕ ਫੜਿਆ ਅਤੇ ਦੋਵੇਂ ਹੱਥਾਂ ਜੋੜ ਕੇ ਬੋਲੇ, 'ਵਾਹ ਮੇਰੇ ਸੱਚੇ ਪਾਤਸ਼ਾਹ ਜੀਉ! ਆਪ ਧੰਨ ਹੋ। ਮੈਂ ਤੇਰੇ ਘਰ ਦਾ ਕੀਰਤਨੀਆ ਜਿਸ ਨੇ ਸਾਰੀ ਉਮਰ ਤੇਰੇ ਘਰ ਦੇ ਲੇਖੇ ਲਾਈ, ਤੈਥੋਂ ਬਿਨਾਂ ਹੋਰ ਕੁਝ ਚਾਹਿਆ ਹੀ ਨਹੀਂ ਮੇਰੇ ਸਤਿਗੁਰ ਜੀਉ... ਆਪ ਦੀਆਂ ਸੰਗਤਾਂ ਤਾਂ ਬਹੁਤ ਹੀ ਮਹਾਨ ਹਨ ਸਤਿਗੁਰ ਜੀਉ... ਅਜੇ ਕੱਲ੍ਹ ਦੀ ਗੱਲ ਹੈ, ਜਦ ਅਸੀਂ ਕੀਰਤਨ ਕਰ ਕੇ ਉਠਦੇ ਸਾਂ, ਤਾਂ ਇਹੋ ਹੀ ਸੰਗਤਾਂ ਪੈਰਾਂ ਨੂੰ ਹੱਥ ਲਾਉਣ ਲਈ ਉਤਾਵਲੀਆਂ ਰਹਿੰਦੀਆਂ ਸਨ ਅਤੇ 'ਕੋਈ ਸੇਵਾ ਦੱਸੋ' ਵਰਗੇ ਸ਼ਬਦ ਚਾਰੇ ਪਾਸਿਆਂ ਤੋਂ ਸੁਣਾਈ ਦਿੰਦੇ ਸਨ ਸਤਿਗੁਰ ਜੀਉ... ਅਸੀਂ ਸੋਚਦੇ ਸੀ, ਜਦ ਬੁਢਾਪੇ ਵਿਚ ਵੀ ਕਦੀ ਤੇਰੇ ਘਰ ਆਇਆ ਕਰਾਂਗੇ, ਤਾਂ ਸੰਗਤਾਂ ਵਿਚੋਂ ਸਾਨੂੰ ਉਹੀ ਹੀ ਪਿਆਰ ਅਤੇ ਸਤਿਕਾਰ ਮਿਲਿਆ ਕਰੇਗਾ ਜੋ ਗੁਰੂ ਦੇ ਕੀਰਤਨੀਏ ਨੂੰ ਮਿਲਣਾ ਚਾਹੀਦਾ ਹੈ, ਪਰ ਅੱਜ ਅੱਸੀ ਸਾਲ ਦੀ ਉਮਰ ਵਿਚ ਪਿਤਾ ਜੀਉ... ਜੋ ਤ੍ਰਿਸਕਾਰ ਅਤੇ ਜ਼ਿਲਤ ਸਾਨੂੰ ਮਿਲ ਰਹੀ ਹੈ, ਉਹ ਹੁਣ ਸਹਿਣ ਨਹੀਂ ਹੋ ਰਹੀ ਹੈ... ਮੇਰੇ ਸਤਿਗੁਰ ਜੀਉ... ਮੈਂ ਤੇਰਾ ਕੀਰਤਨੀਆਂ ਹਾਂ, ਮੈਂ ਤੇਰੀ ਸੇਵਾ ਕੀਤੀ ਹੈ, ਸਾਰੀ ਉਮਰ ਤੇਰੇ ਲੇਖੇ ਲਾਈ ਹੈ, ਉਸ ਦਾ ਸਿਲਾ ਜੋ ਅੱਜ ਗੁਰੂ ਘਰ ਵਿਚੋਂ ਮਿਲ ਰਿਹਾ ਹੈ, ਉਸ ਲਈ ਮੈਂ ਆਪ ਦੀਆਂ ਸੰਗਤਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ।'

ਇਹ ਆਖ ਕੇ ਉਹ ਬਜ਼ੁਰਗ ਹੌਲੀ-ਹੌਲੀ ਗੁਰੂ ਘਰ ਵਿਚੋਂ ਬਾਹਰ ਨਿਕਲ ਗਏ ਅਤੇ ਫਿਰ ਕਦੀ ਦਿਖਾਈ ਨਹੀਂ ਦਿੱਤੇ। ਹੁਣ ਸੈਕਟਰੀ ਅਤੇ ਸੰਗਤਾਂ ਸਿਰ ਸੁੱਟ ਕੇ ਬੈਠ ਗਏ ਅਤੇ ਹਰ ਪਾਸੇ ਸੰਨਾਟਾ ਛਾ ਗਿਆ ਸੀ।

*ਪੱਤਰਕਾਰ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਅਸਲ ਵਿਚ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਹਨ, ਪਰ ਇਸ ਰਚਨਾ ਦੀ ਖੂਬਸੂਰਤੀ ਇਹ ਹੈ ਕਿ ਇਹ ਯਾਦਾਂ ਫੈਲ ਕੇ ਪੂਰੇ ਪੰਜਾਬ ਦੇ ਪਿੰਡਾਂ ਨਾਲ ਜੁੜ ਗਈਆਂ ਹਨ। ਲੇਖਕ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛ ਰਿਹਾ ਅਤੇ ਪਾਠਕਾਂ ਨੂੰ ਸੁਣਾ ਰਿਹਾ ਜਾਪਦਾ ਹੈ। ਇਸੇ ਲਈ ਇਹ ਯਾਦਾਂ ਸਾਦੀਆਂ ਗੱਲਾਂ ਅਤੇ ਦਿਲਚਸਪ ਬਾਤਾਂ ਬਣ ਗਈਆਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

**ਤੇਰੀਆਂ ਗਲੀਆਂ-14**



***ਮੈਂ ਆਪਣੇ ਪਿੰਡ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***

***-ਦਲਬੀਰ ਸਿੰਘ***

# ਚੌਰਾਹਾ

ਕਿਸੇ ਵੀ ਪਿੰਡ ਦਾ ਨਕਸ਼ਾ ਸਿੱਧਾ ਸਾਦਾ ਨਹੀਂ ਹੁੰਦਾ, ਕਿਉਂਕਿ ਪਿੰਡ ਸੋਚ ਸਮਝ ਕੇ ਨਹੀਂ ਸਨ ਉਸਾਰੇ ਜਾਂਦੇ। ਇਨ੍ਹਾਂ ਦੀ ਉਸਾਰੀ ਤਾਂ ਲੋੜ ਮੁਤਾਬਕ ਹੁੰਦੀ ਸੀ। ਇਸ ਲਈ ਇਨ੍ਹਾਂ ਦੀਆਂ ਗਲੀਆਂ ਵਿੰਗੀਆਂ-ਟੇਢੀਆਂ, ਮੋੜ-ਘੋੜ ਵਾਲੀਆਂ ਹੁੰਦੀਆਂ ਹਨ। ਜਿਥੇ ਇਸ ਵੇਲੇ ਖੜ੍ਹੇ ਹਾਂ, ਉਥੇ ਸੱਜੇ ਪਾਸੇ ਨਵੇਂ ਤਰਖਾਣਾਂ ਦੀ ਗਲੀ ਹੈ। ਇਨ੍ਹਾਂ ਨੂੰ ਨਵੇਂ ਤਰਖਾਣ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਪਿੰਡ ਬਣਨ ਤੋਂ ਕੁਝ ਸਾਲ ਬਾਅਦ ਲਾਗਲੇ ਪਿੰਡ ਲਾਲੇ ਲੱਧੇਵਾਲੀ ਤੋਂ ਉਠ ਕੇ ਆਏ ਸਨ। ਪਹਿਲੇ ਤਰਖਾਣਾਂ ਦਾ ਕੋਈ ਵਡੇਰਾ ਕਿਥੋਂ ਆਇਆ ਸੀ, ਇਸ ਦਾ ਕੋਈ ਪਤਾ ਨਹੀਂ। ਵੈਸੇ ਅਟਾ-ਸਟਾ ਹੈ ਕਿ ਉਹ ਕਾਕੀ ਪਿੰਡ ਤੋਂ ਆਇਆ ਹੋਏਗਾ, ਪਰ ਨਵੇਂ ਤਰਖਾਣ ਪਿੰਡ ਬੱਝਣ ਦੇ ਕਰੀਬ ਪੰਜਾਹ ਸਾਲ ਮਗਰੋਂ ਇਥੇ ਆ ਕੇ ਵਸੇ। ਇਸ ਲਈ ਇਨ੍ਹਾਂ ਦੀ ਨਵੇਂ ਤਰਖਾਣਾਂ ਦੀ ਅੱਲ ਪੈ ਗਈ। ਇਹ ਅੱਲ ਕਈ ਸਦੀਆਂ ਬੀਤਣ ਦੇ ਬਾਅਦ ਵੀ ਜਾਰੀ ਹੈ।

ਨਵੇਂ ਤਰਖਾਣਾਂ ਵਿਚੋਂ ਇਕ ਕਰਤਾਰ ਸਿੰਘ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ ਜਿਸ ਦੇ ਇਕ ਪੁੱਤਰ ਨੇ 'ਅਗਵਾ' ਹੋਣ ਦਾ ਡਰਾਮਾ ਰਚਿਆ ਸੀ। ਇਨ੍ਹਾਂ ਵਿਚੋਂ ਹੀ ਇਕ ਕੁੜੀ ਬਾਰੇ 'ਖੁਸਰਾ' ਹੋਣ ਦੀ ਚਰਚਾ ਸੀ। ਕਹਿੰਦੇ ਹਨ ਕਿ ਜਦੋਂ ਉਹ ਪੈਦਾ ਹੋਈ ਸੀ ਤਾਂ ਕਿਸੇ ਤਰ੍ਹਾਂ ਖੁਸਰਿਆਂ ਨੂੰ ਪਤਾ ਲੱਗ ਗਿਆ ਸੀ। ਉਹ ਇਕੱਠੇ ਹੋ ਕੇ ਉਸ ਨੂੰ ਲੈਣ ਆ ਗਏ ਸਨ। ਉਹ ਕਿਵੇਂ ਖੁਸਰਿਆਂ ਨਾਲ ਜਾਣ ਤੋਂ ਬਚੀ ਰਹੀ, ਇਹ ਪਤਾ ਨਹੀਂ ਲੱਗਾ। ਉਮਰ ਤੇ ਰੁਤਬੇ ਮੁਤਾਬਿਕ ਉਸ ਨੂੰ ਅਸੀਂ ਭੂਆ ਕਹਿੰਦੇ ਸਾਂ, ਤੇ ਇਹ ਕਹਿਣ ਦੀ ਤਾਂ ਲੋੜ ਨਹੀਂ ਕਿ ਉਸ ਦੀ ਸ਼ਾਦੀ ਨਹੀਂ ਹੋਈ ਅਤੇ ਉਹ ਕੁਆਰੀ ਹੀ ਬੁੱਢੀ ਹੋ ਗਈ। ਉਂਜ ਉਸ ਨੇ ਸਦਾ ਹੀ ਆਮ ਔਰਤਾਂ ਵਾਂਗ ਵਿਹਾਰ ਕੀਤਾ ਸੀ।

ਨਵੇਂ ਤਰਖਾਣਾਂ ਦੀ ਗਲੀ ਦੇ ਨਾਲ ਹੀ ਬਾਬਿਆਂ ਦਾ ਘਰ ਹੈ। ਪਿੰਡ ਦੀ ਅੰਦਰਲੀ ਵਲਗਣ ਦੇ ਬਾਹਰ ਇਹ ਪਹਿਲਾਂ ਪੱਕਾ ਘਰ ਸੀ। ਇਸ ਘਰ ਦੇ ਦੋ ਬੂਹੇ ਭਾਵੇਂ ਇਸ ਗਲੀ ਵੱਲ ਹੀ ਰੱਖੇ ਗਏ ਸਨ, ਇਸ ਦਾ ਦਰਵਾਜ਼ਾ ਬਗਲ ਵਾਲੀ ਉਸ ਬੀਹੀ ਵਿਚ ਖੁੱਲ੍ਹਦਾ ਸੀ ਜਿਹੜੀ ਅਗਾਂਹ ਸਰਪੰਚ ਨਿਰਮਲ ਸਿੰਘ ਅਤੇ ਮੇਜਰ ਮਿਹਰ ਸਿੰਘ ਦੇ ਘਰ ਤੋਂ ਦੀ ਹੁੰਦੀ ਹੋਈ ਬਾਹਰ 'ਬਾਬਿਆਂ ਦੀ ਵੱਟ' ਵੱਲ ਨਿਕਲ ਜਾਂਦੀ ਸੀ।

ਇਸ ਦੇ ਸਾਹਮਣੇ ਪਿੰਡ ਦੀ ਉਹ ਭੀੜੀ ਗਲੀ ਸ਼ੁਰੂ ਹੁੰਦੀ ਹੈ ਜਿਹੜੀ ਸਭ ਤੋਂ ਪੁਰਾਣੀ ਮੰਨੀ ਜਾਂਦੀ ਹੈ ਅਤੇ ਜਿਸ ਵਿਚ ਸਾਡਾ ਘਰ ਐਨ ਵਿਚਕਾਰ ਹੁੰਦਾ ਸੀ। ਖੱਬੇ ਪਾਸੇ ਮੁੜਦੀ ਬੀਹੀ ਪ੍ਰਾਇਮਰੀ ਸਕੂਲ ਮੂਹਰਦੀ ਹੁੰਦੀ ਹੋਈ ਉਸ ਪਾਸੇ ਵੱਲ ਨੂੰ ਚਲੇ ਜਾਂਦੀ ਹੈ ਜਿਸ ਪਾਸੇ ਹਰੀਜਨਾਂ ਦੇ ਘਰ ਸਨ। ਇਸ ਪਾਸੇ ਨੂੰ ਆਮ ਭਾਸ਼ਾ ਵਿਚ ਉਦੋਂ ਚਮਿਆੜਲੀ ਕਿਹਾ ਜਾਂਦਾ ਸੀ। ਅੱਜ ਕੱਲ੍ਹ ਇਸ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਂਦੀ। 'ਦਲਿਤਾਂ ਦੇ ਘਰ' ਕਹਿ ਦਿਤਾ ਜਾਂਦਾ ਹੈ। ਅਸਲ ਵਿਚ ਤਾਂ ਦਲਿਤਾਂ ਦੇ ਘਰ ਵੀ ਨਹੀਂ ਕਿਹਾ ਜਾਂਦਾ, ਕਿਉਂਕਿ ਸਮਾਜਕ ਚੇਤਨਾ ਵਿਚ ਦਲਿਤ ਬਾਕੀਆਂ ਨਾਲੋਂ ਵਧੇਰੇ ਚੌਕਸ ਤੇ ਚੇਤੰਨ ਹੋ ਗਏ ਹਨ।

ਇਸ ਤਰ੍ਹਾਂ ਚਾਰੇ ਪਾਸੇ ਨੂੰ ਨਿਕਲਦੀਆਂ ਗਲੀਆਂ ਕਾਰਨ ਚੌਰਾਹਾ ਬਣ ਗਿਆ ਹੈ। ਇਸ ਚੌਰਾਹੇ ਦੀ ਨੰਗਲ ਸ਼ਾਮਾ ਦੀ ਜ਼ਿੰਦਗੀ ਵਿਚ ਬਹੁਤ ਮਹੱਤਤਾ ਰਹੀ ਹੈ। ਇਥੇ ਦੋ ਵਾਰੀ ਨਾਟਕ ਖੇਡੇ ਗਏ। ਇਕ ਵਾਰੀ ਵਿਸ਼ੇਸ਼ ਤੌਰ 'ਤੇ ਉਸਾਰੇ ਗਏ ਪੱਕੇ ਥੜ੍ਹੇ ਉਤੇ, ਤੇ ਦੂਜੀ ਵਾਰੀ ਟੈਂਟ ਹਾਊਸ ਤੋਂ ਲਿਆਂਦੇ ਤਖ਼ਤਪੋਸ਼ਾਂ ਦੀ ਸਟੇਜ ਬਣਾ ਕੇ। ਤਖ਼ਤਪੋਸ਼ਾਂ ਵਾਲੀ ਸਟੇਜ ਉਤੇ ਰਾਮ ਲੀਲ੍ਹਾ ਸ਼ੈਲੀ ਵਿਚ ਖੇਡੇ ਦਹੇਜ ਬਾਰੇ ਨਾਟਕ ਵਾਲੇ ਸਮਾਗਮ ਦੀ ਸਟੇਜ ਸਕੱਤਰੀ ਮੈਂ ਜਲੰਧਰ ਤੋਂ ਆ ਕੇ ਕੀਤੀ ਸੀ। ਇਸੇ ਥਾਂ ਉਤੇ ਹੀ ਅਕਸਰ ਚੋਣ ਜਲਸੇ ਹੁੰਦੇ ਸਨ। ਰਵਾਇਤੀ ਤੌਰ 'ਤੇ ਇਹ ਭਾਵੇਂ ਪਿੰਡ ਕਾਂਗਰਸੀ ਹੈ, ਪਰ ਆਮ ਪਿੰਡਾਂ ਵਾਂਗ ਹੀ ਜੇ ਕੋਈ ਅਕਾਲੀ ਉਮੀਦਵਾਰ ਵੀ ਸਟੇਜ ਲਾਉਣ ਨੂੰ ਕਹੇ, ਤਾਂ ਸਹਿਯੋਗ ਦਿੱਤਾ ਜਾਂਦਾ।

1972 ਦੀਆਂ ਚੋਣਾਂ ਵਿਚ ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਦੇ ਅਕਾਲੀ ਉਮੀਦਵਾਰ ਕੁਲਦੀਪ ਸਿੰਘ ਵਡਾਲਾ ਦੀ ਸਟੇਜ ਤੋਂ ਮੈਂ ਅਕਾਲੀ ਦਲ ਦੀਆਂ ਨੀਤੀਆਂ ਉਤੇ ਕਿੰਤੂ-ਪ੍ਰੰਤੂ ਕਰਦਿਆਂ ਤਕਰੀਰ ਕੀਤੀ ਸੀ। ਕਾਫੀ ਸਖ਼ਤ ਗੱਲਾਂ ਕਰ ਦਿੱਤੀਆਂ ਸਨ। ਨਵਾਂ-ਨਵਾਂ ਕਮਿਊਨਿਸਟ ਹੋਇਆ ਸਾਂ ਅਤੇ ਉਨ੍ਹੀਂ ਦਿਨੀਂ ਕਮਿਊਨਿਸਟ ਪਾਰਟੀ ਦੀ ਕਾਂਗਰਸ ਨਾਲ ਯਾਰੀ ਸੀ। ਦਿਲਚਸਪ ਗੱਲ ਇਹ ਹੈ ਕਿ ਵਡਾਲਾ ਨੂੰ ਭਾਵੇਂ ਪਤਾ ਨਹੀਂ ਸੀ ਕਿ ਮੈਂ ਕਮਿਊਨਿਸਟ ਹਾਂ, ਫਿਰ ਵੀ ਉਹ ਮੇਰੀ 'ਕਾਮਰੇਡੀ ਸੁਰ' ਤਾੜ ਗਏ ਸਨ ਤੇ ਉਨ੍ਹਾਂ ਨੇ ਮੇਰੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਮੈਨੂੰ 'ਨੌਜਵਾਨ ਕਾਮਰੇਡ' ਕਹਿ ਕੇ ਸੰਬੋਧਨ ਕੀਤਾ ਸੀ। ਇਸ ਤੋਂ ਵੀ ਦਿਲਚਸਪ ਗੱਲ ਇਹ ਕਿ ਜਲਸੇ ਤੋਂ ਬਾਅਦ ਪਿੰਡ ਦੇ ਕਾਂਗਰਸੀਆਂ ਨੇ ਇਹ ਇਤਰਾਜ਼ ਕੀਤਾ ਕਿ ਮੈਂ ਵਡਾਲਾ ਨੂੰ ਕਸੂਤੇ ਸਵਾਲ ਪੁੱਛ ਕੇ ਪਿੰਡ ਲਈ ਬਦਨਾਮੀ ਖੱਟਣ ਦੀ ਮੂਰਖਤਾ ਕਿਉਂ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਵੋਟ ਭਾਵੇਂ ਕਿਸੇ ਨੂੰ ਵੀ ਪਾਈ ਜਾਵੇ, ਪਰ ਖਿਲਾਫ਼ਤ ਕਿਸੇ ਦੀ ਵੀ ਨਾ ਕੀਤੀ ਜਾਵੇ।

ਇਹ ਉਹ ਚੌਰਾਹਾ ਹੈ ਜਿਥੇ ਹਰ ਸਾਲ ਲੋਹੜੀ ਬਾਲੀ ਜਾਂਦੀ ਸੀ। ਨਿੱਕੇ ਨਿਆਣਿਆਂ ਦੀਆਂ ਟੋਲੀਆਂ ਤਾਂ ਲੋਹੜੀ ਮੰਗਦੀਆਂ ਹੀ ਸਨ, ਔਰਤਾਂ ਵੱਲੋਂ ਵੱਖਰੇ ਤੌਰ ਉਤੇ ਲੋਹੜੀ ਬਾਲੀ ਜਾਂਦੀ ਸੀ, ਪਰ ਪਿੰਡ ਦੇ ਮਰਦਾਂ ਵੱਲੋਂ ਇਸ ਚੌਰਾਹੇ ਦੀ ਵਰਤੋਂ ਕੀਤੀ ਜਾਂਦੀ ਸੀ। ਵੀਹ-ਪੰਝੀ ਦਾ ਟੋਲਾ ਤਾਂ ਉਨ੍ਹਾਂ ਘਰਾਂ ਵਿਚੋਂ ਗੁੜ ਇਕੱਠਾ ਕਰਨ ਲਈ ਤੁਰ ਜਾਂਦਾ ਜਿਨ੍ਹਾਂ ਦੇ ਘਰੀਂ ਮੁੰਡੇ ਹੋਏ ਹੁੰਦੇ ਸਨ। ਨੌਜਵਾਨਾਂ ਦੀ ਟੋਲੀ ਸਰਕਾਰੀ ਜਾਂ ਗੈਰ-ਸਰਕਾਰੀ ਸੁੱਕੀਆਂ ਲੱਕੜਾਂ ਅਤੇ ਸਲਵਾੜ ਦੇ ਬੂਟਿਆਂ ਦੀ ਭਾਲ ਵਿਚ ਤੁਰ ਜਾਂਦੀ। ਇਕ-ਅੱਧਾ ਮੁੱਢ ਤਾਂ ਪਿੰਡ ਦਾ ਹੀ ਕੋਈ ਸ਼ਖਸ ਦੇ ਦਿੰਦਾ। ਬਾਕੀ ਦੀ ਲੱਕੜ ਨੌਜਵਾਨ ਮੁੰਡੇ ਇਕੱਠੇ ਕਰ ਲਿਆਉਂਦੇ। ਕਈ ਟੋਲੇ ਪਾਥੀਆਂ ਦੇ ਗਹੂਰਿਆਂ ਉਤੇ ਹਮਲਾ ਕਰ ਕੇ ਸਾਰੀਆਂ ਦੀਆਂ ਸਾਰੀਆਂ ਪਾਥੀਆਂ ਚੁੱਕ ਲਿਆਉਂਦੇ। ਕਾਨਿਆਂ ਦੇ ਬੰਨ੍ਹੇ ਬੰਨ੍ਹਾਏ ਪੂਲੇ ਹੀ ਬਲਦੀ ਧੂਣੀ ਵਿਚ ਸੁੱਟ ਦਿੱਤੇ ਜਾਂਦੇ। ਕਈ ਵਾਰੀ ਕਿਸੇ ਐਸੇ ਸ਼ਖਸ ਦੀ ਕੋਈ ਲੱਕੜੀ ਜਾਂ ਪੂਲੇ ਵੀ ਚੁੱਕ ਲਿਆਏ ਜਾਂਦੇ ਜਿਹੜਾ ਗੁੱਸੇਖੋਰਾ ਹੁੰਦਾ ਸੀ। ਇਸ ਮਾਮਲੇ ਉਤੇ ਕਦੇ-ਕਦੇ ਗਰਮਾ-ਗਰਮੀ ਵੀ ਹੋ ਜਾਂਦੀ ਸੀ, ਪਰ ਗੱਲ ਕਦੇ ਵੀ ਲੜਾਈ ਤੱਕ ਨਹੀਂ ਸੀ ਪੁੱਜੀ।

ਕੁਝ ਲੋਕ ਸ਼ਰਾਬ ਪੀ ਕੇ ਆਉਂਦੇ ਸਨ, ਕਿਉਂਕਿ ਇਹ ਖੁਸ਼ੀ ਦਾ ਤਿਉਹਾਰ ਹੈ ਪਰ ਕਦੇ ਵੀ ਧੂਣੀ ਉਤੇ ਸ਼ਰਾਬ ਵਰਤਾਉਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। ਗੁੜ ਨਾਲ ਭਰੇ ਟੋਕਰੇ ਬਰੋ-ਬਰਾਬਰ ਉਥੇ ਹਾਜ਼ਰ ਸਭ ਲੋਕਾਂ ਵਿਚ ਵਰਤਾਏ ਜਾਂਦੇ ਹਨ। ਬਹੁਤਾ ਗੁੜ ਤਾਂ ਉਥੇ ਹੀ ਖਾ ਲਿਆ ਜਾਂਦਾ। ਜਿਹੜਾ ਨਾ ਖਾਧਾ ਜਾਂਦਾ, ਉਹ ਲੋਕ ਆਪਣੇ ਘਰਾਂ ਨੂੰ ਲੈ ਜਾਂਦੇ। ਧੂਣੀ ਜਦੋਂ ਸਿਖਰ ਉਤੇ ਹੁੰਦੀ ਤਾਂ ਕੋਈ ਨਾ ਕੋਈ ਜਣਾਂ ਹੇਕ ਲਾ ਦਿੰਦਾ। ਜਦੋਂ ਧੂਣੀ ਮੱਠੀ ਪੈਣੀ ਸ਼ੁਰੂ ਹੁੰਦੀ ਤਾਂ ਵੱਡੀ ਉਮਰ ਦੇ ਸਾਊ ਲੋਕ ਘਰੀਂ ਵਾਪਸ ਚਲੇ ਜਾਂਦੇ। ਮੁੰਡ੍ਹੀਰ ਅਤੇ ਗਲਾਧੜੀ ਕਿਸਮ ਦੇ ਅਧਖੜ ਤੇ ਹੋਰ ਬੰਦੇ ਵੱਡੇ ਤੜਕੇ ਤੱਕ ਉਥੇ ਬੈਠੇ ਰਹਿੰਦੇ। ਗੱਪਾਂ ਮਾਰਨ ਵਿਚ ਇਕ-ਦੂਜੇ ਦੇ ਕੰਨ ਭਰਨ ਦੇ ਯਤਨ ਹੁੰਦੇ।

ਇਸੇ ਹੀ ਚੌਕ ਵਿਚ ਨਿਰਵੈਰ ਗੱਪੀ ਵੀ ਆਮ ਦਿਨਾਂ ਵਿਚ ਆਪਣੀ ਮਹਿਫਿਲ ਲਾਉਂਦਾ। ਇਹ ਉਹ ਨਿਰਵੈਰ ਸੀ ਜਿਸ ਨੇ ਸਿੱਖਾਂ ਦਾ ਮੁਰਗਾ ਚੋਰੀ ਕਰ ਲਿਆ ਸੀ ਅਤੇ ਇਸ ਮੁਰਗੇ ਬਦਲੇ ਪਿੰਡ ਦੀ ਡਿਓੜੀ ਵਿਚ ਬਾਕਾਇਦਾ ਪੰਚਾਇਤ ਬੈਠੀ ਸੀ। ਅਸੀਂ ਮੁੰਡੇ-ਖੁੰਡੇ ਇਮਤਿਹਾਨਾਂ ਤੋਂ ਬਾਅਦ ਸਾਰੇ ਪਿੰਡ ਵਿਚ ਟੋਲੀਆਂ ਬਣਾ ਕੇ ਇਕ-ਦੂਜੇ ਨੂੰ ਲੱਭਣ ਵਾਲੀ ਖੇਡ ਖੇਡਦੇ। ਸਾਰੇ ਪਿੰਡ ਵਿਚ ਦਗੜ-ਦਗੜ ਹੁੰਦੀ। ਜਦੋਂ ਰਾਤ ਦੇ ਨੌਂ ਵੱਜ ਜਾਂਦੇ ਤਾਂ ਮਾਂਵਾਂ ਨੇ ਮੁੰਡਿਆਂ ਨੂੰ ਲੱਭਣਾ ਸ਼ੁਰੂ ਕਰ ਦੇਣਾ, ਪਰ ਅਸੀਂ ਇਸ ਚੌਰਾਹੇ ਵਿਚ ਪੱਬਾਂ ਭਾਰ ਬੈਠ ਕੇ ਨਿਰਵੈਰ ਗੱਪੀ ਦੀਆਂ ਗੱਲਾਂ ਸੁਣਨੀਆਂ। ਮੁਰਗਾ ਚੋਰੀ ਕਾਂਡ ਦੇ ਛੇਤੀ ਬਾਅਦ ਹੀ ਉਹ ਫੌਜ ਵਿਚ ਸਿਪਾਹੀ ਭਰਤੀ ਹੋ ਗਿਆ। ਫੌਜ ਵਿਚੋਂ ਉਸ ਨੇ ਹਰ ਸਾਲ ਛੁੱਟੀ ਆਉਣਾ ਤਾਂ ਉਸ ਦਾ ਗੱਪਾਂ ਦਾ ਦਾਇਰਾ ਹੋਰ ਵੀ ਵਧ ਜਾਣਾ। ਸਾਡੀ ਉਮਰ ਵੀ ਕਿਉਂਕਿ ਉਡਾਰਾਂ ਵਾਲੀ ਹੋ ਗਈ ਸੀ, ਸੋ ਉਸ ਨੇ ਬਹੁਤੀ ਵਾਰੀ ਇਸ਼ਕੀਆ ਕਿਸੇ ਸੁਣਾਉਣੇ।

ਇਹੀ ਉਹ ਚੌਕ ਹੈ ਜਿਥੇ ਹਰ ਬਿਪਤਾ ਸਮੇਂ ਲੋਕ ਇਕੱਠੇ ਹੁੰਦੇ ਸਨ। ਮਿਸਾਲ ਵਜੋਂ ਜਦੋਂ 1965 ਦੀ ਜੰਗ ਸਮੇਂ ਕਰਫਿਊ ਲੱਗਾ ਹੋਇਆ ਸੀ ਤਾਂ ਸ਼ੱਕੀ ਬੰਦੇ ਨੂੰ ਜਾਸੂਸ ਸਮਝ ਕੇ ਫੜ ਲਿਆ ਜਾਂਦਾ ਅਤੇ ਉਸ ਨੂੰ ਇਸੇ ਚੌਕ ਵਿਚ ਲਿਜਾ ਕੇ ਛਿੱਤਰ ਮਾਰੇ ਜਾਂਦੇ। ਇਸ ਤਰ੍ਹਾਂ ਦੇ ਦੋ ਜਾਸੂਸ ਉਸ ਜੰਗ ਵਿਚ ਅਤੇ ਇਕ 1971 ਦੀ ਜੰਗ ਵਿਚ ਫੜੇ ਗਏ ਸਨ। ਅਸਲ ਵਿਚ ਇਹ ਤਿੰਨੇ ਹੀ ਸਿਰਫਿਰੇ ਪਾਗਲ ਲੋਕ ਸਨ ਜਿਹੜੇ ਅਵਾਗੌਣ ਘੁੰਮਦੇ ਹੀ ਪਿੰਡ ਵਾਸੀਆਂ ਦੇ ਕਾਬੂ ਆ ਗਏ ਸਨ। ਇਨ੍ਹਾਂ ਵਿਚੋਂ ਇਕ ਤਾਂ ਗੂੰਗਾ ਬੋਲਾ ਸੀ। ਉਹ ਕਿਉਂਕਿ ਬੋਲਦਾ ਨਹੀਂ ਸੀ, ਇਸ ਲਈ ਉਸ ਦਾ ਕਾਫੀ ਕੁਟਾਪਾ ਕੀਤਾ ਗਿਆ। ਮਗਰੋਂ ਪਤਾ ਲੱਗਾ ਕਿ ਉਹ ਲਾਗਲੇ ਪਿੰਡ ਦਾ ਪਾਗਲ ਬੰਦਾ ਸੀ। ਇਹੀ ਉਹ ਚੌਕ ਹੈ ਜਿਸ ਵਿਚ ਉਸ ਅੱਧੀ ਰਾਤ ਵੇਲੇ ਲੋਕ ਇਕੱਠੇ ਹੋ ਗਏ ਸਨ ਜਿਸ ਰਾਤ ਭੂਚਾਲ ਆ ਗਿਆ ਸੀ।

ਇਸ ਥਾਂ ਨੂੰ ਰਸਮੀ ਤੌਰ ਉਤੇ ਸੱਥ ਨਹੀਂ ਸੀ ਮੰਨਿਆ ਗਿਆ। ਰਸਮੀ ਸੱਥ ਪਿੰਡ ਦੇ ਦੂਜੇ ਪਾਸੇ ਬਣਾਈ ਗਈ ਡਿਓੜੀ ਸੀ। ਇਹ ਪੱਕੀ ਛੱਤ ਹੋਈ ਡਿਓੜੀ ਸੀ ਜਿਸ ਵਿਚ ਥੜ੍ਹੇ ਬਣੇ ਹੋਏ ਸਨ। ਇਸ ਡਿਓੜੀ ਦੇ ਬਾਹਰਲੇ ਪਾਸੇ ਬੋਰਡ ਦਾ ਦਰਖ਼ਤ ਸੀ। ਡਿਓੜੀ, ਬੋਹੜ ਅਤੇ ਥੜ੍ਹਾ ਅੱਜ ਵੀ ਸਲਾਮਤ ਹਨ। ਪੰਚਾਇਤ ਆਮ ਤੌਰ ਉਤੇ ਇਥੇ ਹੀ ਜੁੜਦੀ ਸੀ, ਪਰ ਗੈਰ-ਰਸਮੀ ਸੱਥ ਇਹ ਚੌਕ ਹੀ ਸੀ ਜਿਥੇ ਖੜ੍ਹੋ ਕੇ ਮੈਂ ਅੱਗਿਉਂ ਤਿੰਨ ਪਾਸੇ ਮੁੜਦੀਆਂ ਗਲੀਆਂ ਦੇਖ ਰਿਹਾ ਹਾਂ। ਸੋਚ ਰਿਹਾ ਹਾਂ ਕਿ ਖੱਬੇ ਪਾਸੇ ਮੁੜਾਂ, ਸੱਜੇ ਪਾਸੇ ਜਾਂ ਸਿੱਧਾ ਹੀ ਭੀੜੀ ਗਲੀ ਵਿਚ ਲੰਘ ਜਾਵਾਂ ਜਿਥੇ ਪੰਜਾਹਾਂ ਗਜ਼ਾਂ ਦੇ ਫਾਸਲੇ ਉਤੇ ਮੇਰਾ ਆਪਣਾ ਉਹ ਜੱਦੀ ਘਰ ਹੈ ਜਿਥੇ ਉਮਰ ਦੇ ਵੀਹ ਸਾਲ ਗੁਜ਼ਾਰੇ ਸਨ।

**(ਚਲਦਾ)**

***1972 ਦੀਆਂ ਚੋਣਾਂ ਵਿਚ ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਦੇ ਅਕਾਲੀ ਉਮੀਦਵਾਰ ਕੁਲਦੀਪ ਸਿੰਘ ਵਡਾਲਾ ਦੀ ਸਟੇਜ ਤੋਂ ਮੈਂ ਅਕਾਲੀ ਦਲ ਦੀਆਂ ਨੀਤੀਆਂ ਉਤੇ ਕਿੰਤੂ-ਪ੍ਰੰਤੂ ਕਰਦਿਆਂ ਤਕਰੀਰ ਕੀਤੀ ਸੀ। ਕਾਫੀ ਸਖ਼ਤ ਗੱਲਾਂ ਕਰ ਦਿੱਤੀਆਂ ਸਨ। ਨਵਾਂ-ਨਵਾਂ ਕਮਿਊਨਿਸਟ ਹੋਇਆ ਸਾਂ ਅਤੇ ਉਨ੍ਹੀਂ ਦਿਨੀਂ ਕਮਿਊਨਿਸਟ ਪਾਰਟੀ ਦੀ ਕਾਂਗਰਸ ਨਾਲ ਯਾਰੀ ਸੀ। ਦਿਲਚਸਪ ਗੱਲ ਇਹ ਹੈ ਕਿ ਵਡਾਲਾ ਨੂੰ ਭਾਵੇਂ ਪਤਾ ਨਹੀਂ ਸੀ ਕਿ ਮੈਂ ਕਮਿਊਨਿਸਟ ਹਾਂ, ਫਿਰ ਵੀ ਉਹ ਮੇਰੀ 'ਕਾਮਰੇਡੀ ਸੁਰ' ਤਾੜ ਗਏ ਸਨ ਤੇ ਉਨ੍ਹਾਂ ਨੇ ਮੇਰੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਮੈਨੂੰ 'ਨੌਜਵਾਨ ਕਾਮਰੇਡ' ਕਹਿ ਕੇ ਸੰਬੋਧਨ ਕੀਤਾ ਸੀ। ਇਸ ਤੋਂ ਵੀ ਦਿਲਚਸਪ ਗੱਲ ਇਹ ਕਿ ਜਲਸੇ ਤੋਂ ਬਾਅਦ ਪਿੰਡ ਦੇ ਕਾਂਗਰਸੀਆਂ ਨੇ ਇਹ ਇਤਰਾਜ਼ ਕੀਤਾ ਕਿ ਮੈਂ ਵਡਾਲਾ ਨੂੰ ਕਸੂਤੇ ਸਵਾਲ ਪੁੱਛ ਕੇ ਪਿੰਡ ਲਈ ਬਦਨਾਮੀ ਖੱਟਣ ਦੀ ਮੂਰਖਤਾ ਕਿਉਂ ਕੀਤੀ ਸੀ।***



*ਕੁਲਦੀਪ ਸਿੰਘ ਵਡਾਲਾ*

## ਕਲੀਲਾ ਬੂਟੀ ਦਾ ਰਾਜ਼

"ਹੇ ਗਿਆਨ ਦੇ ਕਦਰਦਾਨ ਬਾਦਸ਼ਾਹ, ਤੇਰਾ ਰਾਜ ਰਹਿੰਦੀ ਦੁਨੀਆਂ ਤਕ ਕਾਇਮ ਰਹੇ। ਮੈਂ ਇੱਕ ਗ੍ਰੰਥ ਵਿਚ ਪੜ੍ਹਿਆ ਹੈ ਕਿ ਹਿੰਦੋਸਤਾਨ ਦੇ ਪਹਾੜਾਂ ਵਿਚ ਕਲੀਲਾ ਨਾਂ ਦੀ ਇੱਕ ਸੁਨਹਿਰੀ ਬੂਟੀ ਮਿਲਦੀ ਹੈ। ਜੇਕਰ ਉਸ ਦੇ ਘੋਲ ਨੂੰ ਕਿਸੇ ਮਰਦੇ ਵਿਅਕਤੀ ਉਪਰ ਛਿੜਕ ਦਿੱਤਾ ਜਾਵੇ ਤਾਂ ਮੁਰਦਾ ਸਜੀਵ ਹੋ ਉਠਦਾ ਹੈ।" ਵਿਦਵਾਨ ਬਰਜ਼ੂਈ ਨੇ ਸ਼ਾਹ ਇਰਾਨ ਨੂੰ ਬੇਨਤੀ ਕੀਤੀ।

"ਉਚਿਤ ਬਹੁਤ ਹੀ ਉਚਿਤ। ਮੈਂ ਹਿੰਦ ਨਰੇਸ਼ ਨਾਂ ਇੱਕ ਪੱਤਰ ਲਿਖ ਦਿੰਦਾ ਹਾਂ, ਜੋ ਮੰਤਵ ਪ੍ਰਾਪਤੀ ਤਕ ਤੁਹਾਨੂੰ ਹਰ ਸੰਭਵ ਸਹਾਇਤਾ ਦੇਣਗੇ। ਖ਼ਜ਼ਾਨੇ ਜਾਂ ਤਬੇਲੇ ਵਿਚੋਂ ਜੋ ਕੁਝ ਲਿਜਾਣਾ ਚਾਹੁੰਦੇ ਹੋ, ਤੁਸੀਂ ਸਹਾਇਕਾਂ ਸਮੇਤ ਲਿਜਾ ਸਕਦੇ ਹੋ।"

ਵਿਦਵਾਨ ਬਰਜ਼ੂਈ ਆਪਣੇ ਕਈ ਸਹਾਇਕਾਂ ਸਮੇਤ ਸ਼ਾਹ ਇਰਾਨ ਦਾ ਪੱਤਰ ਲੈ ਕੇ ਹਿੰਦ ਨਰੇਸ਼ ਦੀ ਰਾਜਧਾਨੀ ਕਨੌਜ ਨੂੰ ਰਵਾਨਾ ਹੋ ਗਿਆ। ਊਠਾਂ ਉਪਰ ਹਿੰਦ ਨਰੇਸ਼ ਲਈ ਕਈ ਤਰ੍ਹਾਂ ਦੇ ਤੋਹਫ਼ੇ ਅਤੇ ਖਾਧ ਸਮੱਗਰੀ ਲੱਦੀ ਹੋਈ ਸੀ। ਕਾਫ਼ਲਾ ਕਈ ਦਿਨ ਆਪਣੀ ਮੰਜ਼ਿਲ ਵੱਲ ਚਲਦਾ ਰਿਹਾ। ਰਾਜਧਾਨੀ ਤੋਂ ਦੋ ਮੀਲ ਬਾਹਰ ਜਾ ਟਿਕਾਣਾ ਕੀਤਾ। ਇੱਕ ਮਿੱਠ-ਬੋਲੜੇ ਸੰਦੇਸ਼ਵਾਹਕ ਨੂੰ ਸ਼ਾਹ ਇਰਾਨ ਦੇ ਸਲਾਹਕਾਰਾਂ ਦੇ ਆਉਣ ਦੀ ਸੂਚਨਾ ਦਿੱਤੀ। ਬਾਦਸ਼ਾਹ ਨੇ ਆਪਣੇ ਦੋ ਵਜ਼ੀਰਾਂ ਨੂੰ ਕਾਫਲੇ ਦੇ ਸਵਾਗਤ ਲਈ ਭੇਜਿਆ। ਬਰਜ਼ੂਈ ਨੂੰ ਸਹਾਇਕਾਂ ਸਮੇਤ ਰਾਜ ਦਰਬਾਰ ਵਿਚ ਬਾਦਸ਼ਾਹ ਸਾਹਮਣੇ ਸਨਮਾਨ ਸਹਿਤ ਪੇਸ਼ ਕੀਤਾ ਗਿਆ। ਉਨ੍ਹਾਂ ਇਰਾਨ ਦੇ ਬਾਦਸ਼ਾਹ ਦਾ ਪੱਤਰ ਹਿੰਦ ਨਰੇਸ਼ ਨੂੰ ਪ੍ਰਣਾਮ ਕਰਦੇ ਹੋਏ ਸੌਂਪਿਆ।

ਹਿੰਦ ਨਰੇਸ਼ ਨੇ ਆਪਣੇ ਵਜ਼ੀਰ-ਏ-ਆਜ਼ਮ ਨੂੰ ਹੁਕਮ ਦਿੱਤਾ, "ਮਹਿਮਾਨਾਂ ਦੀ ਠਹਿਰ ਦਾ ਉਚਿਤ ਪ੍ਰਬੰਧ ਕਰੋ, ਸ਼ਾਹੀ ਹਕੀਮ ਨੂੰ ਸੁਨੇਹਾ ਪਹੁੰਚਾਉ ਕਿ ਵਿਦਵਾਨ ਬਰਜ਼ੂਈ ਦੀ ਮਨ-ਮੁਰਾਦ ਬੂਟੀ ਪ੍ਰਾਪਤੀ ਵਿਚ ਹਰ ਸੰਭਵ ਮਦਦ ਕਰੋ।"

"ਜੋ ਹੁਕਮ ਹਜ਼ੂਰ...।"

ਉਨ੍ਹਾਂ ਦੋ ਮਹੀਨੇ ਹਿਮਾਲਿਆ ਦੇ ਪਹਾੜਾਂ ਨੂੰ ਗਾਹ ਮਾਰਿਆ। ਹਿਮਾਲਿਆ ਦੀ ਤਰਾਈ ਵਿਚ ਵਸੇ ਵਾਸੀਆਂ ਦੀ ਵੀ ਮਦਦ ਲਈ ਗਈ। ਉਨ੍ਹਾਂ ਦੇ ਹੱਥ ਨਾਕਾਮੀ ਹੀ ਲੱਗੀ। ਵਿਦਵਾਨ ਬਰਜ਼ੂਈ ਅੰਦਰੋ-ਅੰਦਰੀ ਬਹੁਤ ਡਰ ਗਿਆ ਕਿ ਉਸ ਨੂੰ ਆਪਣੇ ਬਾਦਸ਼ਾਹ ਅੱਗੇ, ਇਸ ਨਾਕਾਮੀ ਕਾਰਨ ਸ਼ਰਮਿੰਦਾ ਹੋਣਾ ਪਵੇਗਾ। ਫਿਰ ਵੀ ਉਸ ਨੇ ਹੌਸਲਾ ਨਾ ਹਾਰਿਆ। ਉਸ ਨੇ ਸ਼ਾਹੀ ਹਕੀਮ ਨਾਲ ਸਹਾਇਕ ਵਜੋਂ ਕੰਮ ਕਰਦੇ ਇੱਕ ਵਿਦਵਾਨ ਤੋਂ ਪੁੱਛਿਆ, "ਹੇ ਅਕਲ ਦੇ ਉਤਮ ਅਤੇ ਮਹਾਂ ਵਿਦਵਾਨ ਪੁਰਖ, ਕੀ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਦਾ ਪਤਾ ਹੈ ਜੋ ਤੁਹਾਥੋਂ ਵੱਧ ਵਿਦਵਾਨ ਅਤੇ ਅਨੁਭਵ ਵਿਚ ਉਤਮ ਹੋਵੇ?"

"ਹਾਂ ਹੈ। ਸੰਦਲੀ ਸ਼ਹਿਰ ਵਿਚ ਇੱਕ ਬਜ਼ੁਰਗ ਰਹਿੰਦਾ ਹੈ, ਜੋ ਤੁਹਾਡੇ ਮਾਪਦੰਡ 'ਤੇ ਖਰਾ ਉਤਰ ਸਕਦਾ ਹੈ।"

ਅਸੀਂ ਤੁਹਾਨੂੰ ਉਸ ਸ਼ਖ਼ਸ ਕੋਲ ਲੈ ਚਲਦੇ ਹਾਂ।"

ਕਾਫਲਾ ਸੰਦਲੀ ਸ਼ਹਿਰ ਲਈ ਰਵਾਨਾ ਹੋ ਗਿਆ। ਇਰਾਨ ਦੇ ਵਿਦਵਾਨ ਬਰਜ਼ੂਈ ਨੇ ਇੱਕ ਸਦੀ ਤੋਂ ਉਪਰ ਢੁਕ ਚੁੱਕੇ ਉਸ ਮਹਾਂਪੁਰਖ ਨੂੰ ਆਪਣੀ ਸਮੱਸਿਆ ਦੱਸੀ ਅਤੇ ਉਸ ਬੂਟੀ ਦੀ ਭਾਲ ਲਈ ਕੀਤੀਆਂ ਸਭ ਕੋਸ਼ਿਸ਼ਾਂ ਬਿਆਨ ਕਰ ਦਿੱਤੀਆਂ। ਉਸ ਬਿਰਧ ਵਿਦਵਾਨ ਨੇ ਸੁਣਨ ਉਪਰੰਤ ਕਿਹਾ, "ਉਸ ਲਿਖਤ ਵਿਚ ਕਲੀਲਾ ਬੂਟੀ ਵਿਦਵਾਨ ਦਾ ਅਤੇ ਪਹਾੜ ਬੁੱਧੀ ਦਾ ਸੰਕੇਤ ਹੈ। ਜਿਹੜੇ ਮਨੁੱਖ ਬੁੱਧੀ ਅਤੇ ਵਿੱਦਿਆ ਤੋਂ ਕੋਰੇ ਹੁੰਦੇ ਹਨ ਉਹ ਅਗਿਆਨੀ ਭਾਵ ਮੁਰਦੇ ਸਾਮਾਨ ਹੁੰਦੇ ਹਨ। ਆਦਮੀ ਗਿਆਨ ਭਾਵ ਇਲਮ ਦੁਆਰਾ ਹੀ ਸੁਰਜੀਤ ਹੁੰਦਾ ਹੈ।"

ਵਿਦਵਾਨ ਬਰਜ਼ੂਈ ਨੇ ਬੂਟੀ ਦਾ ਰਾਜ਼ ਕੰਠ ਕਰ ਕੇ ਲਿਖ ਲਿਆ। ਉਹ ਵਿਦਵਾਨ ਦਾ ਧੰਨਵਾਦ ਕਰਕੇ ਰਾਜਧਾਨੀ ਕਨੌਜ ਵਾਪਸ ਚਲੇ ਗਏ ਤਾਂ ਕਿ ਇਰਾਨ ਵਾਪਸ ਜਾ ਸਕਣ।

***-ਮੱਖਣ ਸਿੰਘ ਚੌਹਾਨ***

## ਮੇਰਾ ਯਾਰ ਹਲਵਾਰਵੀ-3

# ਕਵਿਤਾ ਦੀ ਅਲਵਿਦਾ

*ਪੰਜਾਬੀ ਕਹਾਣੀ ਦੇ ਆਹਲਾ ਰਚਨਾਕਾਰ ਵਰਿਆਮ ਸਿੰਘ ਸੰਧੂ ਵੱਲੋਂ ਮਰਹੂਮ ਸ਼ਾਇਰ, ਸੰਪਾਦਕ ਅਤੇ ਸਾਬਕਾ ਇਨਕਲਾਬੀ ਹਰਭਜਨ ਹਲਵਾਰਵੀ ਬਾਰੇ ਲਿਖਿਆ ਰੇਖਾ ਚਿੱਤਰ 'ਮੇਰਾ ਯਾਰ ਹਲਵਾਰਵੀ' ਕਈ ਪੱਖਾਂ ਤੋਂ ਅਹਿਮ ਹੈ। ਇਕ ਤਾਂ ਇਹ 1960ਵਿਆਂ ਦੇ ਅਖੀਰ ਵਿਚ ਉਠੀ ਯੁੱਗ-ਪਲਟਾਊ ਲਹਿਰ (ਨਕਸਲੀ ਅੰਦੋਲਨ) ਉਤੇ ਹਲਕੀ ਜਿਹੀ ਝਾਤੀ ਮਾਰਦਾ ਹੈ, ਦੂਜੇ ਵਰਿਆਮ ਸਿੰਘ ਸੰਧੂ ਦੇ ਖੁਦ ਦੇ ਕਹਾਣੀ ਸਫਰ ਬਾਰੇ ਨਿੱਗਰ ਚਰਚਾ ਵੀ ਇਸ ਵਿਚ ਦਰਜ ਹੋਈ ਹੈ, ਹਲਵਾਰਵੀ ਬਾਰੇ ਵੇਰਵੇ ਤਾਂ ਇਸ ਵਿਚ ਹੈਨ ਹੀ। ਇਸ ਲੇਖ ਦਾ ਇਕ ਦਿਲਚਸਪ ਨੁਕਤਾ ਇਹ ਵੀ ਹੈ ਕਿ ਇਕ ਦੋਸਤ ਆਪਣੇ ਨੇੜਲੇ ਸਾਥੀ ਨੂੰ ਕਿਨ੍ਹਾਂ ਝੀਤਾਂ ਵਿਚੋਂ ਦੇਖਣ-ਵਾਚਣ ਦਾ ਯਤਨ ਕਰ ਰਿਹਾ ਹੈ। ਇਹ ਝੀਤਾਂ ਉਨ੍ਹਾਂ ਸ਼ਖਸਾਂ ਲਈ ਬਹੁਤ ਅਹਿਮ ਹਨ ਜਿਨ੍ਹਾਂ ਨੇ ਵਰਿਆਮ ਅਤੇ ਹਲਵਾਰਵੀ ਦਾ ਸਾਥ ਮਾਣਿਆ ਹੈ। ਵਰਿਆਮ ਦੀ ਇਸ ਲਿਖਤ ਵਿਚ ਬਹੁਤ ਸਾਰੀਆਂ ਗੱਲਾਂ ਅਣਕਹੀਆਂ ਹਨ ਅਤੇ ਜਾਣੂ ਸੱਜਣ ਇਨ੍ਹਾਂ ਅਣਕਹੀਆਂ ਗੱਲਾਂ ਦੀਆਂ ਝੀਤਾਂ ਵਿਚੋਂ ਝਾਕ ਕੇ ਹਲਵਾਰਵੀ ਅਤੇ ਵਰਿਆਮ- ਦੋਹਾਂ ਦੇ ਮਨਾਂ ਅੰਦਰ ਝਾਕ ਸਕਣਗੇ। ਅਸੀਂ ਇਹ ਲੰਮਾ ਲੇਖ ਹਰਭਜਨ ਹਲਵਾਰਵੀ ਦੀ ਬਰਸੀ (9 ਅਕਤੂਬਰ) ਮੌਕੇ ਲੜੀਵਾਰ ਛਾਪ ਰਹੇ ਹਾਂ। ਐਤਕੀਂ ਇਸ ਲੇਖ ਦੀ ਤੀਜੀ ਤੇ ਆਖਰੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ*

ਜਦੋਂ ਪ੍ਰਬੰਧਕਾਂ ਨੇ ਉਹਨੂੰ ਉਹਦੇ ਖਿਲਾਫ ਅੰਦਰੋਂ ਉਠੇ ਵਿਰੋਧ ਕਾਰਨ 'ਪੰਜਾਬੀ ਟ੍ਰਿਬਿਊਨ' ਨਾਲੋਂ ਅਲੱਗ ਕੀਤਾ, ਤਾਂ ਇਹ ਉਸ ਲਈ ਬਹੁਤ ਵੱਡਾ ਸਦਮਾ ਸੀ। ਸੰਪਾਦਕੀ ਦੇ ਖੰਭਾਂ 'ਤੇ ਤਾਂ ਉਹ ਉਡਦਾ ਫਿਰਦਾ ਸੀ। ਵੱਡੇ-ਵੱਡੇ ਲੋਕਾਂ ਨਾਲ ਉਹਦੀਆਂ ਸਾਂਝਾਂ ਸਨ। ਕਦੀ ਕਹਿੰਦਾ, "ਬਾਦਲ ਦਾ ਸੁਨੇਹਾ ਆਇਆ ਸੀ, ਕਹਿੰਦਾ, ਮਿਲਣਾ ਚਾਹੁੰਨਾਂ। ...ਟੌਹੜਾ ਸਾਹਿਬ ਕੱਲ੍ਹ ਘਰ ਈ ਆ ਗਏ। ਕਹਿੰਦੇ, ਚੰਡੀਗੜ੍ਹ ਆਇਆ ਸਾਂ, ਸੋਚਿਆ ਤੁਹਾਡੇ ਦਰਸ਼ਨ ਕਰਦਾ ਚੱਲਾਂ।"... "ਪਿਛਲੇ ਮਹੀਨੇ ਸਤਿਗੁਰੂ ਜਗਜੀਤ ਸਿੰਘ ਦੇ ਸੱਦੇ 'ਤੇ ਥਾਈਲੈਂਡ ਦਾ ਚੱਕਰ ਲਾਇਆ। ਨਾਮਧਾਰੀਆਂ ਦੀ ਸੇਵਾ ਦੇ ਕਿਆ ਕਹਿਣੇ! ਸਤਿਗੁਰੂ ਬਹੁਤ ਲਾਈਵ ਨੇ... ਜ਼ਿੰਦਾਦਿਲ ਤੇ ਵਿੱਟੀ। ਅਸੀਂ ਬੀਚ 'ਤੇ ਫੁੱਟਬਾਲ ਵੀ ਖੇਡਿਆ। ਸਤਿਗੁਰੂ ਜੀ ਨੇ ਵੀ ਫੁੱਟਬਾਲ ਨੂੰ ਕਿੱਕਾਂ ਮਾਰ ਕੇ ਵੇਖੀਆਂ।"... "ਯੋਗੀ ਹਰਭਜਨ ਸਿੰਘ ਨੇ ਟਿਕਟ ਭੇਜੀ ਸੀ। ਉਹਦੇ ਕੋਲ ਅਮਰੀਕਾ ਰਹਿ ਕੇ ਆਇਆਂ ਕੁਝ ਦਿਨ। ਸ਼ਾਹੀ ਠਾਠ। ਗੋਰੀਆਂ ਸਿੰਘਣੀਆਂ ਯੋਗੀ ਦੀਆਂ ਪਿੰਜਣੀਆਂ



**ਵਰਿਆਮ ਸਿੰਘ ਸੰਧੂ, ਕੈਨੇਡਾ**
**ਫੋਨ: 647-918-5212**

ਘੁੱਟਣ। ਪੈਰ ਧੋਣ...।"

ਉਹਦੇ ਸਹਿਕਰਮੀ ਕਹਿੰਦੇ, "ਐਡੀਟਰੀ ਇਹਦੇ ਸਿਰ ਨੂੰ ਚੜ੍ਹ ਗਈ ਸੀ... ਇਹ ਤਾਂ ਹੋਰਾਂ ਨੂੰ ਸਮਝਦਾ ਈ ਕੁਝ ਨਹੀਂ ਸੀ। ਅਖ਼ਬਾਰਾਂ ਵਿਚ ਅਫਸਰੀ ਨਹੀਂ ਚੱਲਦੀ। ਹੁਣ ਪਤਾ ਲੱਗੂ ਜਦੋਂ ਸੜਕ 'ਤੇ ਆ ਗਿਆ। ਵੇਖੀਂ ਕਿਸ ਭਾਅ ਤੁੱਲਦੀ ਏ!"

'ਪੰਜਾਬੀ ਟ੍ਰਿਬਿਊਨ' ਵਿਚ ਵਾਪਰੀਆਂ ਅੰਦਰਲੀਆਂ ਗੱਲਾਂ ਦੀ ਮੇਰੇ ਕੋਲ ਪ੍ਰਮਾਣਿਕ ਗਵਾਹੀ ਨਹੀਂ ਸੀ। ਸੁਣੀਆਂ ਸੁਣਾਈਆਂ ਹੀ ਸਨ। ਉਂਜ ਕਦੀ-ਕਦੀ ਮੈਨੂੰ ਵੀ ਲੱਗਦਾ ਕਿ ਇਸ ਕਥਨ ਵਿਚ ਕੁਝ ਕੁ ਸੱਚਾਈ ਤਾਂ ਜ਼ਰੂਰ ਹੋਏਗੀ। 1993 ਦੀ ਗੱਲ ਹੈ। ਉਹ ਮੈਨੂੰ ਮਿਲਣ ਵਾਲੇ 'ਮਨਜੀਤ ਯਾਦਗਾਰੀ ਪੁਰਸਕਾਰ' ਮੌਕੇ ਜਲੰਧਰ ਵਿਚ ਹੋਏ ਭਰਵੇਂ ਸਮਾਗਮ ਜਿੱਥੇ ਦਿੱਲੀ, ਚੰਡੀਗੜ੍ਹ, ਪਟਿਆਲੇ, ਲੁਧਿਆਣੇ ਤੇ ਅੰਬਰਸਰ ਤੋਂ ਮੇਰੇ ਸਾਰੇ ਯਾਰ-ਦੋਸਤ ਪਹੁੰਚੇ ਸਨ, ਵਿਚ ਹਲਵਾਰਵੀ ਦੇ ਨਾ ਪੁੱਜਣ ਬਾਰੇ ਮੈਂ ਸੋਚ ਵੀ ਨਹੀਂ ਸਾਂ ਸਕਦਾ, ਪਰ ਉਹ ਨਹੀਂ ਸੀ ਆਇਆ। ਸਾਰੇ ਪੁੱਛਣ: ਹਲਵਾਰਵੀ ਕਿਉਂ ਨਹੀਂ ਆਇਆ? ਕੀ ਗੱਲ ਹੋ'ਗੀ? ਮੈਂ ਕੀ ਦੱਸਦਾ? ਸੋਚਾਂ ਸੁੱਖ ਹੋਵੇ ਸਹੀ। ਇਹ ਤਾਂ ਹੋ ਨਹੀਂ ਸੀ ਸਕਦਾ ਕਿ ਮੈਂ ਸੱਦਾਂ ਤੇ ਹਲਵਾਰਵੀ ਆਵੇ ਨਾ! ਉਹਨੇ ਨਾ ਆਉਣ ਬਾਰੇ ਦੱਸਿਆ ਵੀ ਤਾਂ ਨਹੀਂ ਸੀ, ਪਰ ਪਿੱਛੋਂ ਪਤਾ ਲੱਗਾ, ਉਸ ਨੇ ਜਾਣ-ਬੁੱਝ ਕੇ ਉਸ ਦਿਨ ਕਿਸੇ ਹੋਰ ਸਮਾਗਮ ਵਿਚ ਜਾਣ ਦਾ ਸੱਦਾ ਪ੍ਰਵਾਨ ਕਰ ਲਿਆ ਸੀ। ਬਾਅਦ ਵਿਚ ਕਹਿੰਦਾ, "ਅਖ਼ਬਾਰ ਦਾ ਸੰਪਾਦਕ ਹੋਣ ਦੀ ਮਜਬੂਰੀ! ਬੰਦਿਆਂ ਨੂੰ ਖ਼ੁਸ਼ ਰੱਖਣਾ ਵੀ ਜ਼ਰੂਰੀ ਏ।"

ਝਟਕਾ ਲੱਗਾ। ਉਹਨੂੰ 'ਬੰਦਿਆਂ ਨੂੰ ਖ਼ੁਸ਼ ਰੱਖਣ' ਦੀ ਮਜਬੂਰੀ ਸੀ। ਮੈਨੂੰ ਉਸ ਨੇ 'ਬੰਦਿਆਂ' ਵਿਚ ਨਹੀਂ ਸੀ ਗਿਣਿਆ।

ਮੈਂ ਭੁਲੇਖੇ ਵਿਚ ਸਾਂ। ਹਲਵਾਰਵੀ ਸ਼ਾਇਦ ਹੁਣ ਦੋਸਤੀ ਨਾਲੋਂ ਵੱਧ 'ਸੰਪਾਦਕੀ' ਨੂੰ ਮਹੱਤਵ ਦੇਣ ਲੱਗਾ ਸੀ। ਮੈਂ ਵੀ ਉਹਦੇ ਵਿਹਾਰ ਨੂੰ ਘੋਖਵੀਂ ਨਜ਼ਰ ਨਾਲ ਵੇਖਣ ਲੱਗਾ। ਉਹ ਸਚਮੁਚ ਬਦਲ ਗਿਆ ਲੱਗਦਾ ਸੀ। ਜਿਹਦੀਆਂ ਵੱਡੇ-ਵੱਡੇ ਬੰਦਿਆਂ ਨਾਲ ਹਰੀਆਂ ਚੁਗਦੀਆਂ ਸਨ, ਮੈਂ ਉਹਦੇ ਲਈ ਕੀ ਅਰਥ ਰੱਖਦਾ ਸਾਂ! ਅਹੁ ਦੂਰ ਹੱਦ 'ਤੇ ਵੱਸਦੇ ਪਿੰਡ ਵਿਚ ਰਹਿੰਦਾ ਆਮ ਜਿਹਾ ਲੇਖਕ!

ਉਹਨੇ ਰਘਬੀਰ ਸਿੰਘ ਸਿਰਜਣਾ ਵਿਰੁਧ ਆਪਣੀ ਅਖ਼ਬਾਰ ਵਿਚ ਕਿਸੇ ਨਿੰਦਕ ਕੋਲੋਂ ਲਿਖਵਾਇਆ। ਸਾਡੀ ਤਿੰਨਾਂ ਦੀ ਬੜੀ ਪੀਚਵੀਂ ਸਾਂਝ ਸੀ। ਚੰਡੀਗੜ੍ਹ ਪੜ੍ਹਦਿਆਂ ਅਸੀਂ ਹਫ਼ਤੇ ਵਿਚ ਇਕ-ਦੋ ਵਾਰ ਤਾਂ ਰਘਬੀਰ ਸਿੰਘ ਦੇ ਘਰ ਮਹਿਫਿਲ ਜਮਾਉਂਦੇ ਹੀ ਸਾਂ। ਇਹ ਹਲਵਾਰਵੀ ਨੂੰ ਕੀ ਹੋ ਗਿਆ ਸੀ? ਆਪਣੇ ਯਾਰਾਂ ਦੀ ਨਿੰਦਿਆ? ਮੈਂ ਪੁੱਛਿਆ ਤਾਂ ਕਹਿੰਦਾ, ਮੇਰੀ ਗ਼ੈਰ ਹਾਜ਼ਰੀ ਵਿਚ ਅਖ਼ਬਾਰ ਦੇ ਫ਼ਲਾਣੇ ਬੰਦੇ ਦੀ ਮਰਜ਼ੀ ਨਾਲ ਲੱਗ ਗਿਆ।

ਇਕ ਵਾਰ ਪਟਿਆਲੇ ਕਿਸੇ ਕਾਨਫ਼ਰੰਸ 'ਤੇ ਮੈਂ ਤੇ ਰਘਬੀਰ ਸਿੰਘ 'ਕੱਠੇ ਗਏ। ਉਹਨੂੰ ਸਾਡੇ ਤੋਂ ਵੱਖ-ਵੱਖ ਫਿਰਦਿਆਂ ਵੇਖ ਕਿਸੇ ਨੇ ਮੈਨੂੰ ਦੱਸਿਆ, "ਕੀ ਗੱਲ, ਹਲਵਾਰਵੀ ਕਿਸੇ ਗੱਲੋਂ ਨਾਰਾਜ਼ ਐ? ਮੈਂ ਤੇਰੇ ਬਾਰੇ ਪੁੱਛਿਆ ਤਾਂ ਕਹਿੰਦਾ, ਐਥੇ ਫਿਰਦਾ ਹੋਣੈਂ ਰਘਬੀਰ ਨਾਲ।"

ਮੇਰੇ ਲਈ ਤਾਂ ਦੋਵੇਂ ਬਾਰਬਰ ਸਨ, ਪਰ ਪਿਛਲੇ ਦਿਨਾਂ ਤੋਂ ਰਘਬੀਰ ਸਿੰਘ ਨਾਲ ਨਾਰਾਜ਼ਗੀ ਹੋਣ ਕਰ ਕੇ ਮੈਨੂੰ ਵੀ ਉਹ ਰਘਬੀਰ ਸਿੰਘ ਦੀ ਧਿਰ ਸਮਝਣ ਲੱਗ ਪਿਆ ਸੀ। ਉਹਨੂੰ ਨਾਰਾਜ਼ਗੀ ਸੀ ਕਿ ਜਦੋਂ ਮੈਂ ਚੰਡੀਗੜ੍ਹ ਆਉਂਦਾ ਤਾਂ ਰਘਬੀਰ ਸਿੰਘ ਕੋਲ ਹੀ ਰਾਤ ਕਿਉਂ ਠਹਿਰਦਾਂ। ਮੈਂ ਤਾਂ ਅੱਗੇ ਵੀ ਉਥੇ ਹੀ ਠਹਿਰਦਾ ਸਾਂ। ਮੈਂ ਜਾਂਦਾ ਤਾਂ ਰਾਤ ਨੂੰ ਹਲਵਾਰਵੀ ਹੁਰੀਂ ਦੋਵੇਂ ਜੀਅ ਵੀ ਉਥੇ ਹੀ ਆ ਜਾਂਦੇ ਸਨ। ਅੱਧੀ ਰਾਤ ਤੱਕ ਹਾਸਾ-ਠੱਠਾ ਤੇ ਗੱਪ-ਗਿਆਨ ਚੱਲਦਾ ਰਹਿੰਦਾ ਸੀ। ਰਘਬੀਰ ਸਿੰਘ ਦਾ ਘਰ ਹਲਵਾਰਵੀ ਦਾ ਵੀ ਤਾਂ ਆਪਣਾ ਹੀ ਘਰ ਸੀ। ਉਹਨੇ ਇਹ ਫ਼ਰਕ ਕਿਉਂ ਪਾਉਣਾ ਸ਼ੁਰੂ ਕਰ ਦਿੱਤਾ ਸੀ! ਕੋਈ ਅੰਦਰਲੀ ਗੱਲ ਤਾਂ ਜ਼ਰੂਰ ਹੋਏਗੀ; ਪਰ ਨਾ ਉਹ ਦੱਸਦੇ ਸਨ ਤੇ ਨਾ ਮੈਂ ਪੁੱਛਦਾ ਸਾਂ। ਉਂਜ ਉਹਨੂੰ ਖ਼ੁਸ਼ ਕਰਨ ਲਈ ਹੁਣ ਮੈਂ ਕਦੀ-ਕਦੀ ਹਲਵਾਰਵੀ ਕੋਲ ਵੀ ਰਾਤ ਕੱਟ ਲੈਂਦਾ। ਇਕ ਰਾਤ ਮੈਂ ਉਹਦੀ ਰਘਬੀਰ ਸਿੰਘ ਨਾਲ ਨਾਰਾਜ਼ਗੀ ਦਾ ਮੁੱਦਾ ਉਠਾ ਕੇ ਆਪਸ ਵਿਚ ਪਹਿਲਾਂ ਵਾਂਗ ਨੇੜੇ ਹੋਣ ਲਈ ਕਿਹਾ ਤਾਂ ਰਘਬੀਰ ਸਿੰਘ ਵਿਰੁਧ ਅਖ਼ਬਾਰ ਵਿਚ ਛਪੀ ਸੱਚਾਈ ਬਾਹਰ ਆ ਗਈ। ਉਹ ਆਪ ਈ ਕਹਿੰਦਾ, "ਉਹਨੂੰ ਥੋੜ੍ਹਾ ਜਿਹਾ ਝਟਕਾ ਲਾਉਣਾ ਜ਼ਰੂਰੀ ਸੀ।"

ਇਹ ਝਟਕਾ ਇਕ ਵਾਰ ਉਹਨੇ ਮੈਨੂੰ ਵੀ ਲਾ ਦਿੱਤਾ ਜਦੋਂ ਅਖ਼ਬਾਰ ਵਿਚ ਉਹਦਾ ਸੱਜਾ ਹੱਥ ਸਮਝੇ ਜਾਣ ਵਾਲੇ ਉਸੇ ਅਖ਼ਬਾਰ ਦੇ ਇਕ ਬੰਦੇ ਨੇ ਆਪਣੇ ਹਫ਼ਤਾਵਾਰੀ ਕਾਲਮ ਵਿਚ ਮੇਰੇ ਖ਼ਿਲਾਫ਼ ਬੇਬੁਨਿਆਦ ਟਿੱਪਣੀ ਛਾਪ ਦਿੱਤੀ। ਮੈਂ ਪੁੱਛਣਾ ਹੀ ਨਾ ਚਾਹਿਆ। ਲੋੜ ਈ ਕੋਈ ਨਹੀਂ ਸੀ। ਹੁਣ ਹਲਵਾਰਵੀ ਦੋਸਤਾਂ ਨੂੰ ਵੀ ਅਖ਼ਬਾਰ ਤੇ ਸੰਪਾਦਕ ਹੋਣ ਦੀ ਤਾਕਤ ਵਿਖਾਉਣ ਲੱਗ ਪਿਆ ਸੀ।

ਮੈਂ ਵੀ ਹੌਲੀ-ਹੌਲੀ ਵਿੱਥ ਸਿਰਜਣੀ ਸ਼ੁਰੂ ਕਰ ਦਿੱਤੀ। ਮੈਂ ਉਸ ਅਖ਼ਬਾਰ ਤੇ ਉਹਦੇ ਸੰਪਾਦਕ ਤੋਂ ਕੀ ਲੈਣਾ ਸੀ! ਦੋਸਤ ਤਾਂ ਉਹ ਮੇਰਾ ਸੀ ਹੀ ਪਰ ਜੇ ਉਹ ਹੁਣ ਇਸ ਦੋਸਤੀ ਨੂੰ ਪਹਿਲਾਂ ਜਿਹੀ ਮਾਨਤਾ ਦੇਣੋਂ ਹਟ ਗਿਆ ਸੀ ਤਾਂ ਮੈਂ ਕੀ ਕਰ ਸਕਦਾ ਸਾਂ!

ਫਿਰ ਮੈਨੂੰ ਇਹ ਵੀ ਸੁਣਨ ਨੂੰ ਮਿਲਿਆ ਕਿ ਉਹਦੀ ਦਖ਼ਲ-ਅੰਦਾਜ਼ੀ ਨਾਲ ਭਾਸ਼ਾ ਵਿਭਾਗ ਦਾ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਦਾ ਇਨਾਮ ਮੈਨੂੰ ਮਿਲਣੋਂ ਰਹਿ ਗਿਆ ਸੀ। ਭਾਸ਼ਾ ਵਿਭਾਗ ਦੇ ਇਨਾਮਾਂ ਬਾਰੇ ਜਾਣਦੇ ਹੀ ਹਾਂ ਕਿ ਇਸ ਦੇ ਚੋਣ ਬੋਰਡ ਦੇ ਮੈਂਬਰਾਂ ਵਿਚੋਂ ਜਿਹੜਾ 'ਆਪਣੇ ਬੰਦੇ' ਦੇ ਹੱਕ ਵਿੱਚ ਜ਼ੋਰ ਪੁਆ ਜਾਵੇ, ਉਸ ਨੂੰ ਇਨਾਮ ਮਿਲ ਜਾਂਦਾ ਹੈ। ਇਸ ਬੋਰਡ ਦੇ ਮੈਂਬਰਾਂ ਦੀ ਗਿਣਤੀ ਜ਼ਿਆਦਾ ਹੋਣ ਕਰ ਕੇ ਪਿਛੋਂ ਕਿਸੇ ਨਾ ਕਿਸੇ ਰਾਹੀਂ ਅੰਦਰ ਹੋਈਆਂ ਗੱਲਾਂ ਬਾਹਰ ਆ ਹੀ ਜਾਂਦੀਆਂ ਹਨ। ਉਸ ਸਾਲ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਲਈ ਮੇਰਾ ਨਾਂ ਪੇਸ਼ ਹੋਇਆ। ਬਾਅਦ ਵਿਚ ਕਿਸੇ ਨੇ ਦੱਸਿਆ; ਮੇਰੇ ਨਾਂ 'ਤੇ ਲਗਭਗ ਸਰਬ-ਸੰਮਤੀ ਹੋ ਗਈ ਸੀ ਕਿ ਅਚਨਚੇਤ ਮੇਰਾ ਹੀ ਬਹੁਤ ਨਜ਼ਦੀਕੀ ਹਰਭਜਨ ਹਲਵਾਰਵੀ ਉਠ ਕੇ ਖੜ੍ਹਾ ਹੋ ਗਿਆ, "ਵਰਿਆਮ ਦਾ ਨਾਂ ਤਾਂ ਇਸ ਇਨਾਮ ਲਈ ਬੜਾ ਢੁਕਵਾਂ ਹੈ ਪਰ ਮੈਂ ਕੁਝ ਹੋਰ ਤਰ੍ਹਾਂ ਵੀ ਸੋਚਦਾ ਹਾਂ। ਵਰਿਆਮ ਨੇ ਤਾਂ ਅਜੇ ਬਹੁਤ ਇਨਾਮ ਲੈਣੇ ਹਨ, ਇਸ ਤੋਂ ਵੀ ਵੱਡੇ ਇਨਾਮ! ਤੇ ਉਸ ਕੋਲ ਇਹ ਇਨਾਮ ਲੈਣ ਲਈ ਬੜੀ ਉਮਰ ਪਈ ਹੈ ਪਰ ਜਸਵੰਤ ਸਿੰਘ ਵਿਰਦੀ ਬੜੇ ਹੀ ਸਾਲਾਂ ਤੋਂ ਆਪਣੀ ਪੁੱਛ-ਗਿੱਛ ਨਾ ਹੋਣ ਕਰ ਕੇ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰਦਾ ਹੈ। ਇਸ ਵਾਰੀ ਜੇ ਆਪਾਂ ਇਹ ਇਨਾਮ ਉਸ ਨੂੰ ਦੇ ਦਈਏ! ਵਰਿਆਮ ਨੂੰ ਅਗਲੇ ਸਾਲ ਦੇ ਦਿਆਂਗੇ।" ਬੋਰਡ ਦੇ ਦੂਜੇ ਮੈਂਬਰਾਂ ਦੇ ਹਿਸਾਬ ਨਾਲ ਤੇ ਮੇਰੀ ਆਪਣੀ ਸੋਚ ਅਨੁਸਾਰ ਵੀ ਉਸ ਬੋਰਡ ਵਿਚ ਮੇਰੀ ਵਕਾਲਤ ਕਰਨ ਵਾਲਾ ਸਭ ਤੋਂ ਵੱਡਾ ਹਮਾਇਤੀ ਤਾਂ ਹਲਵਾਰਵੀ ਹੀ ਹੋ ਸਕਦਾ ਸੀ! ਜੇ ਉਹ ਮੇਰੀ ਥਾਂ ਕਿਸੇ ਹੋਰ ਨੂੰ ਇਨਾਮ ਦੇ ਕੇ ਖ਼ੁਸ਼ ਸੀ ਤਾਂ ਦੂਜਿਆਂ ਨੂੰ ਕੀ ਇਤਰਾਜ਼ ਹੋ ਸਕਦਾ ਸੀ! ਤੇ ਇਨਾਮ ਵਿਰਦੀ ਨੂੰ ਮਿਲ ਗਿਆ। ਅਗਲੇ ਸਾਲ ਕਿਹੜਾ ਰਾਜਾ ਤੇ ਕਿਹਦੀ ਪਰਜਾ! ਮੈਨੂੰ ਇਨਾਮ ਕਿਸ ਨੇ ਦੇਣਾ ਸੀ! ਖਿਸਕਦਾ-ਖਿਸਕਦਾ ਇਹ ਇਨਾਮ ਮੈਨੂੰ 2003 ਵਿਚ ਮਿਲਿਆ।

ਜਸਵੰਤ ਸਿੰਘ ਵਿਰਦੀ ਨੂੰ ਇਨਾਮ ਦੇਣ ਦੇ ਹਲਵਾਰਵੀ ਦੇ ਨਿਰਣੈ ਬਾਰੇ ਜੇ ਨਿਰਪੱਖ ਹੋ ਕੇ ਆਖਾਂ, ਤਾਂ ਉਦੋਂ ਵੀ ਤੇ ਹੁਣ ਵੀ, ਮੇਰੀ ਰਾਇ ਹੈ ਕਿ ਵਿਰਦੀ ਨੂੰ ਸੱਚਮੁਚ ਅਣਗੌਲਿਆਂ ਕੀਤਾ ਗਿਆ ਸੀ। ਉਹ ਤਾਂ ਪੰਜਾਬੀ ਵਿਚ ਫ਼ੈਂਟਸੀ ਵਿਧਾ ਵਾਲੀ ਕਹਾਣੀ ਨੂੰ ਸਥਾਪਤ ਕਰਨ ਅਤੇ ਯਥਾਰਥ ਦੀ ਧਰਾਤਲ 'ਤੇ ਤਿੱਖੇ ਵਿਅੰਗ ਵਾਲੀ ਮੁੱਲਵਾਨ ਕਹਾਣੀ ਲਿਖਣ ਕਰ ਕੇ ਸਾਹਿਤ ਅਕਾਦਮੀ ਦੇ ਇਨਾਮ ਦਾ ਹੱਕਦਾਰ ਵੀ ਸੀ। ਉਮਰ ਤੇ ਲਿਖਤ ਵਿਚ ਮੇਰੇ ਤੋਂ ਸੀਨੀਅਰ ਹੋਣ ਕਰ ਕੇ ਵੀ ਇਸ ਇਨਾਮ 'ਤੇ ਉਹਦਾ ਹੱਕ ਬਣਦਾ ਸੀ, ਪਰ ਬੰਦਾ



*'ਪੰਜਾਬੀ ਟ੍ਰਿਬਿਊਨ' ਦੇ ਦਫਤਰ ਵਿਚ ਹਰਭਜਨ ਹਲਵਾਰਵੀ।*

'ਨਿਰਪੱਖ' ਹੁੰਦਾ ਕਿੱਥੇ ਹੈ! ਹਕੀਕਤ ਨੂੰ ਅੰਦਰੋਂ ਪਰਵਾਨ ਕਰਦਿਆਂ ਵੀ ਮੇਰੇ ਮਨ ਵਿਚ ਖ਼ਲਿਸ਼ ਸੀ ਕਿ ਮੇਰਾ ਆਪਣਾ ਮਿੱਤਰ ਹੀ ਮਿਲਦੇ ਇਨਾਮ ਵਿਚ ਕਿਉਂ ਵੰਝ ਮਾਰ ਗਿਆ ਜਦੋਂ ਕਿ ਸਾਰੀ ਕਮੇਟੀ ਮੇਰੇ ਹੱਕ ਵਿਚ ਇਕਮੱਤ ਸੀ। ਮੈਂ ਇਸ ਘਟਨਾ ਨੂੰ ਵੀ ਉਹਦੀ ਨਾਰਾਜ਼ਗੀ ਦੇ ਖ਼ਾਤੇ ਵਿਚ ਜੋੜ ਲਿਆ।

ਉਹ ਵੀ ਦਿਨ ਸਨ ਜਦੋਂ ਉਹ ਮੈਨੂੰ ਲੰਮੀਆਂ ਚਿੱਠੀਆਂ ਲਿਖਦਾ ਸੀ। ਕਾਲੇ ਸਮਿਆਂ ਵਿਚ ਵਰ੍ਹਦੀਆਂ ਗੋਲੀਆਂ ਵਿਚ ਮੇਰੇ ਪਿੰਡ ਮਿਲਣ ਉਡਿਆ ਜਾਂਦਾ ਸੀ। ਹੁਣ ਤਾਂ ਕੇਵਲ ਕਮਰੇ ਦੀ ਨੁਕਰੇ ਪਏ ਟੈਲੀਫ਼ੋਨ ਤੱਕ ਜਾ ਕੇ ਫ਼ੋਨ ਨੰਬਰ ਮਿਲਾਉਣਾ ਸੀ, ਪਰ ਅਸੀਂ ਦੋਵੇਂ ਇੰਨੀ ਖ਼ੇਚਲ ਵੀ ਨਾ ਕਰਦੇ। ਫ਼ੋਨ ਵੀ ਝਨਾਂ ਦਾ ਦੂਜਾ ਕੰਢਾ ਬਣ ਗਿਆ ਸੀ। ਸਾਂਝੇ ਮਿੱਤਰਾਂ ਲਈ ਅਸੀਂ ਸ਼ਾਇਦ ਪਹਿਲਾਂ ਵਰਗੇ ਦੋਸਤ ਹੀ ਸਾਂ।

ਇਕ ਦਿਨ ਮੇਰੀ ਪਤਨੀ ਕਹਿੰਦੀ, "ਤੁਸੀਂ ਵੀ ਐਵੇਂ ਫ਼ਜ਼ੂਲ ਦੀ ਆਕੜ ਚੁੱਕੀ ਫਿਰਦੇ ਓ। ਭਲਾ ਤੁਸੀਂ ਆਪ ਨਹੀਂ ਉਹਨੂੰ ਫ਼ੋਨ ਕਰ ਸਕਦੇ? ਉਹਨੂੰ ਤਾਂ ਹੋ ਸਕਦੈ ਕਿ ਅਖ਼ਬਾਰ ਦੇ ਰੁਝੇਵਿਆਂ ਕਰ ਕੇ ਟੈਮ ਨਾ ਮਿਲਦਾ ਹੋਵੇ। ਬੰਦੇ ਨੂੰ ਪੁਰਾਣੀਆਂ ਸਾਂਝਾਂ ਫੋਕੀ ਆਕੜ ਤੋਂ ਕੁਰਬਾਨ ਨਹੀਂ ਕਰਨੀਆਂ ਚਾਹੀਦੀਆਂ।"

ਹੋਰਨਾਂ ਨਾਲ ਮੇਰੇ ਕਿਸੇ ਵਿਗਾੜ ਨੂੰ ਉਹ ਸਦਾ ਮੇਰੀ ਵਾਧੂ ਦੀ ਹਉਮੈ ਨਾਲ ਜੋੜ ਕੇ ਵੇਖਦੀ ਰਹਿੰਦੀ ਹੈ। ਦੋਸ਼ ਭਾਵੇਂ ਅਗਲੇ ਦਾ ਹੋਵੇ ਪਰ ਉਹ ਮੇਰੀ ਹਉਮੈ ਨੂੰ ਹੀ ਆਪਸੀ ਰਿਸ਼ਤਿਆਂ ਵਿਚ ਕਿਸੇ ਪ੍ਰਕਾਰ ਦੀ ਆਈ ਤ੍ਰੇੜ ਦਾ ਕਾਰਨ ਮੰਨਦੀ ਹੈ।

"ਭਲੀਏ ਲੋਕੇ! ਉਹ ਵੱਡਾ ਆਦਮੀ ਏਂ। ਮੇਰੀ ਉਹਦੇ ਨਾਲ ਕਾਹਦੀ ਆਕੜ! ਉਹਨੂੰ ਮੇਰੀ ਕੀ ਲੋੜ ਏ? ਮੈਂ ਤਾਂ ਇਸ ਕਰ ਕੇ ਚੁੱਪ ਆਂ ਕਿ ਉਹ ਇਹ ਨਾ ਸਮਝੇ ਕਿ ਮੈਂ ਉਹਦੀ ਸੰਪਾਦਕੀ ਕਰ ਕੇ ਉਹਦੇ ਪਿੱਛੇ ਭੱਜਾ ਫਿਰਦਾਂ। ਪੁਰਾਣੀਆਂ ਸਾਂਝਾਂ ਤੇ ਦੋਸਤੀ ਨੂੰ ਮੈਂ ਤਾਂ ਨਹੀਂ ਭੁੱਲਿਆ, ਉਹ ਭੁੱਲ ਗਿਐ ਤਾਂ ਮੈਂ ਕੀ ਕਰ ਸਕਦਾਂ?"

"ਲੈ ਇਹ ਕੀ ਗੱਲ ਹੋਈ! ਜੇ ਵੱਡਾ ਏ ਤਾਂ ਹੈਗਾ ਤਾਂ ਤੁਹਾਡਾ ਆਪਣਾ ਈ ਨਾ। ਉਹ ਨਾ ਤੁਹਾਨੂੰ ਮਨਾਉਂਦਾ ਤਾਂ ਖ਼ਾਲਸਾ ਕਾਲਜ ਨਾ ਆਉਂਦੇ। ਹੁਣ ਤੱਕ ਪਿੰਡ ਬੈਠੇ ਹੁੰਦੇ। ਪਿੰਡੋਂ ਜਲੰਧਰ ਸ਼ਹਿਰ ਵਿਚ ਮੇਰੀ ਬਦਲੀ ਕਰਾਉਣ ਲਈ ਐਜੂਕੇਸ਼ਨ ਸੈਕਟਰੀ ਕੋਲ ਭੱਜਾ ਗਿਆ ਸੀ।"

ਮੈਂ ਇਨ੍ਹਾਂ ਗੱਲਾਂ ਤੋਂ ਕਦੋਂ ਮੁਕਰਦਾ ਸਾਂ। ਪੰਜਾਬ ਵਿਚ ਦਹਿਸ਼ਤ ਦੇ ਸਿਖ਼ਰਲੇ ਦਿਨ ਸਨ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦੇ ਮੁਖੀ ਤੇ ਸਾਡੇ ਸਾਂਝੇ ਮਿੱਤਰ ਨਿਰੰਜਣ ਸਿੰਘ ਢੇਸੀ ਨੇ ਮੈਨੂੰ ਆਪਣੇ ਕਾਲਜ ਵਿਚ ਅਪਲਾਈ ਕਰਨ ਲਈ ਚਿੱਠੀ ਲਿਖੀ ਸੀ। ਮੈਂ ਚਿੱਠੀ ਦਾ ਜਵਾਬ ਈ ਨਾ ਦਿੱਤਾ। ਕੁਝ ਵਿਸ਼ੇਸ਼ ਕਾਰਨਾਂ ਕਰ ਕੇ ਮੈਂ ਕੋਈ ਇੰਟਰਵੀਊ ਨਾ ਦੇਣ ਅਤੇ ਪਿੰਡ ਨਾ ਛੱਡਣ ਦਾ ਮਨ ਹੀ ਬਣਾ ਲਿਆ ਹੋਇਆ ਸੀ। ਢੇਸੀ ਨੇ ਹਲਵਾਰਵੀ ਨੂੰ ਕਿਹਾ ਕਿ ਜਾ ਕੇ ਮੈਨੂੰ ਸਮਝਾਵੇ। ਹਲਵਾਰਵੀ ਤੇ ਉਹਦੀ ਪਤਨੀ ਗੁਰਪਿੰਦਰ ਮੇਰੇ ਪਿੰਡ ਸੁਰ ਸਿੰਘ ਜਾ ਪੁੱਜੇ। ਇਹ ਦਿਨ ਸਨ ਜਦੋਂ ਸਾਡੇ ਪਿੰਡ ਰੋਜ਼ ਈ ਗੋਲੀਆਂ ਦਾ ਖੜਾਕ ਸੁਣਦਾ ਸੀ। ਸਵੇਰੇ ਜੰਗਲ ਪਾਣੀ ਗਿਆ ਉਹਦਾ ਡਾਰਾਈਵਰ ਸਾਹੋ ਸਾਹ ਭੱਜਾ ਆਇਆ। ਕਹਿੰਦਾ, "ਸਾਬ੍ਹ ਜੀ! ਮਾਰੇ ਗਏ ਸੀ। ਬਾਹਰ ਤਾਂ ਗੋਲੀ ਚੱਲ ਗਈ।"

ਗੋਲੀਆਂ ਦਾ ਖੜਾਕ ਤਾਂ ਸਾਨੂੰ ਵੀ ਸੁਣਿਆ ਸੀ।

"ਲੈ ਵੇਖ ਲੈ। ਤੂੰ ਏਥੇ ਰਹਿ ਕੇ ਆਪ ਮਰਨਾ ਤੇ ਟੱਬਰ ਨੂੰ ਮਰਵਾਉਣਾ ਚਾਹੁੰਦੈਂ।"

ਉਹਨੂੰ ਇਹ ਵੀ ਪਤਾ ਸੀ ਕਿ ਮੈਂ ਦੋ ਤਿੰਨ ਵਾਰ ਮਰਦਾ-ਮਰਦਾ ਬਚਿਆ ਸੀ।

ਮੈਂ ਹੱਸ ਪਿਆ, "ਗੋਲੀ ਤਾਂ ਏਥੇ ਰੋਜ਼ ਚੱਲਦੀ ਏ। ਕਦੀ ਮੁੰਡਿਆਂ ਵੱਲੋਂ, ਕਦੀ ਸੀ.ਆਰ.ਪੀ. ਵੱਲੋਂ।"

"ਓ ਭਾਈ! ਜਲੰਧਰ ਚਲਾ ਜਾਏਂਗਾ ਤਾਂ ਇਹ ਰੋਜ਼ ਦਾ ਸਹਿੰਸਾ ਮੁੱਕੂ। ਉਂਜ ਅਗਲੇਰੇ ਸਾਲ ਰੂਪ ਨੇ ਦਸਵੀਂ ਕਰ ਜਾਣੀ ਏਂ। ਪਿੱਛੇ ਸੁਪਨ ਮੋਢਿਆਂ 'ਤੇ ਚੜ੍ਹਿਆ ਆਉਂਦੈ। ਇਨ੍ਹਾਂ ਦੀ ਅਗਲੀ ਪੜ੍ਹਾਈ ਪਿੰਡ 'ਚ ਤਾਂ ਨਹੀਂ ਹੋਣੀ। ਕਿਸੇ ਕਾਲਜ ਵਿਚ ਦਾਖ਼ਲ ਤਾਂ ਕਰਾਉਣਾ ਪੈਣਾ। ਜਲੰਧਰ ਚਲਿਆ ਜਾਏਂਗਾ ਤਾਂ ਬੱਚਿਆਂ ਦੀ ਪੜ੍ਹਾਈ ਲਈ ਵੀ ਸਹੂਲਤ ਰਹੂ।"

ਮੈਂ ਸੱਚਾ ਬਹਾਨਾ ਲਾਇਆ, "ਮੈਂ ਅੱਗੇ ਇੰਟਰਵੀਊਆਂ ਦੇ ਕੇ ਜ਼ਲੀਲ ਹੋ ਕੇ ਵੇਖ ਲਿਐ। ਮੈਂ ਨਹੀਂ ਕਿਸੇ ਦੇ ਤਰਲੇ ਕਰਨੇ।"

"ਤੂੰ ਕਿਸੇ ਨੂੰ ਨਾ ਆਖੀਂ। ਇਹ ਸਾਡੇ 'ਤੇ ਰਹੀ।"

ਓਦਣ ਅਸੀਂ ਪੱਟੀ ਕਿਸੇ ਕੰਮ ਜਾਣਾ ਸੀ। ਗੁਰਪਿੰਦਰ ਘਰ ਰਹੀ ਤੇ ਅਸੀਂ ਪੱਟੀ ਜਾਣ ਲਈ ਕਾਰ ਵਿਚ ਸਵਾਰ ਹੋ ਗਏ। ਪਿੰਡ ਦੇ ਮੋੜ 'ਤੇ ਹੀ ਸਾਨੂੰ ਸੀ.ਆਰ.ਪੀ. ਵਾਲਿਆਂ ਹੱਥ ਦੇ ਕੇ ਰੋਕ ਲਿਆ।

"ਕੌਨ ਹੈਂ ਆਪ? ਕਹਾਂ ਸੇ ਆਏ, ਔਰ ਕਹਾਂ ਜਾ ਰਹੇ ਹੈਂ?"

ਮੈਂ ਪਿੰਡ ਦਾ ਵਸਨੀਕ ਤੇ ਪਿੰਡ ਦੇ ਸਕੂਲ ਦਾ ਅਧਿਆਪਕ ਹੋਣ ਬਾਰੇ ਦੱਸ ਕੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਹਲਵਾਰਵੀ ਦੀ ਪਛਾਣ ਦੱਸੀ।

"ਨਹੀਂ; ਆਪ ਹੈਂ ਕੌਨ?"

"ਇਨਹੋਂ ਨੇ ਬਤਾਇਆ ਤੋ ਹੈ।" ਹਲਵਾਰਵੀ



*ਪਤਨੀ ਪ੍ਰਿਤਪਾਲ ਅਤੇ ਬੇਟੇ ਅਸੀਮ ਨਾਲ ਹਰਭਜਨ ਹਲਵਾਰਵੀ।*

ਨੇ ਮੇਰੇ ਵੱਲੋਂ ਦਿੱਤੀ ਜਾਣਕਾਰੀ ਦੁਹਰਾਈ। ਅਖ਼ਬਾਰ ਬਾਰੇ ਦੱਸਿਆ, ਪਰ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ।

"ਬਾਹਰ ਆਈਏ। ਹਮ ਪੂਛ ਰਹੇ ਹੈਂ ਕਿ ਆਪ ਕੌਨ ਹੈਂ। ਆਪ ਔਰ ਈ ਬਾਤੇਂ ਕਰ ਰਹੇ ਹੈਂ। ਉਧਰ ਗੋਲੀ ਚਲ ਗਈ ਹੈ। ਹਮ ਆਪ ਕੋ ਅਰੈਸਟ ਭੀ ਕਰ ਸਕਤੇ ਹੈਂ। ਗੋਲੀ ਚਲੀ ਹੈ।"

ਸਾਨੂੰ ਸਮਝ ਨਾ ਆਵੇ ਕਿ ਜਾਨਣਾ ਕੀ ਚਾਹੁੰਦੇ ਨੇ! ਕੈਸੇ ਅਨਪੜ੍ਹ ਬੰਦਿਆਂ ਨਾਲ ਵਾਹ ਪੈ ਗਿਆ। ਕੁਝ ਸੋਚ ਕੇ ਹਲਵਾਰਵੀ ਬੋਲਿਆ, "ਮੇਰਾ ਨਾਂ ਹਰਭਜਨ ਹਲਵਾਰਵੀ ਹੈ।"

"ਤੋ ਐਸਾ ਕਹੀਏ ਨਾ! ਹਰਬਜਨ ਹਲ ਹਲ? ਕਿਆ ਬੋਲਾ, ਹਰਬਜਨ ਹਲ ਹਲ?"

"ਹਾਂ ਜੀ!" ਅਸੀਂ ਪੂਰੀ ਨਰਮੀ ਨਾਲ ਕਿਹਾ।

"ਤੋ ਜਾਈਏ।"

ਕੇਡੀ ਹਾਸੋਹੀਣੀ ਗੱਲ ਸੀ। ਉਹ ਜਿਵੇਂ 'ਹਰਬਜਨ ਹਲ ਹਲ' ਨੂੰ ਤਾਂ ਨਿੱਜੀ ਤੌਰ 'ਤੇ ਤਾਂ ਜਾਣਦਾ ਹੋਵੇ ਪਰ ਉਨ੍ਹਾਂ ਲਈ ਅਖ਼ਬਾਰ ਤੇ ਉਹਦੇ ਸੰਪਾਦਕ ਦਾ ਕੋਈ ਅਰਥ ਨਹੀਂ ਸੀ। ਅਸਲ ਵਿਚ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਸੀ।

ਅਸੀਂ ਡਰਾਈਵਰ ਨੂੰ ਕਾਰ ਤੋਰਨ ਲਈ ਕਿਹਾ।

ਹੱਸਦਿਆਂ ਹਲਵਾਰਵੀ ਕਹਿੰਦਾ, "ਇਹੋ ਜਿਹੇ ਅਨਪੜ੍ਹ ਤੇ ਬੇਦਲੀਲੇ ਬੰਦੇ ਜਦੋਂ ਚਾਹੇ ਕਿਸੇ ਨੂੰ ਸ਼ੱਕੀ ਸਮਝ ਕੇ ਫੜ ਲੈਣ ਜਾਂ ਗੋਲੀ ਮਾਰ ਦੇਣ। ਸੱਚੀਂ, ਇਹ ਤਾਂ ਅੱਜ ਚੱਲੀ ਗੋਲੀ ਵਾਲੇ ਕੇਸ 'ਚ ਫਸਾ ਵੀ ਸਕਦੇ ਆ। ਬਚ ਜਾ ਏਸ ਕੁੜਿੱਕੀ ਵਿਚੋਂ ਤੇ ਮੰਨ ਜਾਹ ਮੇਰੀ ਗੱਲ।"

ਮੈਂ ਪਿੰਡ ਵਿਚ ਪਹਿਲਾਂ ਚੱਲੀ ਗੋਲੀ ਦੇ ਕੇਸ ਵਿਚ 'ਫਸ' ਚੁੱਕਾ ਸਾਂ। ਮੈਨੂੰ ਕਿਹੜਾ ਇਨ੍ਹਾਂ ਗੱਲਾ ਦਾ ਪਤਾ ਨਹੀਂ ਸੀ!

ਚੁੱਪ ਰਿਹਾ।

ਪੱਟੀ ਸੁਰਿੰਦਰ ਮੰਡ ਕਚਹਿਰੀਆਂ ਵਿਚ ਮਿਲ ਪਿਆ। ਕਹਿੰਦਾ, "ਵਧਾਈ ਹੋਵੇ।"

ਗੱਲ ਮੇਰੇ ਗੇੜ 'ਚ ਨਾ ਆਈ, "ਕਾਹਦੀ ਵਧਾਈ?"

"ਸੁਣਿਐਂ ਤੁਹਾਡੀ ਖ਼ਾਲਸਾ ਕਾਲਜ ਜਲੰਧਰ ਵਿਚ ਨਿਯੁਕਤੀ ਪੱਕੀ ਐ।"

"ਤੁਹਾਨੂੰ ਕਿਵੇਂ ਪਤੈ?"

"ਲਓ ਜੀ! ਸਭ ਨੂੰ ਪਤੈ ਇਹ ਤਾਂ।"

ਮੈਂ ਤਾਂ ਅਪਲਾਈ ਕਰਨ ਲਈ ਨਹੀਂ ਸਾਂ ਮੰਨ ਰਿਹਾ। ਏਧਰ ਮੇਰੀ ਨਿਯੁਕਤੀ 'ਪੱਕੀ' ਵੀ ਹੋਈ ਪਈ ਸੀ।

"ਸੁਣ ਲੈ। ਇਹ ਕਹਿੰਦਾ; ਮੈਂ ਅਪਲਾਈ ਨਹੀਂ ਕਰਨਾ।" ਹਲਵਾਰਵੀ ਨੇ ਮੈਨੂੰ ਤੇ ਮੰਡ ਨੂੰ ਸੁਣਾਇਆ।

"ਨਾ ਜੀ, ਨਾ! ਅਪਲਾਈ ਜ਼ਰੂਰ ਕਰੋ। ਏਨੇ ਇੱਜ਼ਤ-ਮਾਣ ਨਾਲ ਅਗਲੇ ਤੁਹਾਨੂੰ ਬੁਲਾ ਰਹੇ ਨੇ। ਇਹੋ ਜਿਹੇ ਮੌਕੇ ਕਿਹੜਾ ਹਰ ਕਿਸੇ ਨੂੰ ਨਸੀਬ ਹੁੰਦੇ ਨੇ।"

ਘਰ ਵਾਪਸੀ ਤੱਕ ਹਲਵਾਰਵੀ ਨੇ ਮੈਨੂੰ ਮਨਾ ਹੀ ਲਿਆ।

ਹੁਣ ਉਹ ਜੇ ਲੋਕਾਂ ਨੂੰ ਕਹਿੰਦਾ ਸੀ ਕਿ ਉਹ ਮੈਨੂੰ ਖ਼ਾਲਸਾ ਕਾਲਜ ਵਿਚ ਲੈ ਕੇ ਆਇਆ ਹੈ, ਤਾਂ ਸੱਚ ਕਹਿੰਦਾ ਸੀ।

---

ਮੇਰੀ ਪਤਨੀ ਕਹਿੰਦੀ, "ਤੁਸੀਂ ਆਪ ਵੀ ਤਾਂ ਉਹਨੂੰ ਫ਼ੋਨ ਕਰ ਸਕਦੇ ਓ। ਸਦਾ ਏਹੋ ਸੋਚਦੇ ਓ ਕਿ ਅਗਲਾ ਈ ਤੁਹਾਨੂੰ ਫ਼ੋਨ ਕਰੇ। ਸਾਲਾਂ ਦੀਆਂ ਦੋਸਤੀਆਂ ਨਿੱਕੀਆਂ-ਨਿੱਕੀਆਂ ਗੱਲਾਂ ਪਿੱਛੇ ਨਹੀਂ ਛੱਡੀਦੀਆਂ। ਮੈਂ ਲੱਗੀ ਆਂ ਫੋਨ ਮਿਲਾਉਣ। ਤੁਸੀਂ ਗੱਲ ਕਰਨੀ ਹੋਊਗੀ।"

ਮੇਰੇ ਰੋਕਦਿਆਂ-ਰੋਕਦਿਆਂ ਉਹਨੇ ਹਲਵਾਰਵੀ ਦੇ ਘਰ ਦਾ ਨੰਬਰ ਮਿਲਾ ਦਿੱਤਾ। ਅੱਗਿਉਂ ਉਹਦੀ ਪਤਨੀ ਪ੍ਰਿਤਪਾਲ ਬੋਲੀ। ਹਲਵਾਰਵੀ ਘਰ ਨਹੀਂ ਸੀ। ਦੋਵੇਂ ਜਣੀਆਂ ਸੁੱਖ-ਸਾਂਦ ਤੇ ਆਪਸੀ ਹਾਲ-ਹਵਾਲ ਪੁੱਛਦੀਆਂ ਦੱਸਦੀਆਂ ਰਹੀਆਂ। ਫਿਰ ਮੇਰੀ ਪਤਨੀ ਕਹਿੰਦੀ, "ਬੜਾ ਚਿਰ ਹੋਇਆ, ਇਨ੍ਹਾਂ ਦੋਵਾਂ ਭਰਾਵਾਂ ਦੀ ਕਦੀ ਗੱਲ ਨਹੀਂ ਹੋਈ। ਪਤਾ ਨਹੀਂ ਕੀ ਨਾਰਾਜ਼ਗੀ ਏ। ਮੈਂ ਕਿਹਾ, ਅਸੀਂ ਭੈਣਾਂ-ਭੈਣਾਂ ਤਾਂ ਨਾਰਾਜ਼ ਨਹੀਂ ਨਾ। ਅਸੀਂ ਤਾਂ ਗੱਲ ਕਰ ਈ ਸਕਦੀਆਂ।"

ਅੱਗਿਉਂ ਜੋ ਪ੍ਰਿਤਪਾਲ ਨੇ ਕਿਹਾ, ਉਹਨੇ ਤਾਂ ਮੇਰੇ ਅੰਦਰਲੇ ਸਾਰੇ ਪੱਥਰ ਪਿਘਲਾ ਦਿੱਤੇ। ਕਹਿੰਦੀ, "ਭੈਣ ਜੀ! ਹਲਵਾਰਵੀ ਸਾਬ੍ਹ ਤਾਂ ਭਾ ਜੀ ਨੂੰ ਬੇਹੱਦ ਪਿਆਰ ਕਰਦੇ ਨੇ। ਦੱਸ ਨਹੀਂ ਸਕਦੀ। ਇਕ ਦਿਨ ਮੈਂ ਹਾਸੇ-ਹਾਸੇ ਵਿਚ ਪੁੱਛਿਆ ਕਿ ਹੁਣ ਤਾਂ ਤੁਸੀਂ ਅਖ਼ਬਾਰ ਦੇ ਸੰਪਾਦਕ ਓ। ਵੱਡੇ-ਵੱਡੇ ਸਿਆਸਤਦਾਨ, ਧਾਰਮਿਕ ਆਗੂ, ਅਫ਼ਸਰ ਤੇ ਲੇਖਕ-ਚਾਖ਼ਕ ਤੁਹਾਡੇ 'ਤੇ ਡੁੱਲ੍ਹ ਡੁੱਲ੍ਹ ਪੈਂਦੇ ਨੇ, ਪਰ ਕੱਲ੍ਹ ਨੂੰ ਜੇ ਰੱਬ ਨਾ ਕਰੇ, ਤੁਸੀਂ ਸੰਪਾਦਕ ਨਾ ਰਹੋ ਤਾਂ ਕੌਣ-ਕੌਣ ਨੇ ਜੋ ਤੁਹਾਡੇ ਨਾਲ ਖਲੋ ਸਕਦੇ ਨੇ। ਤਾਂ ਕਹਿੰਦੇ; ਹੈ ਇਕ ਜਣਾ ਤੇ ਉਹ ਹੈ ਵਰਿਆਮ ਸੰਧੂ। ਸਾਰੀ ਦੁਨੀਆਂ ਮੈਨੂੰ ਛੱਡ ਜਾਵੇ, ਤਦ ਵੀ ਉਹ ਮੇਰੇ ਨਾਲ ਖੜੂ।"

ਤਾਂ ਮੈਂ ਹਲਵਾਰਵੀ ਲਈ ਇਹ ਕੁਝ ਸਾਂ? ਆਪਣੇ ਆਪ ਨੂੰ ਫ਼ਿਟਕਾਰ ਪਾਈ।

ਹਲਵਾਰਵੀ ਘਰ ਆਇਆ ਤਾਂ ਪ੍ਰਿਤਪਾਲ ਨੇ ਸਾਡੇ ਫ਼ੋਨ ਬਾਰੇ ਦੱਸਿਆ। ਉਹਨੇ ਤੁਰੰਤ ਸਾਡਾ ਨੰਬਰ ਘੁਮਾਇਆ। ਸਭ ਬਦਲੀਆਂ ਉਡ ਗਈਆਂ ਸਨ। ਬੰਨ੍ਹ ਲੱਗੇ ਮੋਹ ਦੇ ਦਰਿਆ ਟੁੱਟ ਕੇ ਉਛਲ ਪਏ ਸਨ।

ਪ੍ਰਿਤਪਾਲ ਦਾ ਕਥਨ ਕਿ 'ਰੱਬ ਨਾ ਕਰੇ, ਤੁਸੀਂ ਸੰਪਾਦਕ ਨਾ ਰਹੋ ਤਾਂ...' ਸੱਚ ਹੋ ਗਿਆ। ਅਖ਼ਬਾਰ ਦੀ ਅੰਦਰਲੀ ਸਿਆਸਤ ਨੇ ਉਹਨੂੰ ਸੰਪਾਦਕੀ ਛੱਡਣ ਲਈ ਮਜਬੂਰ ਕਰ ਦਿੱਤਾ।

ਪਰ ਹਲਵਾਰਵੀ ਸਹਿਜ ਨਾਲ ਈ ਇਸ ਝਟਕੇ ਨੂੰ ਵੀ ਸਹਿ ਗਿਆ। ਇਸ ਤੋਂ ਪਹਿਲੀਆਂ ਸੱਟਾਂ ਤਾਂ ਉਹ ਇਕੱਲਾ ਸਹਿੰਦਾ ਆਇਆ ਸੀ, ਪਰ ਇਸ ਵਾਰ ਤਾਂ ਉਹਦੀ ਪਤਨੀ ਵੀ ਉਹਦੇ ਨਾਲ ਸੀ।

"ਬੜੀ ਦਲੇਰ ਔਰਤ ਏ ਉਹ। ਆਖਦੀ ਏ, 'ਅੱਧੀ ਖਾ ਕੇ ਗੁਜ਼ਾਰਾ ਕਰ ਲਵਾਂਗੇ, ਪਰ ਘਬਰਾਉਣਾ ਨਹੀਂ।' ...ਆਪਾਂ ਤਾਂ ਪਹਿਲਾਂ ਈ ਮਜ਼ਬੂਤ ਦਿਲ ਵਾਲੇ ਆਂ ਪਰ ਜਦੋਂ ਨਾਲ ਪ੍ਰਿਤਪਾਲ ਵਰਗੀ ਔਰਤ ਆਪਣੀਆਂ ਬਾਹਵਾਂ ਦਾ ਆਸਰਾ ਦੇਵੇ ਤਾਂ ਬੰਦਾ ਕਿਵੇਂ ਡੋਲ ਸਕਦਾ ਏ।"

ਪਰ ਉਹਦੇ ਆਲੋਚਕ ਆਖਦੇ, "ਪੰਜਾਬੀ ਟ੍ਰਿਬਿਊਨ ਤੋਂ ਪਿੱਛੋਂ 'ਅੱਜ ਦੀ ਆਵਾਜ਼' ਦੀ ਸੰਪਾਦਕੀ ਸੰਭਾਲ ਕੇ ਉਹ ਵਿਚਾਰਧਾਰਕ ਤੌਰ 'ਤੇ ਡੋਲ ਗਿਆ ਹੈ।"

ਹਲਵਾਰਵੀ ਮੈਨੂੰ ਆਖਦਾ, "ਇਨ੍ਹਾਂ ਨੂੰ ਸਮਝ ਨਹੀਂ, ਪੱਤਰਕਾਰੀ ਮੇਰਾ ਕਿੱਤਾ ਹੈ। ਤੁਹਾਡਾ ਕਿੱਤਾ ਤੁਹਾਡੀ ਰੋਜ਼ੀ-ਰੋਟੀ ਦਾ ਸਾਧਨ ਹੁੰਦਾ ਐ। ਜਿਵੇਂ ਸਰਕਾਰੀ ਨੌਕਰੀ ਕਰਨਾ ਰੋਜ਼ੀ ਦਾ ਵਸੀਲਾ ਹੈ। ਕਿੰਨੇ ਲੋਕ ਆਪਣੇ ਆਪ ਨੂੰ 'ਅਗਾਂਹਵਧੂ' ਕਹਿੰਦੇ ਨੇ ਪਰ ਕਰਦੇ ਸਰਕਾਰ ਦੀ ਨੌਕਰੀ ਨੇ। ਓਸੇ ਸਰਕਾਰ ਦੀ ਜਿਹਨੂੰ ਉਹ ਬਦਲਣਾ ਚਾਹੁੰਦੇ ਨੇ। ਅਸਹਿਮਤੀ ਦੇ ਬਾਵਜੂਦ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪ੍ਰੋਫ਼ੈਸਰ ਓਸੇ ਸਰਕਾਰ ਦਾ ਸਿਲੇਬਸ ਪੜ੍ਹਾਉਂਦੇ ਨੇ, ਜਿਸ ਦਾ ਤਖ਼ਤਾ ਪਲਟਣਾ ਚਾਹੁੰਦੇ ਨੇ। ਉਨ੍ਹਾਂ ਨੂੰ ਪੁੱਛੋ ਤਾਂ ਉਹ ਕਹਿੰਦੇ ਨੇ, "ਅਸੀਂ ਆਪਣੀ ਸੇਵਾ ਵੇਚ ਰਹੇ ਆਂ, ਜ਼ਮੀਰ ਨਹੀਂ।" ਮੈਂ ਵੀ ਤਾਂ ਏਥੇ ਆਪਣੀ ਸੇਵਾ ਵੇਚ ਰਿਹਾਂ, ਜ਼ਮੀਰ ਨਹੀਂ ਵੇਚ ਦਿੱਤੀ। ਨਾਲੇ ਇੰਜ ਮੈਂ ਦੂਜੀ ਧਿਰ ਦਾ ਦ੍ਰਿਸ਼ਟੀਕੋਣ ਵੀ ਸਮਝ ਰਿਹਾਂ ਤੇ ਖ਼ੁਦ ਵੀ ਕਈ ਗੱਲਾਂ ਉਨ੍ਹਾਂ ਨੂੰ ਸਮਝਾਉਣ ਵਿਚ ਕਾਮਯਾਬ ਹੋਇਆਂ।"

'ਅੱਜ ਦੀ ਆਵਾਜ਼' ਵਿਚ ਆਇਆ ਤਾਂ ਜਿੰਨਾ ਚਿਰ ਉਹਦੀ ਰਿਹਾਇਸ਼ ਦਾ ਵੱਖਰਾ ਬੰਦੋਬਸਤ ਨਾ ਹੋ ਗਿਆ, ਉਹ ਕੁਝ ਮਹੀਨੇ ਸਾਡੇ ਘਰ ਹੀ ਠਹਿਰਿਆ। ਜਦੋਂ ਰਾਤ ਦੀ ਰਿਹਾਇਸ਼ ਦਾ ਬੰਦੋਬਸਤ ਹੋ ਵੀ ਗਿਆ ਤਾਂ ਹਫ਼ਤੇ ਵਿਚ ਤਿੰਨ-ਚਾਰ ਦਿਨ ਰਾਤ ਦੀ ਰੋਟੀ ਉਹ ਸਾਡੇ ਨਾਲ ਹੀ ਖਾਂਦਾ। ਸੁਪਨਦੀਪ ਉਹਨੂੰ ਸ਼ਾਮੀ ਮੋਟਰ ਸਾਈਕਲ 'ਤੇ ਘਰ ਲੈ ਆਉਂਦਾ ਤੇ ਰੋਟੀ-ਪਾਣੀ ਤੋਂ ਵਿਹਲੇ ਹੋਣ ਪਿੱਛੋਂ ਅਸੀਂ ਦੋਵੇਂ ਸੈਰ ਕਰਦੇ ਉਹਦੀ ਰਿਹਾਇਸ਼ ਵੱਲ ਤੁਰ ਪੈਂਦੇ। ਦੁਨੀਆਂ-ਜਹਾਨ ਦੀਆਂ ਗੱਲਾਂ ਕਰਦੇ। ਬਾਹਰੋਂ ਆ ਕੇ ਕਿਸੇ ਉਹਦੀ ਖ਼ਬਰ-ਸੁਰਤ ਕੀ ਲੈਣੀ ਸੀ, ਕਦੀ ਜਲੰਧਰੋਂ ਚੰਡੀਗੜ੍ਹ ਤੱਕ ਉਹਨੂੰ ਮਿਲਣ ਭੱਜੇ ਜਾਣ ਵਾਲੇ ਤਥਾਕਥਿਤ ਮਿੱਤਰ ਜਲੰਧਰ ਰਹਿੰਦਿਆਂ ਵੀ ਉਹਨੂੰ ਮਿਲਣ ਨਾ ਆਏ। ਇਸ ਗੱਲ ਦੇ ਬਾਵਜੂਦ ਉਹਦੇ ਠਹਾਕਿਆਂ ਤੋਂ ਕਦੀ ਲੱਗਦਾ ਈ ਨਾ ਉਹ ਕੇਡੀ ਉਚੀ ਥਾਂ ਤੋਂ ਹੇਠਾਂ ਡਿਗ ਪਿਆ ਹੈ!

ਕਦੀ-ਕਦੀ ਇਹ ਜ਼ਰੂਰ ਕਹਿੰਦਾ, "ਦੁਨੀਆਂ ਦੇ ਬਦਲਦੇ ਰੰਗਾਂ ਦਾ ਤਾਂ ਪਤਾ ਈ ਹੁਣ ਲੱਗਾ ਐ।"

ਰਾਤ ਨੂੰ ਮੇਰਾ ਬੇਟਾ ਸੁਪਨਦੀਪ ਹੱਸਦਾ-ਹੱਸਦਾ ਇੰਗਲੈਂਡ ਤੋਂ ਲਿਆਂਦੀ 'ਬਲੈਕ ਲੇਬਲ' ਮੇਜ਼ 'ਤੇ ਲਿਆ ਰੱਖਦਾ, "ਆ ਜੋ ਅੰਕਲ! ਤਰ ਹੋ ਜੋ ਥੋੜ੍ਹੇ ਜਿਹੇ।"

"ਬੜਾ ਬਦਮਾਸ਼ ਏਂ ਤੂੰ!" ਉਹ ਹੱਸ ਕੇ ਪੈਗ ਪਾਉਂਦਾ।

ਦੋ ਨਿੱਕੇ-ਨਿੱਕੇ ਹਾੜ੍ਹੇ ਲੈਂਦਾ। ਆਮ ਲੋਕਾਂ ਵਾਂਗ ਬਹੁਤੀ ਪੀਣ ਦਾ ਲਾਲਚ ਨਾ ਕਰਦਾ। ਫਿਰ ਸਾਰਾ ਟੱਬਰ ਬੈਠ ਕੇ ਰੋਟੀ ਖਾਂਦਾ। ਘਰ ਵਾਲੀ ਰਸੋਈ ਦਾ ਕੰਮ-ਕਾਰ ਖ਼ਤਮ ਕਰ ਕੇ ਭਾਂਡੇ-ਟੀਂਡੇ ਧੋਣ, ਸਾਂਭਣ ਦੇ ਕੰਮ ਲੱਗ ਜਾਂਦੀ। ਮੈਂ ਤੇ ਮੇਰੇ ਬੱਚੇ ਹਲਵਾਰਵੀ ਕੋਲ ਡਰਾਇੰਗ ਰੂਮ ਵਿਚ ਬੈਠੇ ਹੁੰਦੇ। ਉਹ ਬੱਚਿਆਂ ਨਾਲ ਹਾਣੀਆਂ ਵਾਂਗ, ਉਨ੍ਹਾਂ ਵਰਗਾ ਹੋ ਕੇ ਗੱਪਾਂ ਮਾਰਦਾ। ਉਨ੍ਹਾਂ ਨਾਲ ਰਲਦੇ ਮਿਲਦੇ ਆਪਣੇ ਬਚਪਨ ਦੇ ਅਨੁਭਵ ਸਾਂਝੇ ਕਰਦਾ। ਬੱਚਿਆਂ ਨਾਲ ਬੱਚਾ ਬਣ ਕੇ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਠਹਾਕੇ ਲਾਉਂਦਾ। ਵਿਚ-ਵਿਚ ਗੰਭੀਰ ਹੋ ਕੇ ਜ਼ਿੰਦਗੀ 'ਚੋਂ ਕਸ਼ੀਦ ਕੀਤੇ ਅਨੁਭਵ ਤੇ ਨਿਚੋੜ ਵੀ ਸਾਂਝੇ ਕਰਦਾ। ਸੁਪਨਦੀਪ ਦੀ ਚੜ੍ਹਦੀ ਜਵਾਨੀ ਦੀ ਬੇਚੈਨੀ ਨੂੰ ਸਿੱਧੇ ਰਾਹ ਪਾਉਣ ਲਈ ਉਹਨੂੰ ਮਸ਼ਵਰੇ ਦਿੰਦਾ। ਸੁਪਨਦੀਪ ਉਸ ਨਾਲ ਦੋਸਤਾਂ ਵਾਂਗ ਖੁੱਲ੍ਹ ਗਿਆ। ਉਹਦੇ ਨਾਲ ਆਪਣੀ ਇੰਗਲੈਂਡ ਫੇਰੀ ਦੇ ਅਨੁਭਵ ਸਾਂਝੇ ਕਰਦਾ। ਉਹਦੀਆਂ ਦਿਲਚਸਪ ਗੱਲਾਂ ਸੁਣ ਕੇ ਹਲਵਾਰਵੀ ਖ਼ੁਸ਼ ਹੁੰਦਾ।

ਰਸੋਈ ਦੇ ਕੰਮ-ਕਾਜ ਤੋਂ ਮਾਂ ਵਿਹਲੀ ਹੁੰਦੀ ਤਾਂ ਧੀਆਂ ਉਹਦੇ ਨਾਲ ਸੌਣ ਚਲੇ ਜਾਂਦੀਆਂ ਪਰ ਸਾਡੀ ਤਿੰਨਾਂ ਦੀ ਮਹਿਫਿਲ ਦੇਰ ਤੱਕ ਚੱਲਦੀ ਰਹਿੰਦੀ।

ਇਕ ਦਿਨ ਸੁਪਨ ਰੌਂਅ ਵਿਚ ਲੱਗਾ ਹੋਇਆ ਸੀ, "ਅੰਕਲ ਮੈਂ ਓਥੇ ਦੋ ਕੁ ਮਹੀਨੇ ਕੰਮ ਵੀ ਕੀਤਾ। ਸਾਡੇ ਨਾਲ ਪੋਲੈਂਡ ਤੋਂ ਆਈ ਕੁੜੀ ਅਲੀਜ਼ਾ ਵੀ ਕੰਮ ਕਰਦੀ ਸੀ। ਭੂਰੇ ਵਾਲਾਂ ਵਾਲੀ ਗੋਭਲੀ ਜਿਹੀ ਸੋਹਣੀ ਕੁੜੀ। ਸਾਰੇ ਉਹਨੂੰ ਆਨੇ-ਬਹਾਨੇ ਵਿੰਹਦੇ, ਉਹਦੇ ਨਾਲ ਗੱਲ ਕਰਨਾ ਚਾਹੁੰਦੇ। ਕਦੀ-ਕਦੀ ਉਹ ਲੰਘਦੀ ਆਉਂਦੀ ਮੈਨੂੰ ਵੀ ਸਮਾਈਲ ਸੁੱਟਦੀ। ਮੈਨੂੰ ਵੀ ਟੁੱਟੀ ਫੁੱਟੀ ਅੰਗਰੇਜ਼ੀ 'ਚ ਉਹਦੇ ਨਾਲ ਗੱਲ ਕਰਨੀ ਚੰਗੀ ਲੱਗਦੀ। ਇੱਕ ਦਿਨ ਲੰਚ ਟਾਈਮ ਵੇਲੇ ਉਹ ਮੇਰੇ ਕੋਲ ਬੈਠੀ ਸੀ। ਮੈਂ ਸ਼ੁਗਲ-ਸ਼ੁਗਲ 'ਚ ਪੁੱਛਿਆ, "ਅਲੀਜ਼ਾ! ਡੂ ਯੂ ਲਾਈਕ ਮੀ?" ਕਹਿੰਦੀ, "ਯਾ! ਆਈ ਲਾਈਕ ਯੂ।" ਮੈਂ ਗੱਲ ਅੱਗੇ ਵਧਾਈ, "ਹੈਵ ਯੂ ਐਨੀ ਬੁਆਇ ਫ਼ਰੈਂਡ ਇਨ ਪੋਲੈਂਡ?" ਮੁਸਕਰਾ ਕੇ ਕਹਿੰਦੀ, "ਨੋ!" ਮੈਂ ਥੋੜ੍ਹਾ ਅੱਗੇ ਵਧ ਗਿਆ,



ਹਰਭਜਨ ਹਲਵਾਰਵੀ ਡਾ. ਰਘਬੀਰ ਸਿੰਘ ਸਿਰਜਣਾ, ਸੁਤਿੰਦਰ ਸਿੰਘ ਨੂਰ ਤੇ ਕੁਝ ਹੋਰ ਸਾਥੀਆਂ ਨਾਲ।

"ਅਲੀਜ਼ਾ! ਆਈ ਲਵ ਯੂ। ਡੂ ਯੂ ਲਵ ਮੀ?" ਅੱਗੋਂ ਓਦਾਂ ਮੁਸਕਰਾਉਂਦੀ ਕਹਿੰਦੀ, "ਓ ਨੋ।" ਮੈਂ ਜ਼ਿਦ ਕੀਤੀ, "ਬੱਟ ਵਾਇ?" ਤੁਰਦੇ ਫਿਰਦੇ ਦੂਜੇ ਮੁੰਡਿਆਂ ਵੱਲ ਹੱਥ ਕਰ ਕੇ ਆਖਣ ਲੱਗੀ, "ਬੀਕੌਜ਼ ਐਵਰੀਬਡੀ ਸੇਜ਼ ਇਟ ਟੂ ਮੀ।" ਮੈਂ ਹੱਸ ਕੇ ਕਿਹਾ, "ਬੱਟ ਮਾਈ ਲਵ ਇਜ਼ ਟਰੂਅ।" ਉਹ ਹੱਸੀ, "ਦਿਸ ਇਜ਼ ਯੂਅਰ ਪਰੌਬਲਮ।" ਮੈਂ ਕਿਹਾ, "ਨਹੀਂ, ਦਿਸ ਇਜ਼ ਔਵਰ ਪਰੌਬਲਮ।" ਉਹ ਖਿੜਖਿੜਾ ਕੇ ਹੱਸ ਪਈ, "ਨੋ, ਦਿਸ ਇਜ਼ ਯੂਅਰ ਪਰੌਬਲਮ; ਐਂਡ ਵੈਰੀ ਬਿੱਗ ਪਰੌਬਲਮ।"

ਹਲਵਾਰਵੀ ਸਦਾ ਬਹਾਰ ਹਾਸੀ ਹੱਸਿਆ।

"ਸੁਪਨ, ਤੇਰੇ ਅੰਕਲ ਨੂੰ ਵੀ ਤੇਰੇ ਵਾਂਗ 'ਵੈਰੀ ਬਿੱਗ ਪਰੌਬਲਮ' ਦਾ ਕਈ ਵਾਰ ਸਾਹਮਣਾ ਕਰਨਾ ਪਿਐ।"

ਹਲਵਾਰਵੀ ਨੇ ਮੇਰੇ ਵੱਲ ਮੁਸਕਰਾਉਂਦੀ ਘੂਰੀ ਵੱਟੀ ਕਿ ਅਗਾਂਹ ਕੁਝ ਹੋਰ ਭੇਤ ਨਾ ਨਸ਼ਰ ਕਰ ਦੇਵਾਂ। ਇਸ ਤੋਂ ਵੱਧ ਤਾਂ ਮੈਂ ਕੁਝ ਕਹਿਣਾ ਵੀ ਨਹੀਂ ਸੀ।

ਏਨੇ ਵਿਚ ਸੁਪਨ ਖਿੜਖਿੜਾ ਕੇ ਹੱਸਿਆ ਤੇ ਕਹਿੰਦਾ, "ਅੰਕਲ! ਫਿਰ ਮਿਲਾਓ ਹੱਥ।"

ਸੁਪਨ ਨਾਲ ਹੱਥ ਮਿਲਾ ਕੇ ਹਲਵਾਰਵੀ ਸਦਾ ਬਹਾਰ ਹਾਸੀ ਹੱਸਿਆ, "ਬੜਾ ਬਦਮਾਸ਼ ਏਂ ਤੂੰ।"

ਫਿਰ ਗੰਭੀਰ ਹੋ ਕੇ ਕਹਿੰਦਾ, "ਸੁਪਨ! ਤੂੰ ਇਹ ਲਿਖਦਾ ਕਿਉਂ ਨਹੀਂ ਸਭ ਕੁਝ। ਮੈਂ ਛਾਪਾਂਗਾ ਅਖ਼ਬਾਰ ਵਿਚ।"

"ਪਰ ਤਸਵੀਰਾਂ ਸਮੇਤ।" ਸੁਪਨ ਨੇ ਸ਼ਰਤ ਰੱਖੀ।

"ਠੀਕ ਏ, ਪਰ ਘੱਟੋ-ਘੱਟ ਛੇ ਕਿਸ਼ਤਾਂ ਪਹਿਲਾਂ ਲਿਖ ਕੇ ਦੇ।"

ਦੋਵਾਂ ਨੇ ਇਕ-ਦੂਜੇ ਦੀ ਸ਼ਰਤ ਮੰਨ ਲਈ। ਸੁਪਨ ਦਾ ਸਫ਼ਰਨਾਮਾ 'ਅੱਜ ਦੀ ਆਵਾਜ਼' ਵਿਚ ਛਪਣ ਲੱਗ ਪਿਆ। ਹਰ ਸ਼ਾਮ ਹਲਵਾਰਵੀ ਸੁਪਨ ਨੂੰ ਅਗਲੀ ਕਿਸ਼ਤ ਲਿਖਣ ਲਈ ਪ੍ਰੇਰਦਾ। ਇੰਜ ਸੁਪਨ ਦਾ ਸਫ਼ਰਨਾਮਾ ਕਿਤਾਬੀ ਰੂਪ ਵਿਚ ਵੀ ਛਪ ਗਿਆ। ਇਸ ਦਾ ਨਾਂ 'ਜਾਣੇ-ਅਣਜਾਣੇ ਸਫ਼ਰ' ਵੀ ਹਲਵਾਰਵੀ ਨੇ ਰੱਖਿਆ ਤੇ ਇਸ ਦਾ ਮੁੱਖ-ਬੰਧ ਵੀ ਉਹਨੇ ਹੀ ਲਿਖਿਆ।

ਸੁਪਨਦੀਪ ਅੰਦਰ ਲੁਕੀ ਸੰਭਾਵਨਾ ਨੂੰ ਪਛਾਣ ਕੇ ਉਹਦੀ ਪਤ੍ਰਿਭਾ ਨੂੰ ਸਹੀ ਰਾਹ ਦੱਸਣ ਵਿਚ ਉਹਦੀ ਸਿਆਣਪ ਤੇ ਦੂਰ-ਦ੍ਰਿਸ਼ਟੀ ਦਾ ਵੱਡਾ ਯੋਗਦਾਨ ਸੀ। ਉਹ ਆਖਦਾ, "ਇਸ ਮੁੰਡੇ ਵਿਚ ਬੜੀਆਂ ਸੰਭਾਵਨਾਵਾਂ ਨੇ। ਇਹ ਬੜੀ ਤੇਜ਼ੀ ਨਾਲ ਜ਼ਿੰਦਗੀ ਵਿਚ ਰਾਹ ਬਣਾਉਣ ਲਈ ਤਰਲੋਮੱਛੀ ਹੋ ਰਿਹੈ। ਇਹਦੀ ਬੇਚੈਨੀ ਤੋਂ ਡਰੋ ਨਾ ... ਇਹਨੂੰ ਸਮਝੋ।"

---

ਹੁਣ ਉਹ ਕਦੀ-ਕਦੀ ਜੋਤਸ਼ੀਆਂ ਦੇ ਹਵਾਲੇ ਨਾਲ ਕਿਸਮਤ ਬਦਲ ਜਾਣ ਦੀ ਭਵਿੱਖਵਾਣੀ ਵੀ ਕਰਨ ਲੱਗ ਪਿਆ ਸੀ। ਸੰਕਟ ਸਮੇਂ ਕਈ ਵਾਰ ਬੰਦੇ ਦੀ ਤਰਕਸ਼ੀਲਤਾ ਖ਼ਾਮੋਸ਼ ਵੀ ਹੋ ਜਾਂਦੀ ਹੈ, ਪਰ ਉਹਦੀ ਭਵਿੱਖਵਾਣੀ ਸੱਚ ਨਿਕਲੀ। ਉਹਨੂੰ ਦੁਬਾਰਾ 'ਪੰਜਾਬੀ ਟ੍ਰਿਬਿਊਨ' ਦੀ ਸੰਪਾਦਕੀ ਦਾ ਸੱਦਾ ਮਿਲ ਗਿਆ ਸੀ। ਪਿਛਲੇ ਸਾਰੇ ਧੋਣੇ ਧੋਤੇ ਗਏ ਸਨ। ਦੁਸ਼ਮਣਾਂ ਨੂੰ ਮੂੰਹ ਦੀ ਖਾਣੀ ਪਈ ਸੀ। ਸੰਗਮਰਮਰ 'ਤੇ ਚਿਪਕਿਆ ਚਿੱਕੜ ਸੁੱਕ ਕੇ ਝੜ ਗਿਆ ਸੀ। ਹੁਣ ਉਹ ਸਹਿਜ ਹੋ ਕੇ ਵਿਚਰਨ ਲੱਗਾ। ਸੱਚੀਆਂ ਝੂਠੀਆਂ ਦੋਸਤੀਆਂ ਦੀ ਉਹਨੂੰ ਪਛਾਣ ਹੋ ਗਈ ਸੀ। ਗਵਾਚੀਆਂ ਖੁਸ਼ੀਆਂ ਪਰਤ ਆਈਆਂ ਸਨ। ਬੇਟਾ ਅਸੀਮ ਵੱਡਾ ਹੋ ਰਿਹਾ ਸੀ। ਆਪਣਾ ਘਰ ਬਣਾ ਲਿਆ ਸੀ। ਸਾਨੂੰ ਦੋਵਾਂ ਜੀਆਂ ਨੂੰ ਨਵਾਂ ਘਰ ਵਿਖਾਉਣ ਲਈ ਸੱਦਿਆ। ਅਸੀਮ ਨੇ ਸਾਜ਼ 'ਤੇ ਸੰਗੀਤਕ ਧੁਨਾਂ ਛੇੜੀਆਂ ਤਾਂ ਲੱਗਾ, ਹੁਣ ਹਲਵਾਰਵੀ ਦੀ ਰੂਹ ਸੱਤ ਰੰਗਾਂ ਵਿਚ ਰੰਗੀ ਗਈ ਹੋਵੇ।

---

ਹਲਵਾਰਵੀ ਨੂੰ ਘੁੰਮਣ-ਫਿਰਨ ਤੇ ਅਣਗਾਹੀਆਂ ਧਰਤੀਆਂ ਨੂੰ ਗਾਹੁਣ ਦਾ ਬੇਪਨਾਹ ਸ਼ੌਕ ਸੀ। ਉਹ ਕਦੀ ਇਸ ਪਹਾੜ 'ਤੇ ਜਾਂਦਾ ਤੇ ਕਦੀ ਦੂਜੇ 'ਤੇ। ਚੀਨ, ਅਮਰੀਕਾ, ਕੈਨੇਡਾ, ਬਰਤਾਨੀਆ, ਯੂਰਪ ਦੇ ਕਈ ਦੇਸ਼ ਕਿੰਨੀ ਵਾਰ ਗਾਹ ਮਾਰੇ। ਵਾਪਸ ਆਉਂਦਾ ਤਾਂ ਸਫ਼ਰਨਾਮਾ ਲਿਖ ਮਾਰਦਾ। ਸਦਾ ਘਰ ਨਾਲ ਚੰਬੜੇ ਰਹਿਣ ਕਰ ਕੇ ਮੇਰਾ ਮਜ਼ਾਕ ਉਡਾਉਂਦਾ। ਚੀਨ ਦਾ ਸਫ਼ਰਨਾਮਾ ਉਹਨੇ ਮੈਨੂੰ ਇਹ ਸਤਰਾਂ ਲਿਖ ਕੇ ਭੇਟ ਕੀਤਾ:

ਆਪਣੇ ਪਿਆਰੇ ਮਿੱਤਰ ਵਰਿਆਮ ਸੰਧੂ ਨੂੰ ਜਿਸ ਲਈ ਉਹਦਾ ਪਿੰਡ ਸੁਰ ਸਿੰਘ ਹੀ ਦੇਸ-ਪਰਦੇਸ ਹੈ।

---

ਏਦਾਂ ਇਕ ਵਾਰ ਟੋਰਾਂਟੋ ਗਿਆ ਤਾਂ ਪਰਿਵਾਰ ਸਮੇਤ ਸੁਪਨ ਨੂੰ ਮਿਲਿਆ। ਆ ਕੇ ਕਹਿੰਦਾ, "ਰਿਟਾਇਰ ਹੋਣ ਬਾਅਦ ਟੋਰਾਂਟੋ ਜਾ ਵੱਸਣਾ।"

ਜਿਉਂਦਾ ਰਹਿੰਦਾ ਤਾਂ ਉਹਨੇ ਸੱਚਮੁਚ ਹੁਣ ਨੂੰ ਟੋਰਾਂਟੋ ਹੋਣਾ ਸੀ। ਉਹਦੀਆਂ ਗਿਣਤੀਆਂ-ਮਿਣਤੀਆਂ ਕਈ ਵਾਰ ਸੱਚ ਹੁੰਦੀਆਂ ਸਨ। ਇਕ ਵਾਰ ਮੈਨੂੰ ਕਹਿੰਦਾ, "ਸਾਹਿਤ ਅਕਾਦਮੀ ਦਾ ਇਸ ਵਾਰ ਦਾ ਇਨਾਮ ਹੋ ਸਕਦੈ ਤੈਨੂੰ ਮਿਲ ਜਾਵੇ। ਅਗਲੇ ਸਾਲ ਦਾ ਤਾਂ ਦੇਵ ਨੂੰ ਮਿਲਣੈ। ਓਦੋਂ ਅਗਲੇ ਸਾਲ ਮੇਰਾ ਪੱਕੈ।"

ਤੇ ਹੋਇਆ ਵੀ ਇੰਜ ਹੀ।

ਪਰ ਅਜਿਹਾ ਸਦਾ ਨਹੀਂ ਸੀ ਹੁੰਦਾ।

"ਪੰਜਾਬੀ ਟ੍ਰਿਬਿਊਨ ਤੋਂ ਰਿਟਾਇਰ ਹੋਣ ਪਿੱਛੋਂ ਆਪਣਾ ਪੰਜਾਬੀ ਯੂਨੀਵਰਸਿਟੀ ਦੇ ਜਰਨਲਿਜ਼ਮ ਵਿਭਾਗ ਵਿਚ ਪ੍ਰੋਫ਼ੈਸਰ ਤੇ ਮੁਖੀ ਦਾ ਅਹੁਦਾ ਰਾਖਵਾਂ ਸਮਝੋ।"

ਯੂਨੀਵਰਸਿਟੀ ਦਾ ਪ੍ਰੋਫ਼ੈਸਰ ਬਣਨਾ ਉਹਦੀ ਦਿਲੀ ਖ਼ਾਹਿਸ਼ ਸੀ। ਸੰਪਾਦਕ ਤਾਂ ਉਹ ਮੌਕਾ-ਮਿਲਣ 'ਤੇ ਬਣ ਗਿਆ।

ਪਰ ਇੰਜ ਨਾ ਹੋਇਆ। ਜੋਗਿੰਦਰ ਸਿੰਘ ਪੁਆਰ ਨੇ ਉਹਨੂੰ 'ਦੇਸ਼-ਸੇਵਕ' ਦੀ ਸੰਪਾਦਕੀ ਲਈ ਮਨਾ ਲਿਆ।

ਫਿਰ ਵੀ ਉਹ ਖ਼ੁਸ਼ ਸੀ। ਫ਼ੋਨ 'ਤੇ ਦੂਜੇ ਚੌਥੇ ਗੱਲ ਹੁੰਦੀ ਰਹਿੰਦੀ।

ਇਕ ਦਿਨ ਦੁਪਹਿਰੇ ਉਹਦਾ ਫੋਨ ਆਇਆ, "ਬੁਖ਼ਾਰ ਜਿਹਾ ਹੋ ਗਿਐ। ਕੰਮ ਕਰਨ ਨੂੰ ਜੀ ਨਹੀਂ ਕਰਦਾ। ਘਰ ਚੱਲਿਆਂ।"

ਅਗਲੇ ਦਿਨ ਹਾਲ-ਚਾਲ ਜਾਣਨ ਲਈ ਫ਼ੋਨ ਕੀਤਾ ਤਾਂ ਕਹਿੰਦਾ, "ਛੁੱਟੀ ਲਈ ਹੈ। ਸਰੀਰ ਠੀਕ ਨਹੀਂ।"

ਤੇ ਫਿਰ ਪਤਾ ਲੱਗਾ ਬਿਮਾਰੀ ਏਨੀ ਵਧ ਗਈ ਹੈ ਕਿ ਪੀ.ਜੀ.ਆਈ. ਵਿਚ ਦਾਖ਼ਲ ਹੋਣਾ ਪੈ ਗਿਆ ਏ। ਮੈਂ ਫ਼ੋਨ ਕਰ ਕੇ ਸੁੱਖ-ਸਾਂਦ ਪੁੱਛਦਾ ਰਹਿੰਦਾ। ਇਕ ਦਿਨ ਅੱਗਿਉਂ ਉਹਦੇ ਛੋਟੇ ਭਰਾ ਅਵਤਾਰ ਨੇ ਫ਼ੋਨ ਚੁੱਕਿਆ। ਬਿਮਾਰੀ ਦੀ ਸੁਣ ਕੇ ਉਹ ਇੰਗਲੈਂਡ ਤੋਂ ਆ ਗਿਆ ਸੀ। ਖ਼ਬਰ ਚੰਗੀ ਨਹੀਂ ਸੀ। ਮੈਂ ਚੰਡੀਗੜ੍ਹ ਗਿਆ। ਕਾਰੀਡੋਰ ਵਿਚ ਪ੍ਰਿਤਪਾਲ ਤੇ ਉਹਦਾ ਪਰਿਵਾਰ; ਅਵਤਾਰ ਤੇ ਨਵਤੇਜ ਵੀ ਓਥੇ ਖਲੋਤੇ ਸਨ। ਚਿਹਰਿਆਂ 'ਤੇ ਗੂੜ੍ਹੀ ਉਦਾਸੀ। ਮਿਲਣ ਆਉਣ ਵਾਲਿਆਂ ਨੂੰ ਬਾਹਰੋਂ ਹੀ ਧੰਨਵਾਦ ਕਰ ਕੇ ਮੋੜ ਰਹੇ। ਮੈਂ ਦੂਰੋਂ ਆਇਆ ਸਾਂ। ਅੰਦਰ ਜਾਣ ਦਿੱਤਾ। ਸਦਾ ਹੱਸਦੇ ਰਹਿਣ ਵਾਲੇ ਫੁੱਲਝੜੀ ਚਿਹਰੇ 'ਤੇ ਪੀਲੱਤਣ ਛਾਈ ਹੋਈ ਸੀ। ਬੇਹੋਸ਼ੀ ਦਾ ਆਲਮ। ਨਾ ਗੱਲ, ਨਾ ਬਾਤ। ਕੁਝ ਪਲ ਉਦਾਸ ਖਲੋਤਾ ਰਿਹਾ ਤੇ ਫਿਰ ਭਿੱਜੀਆਂ ਅੱਖਾਂ ਨਾਲ ਬਾਹਰ ਆ ਗਿਆ।

ਜਲੰਧਰੋਂ ਫ਼ੋਨ ਕਰ ਕੇ ਅਵਤਾਰ ਤੋਂ ਹਾਲ ਪੁੱਛਦਾ। ਤੀਜੇ-ਚੌਥੇ ਦਿਨ ਅਵਤਾਰ ਕਹਿੰਦਾ, "ਹੁਣ ਅੱਗੇ ਨਾਲੋਂ ਫ਼ਰਕ ਲੱਗਦੈ। ਸੁਰਤ ਵਿਚ ਵੀ ਐ ਤੇ ਗੱਲ-ਬਾਤ ਵੀ ਕਰਦੈ। ਹੋ ਸਕਦੈ, ਮੋੜਾ ਪੈ ਜਾਏ।"

ਖ਼ੁਸ਼ ਹੋ ਕੇ ਮੈਂ ਅਗਲੇ ਦਿਨ ਮਿਲਣ ਲਈ ਉਡਦਾ ਗਿਆ। ਕਿਸੇ ਨੂੰ ਮਿਲਣ ਲਈ ਓਦਣ ਵਾਂਗ ਹੀ ਅੰਦਰ ਨਹੀਂ ਸੀ ਜਾਣ ਦਿੱਤਾ ਜਾ ਰਿਹਾ। ਮੈਂ ਗਿਆ ਤਾਂ ਪ੍ਰਿਤਪਾਲ ਕਹਿੰਦੀ, "ਤੁਸੀਂ ਚਲੇ ਜਾਓ ਅੰਦਰ। ਤੁਹਾਨੂੰ ਮਿਲਣਾ ਸ਼ਾਇਦ ਉਨ੍ਹਾਂ ਨੂੰ ਚੰਗਾ ਵੀ ਲੱਗੇ।"

ਉਹ ਤੇ ਅਵਤਾਰ ਮੇਰੇ ਨਾਲ ਅੰਦਰ ਗਏ। ਹਲਵਾਰਵੀ ਨੂੰ ਸਿਰਹਾਣਿਆਂ ਦੀ ਢੋਹ ਲਵਾਈ ਗਈ। ਮੈਨੂੰ ਵਿੰਹਦਿਆਂ ਸਾਰ ਪੀਲੇ ਚਿਹਰੇ 'ਤੇ ਚੌੜੀ ਮੁਸਕਾਣ ਫੈਲ ਗਈ। ਮੇਰੇ ਵੱਲ ਹੱਥ ਵਧਾਇਆ। ਮੈਂ ਹੱਥ ਅੱਗੇ ਕੀਤਾ ਤਾਂ ਘੁੱਟ ਕੇ ਫੜ ਲਿਆ। ਦੋ-ਤਿੰਨ ਵਾਰ ਇਸ ਤਰ੍ਹਾਂ ਹਿਲਾਇਆ, ਜਿਵੇਂ ਦੱਸਣਾ ਚਾਹੁੰਦਾ ਹੋਵੇ ਕਿ ਫ਼ਿਕਰ ਕਿਉਂ ਕਰਦਾ ਏਂ, ਆਪਾਂ ਦੋ-ਚਾਰ ਦਿਨਾਂ 'ਚ ਠੀਕ ਹੋਏ ਲੈ!

ਘੁੱਟੇ ਹੱਥੀਂ ਮੈਂ ਕਿਹਾ, "ਆਪਾਂ ਲੜਨਾ ਏਂ ਤੇ ਸਦਾ ਵਾਂਗ ਜਿੱਤਣਾ ਵੀ ਏਂ।"

ਉਹ ਫਿਰ ਮੁਸਕਰਾਇਆ ਤੇ ਬਾਰੀਓਂ ਬਾਹਰ ਵਿੰਹਦਾ ਆਖਣ ਲੱਗਾ, "ਵੇਖ ਵਰਿਆਮ! ਰੁਮਕਦੀ ਹਵਾ ਵਿਚ ਸਫ਼ੈਦਿਆਂ ਦੇ ਪੱਤਿਆਂ ਦਾ ਨਾਚ। ਸਫ਼ੈਦਿਆਂ ਤੋਂ ਪਾਰ ਅਸਮਾਨ ਵਿਚ ਉਡਦੇ ਜਾਂਦੇ ਬੱਦਲ! ਇਸ ਕਮਰੇ ਤੋਂ ਬਾਹਰ ਏਹੋ ਜਿਹੀ ਜਿਉਂਦੀ ਕਵਿਤਾ ਵੇਖ ਕੇ, ਮਹਿਸੂਸ ਕਰ ਕੇ ਭਲਾ ਕਿਸ ਦਾ ਮਰਨ ਨੂੰ ਚਿੱਤ ਕਰਦੈ?"

ਪਰ ਚੌਥੇ ਦਿਨ ਕਵਿਤਾ ਦੇ ਮਰਨ ਦੀ ਖ਼ਬਰ ਆ ਗਈ। ਉਹਦੇ ਸਸਕਾਰ ਅਤੇ ਭੋਗ 'ਤੇ ਪਤਾ ਨਹੀਂ ਉਹਦੇ ਸਨੇਹੀਆਂ ਦੀ ਏਡੀ ਭੀੜ ਕਿੱਥੋਂ ਉਲਰ ਆਈ ਸੀ। ਮੈਂ ਤਾਂ ਸਮਝਦਾ ਸਾਂ ਕਿ ਹਲਵਾਰਵੀ 'ਮੇਰਾ' ਹੀ ਹੈ; ਪਰ ਏਥੇ ਤਾਂ ਸੈਂਕੜੇ ਲੋਕ ਉਹਦੇ ਬੇਵਕਤ ਤੁਰ ਜਾਣ 'ਤੇ ਉਹਦੀ ਦੁਖਦਾਈ ਮੌਤ ਦੇ ਗ਼ਮ ਵਿਚ ਡੁੱਬੇ ਖਲੋਤੇ ਸਨ। ਉਹਦੇ ਆਪਣੇ ਬਣ ਕੇ। ਇਨ੍ਹਾਂ ਵਿਚ ਮੂੰਹ ਰਖਣੀ ਲਈ ਉਹਦੇ ਦੁਸ਼ਮਣ ਵੀ ਜ਼ਰੂਰ ਆਏ ਹੋਣਗੇ, ਪਰ ਆਈਆਂ ਭੀੜਾਂ ਦੱਸਦੀਆਂ ਸਨ, ਉਹਦੀ ਦੋਸਤੀ ਦਾ ਕਲਾਵਾ ਕੇਡਾ ਵੱਡਾ ਸੀ। ਹੁੰਦਾ ਵੀ ਕਿਉਂ ਨਾ, ਉਹ ਤਾਂ ਅਗਲੇ ਦੀ ਥੋੜ੍ਹੀ ਕੁ ਮੁਹੱਬਤ ਅੱਗੇ ਵੀ ਪੂਰੇ ਦਾ ਪੂਰਾ ਡੁੱਲ੍ਹ ਜਾਂਦਾ ਸੀ। ਉਹਨੇ ਆਪਣੇ ਬਾਰੇ ਸੱਚ ਹੀ ਤਾਂ ਲਿਖਿਆ ਸੀ,

ਤੇਰੀ ਤੇਹ ਦੀ ਸੀਮਾ ਤਾਂ ਸੀ ਇਕ ਦੋ ਬੂੰਦਾਂ ਪਾਣੀ,

ਬੱਸ ਐਵੇਂ ਹੀ ਪਿਘਲ ਗਿਆ ਸਾਂ ਮੈਂ ਸਾਰੇ ਦਾ ਸਾਰਾ।

ਹਲਵਾਰਵੀ ਸਾਰੇ ਦਾ ਸਾਰਾ ਪਿਘਲ ਗਿਆ ਸੀ। ਹਵਾ ਅਜੇ ਵੀ ਰੁਮਕਦੀ ਸੀ। ਰੁਮਕਦੀ ਹਵਾ ਵਿਚ ਰੁੱਖਾਂ ਦੇ ਪੱਤੇ ਅਜੇ ਵੀ ਝੂਮ ਰਹੇ ਸਨ। ਬੱਦਲ ਅਜੇ ਵੀ ਅਣਜਾਣੇ ਦੇਸ਼ ਵੱਲ ਉਡਦੇ ਜਾਂਦੇ ਸਨ। ਉਹਦੀ ਜਿਉਂਦੇ ਰਹਿਣ ਦੀ ਖ਼ਾਹਿਸ਼ ਨਾਲ ਲੈ ਕੇ, ਕਵਿਤਾ ਦੀ ਬੁੱਕਲ ਮਾਰ ਕੇ ਬੱਦਲਾਂ ਵਿਚ ਜਾ ਵੜਿਆ ਸੀ। ਅਣਜਾਣੀਆਂ ਧਰਤੀਆਂ ਨੂੰ ਵੇਖਣ-ਜਾਨਣ ਦਾ ਉਹਨੂੰ ਅਵੱਲਾ ਸ਼ੌਕ ਜੁ ਸੀ।

**(ਸਮਾਪਤ)**

# ਜਥੇਦਾਰ ਪੂਹਲਾ: ਮਨੁੱਖ ਦਾ ਭਰੋਸਾ!

**ਸਤਿਜੁਗੀ ਲੋਕ**



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਇਹ 1966 ਦੀ ਗੱਲ ਹੈ। ਮੈਂ ਤੇ ਸਾਡੇ ਰਾਮਪੁਰਾ ਫੂਲ ਦੇ ਐਮ. ਐਲ. ਏ. ਮਾਸਟਰ ਬਾਬੂ ਸਿੰਘ ਬਠਿੰਡੇ ਦੇ ਬਾਜ਼ਾਰ ਵਿਚ ਜਾ ਰਹੇ ਸਾਂ। ਅੱਗੋਂ ਜਥੇਦਾਰ ਜੰਗੀਰ ਸਿੰਘ ਪੂਹਲਾ ਮਿਲ ਗਏ। ਉਹ ਕਾਫ਼ੀ ਵੱਡੇ ਅਕਾਲੀ ਆਗੂ ਸਨ। ਕਈ ਦਹਾਕਿਆਂ ਤੱਕ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਜੇ ਮੈਂ ਭੁਲਦਾ ਨਹੀਂ, ਉਹ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਵੀ ਰਹੇ। ਸਾਡੇ ਤਿੰਨਾਂ ਦੇ ਪਿੰਡਾਂ ਦਾ ਇਕ ਦੂਜੇ ਨਾਲੋਂ ਕੁਝ ਕੁਝ ਕੋਹਾਂ ਦਾ ਫ਼ਾਸਲਾ ਸੀ। ਕੁਦਰਤੀ ਗੱਲ ਸੀ ਕਿ ਮੈਂ ਤਾਂ ਪੂਹਲਾ ਜੀ ਨੂੰ ਜਾਣਦਾ ਸੀ ਪਰ ਅਜਿਹਾ ਕੋਈ ਸਬੱਬ ਕਦੀ ਨਹੀਂ ਸੀ ਬਣਿਆ ਕਿ ਉਹ ਮੈਨੂੰ ਜਾਣਨ ਲਗਦੇ। ਮੈਂ ਉਨ੍ਹਾਂ ਨੂੰ ਫਤਿਹ ਬੁਲਾ ਚੁੱਪ ਕਰ ਕੇ ਥੋੜ੍ਹਾ ਜਿਹਾ ਪਾਸੇ ਖਲੋ ਗਿਆ ਅਤੇ ਉਹ ਦੋਵੇਂ ਗੱਲੀਂ ਲੱਗ ਗਏ।

ਉਹ ਸਨ ਤਾਂ ਵੱਖ ਵੱਖ ਪਾਰਟੀਆਂ ਵਿਚ। ਜਥੇਦਾਰ ਪੂਹਲਾ ਤਾਂ, ਸਾਫ਼ ਹੀ ਹੈ, ਪੱਕੇ ਅਕਾਲੀ ਸਨ ਤੇ ਮਾਸਟਰ ਜੀ ਪੱਕੇ ਕਮਿਊਨਿਸਟ ਸਨ। ਪਰ ਦੋਵੇਂ ਸੁੱਚੇ ਪੰਜਾਬੀ ਸਭਿਆਚਾਰ ਦੇ ਵੀ ਪੱਕੇ ਸਨ ਜਿਸ ਵਿਚ ਰਿਸ਼ਤਿਆਂ ਨੂੰ ਇਨਸਾਨੀਅਤ ਦੀ ਸਾਂਝ ਮਿਥਦੀ ਹੈ, ਕੋਈ ਹੋਰ ਸੋਚ ਨਹੀਂ। ਉਦੋਂ ਅਜੇ ਰਾਜਨੀਤੀ ਹੁਣ ਵਾਂਗ ਨਿੱਜੀ ਦੁਸ਼ਮਣੀਆਂ ਦਾ ਆਧਾਰ ਵੀ ਨਹੀਂ ਸੀ ਬਣਨ ਲੱਗੀ। ਸਾਡੇ ਇਲਾਕੇ ਦੇ ਆਮ ਲੋਕਾਂ ਵਿਚ ਵੀ ਉਨ੍ਹਾਂ ਦੋਵਾਂ ਦਾ ਭਲੇ ਪੁਰਸ਼ਾਂ ਵਜੋਂ ਮਾਣ-ਸਤਿਕਾਰ ਸੀ। ਗੱਲਾਂ ਕਰਦਿਆਂ ਸ਼ਾਇਦ ਜਥੇਦਾਰ ਜੀ ਨੂੰ ਮੇਰਾ ਚੁੱਪ ਕਰ ਕੇ ਪਾਸੇ ਜਿਹੇ ਖੜ੍ਹੇ ਰਹਿਣਾ ਠੀਕ ਨਾ ਲੱਗਾ। ਉਨ੍ਹਾਂ ਮੈਨੂੰ ਗੱਲਬਾਤ ਵਿਚ ਸ਼ਾਮਲ ਕਰਨ ਲਈ ਮਾਸਟਰ ਜੀ ਨੂੰ ਪੁੱਛਿਆ, "ਇਹ ਕਾਕਾ?"

ਉਸ ਸਮੇਂ ਮੈਂ ਐਫ. ਐਸ-ਸੀ. ਕੀਤੀ ਹੋਣ ਸਦਕਾ ਮੰਡੀ ਫੂਲ ਦੇ ਐਸ. ਡੀ. ਕੰਨਿਆ ਮਹਾਂਵਿਦਿਆਲਾ ਵਿਚ ਸਾਇੰਸ ਅਧਿਆਪਕ ਲੱਗਿਆ ਹੋਇਆ ਸੀ। ਮਾਸਟਰ ਜੀ ਮੇਰਾ ਨਾਂ ਤੇ ਪਿੰਡ ਦੱਸ ਕੇ ਕਹਿਣ ਲੱਗੇ, "ਇਹ ਆਪਣੀ ਮੰਡੀ ਦੇ ਕੁੜੀਆਂ ਦੇ ਸਕੂਲ ਵਿਚ ਪੜ੍ਹਾਉਂਦਾ ਹੈ ਤੇ ਇਹਨੇ ਹੁਣੇ ਹੁਣੇ ਚੰਗੇ ਨੰਬਰਾਂ ਨਾਲ ਐਮ.ਏ. ਕੀਤੀ ਹੈ।"

ਮਾਸਟਰ ਜੀ ਦੀ ਗੱਲ ਸੁਣ ਕੇ ਉਨ੍ਹਾਂ ਨੇ ਮੇਰੇ ਮੋਢੇ ਉਤੇ ਹੱਥ ਰੱਖਿਆ, "ਕਾਕਾ, ਜੇ ਤੂੰ ਚੰਗੇ ਨੰਬਰਾਂ ਨਾਲ ਐਮ. ਏ. ਕੀਤੀ ਹੋਈ ਹੈ, ਸਕੂਲ ਵਿਚ ਕਿਉਂ ਲੱਗਿਆ ਹੋਇਆ ਹੈਂ? ਸੰਤ ਜੀ ਨੇ ਆਪਣੇ ਇਲਾਕੇ ਦੇ ਭਲੇ ਵਾਸਤੇ ਦਮਦਮਾ ਸਾਹਿਬ ਕਾਲਜ ਖੋਲ੍ਹਿਆ ਹੈ, ਤੂੰ ਆਪਣੇ ਕਾਲਜ ਵਿਚ ਆ।... ਸਾਡੀ ਮੀਟਿੰਗ ਹੋਈ ਸੀ। ਪ੍ਰੋਫੈਸਰ ਰੱਖਣੇ ਨੇ। ਅਖ਼ਬਾਰਾਂ ਵਿਚ ਵੀ ਇਸ਼ਤਿਹਾਰ ਆ ਜਾਊ। ਤੂੰ ਅਰਜ਼ੀ ਭੇਜਣੀ ਨਾ ਭੁੱਲੀਂ।...ਭਾਈ, ਜੇ ਤੇਰੇ ਵਰਗੇ ਆਪਣੇ ਇਲਾਕੇ ਦੇ ਮੁੰਡੇ ਆਪਣੇ ਕਾਲਜ ਵਿਚ ਪੜ੍ਹਾਉਣ ਨਹੀਂ ਲੱਗਣਗੇ, ਸ਼ਹਿਰੀਆਂ ਜਾਂ ਦੂਰ ਤੋਂ ਆਇਆਂ ਨੇ ਤਾਂ ਇਥੇ ਅਜੇ ਸੁਖ-ਸਹੂਲਤਾਂ ਦੀ ਘਾਟ ਦੇਖ ਕੇ ਟਿਕਣ ਤੋਂ ਪਹਿਲਾਂ ਭੱਜਣ ਦੀ ਤਿਆਰੀ ਕਰਨ ਲੱਗ ਪੈਣੀ ਹੈ। ਆਪਣੇ ਬੰਦੇ ਹੋਣਗੇ ਤਾਂ ਉਨ੍ਹਾਂ ਦੇ ਦਿਲ ਵਿਚ ਇਲਾਕੇ ਦੇ ਕਾਲਜ ਦਾ ਦਰਦ ਤਾਂ ਹੋਊ।"

ਮੈਂ ਕਿਹਾ, "ਜੀ, ਇਸ਼ਤਿਹਾਰ ਆ ਜਾਵੇ, ਮੈਂ ਅਰਜ਼ੀ ਭੇਜ ਦੇਊਂ।"

ਸੰਤ ਜੀ ਤੋਂ ਉਨ੍ਹਾਂ ਦਾ ਭਾਵ ਸੰਤ ਫਤਿਹ ਸਿੰਘ ਤੋਂ ਸੀ। ਉਹ ਉਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਹੀ ਨਹੀਂ, ਸਰਬੋ-ਸਰਬਾ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਉਨ੍ਹਾਂ ਦੀ ਭਾਰੀ ਬਹੁਸੰਮਤੀ ਸੀ। ਉਨ੍ਹਾਂ ਨੇ ਆਪਣਾ ਟਿਕਾਣਾ ਭਾਵੇਂ ਰਾਜਸਥਾਨ ਵਿਚ ਗੁਰਦੁਆਰਾ ਸਾਹਿਬ ਬੁੱਢਾ ਜੌਹੜ ਬਣਾਇਆ ਹੋਇਆ ਸੀ, ਪਰ ਉਨ੍ਹਾਂ ਦਾ ਜਨਮ-ਨਗਰ ਬਦਿਆਲਾ ਮੇਰੇ ਪਿੰਡ ਪਿੱਥੋ ਤੋਂ ਕੁੱਲ ਦੋ ਕੋਹ ਵਾਟ ਸੀ। ਸਾਡੇ ਇਲਾਕੇ ਦਾ ਭਲਾ ਹਮੇਸ਼ਾ ਉਨ੍ਹਾਂ ਦੇ ਧਿਆਨ ਵਿਚ ਰਹਿੰਦਾ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਦੀ ਚਿਰਾਂ-ਪੁਰਾਣੀ ਮੰਗ ਪੂਰੀ ਕਰਦਿਆਂ ਦਮਦਮਾ ਸਾਹਿਬ, ਤਲਵੰਡੀ ਸਾਬੋ ਨੂੰ ਪੰਜਵੇਂ ਤਖ਼ਤ ਵਜੋਂ ਮਾਨਤਾ ਦਿਵਾਈ। ਜਿਵੇਂ ਕਿ ਸਰਬ-ਗਿਆਤ ਹੈ, ਇਥੇ ਲਗਭਗ ਨੌਂ ਮਹੀਨੇ ਨਿਵਾਸ ਕਰ ਕੇ ਦਸਮੇਸ਼ ਪਿਤਾ ਨੇ ਪੰਜਵੇਂ ਗੁਰੂ ਜੀ ਦੀ ਸੰਪਾਦਿਤ ਪਵਿੱਤਰ ਬੀੜ ਵਿਚ ਨੌਵੇਂ ਗੁਰੂ ਸਾਹਿਬ ਦੀ ਬਾਣੀ ਜੋੜ ਕੇ ਗ੍ਰੰਥ ਸਾਹਿਬ ਦਾ ਹੁਣ ਪ੍ਰਕਾਸ਼ਮਾਨ ਸਰੂਪ ਤਿਆਰ ਕੀਤਾ। ਇੰਨੇ ਸਮੇਂ ਵਿਚ ਪੰਥ ਦੀ ਅਗਵਾਈ ਲਈ ਉਨ੍ਹਾਂ ਦਾ ਸਮੇਂ ਸਮੇਂ ਹੁਕਮਨਾਮੇ ਜਾਰੀ ਕਰਨਾ ਤਾਂ ਸੁਭਾਵਿਕ ਸੀ ਹੀ। ਇਸੇ ਕਰਕੇ ਇਸ ਸਥਾਨ ਨੂੰ ਪੰਜਵਾਂ ਤਖ਼ਤ ਐਲਾਨੇ ਜਾਣ ਦੀ ਮੰਗ ਚਿਰਾਂ-ਪੁਰਾਣੀ ਸੀ।

ਦੂਜਾ ਵੱਡਾ ਕੰਮ ਸੰਤ ਜੀ ਨੇ ਦਸਮੇਸ਼ ਪਿਤਾ ਦੇ ਵਚਨ "ਕਿਸੇ ਸਮੇਂ ਇਹ ਸਥਾਨ ਗੁਰੂ ਕੀ ਕਾਸ਼ੀ ਬਣੇਗਾ ਤੇ ਗਿਆਨ ਦਾ ਚਾਨਣ ਫੈਲਾਵੇਗਾ" ਉਤੇ ਫੁੱਲ ਚੜ੍ਹਾਉਂਦਿਆਂ ਇਥੇ ਗੁਰੂ ਕਾਸ਼ੀ ਕਾਲਜ ਖੋਲ੍ਹਿਆ। ਸੰਤ ਜੀ ਦੇ ਇਸੇ ਬੁਨਿਆਦੀ ਕਦਮ ਦਾ ਫਲ ਹੈ ਕਿ ਅੱਜ ਦਮਦਮਾ ਸਾਹਿਬ ਉਚੀ ਵਿੱਦਿਆ ਦੀਆਂ ਕਈ ਸੰਸਥਾਵਾਂ ਦਾ ਕੇਂਦਰ ਬਣ ਚੁੱਕਾ ਹੈ।



*ਜਥੇਦਾਰ ਜੰਗੀਰ ਸਿੰਘ ਪੂਹਲਾ ਦੇ ਦਸਤਖ਼ਤ ਵਾਲਾ ਖਾਲੀ ਪੋਸਟ ਕਾਰਡ*

ਜਥੇਦਾਰ ਪੂਹਲਾ ਦੀ ਸ਼ਹਿਰੀਆਂ ਤੇ ਦੂਰ ਦਿਆਂ ਪ੍ਰੋਫੈਸਰਾਂ ਦੇ ਨਾ ਟਿਕਣ ਦੀ ਗੱਲ ਦਾ ਵੀ ਨਰੋਆ ਆਧਾਰ ਸੀ। ਕਾਲਜ ਦੀ ਇਮਾਰਤ ਵੀ ਅਜੇ ਉਸਰ ਰਹੀ ਸੀ ਅਤੇ ਰਿਹਾਇਸ਼ੀ ਕੁਆਰਟਰ ਅਧੂਰੇ ਵੀ ਸਨ ਤੇ ਥੋੜ੍ਹੇ ਵੀ। ਪੈਰਾਂ ਹੇਠ ਰੇਤਲਾ ਖੇਤ ਸੀ। ਚਾਰ-ਦੀਵਾਰੀ ਤੋਂ ਸੱਖਣੇ ਤਿੰਨ ਕਮਰੀਏ ਕੁਆਰਟਰ ਦੇ ਰਸੋਈ-ਗੁਸਲਖਾਨੇ ਵਾਲੇ ਅਗਲੇ ਦੋ ਕਮਰੇ ਵਿਆਹਿਆਂ ਲਈ ਸਨ ਤੇ ਵੱਖਰੀ ਆਵਾਜਾਈ ਵਾਲਾ ਪਿਛਲਾ ਤੀਜਾ ਕਮਰਾ ਕਿਸੇ ਛੜੇ-ਛਾਂਟ ਨੂੰ ਦਿੱਤਾ ਜਾਂਦਾ ਸੀ। ਸਾਡੇ ਤੀਜੇ ਕਮਰੇ ਵਿਚ ਹੁਣ ਦਾ ਪ੍ਰਸਿੱਧ ਨਾਵਲਕਾਰ ਤੇ ਫਿਲਮ-ਨਿਰਮਾਤਾ ਬੂਟਾ ਸਿੰਘ ਸ਼ਾਦ ਰਹਿੰਦਾ ਸੀ ਜਿਸ ਦਾ ਉਦੋਂ ਵੀ ਕਹਾਣੀਕਾਰ ਵਜੋਂ ਵਾਹਵਾ ਨਾਂ ਸੀ। ਸਭ ਤੋਂ ਡਰਾਉਣੀ-ਭਜਾਉਣੀ ਗੱਲ ਇਹ ਸੀ ਕਿ ਕੁਆਰਟਰਾਂ ਦੇ ਅੱਗੋਂ ਖੇਤਾਂ ਨੂੰ ਭੀੜਾ ਜਿਹਾ ਰਾਹ ਜਾਂਦਾ ਸੀ ਅਤੇ ਰਾਹ ਦੇ ਪਾਰ ਸ਼ਮਸ਼ਾਨ ਸੀ। ਵੱਡਾ ਪਿੰਡ ਹੋਣ ਕਰਕੇ ਚਿਤਾ ਬਲਦੀ ਹੀ ਰਹਿੰਦੀ ਜੋ ਖਾਸ ਕਰਕੇ ਰਾਤ ਨੂੰ ਬਹੁਤ ਭਿਆਨਕ ਲਗਦੀ। ਸਾਡੇ ਹਿੰਦੀ ਦੇ ਪ੍ਰੋਫੈਸਰ ਸੇਖੋਂ ਤਾਂ ਸੂਰਜ ਨੂੰ ਡੁਬਦਾ ਦੇਖ ਕੇ ਲੋਹੇ ਦਾ ਪੰਜ-ਫੁੱਟਾ ਸਰੀਆ ਫੜ ਲੈਂਦੇ ਸਨ ਤੇ ਸੌਣ ਲੱਗੇ ਵੀ ਉਹਨੂੰ ਆਪਣੇ ਨਾਲ ਹੀ ਬਿਸਤਰੇ ਵਿਚ ਪਾਉਂਦੇ ਸਨ। ਸਵੇਰੇ ਉਠ ਕੇ ਉਹ ਉਸ ਨੂੰ ਕਮਰੇ ਵਿਚ ਇਕ ਖੂੰਜੇ ਸਾਂਭ ਦਿੰਦੇ ਸਨ। ਉਨ੍ਹਾਂ ਨੂੰ ਕਿਸੇ ਨੇ ਦੱਸਿਆ ਸੀ ਕਿ ਸੂਰਜ ਛਿਪਦਾ ਦੇਖ ਕੇ ਪਰੇਤ ਬਾਹਰ ਨਿੱਕਲ ਆਉਂਦੇ ਹਨ ਜੋ ਸਿਰਫ ਲੋਹੇ ਤੋਂ ਡਰਦੇ ਬੰਦੇ ਦੇ ਨੇੜੇ ਨਹੀਂ ਆਉਂਦੇ।

ਖ਼ੈਰ, ਇਸ਼ਤਿਹਾਰ ਛਪਿਆ, ਮੈਂ ਅਰਜ਼ੀ ਭੇਜੀ, ਇੰਟਰਵਿਊ ਹੋਈ ਅਤੇ ਮੈਂ ਲੈਕਚਰਾਰ ਲੱਗ ਗਿਆ। ਇੰਟਰਵਿਊ ਵੇਲੇ ਜਥੇਦਾਰ ਪੂਹਲਾ ਵੀ ਸ਼ਾਮਲ ਸਨ। ਉਹ ਕਾਲਜ ਕਮੇਟੀ ਦੇ ਖ਼ਜ਼ਾਨਚੀ ਸਨ। ਤਿੰਨ-ਚਾਰ ਹਫਤਿਆਂ ਮਗਰੋਂ ਉਹ ਮੈਨੂੰ ਕਾਲਜ ਵਿਚ ਤੁਰੇ ਜਾਂਦੇ ਮਿਲ ਗਏ ਤਾਂ ਕਹਿੰਦੇ, "ਕਾਕਾ ਕੋਈ ਸਮੱਸਿਆ ਤਾਂ ਨਹੀਂ? ਜੇ ਕੋਈ ਤਕਲੀਫ ਹੋਵੇ, ਦੱਸਣ ਤੋਂ ਸੰਗੀਂ ਨਾ।" ਮੈਂ ਕਿਹਾ, "ਨਹੀਂ ਜੀ, ਸਭ ਠੀਕ ਹੈ।" ਉਨ੍ਹਾਂ ਨੂੰ ਜਿਵੇਂ ਇਕਦਮ ਕੋਈ ਖ਼ਿਆਲ ਆਇਆ। ਕਹਿਣ ਲੱਗੇ, "ਕਾਕਾ, ਤੈਨੂੰ ਮੇਰੀ ਲੋੜ ਪਵੇ, ਮੈਂ ਕੀ ਪਤਾ, ਕਿਥੇ ਹੋਵਾਂ। ਪਿੰਡ, ਅੰਮ੍ਰਿਤਸਰ, ਚੰਡੀਗੜ੍ਹ ਜਾਂ ਹੋਰ ਕਿਤੇ! ਮੈਂ ਇਕ ਕੰਮ ਕਰਦਾ ਹਾਂ...।"

ਉਨ੍ਹਾਂ ਨੇ ਬੈਗ ਖੋਲ੍ਹਿਆ ਅਤੇ ਉਸ ਵਿਚੋਂ ਇਕ ਨਵਾਂ ਪੋਸਟ ਕਾਰਡ ਕੱਢਿਆ। ਉਸ ਦੇ ਅੰਤ ਉਤੇ ਆਪਣੇ ਦਸਤਖ਼ਤ ਕਰ ਕੇ ਮੈਨੂੰ ਦਿੰਦਿਆਂ ਬੋਲੇ, "ਲੈ ਇਹ ਸਾਂਭ ਕੇ ਰੱਖ। ਜੇ ਪ੍ਰਿੰਸੀਪਲ ਸਾਹਿਬ ਤਾਈਂ ਕੋਈ ਕੰਮ ਹੋਵੇ ਤੇ ਮੈਥੋਂ ਕਹਾਉਣ ਦੀ ਲੋੜ ਹੋਵੇ, ਮੇਰੇ ਵੱਲੋਂ ਇਹ ਕਾਰਡ ਲਿਖ ਕੇ ਉਨ੍ਹਾਂ ਦੇ ਨਾਂ ਡਾਕ ਵਿਚ ਪਾ ਦੇਈਂ। ਜੇ ਉਹ ਮੈਨੂੰ ਪੁੱਛਣਗੇ, ਮੈਂ ਕਹਿ ਦੇਊਂ, ਹਾਂ, ਮੈਂ ਲਿਖਿਆ ਸੀ।"

ਉਹ ਮੇਰਾ ਮੋਢਾ ਥਾਪੜ ਕੇ ਤੁਰ ਗਏ। ਮੈਂ ਸੋਚਿਆ ਕਿ ਇਸ ਭਲੇ ਪੁਰਸ਼ ਨੂੰ ਇਹ ਅਹਿਸਾਸ ਹੈ ਕਿ ਇਸ ਮੁੰਡੇ ਨੂੰ ਕਾਲਜ ਵਿਚ ਮੈਂ ਲੈ ਕੇ ਆਇਆ ਹਾਂ, ਇਸ ਕਰਕੇ ਇਹ ਧਿਆਨ ਰੱਖਣਾ ਮੇਰਾ ਫਰਜ਼ ਹੈ ਕਿ ਇਹਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਹੋਵੇ! ਨਾਲ ਹੀ ਮੈਂ ਹੈਰਾਨ ਹੋਇਆ ਦਸਤਖਤ ਕਰ ਕੇ ਦਿੱਤੇ ਕੋਰੇ ਕਾਰਡ ਨੂੰ ਉਲਟ-ਪਲਟ ਕੇ ਦੇਖਣ ਲੱਗਿਆ। ਕੋਈ ਨਿਰਮਲ-ਚਿੱਤ ਮਨੁੱਖ ਹੀ ਇਕ ਅਣਜਾਣੇ ਬੰਦੇ ਉਤੇ ਇਉਂ ਭਰੋਸਾ ਕਰ ਸਕਦਾ ਹੈ। ਏਨਾ ਤਾਂ ਉਹ ਵੀ ਜਾਣਦੇ ਸਨ ਕਿ ਜੇ ਮੈਂ ਚਾਹਾਂ, ਕਾਰਡ ਦੀ ਦੁਰਵਰਤੋਂ ਵੀ ਕਰ ਸਕਦਾ ਹਾਂ। ਪਰ ਆਪ ਭਰੋਸੇਜੋਗ ਸੱਜਣ ਹੋਣ ਸਦਕਾ ਉਨ੍ਹਾਂ ਨੂੰ ਮਨੁੱਖ ਦੀ ਮੂਲ ਚੰਗਿਆਈ ਵਿਚ ਅਡੋਲ ਭਰੋਸਾ ਸੀ। ਜੇ ਉਹ ਆਪ ਕਿਸੇ ਦਾ ਬੁਰਾ ਨਹੀਂ ਸਨ ਚਿਤਵਦੇ ਤੇ ਭਰੋਸਾ ਨਹੀਂ ਸਨ ਤੋੜਦੇ, ਕੋਈ ਉਨ੍ਹਾਂ ਦਾ ਬੁਰਾ ਕਿਉਂ ਚਿਤਵੇਗਾ ਤੇ ਭਰੋਸਾ ਕਿਉਂ ਤੋੜੇਗਾ! ਅੱਜ ਦੇ ਗੰਧਲੇ ਹੋਏ ਸਮਾਜਕ ਹਾਲਾਤ ਵਿਚ ਜਦੋਂ ਮਨੁੱਖ ਤੋਂ ਭਰੋਸਾ ਡੋਲਣ ਲਗਦਾ ਹੈ, ਮੈਂ ਜਥੇਦਾਰ ਪੂਹਲਾ ਦਾ ਕਾਰਡ ਕੱਢ ਕੇ ਨਿਹਾਰਨ ਲਗਦਾ ਹਾਂ ਜੋ ਮੈਂ ਬੜੇ ਅਦਬ ਨਾਲ ਇਕ ਅਮੋਲ ਵਸਤ ਵਜੋਂ ਸੰਭਾਲ ਕੇ ਰੱਖਿਆ ਹੋਇਆ ਹੈ।

# ਖੁਸ਼ਵੰਤ ਸਿੰਘ ਉਤਸਵ, ਰਾਹੁਲ ਤੇ ਨੀਲੋਫਰ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

2012 ਤੋਂ ਹਿਮਾਚਲ ਦੇ ਕਸਬੇ ਕਸੌਲੀ ਵਿਚ ਸਥਾਪਤ ਹੋਇਆ ਖੁਸ਼ਵੰਤ ਸਿੰਘ ਉਤਸਵ ਕਿਸੇ ਇੱਕ ਹਸਤੀ ਦੇ ਨਾਂ ਉਤੇ ਸਥਾਪਤ ਕੀਤਾ ਭਾਰਤ ਵਿਚੋਂ ਹੀ ਨਹੀਂ ਕੁਝ ਹੋਰ ਦੇਸ਼ਾਂ ਵਿਚੋਂ ਵੀ ਪਹਿਲਾ ਹੋ ਸਕਦਾ ਹੈ। ਅਫਸਾਨਾ ਨਿਗਾਰੀ ਤੇ ਦਾਸਤਾਨ ਗੋਈ ਦੀ ਵਿਧੀ ਅਪਨਾ ਕੇ ਵਿਉਂਤਿਆ ਇਸ ਵਰ੍ਹੇ ਵਾਲਾ ਤੀਜਾ ਉਤਸਵ ਆਪਣੇ ਆਪ ਵਿਚ ਲਾਸਾਨੀ ਸੀ। ਖੁਸ਼ਵੰਤ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਪਹਿਲਾ ਹੋਣ ਕਾਰਨ ਇਸ ਨੂੰ ਸ਼ਰਧਾਂਜਲੀ ਸਮਾਰੋਹ ਵੀ ਕਿਹਾ ਜਾ ਸਕਦਾ ਹੈ ਜਿੱਥੇ ਖੁਸ਼ਵੰਤ ਸਿੰਘ ਦਾ ਮਨਪਸੰਦ ਖਾਣਾ-ਪੀਣਾ ਹੀ ਨਹੀਂ ਹਾਸੀ ਮਜ਼ਾਕ ਤੇ ਭਾਰਤ-ਪਾਕਿ ਸਾਂਝ ਦਾ ਵਿਸ਼ਾ ਪ੍ਰਧਾਨ ਰਿਹਾ। ਇਥੇ ਪਹਿਲੇ ਸੰਸਾਰ ਯੁੱਧ ਤੋਂ ਲੈ ਕੇ ਭਾਰਤ ਅਤੇ ਖਾਸ ਕਰ ਪੰਜਾਬ ਵਿਚ ਨਸ਼ਾਖੋਰੀ ਦੇ ਵਧ ਰਹੇ ਰੁਝਾਨ ਉਤੇ ਵੀ ਨਿੱਠ ਕੇ ਚਰਚਾ ਹੋਈ।

ਕਿਸ ਨੇ ਕੀ ਕਿਹਾ ਤੇ ਕਦੋਂ ਕਿਹਾ ਵਿਚ ਉਲਝਣ ਦੀ ਥਾਂ ਸ਼ਿਰਕਤ ਕਰਨ ਵਾਲੇ ਰਾਜਨੀਤੀਵਾਨਾਂ, ਸਮਾਜ ਸੇਵੀਆਂ ਤੇ ਪੱਤਰਕਾਰਾਂ ਦੇ ਨਾਂ ਦੇਣਾ ਹੀ ਕਾਫੀ ਹੈ। ਇਥੇ ਸਲਮਾਨ ਖੁਰਸ਼ੀਦ ਤੇ ਮਨੀ ਸ਼ੰਕਰ ਅਈਅਰ ਵਰਗੇ ਭਾਰਤ ਸਰਕਾਰ ਦੇ ਸਾਬਕਾ ਮੰਤਰੀ ਹੀ ਨਹੀਂ ਸੁਰਜੀਤ ਸਿੰਘ ਬਰਨਾਲਾ ਤੇ ਕੈਪਟਨ ਅਮਰਿੰਦਰ ਸਿੰਘ ਵਰਗੇ ਪੰਜਾਬ ਦੇ ਰਹਿ ਚੁੱਕੇ ਮੁੱਖ ਮੰਤਰੀ ਤੇ ਬਰਤਾਨਵੀ ਹਾਈ ਕਮਿਸ਼ਨ ਵਾਲੇ ਬ੍ਰਿਗੇਡੀਅਰ ਬਰਾਇਨ ਮੈਕਾਲ ਤੋਂ ਬਿਨਾ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਬੇਟੀ ਦਮਨ ਸਿੰਘ ਵੀ ਆਏ ਹੋਏ ਸਨ। ਪੱਤਰਕਾਰਾਂ ਤੇ ਲੇਖਕਾਂ ਵਿਚੋਂ ਸ਼ੋਭਾ ਡੇਅ, ਬੱਚੀ ਕਰਕਾਰੀਆ, ਗੀਤਾ ਹਰੀਹਰਨ, ਉਪਮੰਨਯੂ ਚੈਟਰਜੀ, ਮੰਜੂ ਕਪੂਰ, ਜੈਸ਼੍ਰੀ ਮਿਸ਼ਰਾ, ਅਲਕਾ ਪਾਂਡੇ, ਹਰੀਸ਼ ਢਿੱਲੋਂ, ਸੁਨੀਲ ਸੇਠੀ, ਬੀਨਾ ਰੋਮਾਨੀ- ਬੜੇ ਲੋਕ ਹਾਜ਼ਰ ਸਨ। ਪਾਕਿਸਤਾਨ ਤੋਂ ਰੰਗ ਮੰਚ ਦੀ ਉਘੀ ਹਸਤੀ ਮਦੀਹਾ ਗੌਹਰ ਤੋਂ ਬਿਨਾਂ ਉਥੋਂ ਦੇ ਵਿਦੇਸ਼ ਮੰਤਰੀ ਅਤੇ ਲਾਹੌਰ ਤੋਂ ਦਰਸ਼ਨ ਸਿੰਘ 'ਭਾਊ' ਦੇ ਰਹਿ ਚੁੱਕੇ ਜਮਾਤੀ ਸਰਤਾਜ ਅਜੀਜ਼ ਦੀ ਸਮਾਜ ਸੇਵੀ ਬੇਟੀ ਪੂਨਮ ਅਯੂਬ ਤੇ ਉਘਾ ਟਿਪਣੀਕਾਰ ਆਸਿਫ ਨੂਰਾਨੀ ਵੀ ਹਾਜ਼ਰ ਸੀ। ਫਕੀਰ ਐਜਾਜ਼ੁਦੀਨ ਦੀ ਸ਼ਿਰਕਤ ਖਾਸ ਕਰਕੇ ਨੋਟ ਕੀਤੀ ਗਈ। ਉਹ ਖੁਸ਼ਵੰਤ ਸਿੰਘ ਦੇ ਅਕਾਲ ਚਲਾਣੇ ਤੋਂ ਇਕ ਸਪਤਾਹ ਪਹਿਲਾਂ ਹੀ ਉਸ ਨੂੰ ਮਿਲ ਕੇ ਗਿਆ ਸੀ। ਉਸ ਮਿਲਣੀ ਵਿਚ ਖੁਸ਼ਵੰਤ ਸਿੰਘ ਨੇ ਆਪਣੇ ਹਡਾਲੀ ਵਾਲੇ ਘਰ ਤੇ ਸਕੂਲ ਦਾ ਬਹੁਤ ਹੇਜ ਜਤਾਇਆ ਸੀ। ਨਤੀਜੇ ਵਜੋਂ ਐਜਾਜ਼ੁਦੀਨ ਖੁਸ਼ਵੰਤ ਸਿੰਘ ਦੀਆਂ ਅਸਥੀਆਂ ਵਾਲੀ ਰਾਖ ਦਿੱਲੀ ਤੋਂ ਹਡਾਲੀ ਲੈ ਕੇ ਗਿਆ ਸੀ ਜਿਹੜੀ ਉਸ ਨੇ ਹਡਾਲੀ ਵਾਲੇ ਸਕੂਲ ਦੇ ਸਾਹਮਣੇ ਖੁਸ਼ਵੰਤ ਸਿੰਘ ਦੇ ਨਾਂ ਦਾ ਯਾਦਗਾਰੀ ਪੱਥਰ ਲਗਾਉਣ ਸਮੇਂ ਵਰਤੇ ਜਾ ਰਹੇ ਸੀਮਿੰਟ ਵਿਚ ਰਲਾ ਦਿੱਤੀ ਸੀ। ਕਸੌਲੀ ਵਾਲੇ ਉਤਸਵ ਸਮੇਂ ਉਹ ਖੁਸ਼ਵੰਤ ਦੇ ਹਡਾਲੀ ਵਾਲੇ ਢਹਿ ਚੁੱਕੇ ਘਰ ਦੀ ਇੱਕ ਹਿੱਟ ਗਹਿਣਿਆਂ ਵਾਲੇ ਡੱਬੇ ਵਿਚ ਪਾ ਕੇ ਲਿਆਇਆ ਸੀ ਜਿਹੜੀ ਭਰੀ ਮਹਿਫਿਲ 'ਚ ਰਾਹੁਲ ਸਿੰਘ ਨੂੰ ਭੇਟ ਕੀਤੀ ਗਈ।

ਉਤਸਵ 'ਚ ਮਰਦਾਂ ਦੀ ਹਾਜ਼ਰੀ ਮਹਿਲਾਵਾਂ ਨਾਲੋਂ ਬਹੁਤ ਘੱਟ ਸੀ। ਰਿਲੀਜ਼ ਹੋਈਆਂ ਨਵੀਆਂ ਪੁਸਤਕਾਂ ਵਿਚੋਂ ਵੀ ਅਧੀ ਦਰਜਨ ਖੁਸ਼ਵੰਤ ਸਿੰਘ ਦੀ ਹੱਲਾਸ਼ੇਰੀ ਤੇ ਪ੍ਰੇਰਨਾ ਨਾਲ ਲੇਖਕ ਬਣੀਆਂ ਮਹਿਲਾਵਾਂ ਦੀਆਂ ਸਨ। ਉਂਜ ਇਸ ਮੌਕੇ ਨਾਲ ਮੇਲ ਖਾਂਦੀ ਸਭ ਤੋਂ ਮਹੱਤਵਪੂਰਨ ਪੁਸਤਕ ਰਾਹੁਲ ਸਿੰਘ ਦੀ ਸੀ। 'ਦੰਦ ਕਥਾ ਬਣਿਆ ਖੁਸ਼ਵੰਤ ਸਿੰਘ।' ਇਸ ਵਿਚ ਦੇਸ਼ ਦੇਸ਼ਾਂਤਰਾਂ ਤੋਂ ਆਏ ਤਿੰਨ ਦਰਜਨ ਸ਼ਰਧਾਂਜਲੀ ਲੇਖ ਹੀ ਨਹੀਂ, ਰਾਹੁਲ ਦਾ ਆਪਣਾ ਲੇਖ ਖੁਸ਼ਵੰਤ ਸਿੰਘ ਦੀ ਲੋਕਪ੍ਰਿਅਤਾ ਦੇ ਕਾਰਨ ਤੇ ਸੋਮੇ ਉਭਾਰਨ ਵਾਲਾ ਸੀ। ਰਾਹੁਲ ਅਨੁਸਾਰ ਉਸ ਦੇ ਪਿਤਾ ਦੀ ਗੁੱਡੀ ਉਸ ਵੇਲੇ ਚੜ੍ਹੀ ਜਦੋਂ ਉਹ ਇਲਸਟ੍ਰੇਟਡ ਵੀਕਲੀ ਦਾ ਸੰਪਾਦਕ ਬਣਿਆ। ਦੂਜਾ ਵੱਡਾ ਕਾਰਨ ਉਹਦੇ ਵਲੋਂ



*ਖੁਸ਼ਵੰਤ ਸਿੰਘ*

ਚਿੱਠੀਆਂ ਤੇ ਪੁਸਤਕਾਂ ਦੇ ਉਤਰ ਵਿਚ ਲਿਖੇ ਹਜ਼ਾਰਾਂ ਪੋਸਟ ਕਾਰਡ ਹਨ। ਉਹ ਆਪਣੇ ਘਰ ਪਹੁੰਚੀ ਹਰ ਪੁਸਤਕ ਤੇ ਚਿੱਠੀ ਦਾ ਉਤਰ ਪੋਸਟ ਕਾਰਡ ਉਤੇ ਦਿੰਦਾ ਸੀ। ਉਤਰ ਅਤਿਅੰਤ ਸੰਖੇਪ ਇਕ ਦੋ ਸਤਰਾਂ ਦਾ ਹੁੰਦਾ ਸੀ। ਤਿੱਖਾ ਤੇ ਤੋੜਵਾਂ। ਰਾਹੁਲ ਨੇ ਦੱਸਿਆ ਕਿ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਾਲਿਆਂ ਨੇ ਉਸ ਦੇ ਪਿਤਾ ਨੂੰ ਸਿੱਖਾਂ ਬਾਰੇ ਲਤੀਫੇ ਛਾਪਣ ਤੋਂ ਪਰਹੇਜ਼ ਕਰਨ ਦੀ ਸਲਾਹ ਦਿੱਤੀ ਤਾਂ ਉਸ ਦਾ ਤਿੰਨ ਸ਼ਬਦਾਂ ਦਾ ਉਤਰ 'ਗੋ ਟੂ ਹੈਲ' ਭਾਵ 'ਢੱਠੇ ਖੂਹ ਵਿਚ ਪਵੋ' ਸੀ। ਇਸ ਪ੍ਰਸੰਗ ਵਿਚ ਮੇਰੇ ਕੋਲ ਵੀ ਇੱਕ ਟੋਟਕਾ ਹੈ। ਮੈਂ ਉਸ ਨੂੰ ਚਾਰ ਦਹਾਕੇ ਤੋਂ ਜਾਣਦਾ ਸਾਂ ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲਿਆਂ ਮੈਨੂੰ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਵਿਚ ਅਧਿਆਪਕ ਲਾਉਣ ਤੋਂ ਪਹਿਲਾਂ ਮੇਰੇ ਬਾਰੇ ਉਸ ਦੀ ਰਾਏ ਮੰਗੀ ਤਦ ਵੀ ਉਸ ਨੇ ਪੋਸਟ ਕਾਰਡ ਉਤੇ ਇੱਕ ਹੀ ਲਾਈਨ ਲਿਖੀ, 'ਮੈਂ ਗੁਲਜ਼ਾਰ ਸਿੰਘ ਸੰਧੂ ਨੂੰ ਇੱਕ ਦੋਸਤ ਵਜੋਂ ਜਾਣਦਾ ਹਾਂ, ਉਸ ਦੀ ਅਧਿਆਪਨ ਯੋਗਤਾ ਬਾਰੇ ਕਿਸੇ ਹੋਰ ਨੂੰ ਪੁੱਛੋ।' ਇਹ ਗੱਲ ਵੱਖਰੀ ਹੈ ਕਿ ਚੁਣਨ ਵਾਲਿਆਂ ਨੇ ਉਸ 'ਦੋਸਤੀ' ਦੇ ਖੁੱਲ੍ਹੇ ਨੰਬਰ ਲਾ ਕੇ ਮੈਨੂੰ ਉਹ ਉਪਾਧੀ ਸੌਂਪ ਦਿੱਤੀ ਸੀ।

ਜੇ ਹੋਰ ਪੁੱਛੋ ਤਾਂ ਇਸ ਵਾਰੀ ਦਾ ਖੁਸ਼ਵੰਤ ਸਿੰਘ ਸਾਹਿਤ ਉਤਸਵ ਇੱਕ ਮਿੰਨੀ ਪੁਸਤਕ ਮੇਲਾ ਸੀ। ਹੇਅ ਹਾਊਸ ਪਬਲਿਸ਼ਰਜ਼ ਦੇ ਮੈਨੇਜਿੰਗ ਡਾਇਰੈਕਟਰ ਅਸ਼ੋਕ ਚੋਪੜਾ ਨੇ ਮੰਚ ਸੰਚਾਲਨ ਕੀਤਾ।

ਰਾਹੁਲ ਸਿੰਘ ਦੀ ਦੋਸਤ ਨੀਲੋਫਰ ਬਿਲੀ ਮੋਰੀਆ ਨੇ ਉਤਸਵ ਦੀ ਵਿਉਂਤਬੰਦੀ ਵਿਚ ਉਘਾ ਯੋਗਦਾਨ ਪਾਇਆ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਇੱਕ ਪੜਾਅ ਉਤੇ ਰਾਹੁਲ ਦੀ ਮਾਂ ਕਵਲ ਖੁਸ਼ਵੰਤ ਸਿੰਘ ਨੇ ਉਨ੍ਹਾਂ ਨੂੰ ਵਿਆਹ ਬੰਧਨ ਵਿਚ ਬੰਨ੍ਹਣ ਦੇ ਭਾਵ ਨਾਲ ਆਪਣੇ ਸਾਰੇ ਗਹਿਣੇ ਤੇ ਹੋਰ ਕੀਮਤੀ ਵਸਤਾਂ ਨੀਲੋਫਰ ਨੂੰ ਸੌਂਪ ਦਿੱਤੀਆਂ ਸਨ। ਪਰ ਨੀਲੋਫਰ ਨੇ ਵਿਆਹ ਨਾਲੋਂ ਦੋਸਤੀ ਨੂੰ ਤਰਜੀਹ ਦਿੰਦਿਆਂ ਸਾਰੇ ਗਹਿਣੇ ਜਿਉਂ ਦੇ ਤਿਉਂ ਕਵਲ ਨੂੰ ਮੋੜ ਦਿੱਤੇ ਸਨ। ਜੇ ਨੀਲੋਫਰ ਖੁਸ਼ਵੰਤ ਪਰਿਵਾਰ ਦੀ ਨੂੰਹ ਬਣ ਜਾਂਦੀ ਤਾਂ ਉਹ ਇੰਨੀ ਤਨਦੇਹੀ ਨਾਲ ਕੰਮ ਕਰਦੀ ਜਾਂ ਨਹੀਂ ਇਸ ਬਾਰੇ ਤਾਂ ਕਿਆਫੇ ਹੀ ਲਾਏ ਜਾ ਸਕਦੇ ਹਨ।

ਜੇ ਏਸ ਵਰ੍ਹੇ ਦਾਸਤਾਨ ਗੋਈ ਨੇ ਸਆਦਤ ਹਸਨ ਮੰਟੋ ਨੂੰ ਯਾਦ ਕਰਵਾਇਆ ਹੈ ਤਾਂ ਅਗਲੇ ਵਰ੍ਹੇ ਮਿਰਜ਼ਾ ਗਾਲਿਬ ਦਾ ਗੁਣਾ ਪੈ ਸਕਦਾ ਹੈ ਜਿਸ ਦਾ ਖੁਸ਼ਵੰਤ ਸਿੰਘ ਮੰਟੋ ਨਾਲੋਂ ਵੀ ਵੱਧ ਮੱਦਾਹ ਸੀ।

**ਅੰਤਿਕਾ:**

*(ਮਿਰਜ਼ਾ ਅਸਦ ਉਲਾ ਖਾਂ ਗ਼ਾਲਿਬ)*

ਕੈਦ ਏ ਹਯਾਤ ਓ ਬੰਦੇ
ਗਮ ਅਸਲ ਮੇਂ ਦੋਨੋ ਏਕ ਹੈਂ,
ਮੌਤ ਸੇ ਪਹਿਲੇ ਆਦਮੀ
ਗਮ ਸੇ ਨਿਜਾਤ ਪਾਏ ਕਿਉਂ?

ਹਾਂ ਵੁਹ ਨਹੀਂ ਖੁਦਾ ਪ੍ਰਸਤ
ਜਾਓ ਵੋ ਬੇਵਫਾ ਸਹੀ,
ਜਿਸਕੋ ਹੋ ਦੀਨ ਓ ਦਿੱਲ ਅਜ਼ੀਜ਼
ਉਸ ਕੀ ਗਲੀ ਮੇਂ ਜਾਏ ਕਿਉਂ?

ਗ਼ਾਲਿਬ ਏ ਖਸਤਾ ਕੇ ਬਗ਼ੈਰ
ਕੌਨ ਸੇ ਕਾਮ ਬੰਦ ਹੈਂ!
ਰੋਈਏ ਜ਼ਾਰ ਜ਼ਾਰ ਕਿਆ?
ਕੀਜੀਏ ਹਾਏ ਹਾਏ ਕਿਉਂ?

ਕਹਾਣੀ

# ਸੁਨੇਹਾ

***ਕਹਾਣੀਕਾਰ ਨਵਤੇਜ ਸਿੰਘ ਦੀਆਂ ਕਹਾਣੀਆਂ ਵਿਚ ਮਨੁੱਖੀ ਸਰੋਕਾਰ ਬਹੁਤ ਭਾਵਕ ਰੂਪ ਵਿਚ ਪਰੋਏ ਮਿਲਦੇ ਹਨ। 'ਸੁਨੇਹਾ' ਨਾਂ ਦੀ ਕਹਾਣੀ, ਭਾਰਤ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਦੇ ਵਕਤਾਂ ਦੀ ਕਥਾ ਹੈ। ਬੜਾ ਕੁਝ ਤੇਜ਼ੀ ਨਾਲ ਬਦਲ ਰਿਹਾ ਹੈ, ਨਵੀਆਂ ਆਸਾਂ ਨੂੰ ਉਡਾਰੀਆਂ ਲਈ ਖੰਭ ਮਿਲ ਰਹੇ ਹਨ, ਪਰ ਜਿਸ ਢੰਗ ਨਾਲ ਲੇਖਕ ਨੇ ਬੱਚੇ ਦੇ ਤਰਲੇ ਨਾਲ ਆਪਣੀ ਇਸ ਕਹਾਣੀ ਦੀ ਸਮਾਪਤੀ ਕੀਤੀ ਹੈ, ਉਹ ਆਜ਼ਾਦੀ ਤੋਂ ਦਹਾਕਿਆਂ ਬਾਅਦ ਅੱਜ ਵੀ ਸਭ ਦਾ ਮੂੰਹ ਚਿੜਾ ਰਹੀ ਹੈ। ਕਹਿਣ ਨੂੰ ਭਾਵੇਂ ਇਹ ਇਕ-ਪਾਤਰੀ ਕਹਾਣੀ ਹੈ, ਪਰ ਇਸ ਵਿਚ ਹੋਰ ਸੈਆਂ ਪਾਤਰ ਅਤੇ ਘਟਨਾਵਾਂ ਵਾਰੀ-ਵਾਰੀ ਅੱਖਾਂ ਅੱਗੇ ਘੁੰਮਣ ਲਗਦੇ ਹਨ ਅਤੇ ਕੰਨਾਂ ਨੂੰ ਵੀ ਕੁਝ-ਕੁਝ ਸੁਣਦਾ ਜਾਪਦਾ ਹੈ। -ਸੰਪਾਦਕ***

...ਤੁਸੀਂ ਤਾਂ ਜਾਣਦੇ ਈ ਓ ਸਰਦਾਰ ਜੀ, ਆਜ਼ਾਦੀ ਤੋਂ ਪਹਿਲਾਂ ਦਾ ਮੈਂ ਏਸੇ ਰੂਟ ਉਤੇ ਬੱਸ ਚਲਾ ਰਿਹਾ ਆਂ। ਉਦੋਂ ਅੱਧੇ ਤੋਂ ਵੱਧ ਰਾਹ ਕੱਚਾ ਸੀ। ਹੁਣ ਤਾਂ ਤੋੜ ਪੱਕੇ ਗੋਲੇ ਦੀ ਬਾਦਸ਼ਾਹੀ ਏ। ਉਦੋਂ ਸ਼ਹਿਰੋਂ ਬਾਹਰ ਹੋਏ ਨਹੀਂ, ਤੇ ਬੱਸ ਬਿਜਲੀ ਦਾ ਲਾਟੂ ਲੋਪ, ਤੇ ਹੁਣ ਸੁੱਖ ਨਾਲ ਸਾਰੀ ਵਾਟ ਹੀ ਕਈ ਥਾਈਂ ਲਾਟੂਆਂ ਦੀ ਝਿਲਮਿਲ, ਤੇ ਕਈ ਥਾਈਂ ਬੰਬੀਆਂ ਦੀ ਘੂਕਰ।

...ਨਾਲੇ ਬੜਾ ਵਧੀਆ ਕਾਨੂੰਨ ਬਣ ਗਿਆ ਏ। ਸਾਨੂੰ ਹੁਕਮ ਹੋ ਗਿਆ ਏ ਕਿ ਬਾਰਾਂ ਵਰ੍ਹਿਆਂ ਤੋਂ ਘੱਟ ਉਮਰ ਦੇ ਮੁੰਡੇ-ਕੁੜੀਆਂ ਨੂੰ ਸਕੂਲੇ ਜਾਂਦਿਆਂ ਜਾਂ ਛੁੱਟੀ ਵੇਲੇ ਘਰ ਆਉਂਦਿਆਂ ਬੱਸ ਵਿਚ ਮੁਫ਼ਤ ਚੜ੍ਹਾਇਆ ਜਾਏ।

## ਨਵਤੇਜ ਸਿੰਘ

...ਹਾਂ, ਕਈ ਤਾਂ ਸ਼ੱਕ ਕਰਦੇ ਨੇ ਕਿ ਇਹ ਕਾਨੂੰਨ ਵੋਟਾਂ ਪੈਣ ਤੱਕ ਹੀ ਲਾਗੂ ਏ, ਪਿੱਛੋਂ ਕਿਸੇ ਨਹੀਂ ਪੁੱਛਣਾ।

...ਹਾਂ ਸਰਦਾਰ ਜੀ, ਮੈਂ ਤਾਂ ਇਕ ਜ਼ਮਾਨੇ ਤੋਂ ਬਾਲਾਂ ਨੂੰ ਚਾੜ੍ਹ ਲੈਂਦਾ ਹੁੰਦਾ ਸਾਂ, ਉਦੋਂ ਵੀ ਜਦੋਂ ਮੇਰੀ ਸਾਰੀ ਰੂਟ ਉਤੇ ਸਹੁੰ ਖਾਣ ਨੂੰ ਇਕ ਸਕੂਲ ਨਹੀਂ ਸੀ ਹੁੰਦਾ, ਹੁਣ ਤੇ ਆਜ਼ਾਦੀ ਪਿੱਛੋਂ ਸੁੱਖ ਨਾਲ ਬੜੇ ਸਕੂਲ ਖੁੱਲ੍ਹੇ ਨੇ, ਭਾਵੇਂ ਪੜ੍ਹਨ ਵਾਲਿਆਂ ਦੀ ਗਿਣਤੀ ਨਾਲ ਹਾਲੇ ਵੀ ਸਕੂਲਾਂ ਦੀ ਗਿਣਤੀ ਮੇਚੇ ਨਹੀਂ ਆਈ, ਪਰ ਕਈ ਡਰੈਵਰ ਬੜੇ ਅੜਬ ਹੁੰਦੇ ਨੇ ਜੀ, ਉਨ੍ਹਾਂ ਨੂੰ ਹੁਣ ਏਸ ਕਾਨੂੰਨ ਕਰ ਕੇ ਬੱਚੇ ਚੜ੍ਹਾਉਣੇ ਪੈਣਗੇ।

...ਮੈਨੂੰ ਇਕ ਵਾਰ ਦੀ ਗੱਲ ਚੇਤੇ ਆ ਗਈ। ਉਦੋਂ ਹਾਲੀਂ ਇਹ ਦੋ ਮੀਲ ਦਾ ਟੋਟਾ ਕੱਚਾ ਹੁੰਦਾ ਸੀ। ਮੈਨੂੰ ਮੁਹਰਕਾ ਤਾਪ ਹੋ ਗਿਆ। ਮੇਰੇ ਇਵਜ਼ੀ ਸੁਰੈਣ ਸਿੰਘ ਡਰੈਵਰ ਆਇਆ। ਸਿਖਰ ਦੁਪਹਿਰੇ ਕਿਤਾਬਾਂ ਫੜੀ ਬੱਚੇ ਨੰਗੀ ਪੈਰੀਂ ਪਏ ਭੁੱਜਣ, ਪਰ ਉਹ ਪਿਉ ਦਾ ਪੁੱਤ ਬੱਸ ਹੀ ਨਾ ਰੋਕੇ! ਬਾਲ ਵੀ ਬੜੇ ਢੰਗੀ ਹੁੰਦੇ ਨੇ। ਉਨ੍ਹਾਂ ਕੱਚੇ ਟੋਟੇ ਦੀ ਪੁਲੀ ਵਿਚੋਂ ਇੱਟਾਂ ਕੱਢ ਛੱਡੀਆਂ। ਬੜੀ ਖੱਜਲ-ਖੁਆਰੀ ਹੋਈ, ਪਰ ਸੁਰੈਣ ਸਿੰਘ ਨੇ ਅੱਗਿਉਂ ਲਈ ਕੰਨਾਂ ਨੂੰ ਹੱਥ ਲਾ ਲਏ ਤੇ ਬੱਚਿਆਂ ਲਈ ਰੋਜ਼ ਬੱਸ ਰੋਕਣ ਲੱਗ ਪਿਆ। ਜਿਸ ਸੁਰੈਣੇ ਤੋਂ ਫੰਨੇ ਖਾਂ ਅੱਡੇ ਕੰਟਰੋਲਰ ਤ੍ਰਹਿੰਦੇ ਹੁੰਦੇ ਸਨ, ਉਹਨੂੰ ਨਿੱਕੇ-ਨਿੱਕੇ ਬੱਚਿਆਂ ਨੇ ਬੰਦਾ ਬਣਾ ਲਿਆ।

...ਬਸਤੇ ਕੱਛੇ ਮਾਰੀ, ਪੈਰੋਂ ਨੰਗੇ ਬਾਲਾਂ ਨੂੰ ਜਦੋਂ ਬੱਸ ਵਿਚ ਬਿਠਾ ਲਈਏ ਤਾਂ ਉਹ ਜਿਵੇਂ ਮਿੱਠਾ ਮਿੱਠਾ ਤੁਹਾਡੇ ਵੱਲ ਤੱਕਦੇ ਨੇ, ਉਨ੍ਹਾਂ ਦੇ ਮੂੰਹਾਂ ਉਤਲੀ ਖੁਸ਼ੀ ਤੱਕ ਕੇ ਪਲ ਦੀ ਪਲ ਤਾਂ ਸੱਜਰੇ ਹੋਏ ਚਲਾਨ ਦਾ ਦੁੱਖ ਵੀ ਵਿਸਰ ਜਾਂਦਾ ਏ। ਤੇ ਇਹ ਵੀ ਵਿਸਰ ਜਾਂਦਾ ਕਿ ਪਹਿਲੀ ਤਰੀਕ ਕਦੋਂ ਦੀ ਚੜ੍ਹੀ ਹੋਈ ਏ, ਤੇ ਦਫਤਰ ਵੱਲੋਂ ਤਲਬ ਮਿਲਣ ਦੀ ਹਾਲੀ ਕੋਈ ਉਘ-ਸੁੱਘ ਨਹੀਂ। ਸਹੁੰ ਰੱਬ ਦੀ, ਕਿਸੇ ਵਧੀਆ ਤੋਂ ਵਧੀਆ ਵਲੈਤੀ ਸ਼ਰਾਬ ਨੇ ਵੀ ਕੀ ਗਮ ਗਲਤ ਕਰਨਾ ਏਂ!

...ਜਦੋਂ ਦਾ ਇਹ ਨਵਾਂ ਕਾਨੂੰਨ ਬਣਿਆ ਏ, ਬੜੇ ਸਾਰੇ ਮੁੰਡੇ ਛੁੱਟੀ ਹੋਣ 'ਤੇ ਨਹਿਰ ਦੇ ਪੁਲ ਲਾਗੇ ਅੰਬਾਂ ਥੱਲੇ ਬਹਿ ਕੇ ਬੱਸ ਉਡੀਕਦੇ ਰਹਿੰਦੇ ਨੇ। ਕੋਈ ਉਥੇ ਹੀ ਘਰ ਦੇ ਕੰਮ ਲਈ ਮਿਲੇ ਸਵਾਲ ਕੱਢਣ ਲੱਗ ਪੈਂਦਾ ਏ, ਕੋਈ ਘਾਹ ਉਤੇ ਬਿੰਦ ਕੁ ਟੇਢਾ ਹੋ ਲੈਂਦਾ ਏ। ਤੇ ਜਦੋਂ ਪੁਲ ਕੋਲ ਪੁੱਜ ਕੇ ਉਨ੍ਹਾਂ ਲਈ ਮੈਂ ਬੱਸ ਰੋਕਦਾ ਆਂ, ਤਾਂ ਉਹ ਨੱਚਦੇ-ਨੱਚਦੇ ਆ ਮੇਰੇ ਦੁਆਲੇ ਹੁੰਦੇ ਨੇ। ਤੇ ਮੈਂ ਉਨ੍ਹਾਂ ਨੂੰ ਕਹਿਨਾਂ ਵਾਂ, "ਹੁਣ ਤੁਸੀਂ ਲਿਹਾਜ਼ੀ ਨਹੀਂ ਚੜ੍ਹ ਰਹੇ, ਸਾਡਾ ਦੇਸ਼ ਆਜ਼ਾਦ ਹੋ ਗਿਆ ਏ, ਤੇ ਉਹਨੇ ਪੜ੍ਹਨ ਵਾਲੇ ਪੁੱਤਰਾਂ-ਧੀਆਂ ਨੂੰ ਬੱਸ ਦੀ ਸਵਾਰੀ ਦਾ ਹੱਕ ਦੇ ਦਿੱਤਾ ਏ।"

...ਮੇਰੀ ਜ਼ਿੰਦਗੀ ਬਾਰੇ ਪੁੱਛਿਆ ਜੇ ਸਰਦਾਰ ਜੀ? ਜ਼ਿੰਦਗੀ ਖੂਬ ਲੰਘੀ ਏ, ਤੇ ਖੂਬ ਲੰਘ ਰਹੀ ਏ। ਸਾਡੇ ਕਿੱਤੇ ਵਿਚ ਜ਼ਿੰਦਗੀ ਨਿੱਤ ਨਵੀਂ ਹੁੰਦੀ ਰਹਿੰਦੀ ਏ, ਨਿੱਤ ਨਵੇਂ ਲੋਕਾਂ ਨਾਲ ਵਾਹ ਜੂ ਪਿਆ ਰਹਿੰਦਾ ਹੈ। ਪਿੰਡੋਂ ਸ਼ਹਿਰ ਸੁਨੇਹੇ ਪੁਚਾਈਦੇ ਨੇ, ਸ਼ਹਿਰੋਂ ਚੀਜ਼ਾਂ ਪਿੰਡ ਕਈਆਂ ਲਈ ਲਿਆਈਦੀਆਂ ਨੇ।

...ਏਨਾ ਪੁਰਾਣਾ ਏਸ ਰੂਟ ਉਤੇ ਚੱਲਣ ਕਰ ਕੇ ਸੁਨੇਹਿਆਂ ਤੇ ਚੀਜ਼ਾਂ ਲਿਆਉਣ ਦੀ ਕਾਫੀ ਭਰਮਾਰ ਰਹਿੰਦੀ ਏ, ਪਰ ਮੈਂ ਵੀ ਕਦੇ ਵਗਾਰ ਨਹੀਂ ਜਾਣੀ। ਰਤਾ ਕੁ ਖੇਚਲ ਨਾਲ ਅਗਲੇ ਦਾ ਏਨਾ ਕੰਮ ਸੌਰ ਜਾਂਦਾ ਏ। ਤੇ ਲੋਕਾਂ ਦੇ ਖੁਸ਼ ਮੂੰਹਾਂ ਦਾ ਸੁਖਾਵਾਂ ਚੇਤਾ ਰਾਤ ਨੂੰ ਇੰਜ ਨੀਂਦਰ ਲਿਆਉਂਦਾ ਏ, ਜਿਵੇਂ ਕਿਤੇ ਆਪਣੇ ਟੱਬਰ ਤੋਂ ਦੂਰ ਬੱਸ ਦੀ ਕਰੜੀ ਛੱਤ ਉਤੇ ਨਹੀਂ, ਸਗੋਂ ਫੁੱਲਾਂ ਦੀ ਸੇਜ ਉਤੇ ਪਏ ਆਂ!

...ਸੁਨੇਹੇ ਤੇ ਚੀਜ਼ਾਂ ਪੁਛਦੇ ਓ ਸਰਦਾਰ ਜੀ? ਸੁਨੇਹਿਆਂ ਤੇ ਚੀਜ਼ਾਂ ਦੀਆਂ ਵੀ ਅਨੇਕਾਂ ਕਿਸਮਾਂ ਨੇ। ਕੋਈ ਨਤੀਜੇ ਵਾਲੇ ਦਿਨ ਦੀ ਅਖਬਾਰ ਲੁਕੋ ਕੇ ਮੰਗਵਾਂਦਾ ਏ, ਕੋਈ ਬਿਮਾਰ ਵਹੁਟੀ ਲਈ ਟੀਕੇ ਮੰਗਵਾਂਦਾ ਏ, ਕਿਸੇ ਦੇ ਘਰ ਕੋਈ ਬਹੁਤ ਟੈਂ ਵਾਲਾ ਪ੍ਰਾਹੁਣਾ ਆਇਆ ਹੁੰਦਾ ਏ ਜਿਦ੍ਹੀ ਸੇਵਾ ਸ਼ਹਿਰੋਂ ਫਲ, ਸਬਜ਼ੀ ਮੰਗਵਾਏ ਬਿਨਾਂ ਊਣੀ ਰਹਿੰਦੀ ਏ। ਕਦੇ ਸ਼ਹਿਰ ਦੇ ਵੱਡੇ ਹਸਪਤਾਲ ਵਿਚ ਕਿਸੇ ਦਾ ਸਬੰਧੀ ਦਾਖਲ ਹੁੰਦਾ ਏ, ਉਹਦੇ ਲਈ ਘਰ ਦਾ ਦੁੱਧ ਪੁਚਾਣਾ ਪੈਂਦਾ ਏ। ਤੇ ਫੇਰ ਪਿੰਡ ਦੀਆਂ ਰੁੱਤ-ਰੁੱਤ ਦੀਆਂ ਨਿਆਮਤਾਂ ਗੰਨੇ, ਸਰ੍ਹੋਂ ਦਾ ਸਾਗ, ਡੇਲੇ ਤੇ ਹੋਰ ਕਈ ਕੁਝ- ਕਿਸੇ ਦਾ



ਕਿਸੇ ਲਈ ਸ਼ਹਿਰ ਪੁਚਾਣਾ ਹੁੰਦਾ ਏ। ਸ਼ਹਿਰ ਵਾਲੇ ਅੱਡੇ ਉਤੇ ਏਸ ਪਿੰਡ ਦੇ ਇਕ ਚੰਗੇ ਹਲਵਾਈ ਦੀ ਦੁਕਾਨ ਏ, ਉਹਦੇ ਹਵਾਲੇ ਸਭ ਜਾ ਕਰੀਦਾ ਏ। ਅੱਗਿਉਂ ਜਿਦ੍ਹਾ ਸੁਨੇਹਾ ਜਾਂ ਚੀਜ਼ ਹੁੰਦੀ ਏ, ਉਹ ਆਪ ਲੈ ਜਾਂਦਾ ਏ।

...ਤੁਹਾਡੇ ਵਰਗੇ ਪੜ੍ਹੇ-ਲਿਖੇ ਗੱਭਰੂਆਂ ਲਈ ਤਾਂ ਕਦੇ-ਕਦਾਈਂ ਜੂੜੇ ਫਬਾਈ, ਐਨਕਾਂ ਵਾਲੀਆਂ ਮੁਟਿਆਰ ਕੁੜੀਆਂ ਦੇ ਸੁਨੇਹੇ ਵੀ ਲਿਆਈਏ ਨੇ! ਹੁਣ ਕਾਗਾਂ ਹੱਥ ਨਹੀਂ, ਡਰੈਵਰਾਂ ਹੱਥ ਸੁਨੇਹੇ ਆਉਂਦੇ ਨੇ।

...ਤੁਹਾਨੂੰ ਮੈਂ ਨਾਂ ਨਹੀਂ ਦੱਸਦਾ। ਕਾਗਾਂ ਨੇ ਭੇਤ ਲੁਕੋ ਰੱਖਣ ਦੀ ਬੜੀ ਚੰਗੀ ਪਿਰਤ ਪਾਈ ਏ। ਅਸੀਂ ਡਰੈਵਰ ਏਸ ਪਿਰਤ ਦੀ ਉਲੰਘਣਾ ਨਹੀਂ ਕਰਦੇ। ਇਕ ਦਿਨ ਇਕ ਬੜੀ ਚੰਗੀ-ਚੰਗੀ ਲਗਦੀ ਕੁੜੀ ਸ਼ਹਿਰ ਦੇ ਅੱਡੇ 'ਤੇ ਮੈਨੂੰ ਤੁਹਾਡੇ ਪਿੰਡ ਦੇ ਇਕ ਚੰਗੇ ਪੜ੍ਹੇ-ਲਿਖੇ ਮੁੰਡੇ ਲਈ ਚਿੱਠੀ ਫੜਾ ਗਈ। ਜਦੋਂ ਮੇਰੀ ਬੱਸ ਤੁਹਾਡੇ ਪਿੰਡ ਪੁੱਜੀ, ਅੱਗੇ ਹੀ ਉਹ ਮੁੰਡਾ ਖੜੋਤਾ ਸੀ। ਉਹਨੇ ਚਿੱਠੀ ਲੈ ਕੇ ਮੇਰੇ ਵੱਲ ਇੰਜ ਤੱਕਿਆ ਜਿਵੇਂ ਮੈਂ ਉਹਦੇ ਲਈ ਸੱਤ ਸਵਰਗ ਲੈ ਆਇਆ ਹੋਵਾਂ। ਅਗਲੀ ਸਵੇਰੇ ਇਹ ਮੁੰਡਾ ਦਸ ਮਿੰਟ ਬੱਸ ਚੱਲਣ ਤੋਂ ਪਹਿਲਾਂ ਈ ਮੇਰੀ ਬੱਸ ਵਿਚ ਆਣ ਬੈਠਾ। ਉਹਦੇ ਹੱਥ ਵਿਚ ਚਿੱਟੇ ਤੇ ਗੁਲਾਬੀ ਕੰਵਲਾਂ ਦੇ ਕੁਝ ਫੁੱਲ ਸਨ। ਇਨ੍ਹਾਂ ਫੁੱਲਾਂ ਵਰਗਾ ਹੀ ਖੇੜਾ ਉਸ ਮੁੰਡੇ ਦੇ ਮੂੰਹ ਉਤੇ ਸੀ। ਅੱਗੇ ਜਦੋਂ ਵੀ ਉਹ ਸ਼ਹਿਰ ਜਾਂਦਾ ਹੁੰਦਾ ਸੀ, ਨੱਸਦਾ-ਭੱਜਦਾ ਬੱਸ ਫੜਦਾ ਸੀ, ਤੇ ਖਿਝਿਆ-ਖਪਿਆ ਹੁੰਦਾ ਸੀ। ਤੇ ਅੱਜ ਵਾਲਾ ਉਹਦਾ ਖਿੜਿਆ ਟਹਿਕਿਆ ਮੂੰਹ ਮੈਨੂੰ ਉਹਦਾ ਮੂੰਹ ਨਹੀਂ ਸੀ ਜਾਪ ਰਿਹਾ।

ਮੇਰੀ ਬੱਸ ਵਿਚ ਏਨੇ ਵਰ੍ਹੇ ਹਜ਼ਾਰਾਂ ਮੁਸਾਫਰ ਚੜ੍ਹੇ ਉਤਰੇ ਨੇ, ਸੈਆਂ ਸ਼ੈਆਂ ਆਈਆਂ ਗਈਆਂ ਨੇ ਪਰ ਅਜਿਹੇ ਮੂੰਹ ਵਾਲਾ ਕਦੇ ਕੋਈ ਨਹੀਂ ਸੀ ਚੜ੍ਹਿਆ, ਕੰਵਲ ਦੇ ਫੁੱਲ ਕਦੇ ਕਿਸੇ ਨਹੀਂ ਸਨ ਖੜੇ।

...ਅਗਲੇ ਮੋੜ ਦੇ ਖੱਬੇ ਬੰਨੇ ਜਿਹੜਾ ਗਿੱਲਾਂ ਦਾ ਛੱਪੜ ਏ, ਉਹ ਸਾਰੇ ਦਾ ਸਾਰਾ ਕੰਵਲਾਂ ਨਾਲ ਹੀ ਤੇ ਭਰਿਆ ਏ। ਚਾਰ-ਪੰਜ ਕਨਾਲਾਂ ਥਾਂ ਹੋਏਗਾ, ਪਰ ਇਥੋਂ ਦੇ ਲੋਕੀਂ ਇਹ ਕਦੇ ਨਹੀਂ ਕਹਿੰਦੇ, 'ਕੰਵਲ ਲਾਏ ਹੋਏ ਨੇ', ਸਗੋਂ ਕਹਿੰਦੇ ਨੇ, 'ਭੇ ਲਾਏ ਹੋਏ ਨੇ।' ਤੇ ਸਾਉਣ ਵਿਚ ਬੋਰੀਆਂ ਦੀਆਂ ਬੋਰੀਆਂ ਭੇ ਏਥੋਂ ਕੱਢ ਕੇ ਮੇਰੀ ਬੱਸ ਉਤੇ ਲੱਦੇ ਜਾਂਦੇ ਨੇ, ਕੌਲ ਚੱਪਣੀਆਂ ਸ਼ਹਿਰ ਭੇਜੀਆਂ ਜਾਂਦੀਆਂ ਹਨ, ਪਰ ਅੱਜ ਤੱਕ ਕੰਵਲ ਫੁੱਲ ਕਿਸੇ ਮੇਰੀ ਬੱਸ ਵਿਚ ਨਹੀਂ ਸਨ ਖੜੇ!

ਸ਼ਹਿਰ ਜਦੋਂ ਬੱਸ ਪੁੱਜੀ, ਉਹ ਚਿੱਠੀ ਵਾਲੀ ਕੁੜੀ ਏਸ ਕੰਵਲ ਫੁੱਲਾਂ ਵਾਲੇ ਮੁੰਡੇ ਨੂੰ ਉਡੀਕ ਰਹੀ ਸੀ। ਸ਼ਾਮ ਨੂੰ ਅਖੀਰਲੀ ਬੱਸ ਉਤੇ ਉਹੀ ਕੁੜੀ ਉਸ ਮੁੰਡੇ ਨੂੰ ਛੱਡਣ ਆਈ। ਹੁਣ ਕੰਵਲ ਫੁੱਲ ਉਸ ਕੁੜੀ ਦੇ ਹੱਥ ਵਿਚ ਸਨ।

ਸਾਰੀਆਂ ਸਵਾਰੀਆਂ ਬਹਿ ਗਈਆਂ, ਸਾਮਾਨ ਤੇ ਹੋਰ ਨਿੱਕ-ਸੁੱਕ ਲੱਦ ਲਿਆ ਗਿਆ, ਪਰ ਉਹ ਦੋਵੇਂ ਅਖੀਰ ਤੱਕ ਬਾਹਰ ਚੁੱਪ-ਚਾਪ ਖੜੋਤੇ ਰਹੇ। ਇਕ-ਦੂਜੇ ਨੂੰ ਤੱਕਦੇ ਰਹੇ। ਦੋਵਾਂ ਦੀ ਨੀਝ ਸੀ ਕਿ ਇਕ ਡੀਕ ਸੀ, ਜਿਹੜੀ ਟੁੱਟ ਕੇ ਵੀ ਅਖੀਰਲੇ ਕਤਰੇ ਤੱਕ ਪੀ ਲੈਣਾ ਚਾਹੁੰਦੀ ਸੀ। ਤੁਰਦੀ ਬੱਸ ਵਿਚ ਮੁੰਡਾ ਚੜ੍ਹਿਆ, ਪਰ ਫੇਰ ਵੀ ਪਿਛਾਂਹ ਤਕਦਾ ਰਿਹਾ।

...ਕਵਿਤਾ- ਸਾਨੂੰ ਕਿਥੇ? ਹਾਂ, ਕਵਿਤਾ ਪੜ੍ਹਨ ਦਾ ਸ਼ੌਕ ਜ਼ਰੂਰ ਏ।

...ਕਹਾਣੀਆਂ ਵੀ ਪੜ੍ਹੀਦੀਆਂ ਨੇ, ਪਰ ਪਤਾ ਨਹੀਂ ਜਿਹੋ ਜਿਹੀਆਂ ਜ਼ਿੰਦਗੀ ਵਿਚ ਨਿੱਤ ਬੀਤਦੀਆਂ ਤੱਕੀਦੀਆਂ ਨੇ, ਉਹੋ ਜਿਹੀਆਂ ਲਿਖਣ ਵਾਲੇ ਕਿਉਂ ਨਹੀਂ ਲਿਖਦੇ?

...ਹਾਂ ਇਹ ਠੀਕ ਏ, ਸਾਡੀ ਨਿੱਤ ਦੀ ਮੁਸਾਫਰੀ ਵਾਲੀ ਜ਼ਿੰਦਗੀ ਵਿਚ ਬੜਾ ਕੁਝ ਵਾਪਰਦਾ ਰਹਿੰਦਾ ਏ। ਜੇ ਕਿਤੇ ਮੈਨੂੰ ਕਹਾਣੀ ਲਿਖਣੀ ਆਉਂਦੀ ਹੁੰਦੀ, ਤਾਂ ਮੈਂ ਕਈ ਕੁਝ ਕਲਮਬੰਦ ਕਰਦਾ। ਇਨ੍ਹਾਂ ਮੇਰੀਆਂ ਕਹਾਣੀਆਂ ਵਿਚ ਹੁਨਰ ਦਾ ਤਾਂ ਪਤਾ ਨਹੀਂ, ਪਰ ਤੁਹਾਡੀ ਸਹੁੰ, ਜਿਉਂਦੀਆਂ-ਜਿਉਂਦੀਆਂ ਜ਼ਰੂਰ ਜਾਪਦੀਆਂ।

...ਨਹੀਂ- ਜੇ ਮੈਨੂੰ ਕਹਾਣੀ ਲਿਖਣੀ ਆਉਂਦੀ ਤਾਂ ਮੈਂ ਸਭ ਤੋਂ ਪਹਿਲਾਂ ਕੰਵਲ ਦੇ ਫੁੱਲਾਂ ਵਾਲੇ ਮੁੰਡੇ ਤੇ ਕੁੜੀ ਦੀ ਕਹਾਣੀ ਨਾ ਲਿਖਦਾ। ਇਕ ਹੋਰ ਕਹਾਣੀ ਲਿਖਦਾ। ਇਕ ਨਿੱਕੇ ਜਿਹੇ ਮੁੰਡੇ, ਬੱਸ ਅੱਠ-ਨੌਂ ਵਰ੍ਹਿਆਂ ਦੇ ਬਾਲਕੇ ਨੇ ਆਪਣੇ ਪਿਉ ਕੋਲ ਪੁਚਾਣ ਲਈ ਮੈਨੂੰ ਇਕ ਵਾਰ ਸੁਨੇਹਾ ਦਿੱਤਾ ਸੀ। ਏਸ ਮੁੰਡੇ ਤੇ ਏਸ ਸੁਨੇਹੇ ਦੀ ਕਹਾਣੀ ਮੈਂ ਸਭ ਤੋਂ ਪਹਿਲੋਂ ਲਿਖਦਾ।

ਇਹ ਉਨ੍ਹਾਂ ਦਿਨਾਂ ਦੀ ਗੱਲ ਏ ਜਦੋਂ ਏਸ ਇਲਾਕੇ ਦੇ ਪਿੰਡਾਂ ਵਿਚ ਨਵੀਂ ਬਿਜਲੀ ਆਈ ਸੀ। ਮੇਰਾ ਨੱਚਣ ਨੂੰ ਚਿੱਤ ਕਰਦਾ ਸੀ। ਬਿਜਲੀ, ਮੇਰੇ ਲੋਕਾਂ ਲਈ ਚਾਨਣ! ਪਰ ਲੋਕੀਂ ਮੇਰੇ ਵਾਂਗ ਨੱਚ-ਨੱਚ ਨਹੀਂ ਸਨ ਪੈਂਦੇ, ਤੇ ਮੈਨੂੰ ਸਮਝ ਨਹੀਂ ਸੀ ਆਉਂਦੀ। ਇਨ੍ਹੀਂ ਦਿਨੀਂ ਇਕ ਦਿਨ ਨਹਿਰ ਦੇ ਪੁਲ ਕੋਲ ਜਦੋਂ ਮੈਂ ਬੱਸ ਰੋਕੀ, ਤਾਂ ਇਹ ਅੱਠ-ਨੌਂ ਵਰ੍ਹਿਆਂ ਦਾ ਬਾਲਕਾ ਮੈਨੂੰ ਆਪਣੇ ਪਿਉ ਲਈ ਸੁਨੇਹਾ ਦੇ ਗਿਆ। ਆਪਣੀ ਜ਼ਿੰਦਗੀ ਵਿਚ ਇਹੀ ਇਕ ਸੁਨੇਹਾ ਸ਼ੈਦ ਮੈਂ ਪੂਰਾ ਨਹੀਂ ਸੀ ਦਿੱਤਾ।

...ਇਹ ਗੱਲ ਨਹੀਂ ਕਿ ਇਹ ਮੈਨੂੰ ਚੇਤੇ ਨਹੀਂ ਸੀ ਰਿਹਾ। ਚੇਤੇ ਤਾਂ ਇਹ ਉਦੋਂ ਵੀ ਮੈਨੂੰ ਹੋਵੇਗਾ ਜਦੋਂ ਏਸ ਦੁਨੀਆਂ ਤੋਂ ਮੈਂ ਵਿਦਿਆ ਹੋ ਰਿਹਾ ਹੋਵਾਂਗਾ। ਹੋਰ ਸਭ ਕੁਝ ਭਾਵੇਂ ਭੁੱਲ ਜਾਏ, ਉਹ ਕੰਵਲ ਫੁੱਲ ਵੀ ਭਾਵੇਂ ਭੁੱਲ ਜਾਣ, ਪਰ ਇਸ ਸੁਨੇਹੇ ਦੀ ਕਸਕ ਸਦਾ ਜਿਉਂਦੀ ਰਹੇਗੀ। ਅਸਲ ਵਿਚ ਇਹ ਸੁਨੇਹਾ ਪੂਰਾ ਪੁਚਾਣ ਦਾ ਹੀਆ ਹੀ ਮੈਨੂੰ ਨਹੀਂ ਸੀ ਪਿਆ।

ਹਾਂ, ਤੇ ਮੈਂ ਕਹਿ ਰਿਹਾ ਸਾਂ, ਇਹ ਉਨ੍ਹਾਂ ਦਿਨਾਂ ਦੀ ਗੱਲ ਏ ਜਦੋਂ ਨਵੀਂ-ਨਵੀਂ ਸਾਡੇ ਇਲਾਕੇ ਦੇ ਪਿੰਡਾਂ ਵਿਚ ਬਿਜਲੀ ਆਈ ਸੀ। ਤੁਹਾਨੂੰ ਯਾਦ ਹੋਏਗਾ, ਤੁਹਾਡੇ ਪਿੰਡ ਦੇ ਅੱਡੇ ਉਤੇ ਬਿਜਲੀ ਦੇ ਇਕ ਠੇਕੇਦਾਰ ਨੇ ਦੁਕਾਨ ਖੋਲ੍ਹੀ ਸੀ। ਠੇਕੇਦਾਰ ਦੇ ਮਿਸਤਰੀ ਕੋਲ ਨਰੈਣਾ ਕੰਮ ਸਿੱਖਦਾ ਹੁੰਦਾ ਸੀ। ਉਸੇ ਨਰੈਣੇ ਦੇ ਪੁੱਤ ਨੇ ਇਹ ਸੁਨੇਹਾ ਮੈਨੂੰ ਦਿੱਤਾ ਸੀ। ਨਰੈਣੇ ਦਾ ਪਿੰਡ ਨਹਿਰ ਦੇ ਪੁਲ ਲਾਗੇ ਵੇ। ਤੁਹਾਡੇ ਪਿੰਡ ਤਾਂ ਉਹ ਰਿਜ਼ਕ ਦਾ ਮਾਰਿਆ ਆਇਆ ਸੀ।

...ਹਾਂ, ਨਰੈਣੇ ਦੇ ਪੁੱਤ ਨੇ ਜਿਹੜਾ ਸੁਨੇਹਾ ਮੈਨੂੰ ਦਿੱਤਾ ਸੀ, ਉਹ ਤੁਹਾਨੂੰ ਮੈਂ ਦੱਸ ਰਿਹਾ ਸਾਂ। ਨਹਿਰ ਦੇ ਪੁਲ ਕੋਲ ਜਦੋਂ ਮੈਂ ਗੱਡੀ ਰੋਕੀ ਤਾਂ ਇਹ ਬਾਲਕਾ ਮੇਰੇ ਕੋਲ ਆਇਆ, "ਭਾ ਜੀ, ਮੇਰੇ ਬਾਪੂ ਨੂੰ ਤੁਸੀਂ ਜਾਣਦੇ ਓ ਨਾ?" ਉਹਨੇ ਇੰਜ ਸਹਿਜ ਸੁਭਾਅ ਮੇਰੇ ਕੋਲੋਂ ਪੁੱਛਿਆ ਜਿਵੇਂ ਆਪਣੇ ਬਾਪੂ ਦੀ ਪਿੱਛੇ ਰਹਿ ਗਈ ਕੋਈ ਚੀਜ਼ ਓਸ ਤੱਕ ਅਪੜਾਣ ਲਈ ਮੈਨੂੰ ਦੇਣ ਆਇਆ ਹੋਏ, ਤੇ ਫੇਰ ਉਹਨੇ ਕਿਹਾ, "ਜਿਥੇ ਅਖੀਰ ਤੁਹਾਡੀ ਬੱਸ ਜਾ ਕੇ ਖੜੋਂਦੀ ਏ, ਉਥੇ ਬਿਜਲੀ ਦੀ ਦੁਕਾਨ ਉਤੇ ਮੇਰਾ ਬਾਪੂ ਕੰਮ ਸਿੱਖਦਾ ਏ। ਦੁਕਾਨ ਤਾਂ ਏਸ ਵੇਲੇ ਬੰਦ ਹੋਏਗੀ, ਪਰ ਰਾਤੀਂ ਉਹ ਸੌਂਦਾ ਵੀ ਦੁਕਾਨ ਵਿਚ ਈ ਏ। ਤੁਸੀਂ ਭਾ ਜੀ ਉਹਨੂੰ ਕਹਿ ਦੇਣਾ ਕਿ ਮੇਰੀ ਮਾਂ ਆਂਹਦੀ ਸੀ, 'ਅੱਜ ਵੀ ਅਸੀਂ ਆਟਾ ਉਧਾਰ ਲਿਆਂਦਾ ਏ'।"

ਉਹ ਬਾਲਕਾ ਤਾਂ ਜਿਵੇਂ ਆਇਆ ਸੀ, ਉਵੇਂ ਹੀ ਸਹਿਜ ਸੁਭਾਅ ਪਰਤ ਗਿਆ, ਪਰ ਮੈਂ ਸਾਰੀ ਵਾਟ ਸੋਚਦਾ ਰਿਹਾ: ਜੇ ਬਿਜਲੀ ਦਾ ਕੰਮ ਸਿੱਖਣ ਵਾਲੇ ਏਸ ਨਰੈਣੇ ਦੇ ਘਰ ਕੋਈ ਦਾਨੀ ਪੱਲਿਓਂ ਬਿਜਲੀ ਦਾ ਲਾਟੂ ਲੁਆ ਵੀ ਦਏ, ਤਾਂ ਨਰੈਣੇ ਲਈ ਇਹ ਚਾਨਣ ਕਿਸ ਕੰਮ? ਉਧਾਰ ਲਿਆ ਆਟਾ ਗੁੰਨ੍ਹਦੀ ਆਪਣੀ ਵਹੁਟੀ ਤੇ ਕੁਝ ਦਿਨਾਂ ਮਗਰੋਂ ਸੱਖਣੀ ਪਰਾਤ ਤੇ ਆਪਣੇ ਪੁੱਤਰ ਦਾ ਭੁੱਖਣ ਭਾਣਾ ਮੂੰਹ ਤੱਕਣ ਲਈ ਨਰੈਣੇ ਨੂੰ ਬਿਜਲੀ ਦੇ ਲਾਟੂ ਦੀ ਕੀ ਲੋੜ ਸੀ।

...ਬਿਜਲੀ ਆ ਗਈ ਏ, ਬੜਾ ਚੰਗਾ ਹੋਇਆ ਏ, ਸਰਦਾਰ ਜੀ! ਪਰ ਚਾਨਣ ਹੋਣ ਵਿਚ ਹਾਲੀ ਦੇਰ ਵੇ!

---

# ਰੰਗ ਵਿਚ ਭੰਗ

ਪ੍ਰੋ. ਸੁਖਦੇਵ ਸਿੰਘ ਗਿੱਲ
ਫੋਨ: 916-410-8740

ਓਨਾ ਚਾਅ ਨ੍ਹੀਂ ਚੜ੍ਹਿਆ ਮੁੜ ਕੇ ਕਦੇ ਵੀ, ਜਦੋਂ ਪੰਜਾਬੀ ਯੂਨੀਵਰਸਿਟੀ-ਪਟਿਆਲਾ ਦੇ ਸਾਡੇ ਅੰਗਰੇਜ਼ੀ ਵਿਭਾਗ ਨੇ ਚੱਕਰਵਰਤੀ ਲੇਕ-ਕਰਨਾਲ ਦਾ ਇਕ ਦਿਨਾ ਟੂਰ ਦਾ ਪ੍ਰੋਗਰਾਮ ਉਲੀਕਿਆ। ਵਿਭਾਗ 'ਚੋਂ ਨਿਕਲਦਿਆਂ ਹੀ ਮੇਰੇ ਦੋ ਜਮਾਤੀ ਮਿੱਤਰਾਂ- ਜੁਝਾਰ ਤੇ ਬਿੰਦਰ ਇਸ਼ਾਰੇ ਜਿਹੇ ਕਰਕੇ ਅੱਖਾਂ ਦੀ ਚਮਕ ਨਾਲ ਜਿਵੇਂ ਕਹਿੰਦੇ ਹੋਣ, "ਉਏ ਹੋਰ ਦੱਸ ਕੀ ਭਾਲਦੈਂ।" ਮੈਂ ਕਿਹਾ, "ਚੱਲਾਂਗੇ ਯਾਰ, ਮੇਰਾ ਪਿੰਡ ਦੂਰ ਐ, ਮੈਂ ਦੌਣ ਕਲਾਂ ਜੁਝਾਰ ਕੋਲ ਰਹਿ ਲੂੰ। ਤੁਸੀਂ ਪਲੈਨ ਕਰੋ ਫਨ-ਸਨ ਕਰਨ ਦੀ।"

ਬਿੰਦਰ ਝੱਟ ਬੋਲ ਪਿਆ। ਕਹਿੰਦਾ ਪਲੈਨ ਕਾਹਦੀ ਹੁੰਦੀ ਐ ਦੂਰ ਦੇ ਇਕ ਦਿਨਾ ਟੂਰ ਦੀ। ਤਿੰਨ-ਚਾਰ ਘੰਟੇ ਜਾਣ ਤੇ ਤਿੰਨ-ਚਾਰ ਘੰਟੇ ਆਉਣ, ਬਾਕੀ ਚੜ੍ਹਨ ਉਤਰਨ ਤੇ ਬਾਕੀ ਸਭ ਨੂੰ ਉਡੀਕ ਕੇ, ਗਿਣ ਕੇ ਬੱਸ ਤੁਰਨ ਦਾ ਸਮਾਂ। ਉਏ, ਇਹ ਤਾਂ ਬੱਸ ਖੱਜਲ-ਖੁਆਰੀ ਤੋਂ ਵੱਧ ਕੁਝ ਨ੍ਹੀਂ।

ਬਿੰਦਰ ਦਾ ਕਿਹਾ ਸਾਨੂੰ ਉਦੋਂ ਤਾਂ ਸਮਝ ਨਾ ਆਇਆ ਪਰ ਟੂਰ ਖਤਮ ਹੋਣ 'ਤੇ ਗੱਲ ਸਮਝ ਆ ਗਈ। ਕਾਰਨ ਨਿਜੀ ਸੀ। ਉਹਨੂੰ ਪਤਾ ਸੀ, ਆਉਂਦੇ ਗਿਆਰਾਂ ਵੱਜ ਜਾਣੇ ਨੇ ਤੇ ਨਿਕਲਣਾ ਕੀ ਸੀ? ਕਿਉਂਕਿ ਉਹ ਖਾਣ-ਪੀਣ ਦਾ ਸ਼ੌਕੀਨ ਸੀ। ਖੈਰ, ਚਾਅ ਤਾਂ ਸਾਨੂੰ ਚੜ੍ਹਿਆ ਹੋਇਆ ਸੀ ਵਿਆਹ ਵਰਗਾ। ਲਓ ਜੀ, ਟੂਰ ਦਾ ਦਿਨ ਆ ਗਿਆ। ਇਹ ਸਾਲ 1975 ਦੀ ਗੱਲ ਹੈ। ਸਾਡੀ ਇਕ ਸੀਨੀਅਰ ਵੱਡੇ ਟਰਾਂਸਪੋਰਟਰਾਂ ਦੀ ਲੜਕੀ ਸੀ। ਉਸ ਨੇ ਟੂਰ ਲਈ ਆਪਣੀ ਬੱਸ ਫਰੀ ਕਰਵਾ ਦਿੱਤੀ। ਸਾਰੇ ਗਿਣ ਗਿਣਾ ਕੇ ਚੜ੍ਹੇ, ਤੇ ਪਹੁੰਚ ਗਏ ਕਰਨਾਲ।

ਦੋ-ਤਿੰਨ ਘੰਟੇ ਕਿਸ਼ਤੀਆਂ ਦਾ ਨਜ਼ਾਰਾ ਲਿਆ। ਆਪਣੀ ਕਿਸ਼ਤੀ ਵੱਲ ਧਿਆਨ ਘੱਟ ਤੇ ਕੁੜੀਆਂ ਦੀਆਂ ਕਿਸ਼ਤੀਆਂ ਵੱਲ ਵੱਧ। ਉਹੀ ਹਾਲ ਉਨ੍ਹਾਂ ਦਾ ਸੀ। ਖੈਰ, ਇਸ ਵਿਚ ਗਲਤ ਕੁਝ ਨਹੀਂ ਜੇ ਨੀਅਤ ਸਾਫ ਹੋਵੇ। ਇਹ ਮੈਨੂੰ ਅਮਰੀਕਾ ਆ ਕੇ ਪਤਾ ਲੱਗਾ ਜਿਥੇ ਹਰ ਕੋਈ ਦੂਜੇ ਕੋਲੋਂ ਮੁਸਕਰਾ ਕੇ ਹੀ ਲੰਘਦਾ ਹੈ। ਅਸੀਂ ਸਾਰਾ ਸਮਾਂ ਮੁਸਕਰਾਉਂਦੇ ਤੇ ਦੰਦੀਆਂ ਕੱਢਦੇ ਰਹੇ। ਪੂਰੇ ਗਦ ਗਦ ਹੋ ਬੱਸ ਚੜ੍ਹੇ।

ਪਰ ਮਨ ਹਰ ਇਕ ਦਾ ਆਪਣਾ ਹੁੰਦਾ ਹੈ। ਸ਼ਾਮ ਕੋਈ ਅੱਠ ਕੁ ਵਜੇ ਜਦ ਕਰਨਾਲ ਤੋਂ ਤੁਰੇ। ਵਾਪਸ ਜਦ ਪਟਿਆਲਾ ਪਹੁੰਚੇ ਤਾਂ ਬਿੰਦਰ ਕਹਿੰਦਾ, ਸਾਲਿਓ! ਇਹ ਕਹਾਦਾ ਟੂਰ ਐ। ਠੇਕਾ ਦੇਖੋ ਕਿਹੜਾ ਖੁੱਲ੍ਹਾ ਐ। ਬੱਸ ਅੱਡੇ ਉਤਰ ਕੇ ਉਹਦਾ ਮੋਟਰਸਾਈਕਲ ਚੁਕਿਆ ਤੇ ਠੇਕੇ ਗਏ। ਠੇਕਾ ਤਾਂ ਬੰਦ ਸੀ ਕਿਉਂਕਿ ਗਿਆਰਾਂ ਵੱਜ ਚੁਕੇ ਸਨ। ਬਿੰਦਰ ਢਿੱਲ੍ਹੇ ਮੂੰਹ ਨਾਲ ਕਹਿੰਦਾ, "ਬਾਈ ਆਪਣੀ ਕਿਸਮਤ 'ਚ ਹੈ ਨ੍ਹੀਂ ਸੀ ਅੱਜ। ਮੈਂ ਕਿਹਾ, "ਉਏ ਕਿਸਮਤ ਕਿਥੇ ਆ'ਗੀ ਇਥੇ। ਠੇਕੇ ਕਿਸਮਤ ਘੜਨ ਵਾਲੇ ਨੇ ਥੋੜ੍ਹਾ ਖੋਲ੍ਹੇ ਐ ਯਾਰ।" ਫੇਰ ਕਹਿੰਦਾ, "ਐਂ ਕਰਦੇ ਆਂ ਫੇਰ, ਅੱਗੇ ਚੱਲਦੇ ਆਂ, ਸਰਹਿੰਦ ਨਹਿਰ ਕੋਲ ਮਿੱਤਰਾਂ ਦਾ ਢਾਬਾ ਐ। ਉਥੋਂ ਮਿਲ ਜੂ।" ਅੱਗੇ ਚਲੇ ਗਏ। ਗੱਲ ਉਸ ਦੀ ਠੀਕ ਸੀ। ਉਥੇ ਕੋਈ ਟਾਈਮ ਨਹੀਂ ਸੀ। ਅੰਗਰੇਜ਼ੀ/ਦੇਸੀ ਜਿਹੜੀ ਮਰਜੀ ਲਵੋ। ਬਿੰਦਰ ਦਾ ਚਾਅ ਤੇ ਕਾਹਲ ਵੇਖਣ ਵਾਲਾ ਸੀ। ਬਿਨਾ ਰੇਟ ਪੁੱਛੇ ਅਧੀਆ ਲੈ ਲਿਆ।

ਬਿੰਦਰ ਨੌਕਰ ਨੂੰ ਕਹਿੰਦਾ, "ਉਏ ਜਲਦੀ ਕਰ, ਲਿਆ ਗਲਾਸ-ਗਲੂਸ, ਨਾਲੇ ਸਲਾਦ-ਪਾਈਏ ਤੇ ਚੱਲੀਏ। ਅੱਜ ਤਾਂ ਯਾਰ ਬੜਾ ਅਨੰਦ ਆਇਆ।" ਅਸੀਂ ਦੋ ਤਾਂ ਪਹਿਲਾਂ ਹੀ ਘਰੇ ਜਾਣ ਨੂੰ ਕਾਹਲੇ ਸੀ। ਲਓ ਜੀ ਤਿੰਨ ਗਿਲਾਸ ਆ ਗਏ, ਅਧੀਆ ਮੇਜ ਦੇ ਕਿਨਾਰੇ ਪਿਆ ਸੀ। ਬਹਿਰਾ ਸਲਾਦ ਲੈ ਕੇ ਆ ਗਿਆ। ਉਧਰੋਂ ਕਾਹਲੀ 'ਚ ਬਿੰਦਰ ਉਠਿਆ ਤੇ ਉਹਦਾ ਹੱਥ ਅਧੀਏ 'ਤੇ ਵੱਜ ਗਿਆ। ਅਧੀਆ ਥੱਲੇ ਪੱਥਰ 'ਤੇ ਕੜੱਕ ਕਰ ਕੇ ਟੁੱਟ ਗਿਆ। ਉਸ ਵੇਲੇ ਸਾਡਾ ਤਿੰਨਾਂ ਦਾ ਮੂੰਹ ਲੇਕ ਨਾਲੋਂ ਕਿਤੇ ਵੱਧ ਖਿੱਚਪੂਰਨ ਅਤੇ ਦੇਖਣਯੋਗ ਸੀ ਪਰ ਫੋਟੋ ਖਿੱਚਣ ਵਾਲਾ ਕੋਈ ਨਹੀਂ ਸੀ। ਤੇ ਫਿਰ?

ਇਸ ਤਰ੍ਹਾਂ ਪੂਰੀ ਫੂਕ ਨਿਕਲਣ ਕਰਕੇ ਅਸੀਂ ਤਿੰਨੇ ਦੁਬਾਰਾ ਮੋਟਰਸਾਈਕਲ 'ਤੇ ਪੂਰੀ ਤਰ੍ਹਾਂ ਫਿੱਟ ਹੋ ਗਏ। ਬਿੰਦਰ ਦਾ ਹਾਲ ਸਾਡੇ ਨਾਲੋਂ ਕਿਤੇ ਭੈੜਾ ਸੀ। ਮੋਟਰ ਸਾਈਕਲ ਚਲਾਉਂਦਾ, ਉਹ ਅੱਕਿਆ ਗਾਈ ਜਾਵੇ,

ਕਾਹਦੀ ਕਿਸ਼ਤੀ, ਕਾਹਦਾ ਕਰਨਾਲ ਯਾਰੋ।
ਜੇ ਹੋਣਾ ਸੀ ਇੱਦਾਂ ਖੱਜਲ-ਖੁਆਰ ਯਾਰੋ।

ਉਹਦੇ ਪਿਛੇ ਬੈਠੇ ਜੁਝਾਰ ਸਿੰਘ ਨੇ ਵਿਅੰਗਮਾਈ ਨਸੀਹਤ ਵਿਚ ਚਾਰ ਲਾਈਨਾਂ ਕਹਿ ਮਾਰੀਆਂ,

ਕਾਹਨੂੰ ਹੈਂਡਲ ਘੁਮਾਉਨੈਂ ਗੁੰਮਰਾਹ ਵੱਲ ਨੂੰ
ਆ ਜਾ ਚੱਜ ਦਾ ਰਾਹ ਅਖਤਿਆਰ ਕਰੀਏ।
ਭੰਨ ਬੋਤਲਾਂ, ਨਸ਼ੇ ਨੂੰ ਮਾਰ ਗੋਲੀ
ਨਾਲ ਆਪਣੇ ਹੋਰਾਂ ਨੂੰ ਤਿਆਰ ਕਰੀਏ।

# ਸਮਾਜਿਕ ਸੰਚਾਰ ਦੇ ਨਵੇਂ ਸਾਧਨ

ਸਮਾਜਿਕ ਸੰਚਾਰ ਦੇ ਸਾਧਨ ਸਮੇਂ ਸਮੇਂ ਬਦਲਦੇ ਰਹੇ ਹਨ। ਕਿਸੇ ਜ਼ਮਾਨੇ ਵਿਚ ਚਿੱਠੀਆਂ ਕਬੂਤਰਾਂ ਰਾਹੀਂ ਭੇਜੀਆਂ ਜਾਂਦੀਆਂ ਸਨ। ਪਿੰਡ ਵਿਚ ਕੋਈ ਵੀ ਸੁਨੇਹਾ ਜਾਂ ਸੱਦਾ ਢੋਲ ਵਜਾ ਕੇ ਡੌਂਡੀ ਪਿੱਟ ਕੇ ਦਿੱਤਾ ਜਾਂਦਾ ਸੀ। ਇਹ ਸਾਧਨ ਤਾਂ 1950 ਦੇ ਲਗਭਗ ਵੀ ਵਰਤਿਆ ਜਾਂਦਾ ਸੀ। ਰਿਸ਼ਤੇਦਾਰਾਂ ਜਾਂ ਪਿੰਡ ਦੇ ਲੋਕਾਂ ਨੂੰ ਸੁਨੇਹਾ/ਸੱਦਾ ਮਰਾਸੀਆਂ ਅਤੇ ਨਾਈਆਂ ਰਾਹੀਂ ਘੱਲਿਆ ਜਾਂਦਾ ਸੀ। ਫਿਰ ਹੌਲੀ ਹੌਲੀ ਡਾਕ ਦਾ ਕੰਮ ਚੱਲ ਪਿਆ ਭਾਵੇਂ ਮਰਾਸੀਆਂ ਅਤੇ ਨਾਈਆਂ ਦੀ ਵਰਤੋਂ ਤਾਂ 1970-80 ਤੱਕ ਵੀ ਪੰਜਾਬ ਵਿਚ ਹੁੰਦੀ ਰਹੀ ਅਤੇ ਕਈ ਪਿੰਡਾਂ ਵਿਚ ਹਾਲੇ ਵੀ ਹੁੰਦੀ ਹੈ। ਕਿਸੇ ਵੇਲੇ ਡਾਕ



**ਪ੍ਰੇਮ ਮਾਨ**
ਫੋਨ: 860-983-5002

ਪੈਦਲ ਜਾ ਕੇ ਜਾਂ ਘੋੜਿਆਂ 'ਤੇ ਜਾ ਕੇ ਵੰਡੀ ਜਾਂਦੀ ਸੀ। ਫਿਰ ਸਾਈਕਲ ਆ ਗਏ ਅਤੇ ਡਾਕੀਏ ਸਾਈਕਲਾਂ 'ਤੇ ਜਾ ਕੇ ਪਿੰਡੋਂ ਪਿੰਡ ਡਾਕ ਵੰਡਣ ਲੱਗ ਪਏ। ਭਾਵੇਂ ਭਾਰਤ ਵਰਗੇ ਮੁਲਕਾਂ ਵਿਚ ਤਾਂ ਹਾਲੇ ਵੀ ਡਾਕ ਸਾਈਕਲਾਂ 'ਤੇ ਜਾ ਕੇ ਹੀ ਵੰਡੀ ਜਾਂਦੀ ਹੈ ਪਰ ਉਨਤ ਮੁਲਕਾਂ ਵਿਚ ਡਾਕ ਵੰਡਣ ਵਾਲਿਆਂ ਨੂੰ ਛੋਟੇ ਛੋਟੇ ਟਰੱਕ ਮਿਲੇ ਹੁੰਦੇ ਹਨ। ਪੁਰਾਣੇ ਜ਼ਮਾਨਿਆਂ 'ਚ ਕੋਈ ਚੰਗੀ ਜਾਂ ਮਾੜੀ ਖਬਰ ਰਿਸ਼ਤੇਦਾਰਾਂ ਤੱਕ ਪਹੁੰਚਾਉਣ ਵਿਚ ਕਈ ਵਾਰੀ ਕਈ ਕਈ ਦਿਨ ਲੱਗ ਜਾਂਦੇ ਸਨ। ਕਈ ਵਾਰੀ ਖਬਰਾਂ ਤਾਰਾਂ ਰਾਹੀਂ ਵੀ ਦੂਰ-ਦੁਰਾਡੇ ਭੇਜੀਆਂ ਜਾਂਦੀਆਂ ਸਨ ਜੋ ਕਿ ਥੋੜ੍ਹੇ ਘੰਟਿਆਂ ਵਿਚ ਹੀ ਟਿਕਾਣੇ 'ਤੇ ਪਹੁੰਚ ਜਾਂਦੀਆਂ ਸਨ। ਤਾਰ ਭੇਜਣੀ ਕਾਫੀ ਮਹਿੰਗੀ ਵੀ ਸੀ। ਆਮ ਤੌਰ 'ਤੇ ਤਾਰ ਮੌਤ ਜਾਂ ਬਿਮਾਰੀ ਵਰਗੀ ਕਿਸੇ ਮਾੜੀ ਖਬਰ ਹੀ ਛੇਤੀ ਤੋਂ ਛੇਤੀ ਪਹੁੰਚਾਉਣ ਲਈ ਵਰਤੀ ਜਾਂਦੀ ਸੀ।

ਜਦੋਂ ਮੈਂ 1975 ਵਿਚ ਭਾਰਤ ਛੱਡ ਕੇ ਇੰਗਲੈਂਡ ਆਇਆ ਤਾਂ ਸਾਰੀਆਂ ਗੱਲਾਂ ਚਿੱਠੀਆਂ ਰਾਹੀਂ ਹੀ ਹੁੰਦੀਆਂ ਸਨ। ਉਨ੍ਹਾਂ ਦਿਨਾਂ ਵਿਚ ਭਾਰਤ ਵਿਚ ਫੋਨ ਬਹੁਤ ਹੀ ਘੱਟ ਸਨ ਅਤੇ ਜਿਨ੍ਹਾਂ ਕੋਲ ਸਨ ਵੀ ਉਨ੍ਹਾਂ ਨੂੰ ਓਪਰੇਟਰ ਰਾਹੀਂ ਕਾਲ ਬੁੱਕ ਕਰਾ ਕੇ ਫੋਨ ਕਰਨਾ ਪੈਂਦਾ ਸੀ ਜਿਸ ਦੀ ਵਾਰੀ ਆਉਣ ਲਈ ਕਈ ਵਾਰੀ ਕਈ ਕਈ ਦਿਨ ਲੱਗ ਜਾਂਦੇ ਸਨ। ਜਦੋਂ ਮੈਂ 1980 ਵਿਚ ਅਮਰੀਕਾ ਆਇਆ ਤਾਂ ਇਥੇ ਆਮ ਹੀ ਘਰਾਂ ਵਿਚ ਫੋਨ ਸਨ ਪਰ ਭਾਰਤ ਵਿਚ ਹਾਲੇ ਬਹੁਤ ਘੱਟ ਘਰਾਂ ਵਿਚ ਫੋਨ ਸਨ ਅਤੇ ਫੋਨ ਕਰਨਾ ਮਹਿੰਗਾ ਵੀ ਬਹੁਤ ਸੀ। ਇਸ ਲਈ ਹਿੰਦੁਸਤਾਨ ਵਿਚਲੇ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਸੰਪਰਕ ਸਿਰਫ ਚਿੱਠੀਆਂ ਰਾਹੀਂ ਹੀ ਹੁੰਦਾ ਸੀ। ਕਈ ਵਾਰੀ ਇਕ ਦੂਜੇ ਦੀਆਂ ਖਬਰਾਂ ਪਹੁੰਚਣ ਲਈ ਦੋ ਦੋ ਮਹੀਨੇ ਲੱਗ ਜਾਂਦੇ ਸਨ ਕਿਉਂਕਿ ਉਨ੍ਹਾਂ ਦਿਨਾਂ ਵਿਚ ਡਾਕ ਪਹੁੰਚਣ ਦਾ ਕੰਮ ਵੀ ਕਾਫੀ ਸੁਸਤ ਸੀ।

1980ਵਿਆਂ ਦੌਰਾਨ ਤਕਨਾਲੋਜੀ ਦੀ ਨਵੀਂ ਤਰੱਕੀ ਹੋਣੀ ਸ਼ੁਰੂ ਹੋਈ। ਸਾਲ 1980 ਤੋਂ 1984 ਵਿਚ ਪੀ.ਸੀ. (ਪਰਸਨਲ ਕੰਪਿਊਟਰ) ਅਤੇ ਐਪਲ ਕੰਪਿਊਟਰ ਆਏ। ਪਰ ਆਮ ਤੌਰ 'ਤੇ ਉਨ੍ਹਾਂ ਦਿਨਾਂ ਵਿਚ ਇਹ ਕੰਪਿਊਟਰ ਜ਼ਿਆਦਾ ਤਰ ਲਿਖਤਾਂ ਟਾਈਪ ਕਰਨ ਵਿਚ ਹੀ ਸਹਾਈ ਹੁੰਦੇ ਸਨ। ਲਿਖਤਾਂ ਟਾਈਪ ਕਰ ਕੇ ਇਕ ਪਤਲੀ ਜਿਹੀ ਫਲੌਪੀ ਡਿਸਕ 'ਤੇ ਪਾ ਕੇ ਸਾਂਭ ਕੇ ਰੱਖੀਆਂ ਜਾ ਸਕਦੀਆਂ ਸਨ। ਉਨ੍ਹਾਂ ਦਿਨਾਂ ਵਿਚ ਇੰਟਰਨੈਟ ਦੀ ਖੋਜ ਹੋ ਚੁੱਕੀ ਸੀ ਪਰ ਇਹ ਅੱਜ ਵਾਂਗ ਪ੍ਰਚਲਿਤ ਨਹੀਂ ਸੀ। ਉਨਤ ਮੁਲਕਾਂ ਵਿਚ ਵੀ ਉਸ ਵਕਤ ਇੰਟਰਨੈਟ ਜ਼ਿਆਦਾ ਯੂਨੀਵਰਸਿਟੀਆਂ ਅਤੇ ਵੱਡੀਆਂ ਕੰਪਨੀਆਂ ਕੋਲ ਹੀ ਸੀ। ਮੈਂ ਜਦੋਂ 1984 ਵਿਚ ਐਪਲ ਦਾ ਕੰਪਿਊਟਰ ਖਰੀਦਿਆ ਤਾਂ ਮੈਂ ਉਸ ਨੂੰ ਯੂਨੀਵਰਸਿਟੀ ਆਫ ਕੈਲੀਫੋਰਨੀਆ, ਲਾਸ ਏਂਜਲਸ ਦੇ ਇੰਟਰਨੈਟ ਨਾਲ ਜੋੜ ਕੇ ਇਕ ਸਰਵੇ ਦੇ ਅੰਕੜੇ ਵਰਤ ਕੇ ਆਪਣੀ ਪੀ.ਐਚ.ਡੀ. ਦੀ ਡਿਗਰੀ ਵਾਸਤੇ ਖੋਜ ਕਰ ਰਿਹਾ ਸੀ। ਆਪਣੇ ਕੰਪਿਊਟਰ ਨੂੰ ਘਰੋਂ ਯੂਨੀਵਰਸਿਟੀ ਦੇ ਇੰਟਰਨੈਟ ਨਾਲ ਜੋੜਨ ਲਈ ਫੋਨ ਦੀ ਵਰਤੋਂ ਕਰਨੀ ਪੈਂਦੀ ਸੀ ਅਤੇ ਉਤਨੀ ਦੇਰ ਕਿਸੇ ਨਾਲ ਗੱਲ ਕਰਨ ਲਈ ਫੋਨ ਨਹੀਂ ਸੀ ਵਰਤਿਆ ਜਾ ਸਕਦਾ ਅਤੇ ਇੰਟਰਨੈਟ ਬਹੁਤ ਹੀ ਹੌਲੀ ਚੱਲਦਾ ਹੁੰਦਾ ਸੀ। ਇੰਟਰਨੈਟ ਦਾ ਵਿਕਾਸ ਪਹਿਲਾਂ ਬਹੁਤ ਹੌਲੀ ਹੌਲੀ ਪਰ ਬਾਅਦ ਵਿਚ ਬੜੀ ਤੇਜ਼ੀ ਨਾਲ ਹੋਇਆ। ਇਕ ਅੰਦਾਜ਼ੇ ਅਨੁਸਾਰ ਅਮਰੀਕਾ ਵਿਚ 1990 ਤੋਂ ਛੇਤੀ ਬਾਅਦ ਇੰਟਰਨੈਟ ਵਿਰਲੇ ਵਿਰਲੇ ਘਰਾਂ ਵਿਚ ਲੱਗਣ ਲੱਗ ਪਏ ਸਨ। ਭਾਵੇਂ ਉਨਤ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਤਾਂ ਈਮੇਲ 1980ਵਿਆਂ ਦੇ ਅਖੀਰ ਤੱਕ ਵਰਤਣੀ ਸ਼ੁਰੂ ਹੋ ਗਈ ਸੀ ਪਰ ਈਮੇਲ ਦੀ ਨਿੱਜੀ ਵਰਤੋਂ ਕਰੀਬ 1993 ਵਿਚ ਸ਼ੁਰੂ ਹੋਈ ਜਦੋਂ ਏ ਓ ਐਲ ਕੰਪਨੀ ਨੇ ਲੋਕਾਂ ਨੂੰ ਇੰਟਰਨੈਟ ਦੇਣਾ ਸ਼ੁਰੂ ਕੀਤਾ ਅਤੇ ਈਮੇਲ ਅਕਾਊਂਟ ਵੀ ਬਣਾਉਣੇ ਸ਼ੁਰੂ ਕਰ ਦਿੱਤੇ। ਪਰ ਈਮੇਲ ਦਾ ਜ਼ਿਆਦਾ ਵਿਕਾਸ 1994-95 ਵਿਚ ਯਾਹੂ ਦੇ ਆਉਣ ਨਾਲ ਹੋਇਆ ਜਦੋਂ ਲੋਕ ਯਾਹੂ 'ਤੇ ਮੁਫਤ ਈਮੇਲ ਬਣਾ ਸਕਦੇ ਸਨ। ਸਾਲ 1998 ਦੇ ਕਰੀਬ ਗੂਗਲ ਵੀ ਹੋਂਦ ਵਿਚ ਆ ਗਿਆ ਅਤੇ ਗੂਗਲ ਦੀ ਈਮੇਲ ਵੀ ਹੋਂਦ ਵਿਚ ਆ ਗਈ। ਇੰਜ ਸਮਾਜਿਕ ਸੰਚਾਰ ਵਿਚ ਬਹੁਤ ਤਬਦੀਲੀ ਆਈ। ਚਿੱਠੀਆਂ ਦੀ ਥਾਂ ਬਹੁਤੇ ਸੁਨੇਹੇ ਈਮੇਲ ਰਾਹੀਂ ਘੱਲੇ ਜਾਣ ਲੱਗੇ ਅਤੇ ਸੰਪਰਕ ਈਮੇਲ ਰਾਹੀਂ ਹੋਣ ਲੱਗ ਪਿਆ। ਪਰ ਭਾਰਤ ਵਰਗੇ ਮੁਲਕਾਂ ਵਿਚ ਇੰਟਰਨੈਟ ਅਤੇ ਈਮੇਲ ਦਾ ਵਿਕਾਸ ਬਹੁਤ ਹੌਲੀ ਹੌਲੀ ਹੋਇਆ ਅਤੇ ਹਾਲੇ ਵੀ ਬਹੁਤ ਸਾਰੇ ਲੋਕ ਕਿਸੇ ਨਾ ਕਿਸੇ ਵਜ੍ਹਾ ਕਰ ਕੇ ਈਮੇਲ ਨਹੀਂ ਵਰਤ ਸਕਦੇ। ਪਰ ਈਮੇਲ ਦੇ ਵਿਕਾਸ ਨਾਲ ਚਿੱਠੀਆਂ ਲਿਖਣ ਦਾ ਕੰਮ ਬਹੁਤ ਘੱਟ ਗਿਆ ਅਤੇ ਲੋਕਾਂ ਵਿਚ ਸੰਪਰਕ ਜ਼ਿਆਦਾ ਈਮੇਲ ਰਾਹੀਂ ਹੋਣ ਲੱਗ ਪਿਆ। ਭਾਵੇਂ ਹਾਲੇ ਵੀ ਈਮੇਲ ਸਮਾਜਿਕ ਸੰਚਾਰ ਦਾ ਇਕ ਮਹੱਤਵਪੂਰਨ ਸਾਧਨ ਹੈ ਪਰ ਕਈ ਨਵੀਆਂ ਤਕਨੀਕੀ ਕਾਢਾਂ ਨੇ ਇਸ ਨੂੰ ਥੋੜ੍ਹਾ ਪਿੱਛੇ ਪਾ ਦਿੱਤਾ ਹੈ।

ਸਾਲ 2004 ਤੋਂ ਹੁਣ ਤੱਕ ਸਮਾਜਿਕ ਸੰਚਾਰ ਦੀਆਂ ਅਨੇਕਾਂ ਨਵੀਆਂ ਸੰਸਥਾਵਾਂ ਹੋਂਦ ਵਿਚ ਆਈਆਂ ਹਨ ਜਿਨ੍ਹਾਂ ਵਿਚੋਂ ਕੁਝ ਕਾਫੀ ਮਸ਼ਹੂਰ ਹੋ ਗਈਆਂ ਹਨ, ਕੁਝ ਮਸ਼ਹੂਰ ਨਹੀਂ ਹੋ ਸਕੀਆਂ, ਕੁਝ ਲਗਭਗ ਖਤਮ ਹੀ ਹੋ ਗਈਆਂ ਹਨ, ਅਤੇ ਕੁਝ ਹਾਲੇ ਬਹੁਤ ਹੀ ਨਵੀਆਂ ਹਨ ਜਿਨ੍ਹਾਂ ਦੇ ਵਿਕਾਸ ਨੂੰ ਸਮਾਂ ਲੱਗੇਗਾ। ਇਨ੍ਹਾਂ ਨਵੀਆਂ ਸੰਸਥਾਵਾਂ ਨੇ ਸਮਾਜਿਕ ਸੰਚਾਰ ਦੇ ਸਾਧਨਾਂ ਵਿਚ ਅਸਚਰਜ ਕਰਨ ਵਾਲੀ ਤਬਦੀਲੀ ਲੈ ਆਂਦੀ ਹੈ ਅਤੇ ਇਨ੍ਹਾਂ ਸਾਧਨਾਂ ਨੇ ਸਮਾਜਿਕ ਸੰਚਾਰ ਦਾ ਮੁਹਾਂਦਰਾ ਬਿਲਕੁਲ ਹੀ ਬਦਲ ਦਿੱਤਾ ਹੈ। ਇਨ੍ਹਾਂ ਨਵੀਆਂ ਸੰਸਥਾਵਾਂ ਵਿਚੋਂ ਕੁਝ ਇਕ ਦੇ ਨਾਂ ਹਨ: ਮਾਈਸਪੇਸ, ਵ੍ਹਟਸ ਐਪ, ਇੰਸਟਾਗਰਾਮ, ਵਾਈਨ, ਸਨੈਪਚੈਟ, ਟੈਂਗੋ ਆਦਿ। ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਇਹੋ ਜਿਹੀਆਂ ਸਮਾਜਿਕ ਸੰਚਾਰ ਦੀਆਂ ਸੰਸਥਾਵਾਂ ਹਨ ਅਤੇ ਸਮੇਂ ਸਮੇਂ ਨਵੀਆਂ ਸੰਸਥਾਵਾਂ ਹੋਂਦ ਵਿਚ ਆ ਰਹੀਆਂ ਹਨ।



ਸਭ ਤੋਂ ਪਹਿਲਾਂ 2003 ਵਿਚ ਮਾਈਸਪੇਸ ਸੰਸਥਾ ਸ਼ੁਰੂ ਹੋਈ ਸੀ ਜੋ ਥੋੜ੍ਹੀ ਬਹੁਤੀ ਅੱਜ ਵਾਲੀ ਫੇਸਬੁੱਕ ਵਰਗੀ ਹੀ ਸੀ। ਇਸ ਉਤੇ ਲੋਕੀਂ ਆਪਣਾ ਖਾਤਾ ਖੋਲ੍ਹ ਕੇ ਦੋਸਤਾਂ-ਰਿਸ਼ਤੇਦਾਰਾਂ ਨਾਲ ਸੰਪਰਕ ਕਾਇਮ ਕਰ ਸਕਦੇ ਸਨ। ਸਾਲ 2005 ਤੋਂ 2008 ਤੱਕ ਇਹ ਵੈਬਸਾਈਟ ਵਧੇਰੇ ਪ੍ਰਸਿੱਧ ਸੀ ਅਤੇ ਸਭ ਤੋਂ ਵੱਧ ਵਰਤੀ ਜਾਂਦੀ ਸੀ। ਇਸ ਦੇ ਆਉਣ ਨਾਲ ਬਹੁਤ ਸਾਰੇ ਲੋਕ ਇਕ ਦੂਜੇ ਨਾਲ ਈਮੇਲ ਦੀ ਥਾਂ ਇਸ ਵੈਬਸਾਈਟ ਰਾਹੀਂ ਸੰਪਰਕ ਰੱਖਣ ਲੱਗ ਪਏ। ਮਾਈਸਪੇਸ ਤੋਂ ਛੇਤੀ ਬਾਅਦ ਹੀ ਪਹਿਲਾਂ ਯੂਟਿਊਬ, ਫਿਰ ਫੇਸਬੁੱਕ ਅਤੇ ਫਿਰ ਟਵਿਟਰ ਹੋਂਦ ਵਿਚ ਆਈਆਂ ਜਿਨ੍ਹਾਂ ਨਾਲ ਸਮਾਜਿਕ ਸੰਪਰਕ ਕਾਫੀ ਵਧ ਗਿਆ।

ਯੂਟਿਊਬ ਵੈਬਸਾਈਟ 2005 ਵਿਚ ਸ਼ੁਰੂ ਹੋਈ ਅਤੇ 2006 ਵਿਚ ਗੂਗਲ ਨੇ ਇਸ ਨੂੰ ਖਰੀਦ ਲਿਆ ਅਤੇ ਇਸ ਉਤੇ ਉਦੋਂ ਦੀ ਗੂਗਲ ਦੀ ਹੀ ਮਲਕੀਅਤ ਹੈ। ਯੂਟਿਊਬ ਉਤੇ ਕੋਈ ਵੀ ਇਨਸਾਨ ਆਪਣਾ ਖਾਤਾ ਖੋਲ੍ਹ ਕੇ ਵੀਡੀਓ ਪਾ ਸਕਦਾ ਹੈ ਪਰ ਇਸ ਵੀਡੀਓ ਦੀ ਲੰਬਾਈ ਯੂਟਿਊਬ ਵੱਲੋਂ ਨਿਸ਼ਚਿਤ ਕੀਤੀ ਲੰਬਾਈ ਤੋਂ ਵੱਧ ਨਹੀਂ ਹੋਣੀ ਚਾਹੀਦੀ। ਯੂਟਿਊਬ ਉਤੇ ਅਜਿਹੀਆਂ ਵਧੀਆ ਤੋਂ ਵਧੀਆ ਵੀਡੀਓ ਹਨ ਜੋ ਸਾਡੇ ਲਈ ਜ਼ਿੰਦਗੀ ਵਿਚ ਬਹੁਤ ਸਹਾਈ ਹੁੰਦੀਆਂ ਹਨ। ਵੱਖ ਵੱਖ ਵਿਸ਼ਿਆਂ ਉਤੇ ਬਹੁਤ ਸਾਰੀਆਂ ਵੀਡੀਓ ਹਨ। ਕਿਸੇ ਵੀ ਵਿਸ਼ੇ, ਬਿਮਾਰੀ, ਦਵਾਈ, ਇਨਸਾਨ, ਸੰਸਥਾ, ਗੀਤ-ਸੰਗੀਤ, ਅਤੇ ਕੰਮ ਬਾਰੇ ਯੂਟਿਊਬ 'ਤੇ ਵੀਡੀਓ ਲੱਭ ਸਕਦੇ ਹੋ। ਅਮਰੀਕਾ ਵਿਚ ਤਾਂ ਯੂਟਿਊਬ ਕਾਲਜਾਂ/ਸਕੂਲਾਂ ਵਿਚ ਬਹੁਤ ਸਾਰੇ ਪ੍ਰੋਫੈਸਰ/ਅਧਿਆਪਕ ਪੜ੍ਹਾਉਣ ਲਈ ਵੀ ਵਰਤਦੇ ਹਨ।

ਯੂਟਿਊਬ ਉਤੇ ਵਧੀਆ ਤੋਂ ਵਧੀਆ ਵੀਡੀਓ ਮਿਲਦੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ। ਉਥੇ ਇਸ ਵੈਬਸਾਈਟ ਉਤੇ ਭੈੜੀਆਂ ਤੋਂ ਭੈੜੀਆਂ ਵੀਡੀਓ ਵੀ ਮਿਲਦੀਆਂ ਹਨ। ਜੇ ਤੁਸੀਂ ਕਿਸੇ ਚੰਗੀ ਵੀਡੀਓ ਦੀ ਖੋਜ ਕਰੋ ਤਾਂ ਕਈ ਵਾਰ ਨਾਲ ਮਾੜੀ ਵੀਡੀਓ ਵੀ ਕੰਪਿਊਟਰ 'ਤੇ ਸਾਹਮਣੇ ਆ ਜਾਂਦੀ ਹੈ- ਭਾਵ ਫੁੱਲਾਂ ਦੇ ਨਾਲ ਨਾਲ ਖਾਰ ਵੀ ਹਨ।

ਯੂਟਿਊਬ ਵਾਂਗ ਹੀ ਫੇਸਬੁੱਕ ਨੇ ਸਮਾਜਿਕ ਸੰਚਾਰ ਦੇ ਤੌਰ ਤਰੀਕਿਆਂ ਵਿਚ ਬੇਹੱਦ ਤਬਦੀਲੀਆਂ ਲਿਆਂਦੀਆਂ ਹਨ। ਜੇ ਇਸ ਦੀ ਠੀਕ ਢੰਗ ਨਾਲ ਵਰਤੋਂ ਕੀਤੀ ਜਾਵੇ ਤਾਂ ਫੇਸਬੁੱਕ ਸੰਚਾਰ ਦਾ ਬਹੁਤ ਹੀ ਵਧੀਆ ਸਾਧਨ ਹੈ। ਕੋਈ ਵੀ ਖਬਰ ਦੁਨੀਆਂ ਦੇ ਕਿਸੇ ਵੀ ਹਿੱਸੇ ਦੀ ਹੋਵੇ- ਫੇਸਬੁੱਕ ਤੋਂ ਉਸ ਦੀ ਜਾਣਕਾਰੀ ਝੱਟ ਮਿਲ ਜਾਂਦੀ ਹੈ। ਮਿੰਟਾਂ-ਸਕਿੰਟਾਂ ਵਿਚ ਹੀ ਸੰਸਾਰ ਦੇ ਇਕ ਕੋਨੇ ਵਿਚ ਵਾਪਰੀਆਂ ਗੱਲਾਂ ਜਾਂ ਘਟਨਾਵਾਂ ਦੀ ਖਬਰ ਦੁਨੀਆਂ ਦੇ ਦੂਜੇ ਕੋਨੇ ਵਿਚ ਪਹੁੰਚ ਜਾਂਦੀ ਹੈ। ਲੋਕ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਖਬਰਾਂ ਅਤੇ ਫੋਟੋ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਝੱਟ ਸਾਂਝੀਆਂ ਕਰ ਸਕਦੇ ਹਨ। ਵਿਚਾਰ-ਵਟਾਂਦਰਾ ਅਤੇ ਬਹਿਸ-ਮੁਬਾਹਿਸਾ ਸ਼ੁਰੂ ਕਰ ਸਕਦੇ ਹਾਂ। ਫੇਸਬੁੱਕ ਦੇ ਕਈ ਔਗੁਣ ਅਤੇ ਨੁਕਸਾਨ ਵੀ ਹਨ ਜੋ ਅਸੀਂ ਆਪ ਹੀ ਇਸ ਦੀ

## ਚਲਦੇ-ਚਲਦੇ

ਦੁਰਵਰਤੋਂ ਕਰ ਕੇ ਪੈਦਾ ਕਰਦੇ ਹਾਂ। ਆਸ਼ਕ ਮਿਜ਼ਾਜੀ ਬਹੁਤੇ ਲੋਕ ਫੇਸਬੁੱਕ 'ਤੇ ਪ੍ਰੇਮਿਕਾ ਲੱਭਣ ਦੇ ਚੱਕਰ ਵਿਚ ਲੱਗੇ ਰਹਿੰਦੇ ਹਨ।

ਪਿਛਲੇ ਤਿੰਨ-ਚਾਰ ਸਾਲਾਂ ਵਿਚ ਸਮਾਜਿਕ ਸੰਚਾਰ ਦਾ ਇਕ ਹੋਰ ਸਾਧਨ ਜੋ ਕਾਫੀ ਮਸ਼ਹੂਰ ਹੋਇਆ ਹੈ, ਉਹ ਹੈ ਟਵਿਟਰ ਜਿਸ ਉਤੇ ਤੁਸੀਂ ਖਾਤਾ ਖੋਲ੍ਹ ਕੇ ਕੁਝ ਲਫਜ਼ਾਂ ਵਿਚ ਲੋਕਾਂ ਨੂੰ ਸੁਨੇਹਾ ਅਤੇ ਕੁਝ ਫੋਟੋ ਭੇਜ ਸਕਦੇ ਹੋ। ਸੁਨੇਹੇ ਵਿਚ ਤੁਸੀਂ ਬਹੁਤਾ ਕੁਝ ਨਹੀਂ ਲਿਖ ਸਕਦੇ। ਟਵਿਟਰ ਉਤੇ ਤੁਸੀਂ ਆਪਣੇ ਸ਼ਰਧਾਲੂ ਵੀ ਬਣਾ ਸਕਦੇ ਹੋ ਜਾਂ ਲੋਕ ਖੁਦ ਤੁਹਾਡੇ ਸ਼ਰਧਾਲੂ ਬਣ ਸਕਦੇ ਹਨ। ਫਿਰ ਇਹ ਸ਼ਰਧਾਲੂ ਤੁਹਾਡਾ ਭੇਜਿਆ ਹਰ ਸੁਨੇਹਾ ਦੇਖ ਸਕਦੇ ਹਨ। ਆਮ ਤੌਰ 'ਤੇ ਬਹੁਤ ਸਾਰੇ ਮਸ਼ਹੂਰ ਲੋਕਾਂ ਨੇ ਟਵਿਟਰ 'ਤੇ ਆਪਣੇ ਹਜ਼ਾਰਾਂ ਜਾਂ ਲੱਖਾਂ ਚੇਲੇ ਬਣਾ ਰੱਖੇ ਹਨ ਜੋ ਹਰ ਵੇਲੇ ਉਨ੍ਹਾਂ ਦੇ ਸੁਨੇਹਿਆਂ ਦੀ ਉਡੀਕ ਕਰਦੇ ਰਹਿੰਦੇ ਹਨ। ਸਿਆਸੀ ਲੋਕਾਂ ਨੇ ਵੀ ਟਵਿਟਰ 'ਤੇ ਲੱਖਾਂ ਦੀ ਤਾਦਾਦ ਵਿਚ ਲੋਕ ਪਿੱਛੇ ਲਾਏ ਹੁੰਦੇ ਹਨ।

2011 ਦੇ ਸ਼ੁਰੂ ਵਿਚ ਜਦੋਂ ਤੁਨੀਸ਼ੀਆ ਵਿਚ ਉਥੋਂ ਦੀ ਸਰਕਾਰ ਵਿਰੁਧ ਮੁਜ਼ਾਹਰੇ ਹੋਣੇ ਸ਼ੁਰੂ ਹੋਏ ਤਾਂ ਉਸ ਦੀਆਂ ਖਬਰਾਂ ਅਤੇ ਫੋਟੋ ਹਰ ਘੜੀ, ਹਰ ਪਲ ਯੂਟਿਊਬ, ਫੇਸਬੁੱਕ ਅਤੇ ਟਵਿਟਰ ਰਾਹੀਂ ਦੁਨੀਆਂ ਦੇ ਹਰ ਕੋਨੇ ਵਿਚ ਲਗਾਤਾਰ ਪਹੁੰਚ ਰਹੀਆਂ ਸਨ ਜਿਨ੍ਹਾਂ ਕਾਰਨ ਇਹ ਮੁਜ਼ਾਹਰੇ ਇੰਨੇ ਤਾਕਤਵਰ ਹੋ ਗਏ ਕਿ ਉਨ੍ਹਾਂ ਨੇ ਤੁਨੀਸ਼ੀਆ ਦੀ ਸਰਕਾਰ ਦਾ ਤਖਤਾ ਪਲਟ ਦਿੱਤਾ। ਫਿਰ ਇਹੋ ਕੰਮ ਮਿਸਰ ਵਿਚ ਹੋਇਆ ਜਦੋਂ 30 ਸਾਲਾਂ ਤੋਂ ਚਲੇ ਆ ਰਹੇ ਤਾਨਾਸ਼ਾਹ ਹਸਨੀ ਮੁਬਾਰਕ ਵਿਰੁਧ ਮੁਜ਼ਾਹਰੇ ਸ਼ੁਰੂ ਹੋਏ। ਯੂਟਿਊਬ, ਫੇਸਬੁੱਕ ਅਤੇ ਟਵਿਟਰ ਕਾਰਨ ਹੀ ਹਸਨੀ ਮੁਬਾਰਕ ਦੀ ਸਰਕਾਰ ਲਈ ਉਨ੍ਹਾਂ ਮੁਜ਼ਾਹਰਿਆਂ ਨੂੰ ਕੰਟਰੋਲ ਕਰਨਾ ਬਿਲਕੁਲ ਮੁਸ਼ਕਿਲ ਹੋ ਗਿਆ ਅਤੇ ਮਹੀਨੇ ਕੁ ਵਿਚ ਹੀ ਉਸ ਨੂੰ ਗੱਦੀ ਛੱਡਣੀ ਪਈ। ਲਿਬੀਆ ਵਿਚ ਵੀ ਇਹੋ ਕੁਝ ਹੋਇਆ। ਪਰ ਇਹ ਸਭ ਕੁਝ ਪਿਛਲੇ ਕੁਝ ਸਾਲਾਂ ਵਿਚ ਸਮਾਰਟ ਫੋਨ ਦੇ ਆਉਣ ਨਾਲ ਹੀ ਹੋਇਆ। ਅਸੀਂ ਜਿੱਥੇ ਮਰਜੀ ਹੋਈਏ, ਜੇ ਸਾਡੇ ਕੋਲ ਸਮਾਰਟ ਫੋਨ ਹੈ ਤਾਂ ਅਸੀਂ ਇਨ੍ਹਾਂ ਸਾਧਨਾਂ ਨੂੰ ਵਰਤ ਕੇ ਦੁਨੀਆਂ ਦੇ ਕੋਨੇ ਕੋਨੇ ਦੀਆਂ ਖਬਰਾਂ ਦੇਖ/ਸੁਣ ਸਕਦੇ ਹਾਂ ਅਤੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਸੁਨੇਹੇ ਪੜ੍ਹ ਸਕਦੇ ਹਾਂ। ਇਸ ਸਮਾਰਟ ਫੋਨ ਰਾਹੀਂ ਅਸੀਂ ਦੁਨੀਆਂ ਵਿਚ ਵਾਪਰ ਰਹੀਆਂ ਹਰ ਤਰ੍ਹਾਂ ਦੀਆਂ ਖਬਰਾਂ ਨਾਲ ਹਰ ਘੜੀ ਹਰ ਪਲ ਜੁੜੇ ਰਹਿ ਸਕਦੇ ਹਾਂ।

ਵੈਸੇ ਵੇਖਿਆ ਜਾਵੇ ਤਾਂ ਸਭ ਤੋਂ ਵੱਧ ਜਿਸ ਕਾਢ ਨੇ ਸਮਾਜਿਕ ਸੰਚਾਰ ਦੇ ਸਾਧਨਾਂ ਵਿਚ ਇਕ ਕਿਸਮ ਦੀ ਇੰਨੀ ਵੱਡੀ ਤਬਦੀਲੀ ਲਿਆਂਦੀ ਹੈ, ਉਹ ਹੈ ਮੋਬਾਈਲ ਅਤੇ ਫਿਰ ਸਮਾਰਟ ਮੋਬਾਈਲ ਫੋਨ ਦਾ ਆਉਣਾ। ਸਮਾਰਟ ਫੋਨ ਨੇ ਤਾਂ ਸਾਡੀ ਜ਼ਿੰਦਗੀ ਨੂੰ ਇਕ ਬਹੁਤ ਵਧੀਆ ਮੋੜ ਦੇ ਦਿੱਤਾ ਹੈ। ਜੇ ਅਸੀਂ ਇਨ੍ਹਾਂ ਸਾਧਨਾਂ ਦੀ ਠੀਕ ਤਰ੍ਹਾਂ ਵਰਤੋਂ ਕਰੀਏ ਤਾਂ ਅਸੀਂ ਇਨ੍ਹਾਂ ਤੋਂ ਬੇਹੱਦ ਫਾਇਦੇ ਲੈ ਸਕਦੇ ਹਾਂ। ਪਰ ਬਦਕਿਸਮਤੀ ਨਾਲ ਅਸੀਂ ਇਨ੍ਹਾਂ ਨਾਲ ਗਲਤ ਪਾਸੇ ਨੂੰ ਵੀ ਜਾ ਸਕਦੇ ਹਾਂ। ਚੋਣ ਸਾਡੀ ਆਪਣੀ ਹੈ। ਫੈਸਲਾ ਸਾਡਾ ਆਪਣਾ ਹੈ।

# ਮੈਂ ਘਰ ਨਹੀਂ ਗਿਆ...

**ਕਮਲੇਸ਼ ਭਾਰਤੀ**
**ਅਨੁਵਾਦ: ਸੁਰੇਖਾ ਮਿੱਡਾ**

ਇਹ ਪਹਿਲੀ ਵਾਰੀ ਹੋਇਆ ਜਦੋਂ ਮੈਂ ਆਪਣੇ ਸ਼ਹਿਰ ਤੋਂ ਕਿਸੇ ਅਜਨਬੀ ਵਾਂਗ ਨਿਕਲਿਆ ਸੀ। ਉਸ ਸ਼ਹਿਰ ਤੋਂ ਜਿਸ ਦੇ ਚੱਪੇ-ਚੱਪੇ ਤੋਂ ਮੈਂ ਜਾਣੂੰ ਹਾਂ। ਇਸ ਸ਼ਹਿਰ 'ਚ ਮੈਂ ਆਪਣਾ ਬਚਪਨ ਬਿਤਾਇਆ ਹੈ ਤੇ ਜਿਸ ਸੜਕ ਤੋਂ ਨਿਕਲਿਆ, ਉਸੇ ਸੜਕ 'ਤੇ ਬਰਸਾਤ ਵਿਚ ਭਿੱਜਦੇ ਹੋਏ ਜਾਮਣ ਵੀ ਬਹੁਤ ਖਾਧੇ ਸਨ। ਦਰੱਖਤ ਹੁਣ ਵੀ ਹਨ। ਮੈਂ ਯਾਦਾਂ ਦੀ ਬਰਸਾਤ ਵਿਚ ਭਿੱਜਣ ਤੋਂ ਬਾਅਦ ਵੀ ਰੁਕਿਆ ਨਹੀਂ।

ਇਸ ਸ਼ਹਿਰ 'ਚ ਪੜ੍ਹਾਈ-ਲਿਖਾਈ ਕੀਤੀ। ਆਰੀਆ ਸਮਾਜ ਰੋਡ 'ਤੇ ਬਣੇ ਸਕੂਲ 'ਚ ਪਿਤਾ ਜੀ ਤਖ਼ਤੀ-ਬਸਤੇ ਨਾਲ ਛੱਡ ਆਏ ਸੀ। ਸਕੂਲ ਤੋਂ ਘਰ ਦੇ ਰਸਤੇ 'ਚ ਆਟਾ ਚੱਕੀਆਂ ਆਉਂਦੀਆਂ ਸਨ। ਬਾਹਰ ਸਾਫ ਪਾਣੀ ਵਗਦਾ ਸੀ। ਉਥੇ ਅਸੀਂ ਤਖ਼ਤੀਆਂ ਪੋਚਦੇ ਤੇ ਇੱਕ-ਦੂਜੇ ਨਾਲੋਂ ਵੱਧ ਚਮਕਾਉਂਦੇ ਸੀ। ਮਾਂ ਘਰ ਇੰਤਜ਼ਾਰ ਕਰ ਰਹੀ ਹੁੰਦੀ ਸੀ। ਉਹ ਸਕੂਲ ਵੀ ਦੂਰ ਨਹੀਂ ਸੀ। ਚਾਹੁੰਦਾ ਤਾਂ ਆਰਾਮ ਨਾਲ ਗੱਡੀ ਉਸ ਪਾਸੇ ਮੋੜ ਲੈਂਦਾ ਪਰ ਉਥੇ ਵੀ ਨਹੀਂ ਗਿਆ।

ਸੜਕ ਤੋਂ ਘਰ ਵੀ ਕਿੱਥੇ ਦੂਰ ਸੀ? ਮਾਂ ਜਦੋਂ ਤਕ ਘਰ ਸੀ ਤਾਂ ਮੈਂ ਉਥੇ ਜਾਂਦਾ ਸੀ ਤੇ ਬਚਪਨ ਦੇ ਮਿੱਤਰਾਂ ਨੂੰ ਵੀ ਮਿਲ ਲੈਂਦਾ ਸੀ, ਕਈਆਂ ਨਾਲ ਫੋਨ 'ਤੇ ਗੱਲ ਕਰ ਲੈਂਦਾ ਸੀ। ਮਾਂ ਨਾਲ ਚਾਹੇ ਘੱਟ ਗੱਲ ਕਰਦਾ ਸੀ ਪਰ ਅਹਿਸਾਸ ਹੁੰਦਾ ਸੀ ਕਿ ਮਾਂ ਕੋਲ ਜਾਣਾ ਹੈ। ਪਿਛਲੇ ਦੋ ਵਰ੍ਹਿਆਂ ਤੋਂ ਮਾਂ ਨਹੀਂ ਰਹੀ। ਮੈਂ ਘਰ ਤੋਂ ਦੂਰ ਤਾਂ ਸੀ ਹੀ। ਅਸੀਂ ਤਿੰਨ ਭਰਾ ਹਾਂ। ਸਾਰਿਆਂ ਨਾਲੋਂ ਛੋਟਾ ਉਥੇ ਰਹਿੰਦਾ ਹੈ ਤੇ ਵਿਚਕਾਰਲੇ ਨੇ ਆਪਣਾ ਹਿੱਸਾ ਉਹਨੂੰ ਵੇਚ ਦਿੱਤਾ ਹੈ। ਹੁਣ ਸਿਰਫ਼ ਮੇਰਾ ਹਿੱਸਾ ਬਾਕੀ ਸੀ। ਜਦੋਂ ਮੈਂ ਘਰ ਜਾਂਦਾ ਤਾਂ ਉਹ ਮੈਨੂੰ ਇਸ ਨੂੰ ਵੇਚਣ ਦੀ ਜ਼ਿੱਦ ਕਰਦਾ ਸੀ। ਮੈਂ ਘਰ ਦੇ ਹਿੱਸੇ ਨੂੰ ਵੇਚਣਾ ਨਹੀਂ ਚਾਹੁੰਦਾ ਸੀ।

ਦੋ ਸਾਲ ਪਹਿਲਾਂ ਮਾਂ ਦੀ ਮੌਤ ਹੋ ਗਈ। ਮੈਂ ਵੱਡਾ ਪੁੱਤਰ ਹੋਣ ਨਾਤੇ ਸਾਰਾ ਕਿਰਿਆ-ਕਰਮ ਕਰਵਾ ਕੇ ਜਿਉਂ ਹੀ ਵਿਹਲਾ ਹੋਇਆ ਤਾਂ ਛੋਟੇ ਭਰਾ ਨੇ ਇੱਕ ਵਾਰ ਫਿਰ ਮਕਾਨ ਦਾ ਹਿੱਸਾ ਖਰੀਦਣ ਦੀ ਗੱਲ ਕਹੀ। ਮੈਂ ਖੁਦ ਨੂੰ ਸੁਆਲ ਕੀਤਾ ਕਿ ਜਦੋਂ ਮਾਂ ਨਹੀਂ ਰਹੀ ਤਾਂ ਹੁਣ ਇਸ ਘਰ 'ਚ ਕੀ ਬਾਕੀ ਰਿਹਾ ਹੈ। ਅੰਦਰ ਸੰਨਾਟਾ ਫੈਲ ਗਿਆ ਹੈ। ਮੈਂ ਬਿਨਾਂ ਸੋਚੇ-ਸਮਝੇ ਹਾਂ ਕਰ ਦਿੱਤੀ। ਦੂਜੇ ਦਿਨ ਆਪਣੇ ਹਿੱਸੇ ਦਾ ਮਕਾਨ ਵੇਚ ਕੇ ਪਰਿਵਾਰ ਸਮੇਤ ਘਰ ਆ ਗਿਆ।

ਮੈਨੂੰ ਕਿਸੇ ਮਿੱਤਰ ਨੇ ਫੋਨ 'ਤੇ ਦੱਸਿਆ ਕਿ ਛੋਟੇ ਭਰਾ ਨੇ ਪੁਰਾਣਾ ਮਕਾਨ ਗਿਰਾ ਦਿੱਤਾ ਹੈ। ਉਸ ਦੀ ਥਾਂ ਨਵੇਂ ਨਕਸ਼ੇ ਮੁਤਾਬਕ ਸੋਹਣੀ ਕੋਠੀ ਬਣਾ ਲਈ ਹੈ। ਸੱਚੀ ਦੱਸਾਂ, ਇਹ ਸੁਣ ਕੇ ਇਸ ਤਰ੍ਹਾਂ ਲੱਗਿਆ ਜਿਵੇਂ ਮੇਰਾ ਘਰ ਮਰ ਗਿਆ ਹੋਵੇ ਤੇ ਉਸ ਦੀ ਸੂਚਨਾ ਮੈਨੂੰ ਦਿੱਤੀ ਜਾ ਰਹੀ ਹੈ। ਮੈਂ ਇਸ ਦੁੱਖ ਨੂੰ ਸਹਿ ਨਹੀਂ ਸਕਿਆ। ਜਿਵੇਂ-ਕਿਵੇਂ ਫੋਨ 'ਤੇ ਗੱਲ ਖ਼ਤਮ ਕੀਤੀ। ਜਾਪਿਆ ਘਰ ਵੇਚ ਕੇ ਜੋ ਪੈਸੇ ਥੈਲੀ 'ਚ ਘਰ ਲੈ ਆਇਆ ਸੀ ਉਹ ਪੈਸੇ ਨਾ ਹੋ ਕੇ ਮਾਂ ਦੀਆਂ ਅਸਥੀਆਂ ਤੇ ਮਕਾਨ ਦੇ ਫੁੱਲ ਸਨ।

ਮੈਂ ਉਥੇ ਸਿਰ ਫੜ ਕੇ ਬੈਠ ਗਿਆ ਸੀ।

ਉਸ ਘਰ 'ਚ ਮੈਂ ਬਚਪਨ ਬਿਤਾਇਆ ਸਗੋਂ ਉਸ ਦੀ ਉਸਾਰੀ ਸਮੇਂ ਦਾਦਾ ਜੀ ਨਾਲ ਲੈਂਟਰ ਦੀ ਤਰਾਈ ਵੀ ਕੀਤੀ ਤਾਂ ਕਿ ਇਹ ਮਜ਼ਬੂਤ ਹੋ ਸਕੇ। ਦਾਦਾ ਜੀ ਨੇ ਬੜੇ ਸ਼ੌਕ ਨਾਲ ਸਾਰੇ ਮੁੰਡਿਆਂ ਦੇ ਨਾਂ ਘਰ ਦੇ ਬਾਹਰ ਉਰਦੂ 'ਚ ਲਿਖਵਾਏ ਸਨ। ਹਰ ਕੋਈ ਆਉਣ-ਜਾਣ ਵਾਲਾ ਇਸ ਨੂੰ ਦੂਰੋਂ ਹੀ ਪੜ੍ਹ ਲੈਂਦਾ ਸੀ।

ਦਾਦਾ ਜੀ ਨੇ ਖ਼ਾਸ ਤੌਰ 'ਤੇ ਘਰ ਦੀ ਛੱਤ



'ਤੇ ਫੁੱਲਾਂ ਲਈ ਗਮਲੇ ਵੀ ਬਣਵਾਏ ਸਨ। ਮੌਸਮ ਦੇ ਹਿਸਾਬ ਨਾਲ ਮੈਂ ਫੁੱਲਾਂ ਵਾਲੇ ਬੂਟੇ ਲੈ ਕੇ ਆਉਂਦਾ ਕਿਉਂਕਿ ਦਾਦੀ ਜੀ ਨੂੰ ਮੰਦਰ ਜਾਣ ਲੱਗੇ ਫੁੱਲਾਂ ਦੀ ਜ਼ਰੂਰਤ ਹੁੰਦੀ ਸੀ। ਫੁੱਲਾਂ ਨਾਲ ਲੱਦੇ ਗਮਲੇ ਦੇ ਬਹਾਨੇ ਨਾਲ ਦਾਦੀ ਨੂੰ ਯਾਦ ਕਰਦਾ ਰਿਹਾ। ਇੱਕ ਵਾਰੀ ਲੱਭ ਕੇ ਮੈਂ ਲਾਜਵੰਤੀ ਦਾ ਪੌਦਾ ਲੈ ਆਇਆ। ਘਰ ਬਹੁਤ ਮਜ਼ਾਕ ਉਡਿਆ ਕਿਉਂਕਿ ਦਾਦੀ ਦਾ ਨਾਂ ਲਾਜਵੰਤੀ ਸੀ।

ਕਿੰਨੀਆਂ ਛੋਟੀਆਂ-ਛੋਟੀਆਂ ਯਾਦਾਂ ਘਰ ਨਾਲ ਜੁੜੀਆਂ ਸਨ। ਜਦੋਂ ਘਰ ਹੀ ਨਹੀਂ ਰਿਹਾ ਤਾਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਯਾਦਾਂ ਕੋਈ ਟਿਕਾਣਾ ਲੱਭ ਰਹੀਆਂ ਹੋਣ ਤੇ ਮੇਰੇ ਕੋਲ ਪੁੱਛ ਰਹੀਆਂ ਹੋਣ ਹੁਣ ਦੱਸੋ ਅਸੀਂ ਕਿੱਥੇ ਜਾਈਏ? ਮੈਂ ਕਝ ਦਿਨ ਉਦਾਸ ਰਿਹਾ। ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਕੋਈ ਰਿਸ਼ਤੇਦਾਰ ਮੇਰੇ ਤੋਂ ਵਿਛੜ ਗਿਆ ਹੋਵੇ।

ਮੈਂ ਅੱਜ ਆਪਣੇ ਸ਼ਹਿਰ ਤੋਂ ਨਿਕਲਦੇ ਹੋਏ ਵੀ ਘਰ ਨਹੀਂ ਜਾ ਸਕਿਆ। ਉਥੇ ਜਾ ਕੇ ਮੈਨੂੰ ਜੋ ਦੁੱਖ ਮਿਲਣਗੇ ਮੈਂ ਉਨ੍ਹਾਂ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਹਾਂ। ਮਾਂ ਦੇ ਦੇਹਾਂਤ ਤੋਂ ਬਾਅਦ ਮੈਨੂੰ ਲੱਗਦਾ ਸੀ ਕਿ ਘਰ ਮੈਨੂੰ ਆਪਣੀ ਗੋਦੀ 'ਚ ਬਿਠਾ ਕੇ ਮੇਰਾ ਦੁੱਖ ਕੁਝ ਦੂਰ ਕਰੇਗਾ ਪਰ ਜਦੋਂ ਘਰ ਹੀ ਮਰ ਗਿਆ ਤਾਂ ਮੈਂ ਆਪਣੇ ਸ਼ਹਿਰ 'ਚੋਂ ਹੋ ਕੇ ਨਿਕਲ ਗਿਆ ਸੀ। ਬਾਅਦ 'ਚ ਛੋਟੇ ਭਰਾ ਦਾ ਫੋਨ ਆਇਆ ਕਿ ਕਿਸੇ ਨੇ ਦੱਸਿਆ ਤੁਸੀਂ ਸ਼ਹਿਰ ਆਏ ਸੀ। ਕੀ ਤੁਸੀਂ ਆਏ ਸੀ? ਘਰ ਕਿਉਂ ਨਹੀਂ ਆਏ। ਮੈਂ ਉਸ ਨੂੰ ਕੀ ਕਹਿੰਦਾ ਕਿ ਸ਼ਹਿਰ ਤਾਂ ਬਚ ਗਿਆ, ਕਿਸ ਘਰ ਜਾਵਾਂ, ਘਰ ਹੀ ਨਹੀਂ ਰਿਹਾ।

# ਇਹੁ ਜਨਮੁ ਤੁਮ੍ਹਾਰੇ ਲੇਖੇ

## ਸਾਦਗੀ ਤੇ ਸੇਵਾ ਦੇ ਸਿਖਰ ਭਗਤ ਪੂਰਨ ਸਿੰਘ ਨਮਿਤ ਫਿਲਮ

***ਪੰਜਾਬੀ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਵਿਚ ਪਹਿਲੀ ਵਾਰ ਭਗਤ ਪੂਰਨ ਸਿੰਘ ਦੇ ਜੀਵਨ ਅਤੇ ਜੱਦੋਜਹਿਦ ਬਾਰੇ ਚਾਨਣਾ ਪਾਇਆ ਗਿਆ ਹੈ। ਇਹ ਫਿਲਮ ਅਗਲੇ ਸਾਲ 30 ਜਨਵਰੀ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਵਿਚ ਸੇਵਾ ਅਤੇ ਸਾਦਗੀ ਦੇ ਪੁੰਜ ਭਗਤ ਪੂਰਨ ਸਿੰਘ ਦਾ ਸੁਨੇਹਾ ਲੋਕਾਂ ਤੱਕ ਪੁੱਜਦਾ ਕਰਨ ਦਾ ਭਰਪੂਰ ਯਤਨ ਕੀਤਾ ਗਿਆ ਹੈ।***



*'ਇਹੁ ਜਨਮੁ ਤੁਮ੍ਹਾਰੇ ਲੇਖੇ' ਦੇ ਦੋ ਪੋਸਟਰ।*

**ਨਵਦੀਪ ਕੌਰ ਸੂਰਜਪੁਰ**

ਪੰਜਾਬੀ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਦੀ ਜ਼ਿੰਦਗੀ ਉਤੇ ਆਧਾਰਤ ਹੈ। ਇਸ ਫਿਲਮ ਦੇ ਪਟਕਥਾ ਲੇਖਕ ਅਤੇ ਨਿਰਦੇਸ਼ਕ ਡਾ. ਹਰਜੀਤ ਸਿੰਘ ਹਨ ਜੋ 21 ਸਾਲ ਜਲੰਧਰ ਦੂਰਦਰਸ਼ਨ ਨਾਲ ਜੁੜੇ ਰਹੇ ਹਨ। 64 ਸਾਲਾ ਹਰਜੀਤ ਸਿੰਘ ਨੇ ਦੂਰਦਰਸ਼ਨ ਵਿਚ ਆਪਣੀ ਨੌਕਰੀ ਦੌਰਾਨ ਕਈ ਵਧੀਆ ਅਤੇ ਜ਼ਿਕਰਯੋਗ ਦਸਤਾਵੇਜ਼ੀ ਫਿਲਮਾਂ ਬਣਾਈਆਂ ਹਨ, ਪਰ 'ਇਹੁ ਜਨਮੁ ਤੁਮ੍ਹਾਰੇ ਲੇਖੇ' ਨੂੰ ਉਹ ਆਪਣੀ ਕਰਮਭੂਮੀ ਦਾ ਮੀਲ ਪੱਥਰ ਮੰਨਦਾ ਹੈ। ਭਗਤ ਪੂਰਨ ਸਿੰਘ ਦਾ ਜਨਮ ਰਾਹੋਂ ਵਿਖੇ 4 ਜੂਨ 1904 ਨੂੰ ਇਕ ਹਿੰਦੂ ਪਰਿਵਾਰ ਦੇ ਘਰ ਹੋਇਆ ਸੀ। ਮਾਪਿਆਂ ਨੇ ਉਸ ਦਾ ਨਾਮ ਰਾਮਜੀ ਦਾਸ ਰੱਖਿਆ, ਪਰ ਬਾਅਦ ਵਿਚ ਰਾਮ ਜੀ ਦਾਸ ਸਿੱਖੀ ਦੇ ਲੜ ਲੱਗ ਗਿਆ ਅਤੇ ਉਸ ਨੂੰ ਪੂਰਨ ਸਿੰਘ ਦਾ ਨਾਮ ਦਿੱਤਾ ਗਿਆ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਗੁਰੂਆਂ ਦੇ ਜੀਵਨ ਅਤੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਸਨ। ਉਨ੍ਹਾਂ ਅੰਮ੍ਰਿਤਸਰ ਵਿਚ ਯਤੀਮ ਬੱਚਿਆਂ ਦੀ ਮਦਦ ਲਈ ਪਿੰਗਲਵਾੜਾ ਕਾਇਮ ਕੀਤਾ। ਇਸ ਬੇਮਿਸਾਲ ਕੰਮ ਬਦਲੇ ਉਨ੍ਹਾਂ ਨੂੰ 1979 ਵਿਚ ਭਾਰਤ ਸਰਕਾਰ ਨੇ ਪਦਮਸ੍ਰੀ ਦੇ ਪੁਰਸਕਾਰ ਨਾਲ ਨਿਵਾਜਿਆ। ਉਨ੍ਹਾਂ ਹੋਰ ਵੀ ਬਹੁਤ ਸਾਰੇ ਪੁਰਸਕਾਰ ਹਾਸਲ ਕੀਤੇ ਪਰ ਜਦੋਂ ਭਾਰਤੀ ਫੌਜ ਨੇ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਉਤੇ ਹਮਲਾ ਕੀਤਾ ਤਾਂ ਉਨ੍ਹਾਂ ਰੋਸ ਵਜੋਂ ਹਰ ਸਰਕਾਰੀ ਪੁਰਸਕਾਰ ਵਾਪਸ ਕਰ ਦਿੱਤਾ। 1991 ਵਿਚ ਉਨ੍ਹਾਂ ਦਾ ਨਾਮ ਨੋਬੇਲ ਸ਼ਾਂਤੀ ਪੁਰਸਕਾਰ ਲਈ ਵੀ ਨਾਮਜ਼ਦ ਹੋਇਆ ਸੀ। ਉਨ੍ਹਾਂ ਦਾ ਦੇਹਾਂਤ 5 ਅਗਸਤ 1992 ਨੂੰ ਅੰਮ੍ਰਿਤਸਰ ਵਿਖੇ ਹੋਇਆ।

ਫਿਲਮਸਾਜ਼ ਹਰਜੀਤ ਸਿੰਘ ਨੇ ਦੱਸਿਆ



ਕਿ 'ਇਹੁ ਜਨਮੁ ਤੁਮ੍ਹਾਰੇ ਲੇਖੇ' ਆਲ ਇੰਡੀਆ ਪਿੰਗਲਵਾੜਾ ਚੈਰਿਟੇਬਲ ਸੁਸਾਇਟੀ ਵੱਲੋਂ ਬਣਾਈ ਜਾ ਰਹੀ ਹੈ ਅਤੇ ਇਸ ਦਾ ਬਜਟ ਤਿੰਨ ਕਰੋੜ ਰੁਪਏ ਦਾ ਹੈ। ਇਸ ਫਿਲਮ ਵਿਚ ਭਗਤ ਪੂਰਨ ਸਿੰਘ ਦਾ ਕਿਰਦਾਰ ਅਦਾਕਾਰ ਪਵਨ ਮਲਹੋਤਰਾ ਨੇ ਨਿਭਾਇਆ ਹੈ। ਪਵਨ ਮਲਹੋਤਰਾ ਨੇ ਪਿੱਛੇ



*ਭਗਤ ਪੂਰਨ ਸਿੰਘ ਜੀ (ਉਪਰ), ਫਿਲਮਸਾਜ਼ ਹਰਜੀਤ ਸਿੰਘ (ਖੱਬੇ) ਅਤੇ ਅਦਾਕਾਰ ਪਵਨ ਮਲਹੋਤਰਾ (ਸੱਜੇ) ਜਿਸ ਨੇ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਵਿਚ ਭਗਤ ਪੂਰਨ ਸਿੰਘ ਦਾ ਕਿਰਦਾਰ ਨਿਭਾਇਆ ਹੈ।*

ਜਿਹੇ ਰਿਲੀਜ਼ ਹੋਈ ਫਿਲਮ 'ਭਾਗ ਮਿਲਖਾ ਭਾਗ' ਵਿਚ ਫੌਜੀ ਅਫਸਰ ਦੀ ਬੜੀ ਜਾਨਦਾਰ ਭੂਮਿਕਾ ਨਿਭਾਈ ਸੀ। ਹੋਰ ਫਿਲਮਾਂ ਵਿਚ ਕੀਤੇ ਕੰਮ ਬਦਲੇ ਵੀ ਉਸ ਦੀ ਭਰਪੂਰ ਪ੍ਰਸ਼ੰਸਾ ਹੁੰਦੀ ਰਹੀ ਹੈ।

ਪਵਨ ਮਲਹੋਤਰਾ ਤੋਂ ਇਲਾਵਾ ਹਰਜੀਤ ਸਿੰਘ ਨੇ ਨਵੇਂ ਅਤੇ ਥੀਏਟਰ ਨਾਲ ਜੁੜੇ ਕਲਾਕਾਰਾਂ ਨੂੰ ਆਪਣੀ ਇਸ ਫਿਲਮ ਵਿਚ ਮੌਕਾ ਦਿੱਤਾ ਹੈ। ਇਸ ਫਿਲਮ ਵਿਚ ਉਸ ਨੇ ਭਗਤ ਪੂਰਨ ਸਿੰਘ ਦੀ ਜ਼ਿੰਦਗੀ ਦੇ ਅਹਿਮ ਪੱਖਾਂ ਨੂੰ



ਵੱਧ ਤੋਂ ਵੱਧ ਉਭਾਰਨ ਦਾ ਯਤਨ ਕੀਤਾ ਹੈ। ਉਹ ਕਹਿੰਦਾ ਹੈ ਕਿ ਉਸ ਦੀ ਇਹੀ ਕੋਸ਼ਿਸ਼ ਸੀ ਕਿ ਜਿੰਨਾ ਸਾਦਗੀ ਅਤੇ ਸੇਵਾ ਨਾਲ ਭਰਪੂਰ ਜੀਵਨ ਭਗਤ ਪੂਰਨ ਸਿੰਘ ਦਾ ਸੀ, ਉਸੇ ਹੀ ਤਰ੍ਹਾਂ ਦੀ ਫਿਲਮ ਉਹ ਭਗਤ ਪੂਰਨ ਸਿੰਘ ਬਾਰੇ ਬਣਾਵੇ। ਉਹ ਮੰਨਦਾ ਹੈ ਕਿ ਭਗਤ ਪੂਰਨ ਸਿੰਘ ਦੇ ਕਾਰਜ ਦਾ ਪ੍ਰਚਾਰ ਅਤੇ ਪ੍ਰਸਾਰ ਭਾਵੇਂ ਮੀਡੀਆ ਦੇ ਹੋਰ ਸਾਧਨਾਂ ਰਾਹੀਂ ਪਹਿਲਾਂ ਹੀ ਬਹੁਤ ਹੋ ਚੁੱਕਾ ਹੈ, ਪਰ ਇਹ ਫਿਲਮ ਉਨ੍ਹਾਂ ਦੇ ਸਮੁੱਚੇ ਕਾਰਜ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ ਅਤੇ ਇਸ ਵਿਚ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਅਣਛੋਹੇ ਪੱਖਾਂ ਦੀ ਚਰਚਾ ਵੀ ਹੋਈ ਹੈ।

ਯਾਦ ਰਹੇ, ਹਰਜੀਤ ਸਿੰਘ ਨੇ ਪਿੰਗਲਵਾੜਾ ਬਾਰੇ ਪਹਿਲਾਂ ਵੀ ਇਕ ਦਸਤਾਵੇਜ਼ੀ ਫਿਲਮ ਦੂਰਦਰਸ਼ਨ ਲਈ ਬਣਾਈ ਸੀ, ਪਰ ਉਹ ਆਪ ਮੰਨਦਾ ਹੈ ਕਿ ਉਸ ਫਿਲਮ ਦਾ ਘੇਰਾ ਬਹੁਤਾ ਚੌੜੇਰਾ ਨਹੀਂ ਸੀ। ਬਹੁਤ ਘੱਟ ਸਮੇਂ ਵਿਚ ਭਗਤ ਪੂਰਨ ਸਿੰਘ ਬਾਰੇ ਵੱਧ ਤੋਂ ਵੱਧ ਗੱਲਾਂ ਕਰਨੀਆਂ ਸਨ। ਹੁਣ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਵਿਚ ਇਹ ਗੱਲਾਂ ਪੂਰੇ ਵਿਸਥਾਰ ਨਾਲ ਹੋ ਸਕੀਆਂ ਹਨ। ਉਸ ਮੁਤਾਬਕ ਇਹ ਫਿਲਮ ਬਣਾਉਣ ਵਿਚ ਪਿੰਗਲਵਾੜਾ ਦੀ ਕਰਤਾ-ਧਰਤਾ ਬੀਬੀ ਇੰਦਰਜੀਤ ਕੌਰ ਨੇ ਉਨ੍ਹਾਂ ਦੀ ਬੜੀ ਇਮਦਾਦ ਕੀਤੀ ਹੈ। ਅਸਲ ਵਿਚ ਉਨ੍ਹਾਂ ਦੀ ਇਮਦਾਦ ਅਤੇ ਹੱਲਾਸ਼ੇਰੀ ਤੋਂ ਬਗੈਰ ਇਹ ਪ੍ਰੋਜੈਕਟ ਸਿਰੇ ਚੜ੍ਹ ਹੀ ਨਹੀਂ ਸੀ ਸਕਦਾ। ਦੱਸਣਾ ਬਣਦਾ ਹੈ ਕਿ ਹਰਜੀਤ ਸਿੰਘ ਨੇ ਪਹਿਲਾਂ-ਪਹਿਲ ਫਿਲਮ 'ਵਿਸਾਖੀ' ਬਣਾਈ ਸੀ ਜੋ 1984 ਦੇ ਕਤਲੇਆਮ ਤੋਂ ਬਾਅਦ ਰਿਲੀਜ਼ ਕੀਤੀ ਗਈ ਸੀ। ਇਹ ਉਦੋਂ ਦੀ ਗੱਲ ਹੈ ਜਦੋਂ ਲੋਕ ਸਿਨਮਿਆਂ ਵਿਚ ਜਾ ਕੇ ਫਿਲਮਾਂ ਦੇਖਣਾ ਬੰਦ ਕਰ ਚੁੱਕੇ ਸਨ। ਉਂਜ ਵੀ ਉਦੋਂ ਪੰਜਾਬੀ ਫਿਲਮਾਂ ਦਾ ਮਿਆਰ ਉਦੋਂ ਬਹੁਤ ਹੇਠਲੇ ਪੱਧਰ ਦਾ ਹੁੰਦਾ ਸੀ ਅਤੇ ਤਕਨੀਕ ਪੱਖ ਵੀ ਵਾਹਵਾ ਕਮਜ਼ੋਰ ਹੁੰਦਾ ਸੀ, ਪਰ ਹੁਣ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਉਸ ਦੌਰ ਵਿਚ ਤਿਆਰ ਹੋਈ ਹੈ ਜਦੋਂ ਪੰਜਾਬੀ ਫਿਲਮਾਂ ਲਈ ਹਰ ਪਾਸੇ ਰਾਹ ਖੁੱਲ੍ਹਿਆ ਹੋਇਆ ਹੈ ਅਤੇ ਤਕਨੀਕੀ ਪੱਖਾਂ ਤੋਂ ਵੀ ਬਹੁਤ ਅਗਾਂਹ ਦੇ ਤਜਰਬੇ ਕੀਤੇ ਜਾ ਰਹੇ ਹਨ। ਫਿਲਮਾਂ ਦਾ ਬਜਟ ਵੀ ਪਹਿਲਾਂ ਨਾਲੋਂ ਕਈ ਗੁਣਾਂ ਵਧਿਆ ਹੈ ਅਤੇ ਇਸੇ ਦਾ ਸਿੱਧਾ ਅਸਰ ਫਿਲਮ ਦੇ ਮਿਆਰ ਉਤੇ ਵੀ ਪਿਆ ਹੈ। ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਵਿਚ ਯਤਨ ਕੀਤਾ ਗਿਆ ਹੈ ਕਿ ਲੋਕਾਂ ਨੂੰ ਭਗਤ ਪੂਰਨ ਸਿੰਘ ਦਾ ਸੁਨੇਹਾ ਸਹਿਜ ਤਰੀਕੇ ਨਾਲ ਦਿੱਤਾ ਜਾਵੇ।

# ਜੇਲ੍ਹ ਵਿਚ ਬੰਦ ਇਰਾਨੀ ਕੁੜੀ ਤੇ ਫਿਲਮ 'ਆਫਸਾਈਡ'



*ਜੇਲ੍ਹ ਵਿਚ ਬੰਦ ਇਰਾਨੀ ਮੁਟਿਆਰ ਗੋਂਚੇਹ ਗਵਾਮੀ।*

ਇਰਾਨ ਅਤੇ ਇੰਗਲੈਂਡ ਦੀ ਦੋਹਰੀ ਨਾਗਰਿਕਤਾ ਪ੍ਰਾਪਤ 25 ਵਰ੍ਹਿਆਂ ਦੀ ਮੁਟਿਆਰ ਗੋਂਚੇਹ ਗਵਾਮੀ ਦਾ ਕਸੂਰ ਸਿਰਫ ਇੰਨਾ ਸੀ ਕਿ ਉਸ ਨੇ ਸਟੇਡੀਅਮ ਵਿਚ ਜਾ ਕੇ ਵਾਲੀਬਾਲ ਮੈਚ ਖੇਡਣ ਦੀ ਇੱਛਾ ਦਿਲ ਵਿਚ ਪਾਲੀ ਸੀ।... ਤੇ ਅੱਜ ਕੱਲ੍ਹ ਉਹ ਇਰਾਨ ਦੀ ਜੇਲ੍ਹ ਵਿਚ ਬੰਦ ਹੈ। ਗਵਾਮੀ ਲਾਅ ਗਰੈਜੂਏਟ ਹੈ ਅਤੇ ਆਪਣੇ ਵਤਨ ਇਰਾਨ ਵਿਚ ਬੱਚਿਆਂ ਨੂੰ ਪੜ੍ਹਾਉਂਦੀ ਹੈ। ਜੂਨ ਵਿਚ ਉਹ ਆਪਣੀਆਂ ਸਾਥਣਾਂ ਨਾਲ ਤਹਿਰਾਨ ਦੇ ਆਜ਼ਾਦੀ ਸਟੇਡੀਅਮ ਵਿਚ ਵਾਲੀਬਾਲ ਵਰਲਡ ਲੀਗ ਦਾ ਮੈਚ ਦੇਖਣ ਗਈ ਸੀ, ਪਰ ਉਨ੍ਹਾਂ ਨੂੰ ਸਟੇਡੀਅਮ ਦੇ ਅੰਦਰ ਵੜਨ ਨਹੀਂ ਦਿੱਤਾ ਗਿਆ। ਸ਼ਰੀਅਤ ਮੁਤਾਬਕ ਕੁੜੀਆਂ ਨੂੰ ਮੁੰਡਿਆਂ ਦੇ ਮੈਚ ਦੇਖਣ ਦੀ ਮਨਾਹੀ ਹੈ। ਇਸ ਖਿੱਚ-ਧੂਹ ਦੌਰਾਨ ਉਸ ਦਾ ਕੁਝ ਸਾਮਾਨ ਉਥੇ ਰਹਿ ਗਿਆ। ਬਾਅਦ ਵਿਚ ਜਦੋਂ ਉਹ 20 ਜੂਨ ਨੂੰ ਆਪਣਾ ਸਾਮਾਨ ਵਾਪਸ ਲੈਣ ਗਈ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦਰਅਸਲ ਅਧਿਕਾਰੀਆਂ ਨੂੰ ਉਦੋਂ ਹੀ ਪਤਾ ਲੱਗਾ ਸੀ ਕਿ ਉਸ ਕੋਲ ਇੰਗਲੈਂਡ ਦੀ ਨਾਗਰਿਕਤਾ ਵੀ ਹੈ।

ਗਵਾਮੀ ਦਾ ਭਰਾ ਇਮਾਨ ਗਵਾਮੀ ਉਸ ਦੇ ਹੱਕ ਵਿਚ ਸੰਸਾਰ ਪੱਧਰ ਉਤੇ ਮੁਹਿੰਮ ਚਲਾ ਰਿਹਾ ਹੈ। ਉਸ ਦੇ ਹੱਕ ਵਿਚ ਹੁਣ ਤੱਕ ਸਾਢੇ 6 ਲੱਖ ਤੋਂ ਵੱਧ ਲੋਕ ਜੁੜ ਚੁੱਕੇ ਹਨ। ਯਾਦ ਰਹੇ ਕਿ ਇਰਾਨ ਦੇ ਮਸ਼ਹੂਰ ਦਸਤਾਵੇਜ਼ੀ ਫਿਲਮਸਾਜ਼ ਜਫਰ ਪਨਾਹੀ ਨੇ 2006 ਵਿਚ ਫਿਲਮ 'ਆਫਸਾਈਡ' ਬਣਾਈ ਸੀ। ਇਸ ਫਿਲਮ ਵਿਚ ਵੀ ਕੁੜੀਆਂ ਫੁੱਟਬਾਲ ਦਾ ਮੈਚ ਵੇਖਣਾ ਚਾਹੁੰਦੀਆਂ ਹਨ। ਇਹ ਫਿਲਮ ਬਣਾਈ ਤਾਂ ਇਰਾਨ ਵਿਚ ਹੀ ਗਈ ਸੀ ਪਰ ਇਸ ਨੂੰ ਇਰਾਨ ਵਿਚ ਦਿਖਾਉਣ 'ਤੇ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ।






*ਜਫਰ ਪਨਾਹੀ*

# GURDWARA SANT SAGAR

242-25 Braddock Ave., Bellerose NY 11426 Tel : 718-343-1030

# 9th MAHAAN NAGAR KIRTAN

## on Saturday, October 25th, 2014 at 12:00 Noon

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 545 ਵੇਂ ਪ੍ਰਕਾਸ਼ ਉਤਸਵ ਦੀਆਂ ਸੰਗਤਾਂ ਲੱਖ-ਲੱਖ ਵਧਾਈਆਂ

# ਨੌਵਾਂ ਮਹਾਨ ਨਗਰ ਕੀਰਤਨ

ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਵਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ 25 ਅਕਤੂਬਰ 2014, ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਅਤੇ ਪੰਜ ਨਗਾਰਿਆਂ ਦੇ ਜਥੇ ਦੀ ਅਗਵਾਈ ਵਿੱਚ 12:00 ਵਜੇ ਦੁਪਹਿਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿਲ ਸਾਈਡ 263 ਸਟਰੀਟ ਤੋਂ ਵਾਪਸ ਹੁੰਦਾ ਹੋਇਆ 82 ਐਵਨਿਊ ਤੋਂ ਸ਼ਾਮ ਦੇ 4:00 ਵਜੇ ਗੁਰਦੁਆਰਾ ਸਾਹਿਬ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ।

On Saturday, October 25th 2014, 9th Mahaan Nagar Kirtan will start from Gurudwara Sant Sagar at 12pm toward Hillside Ave. to 263rd St. from 263 St. Nagar Kirtan will move toward 82nd Ave Which will take us back to Gurudwara Sahib at 4pm

## ਗੁਰੂ ਕਾ ਲੰਗਰ ਅਤੁੱਟ ਵਰਤੇਗਾ



ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ
ਜਸ ਟੀ.ਵੀ ਤੇ ਚੱਲੇਗਾ

ਵਿਸ਼ੇਸ਼ ਪ੍ਰੋਗਰਾਮ ਗੁਰਦੁਆਰਾ ਸਾਹਿਬ ਵਿਖੇ
11:00 ਵਜੇ ਤੋਂ 12:00 ਤੱਕ ਗੱਤਕਾ ਪਾਰਟੀਆਂ
ਆਪਣੇ-ਆਪਣੇ ਜੋਹਰ ਦਿਖਾਉਣਗੀਆਂ।

ਆਪ ਸਭ ਸੰਗਤਾਂ ਦਾ ਦਾਸ : ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)

ਹੋਰ ਜਾਣਕਾਈ ਲਈ ਕਾਲ ਕਰੋ : 718-347-5659 / 718-343-1030



ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 545 ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਸੰਗਤਾਂ ਦੇ ਪਿਆਰ ਅਤੇ ਉਦਮ ਸਦਕਾ 6 ਨਵੰਬਰ ਦਿਨ ਵੀਰਵਾਰ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਰੱਖੇ ਗਏ ਅਖੰਡ ਪਾਠਾਂ ਦੇ ਭੋਗ 6 ਨਵੰਬਰ ਦਿਨ ਵੀਰਵਾਰ ਸਵੇਰੇ 9:30 ਵਜੇ ਪੈਣਗੇ। ਭੋਗ ਤੋਂ ਉਪਰੰਤ ਦੁਪਹਿਰ 12:45 ਵਜੇ ਤੱਕ ਦੀਵਾਨ ਸਜਣਗੇ। ਸ਼ਾਮ ਨੂੰ 5:00 ਵਜੇ ਅਖੰਡ ਪਾਠਾਂ ਦੇ ਭੋਗ ਤੋਂ ਉਪਰੰਤ 5:45 ਤੋਂ ਰਾਤ 12:30 ਵਜੇ ਤੱਕ ਕਥਾ ਅਤੇ ਕੀਰਤਨ ਦਰਬਾਰ ਹੋਵੇਗਾ। ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ, ਕਥਾਵਾਚਕ ਗਿਆਨੀ ਸਾਹਿਬ ਸਿੰਘ ਜੀ ਕਨੇਡਾ ਵਾਲੇ ਅਤੇ ਹੋਰ ਪ੍ਰਸਿੱਧ ਰਾਗੀ, ਢਾਡੀ ਆਪਣੀਆਂ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਆਰਤੀ, ਕੀਰਤਨ ਅਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ। ਅਖੰਡ ਪਾਠਾਂ ਦੀ ਚੱਲ ਰਹੀ ਨਿਰੰਤਰ ਲੜੀ 9 ਨਵੰਬਰ 2014, ਦਿਨ ਐਤਵਾਰ ਨੂੰ ਸਮਾਪਤ ਹੋਵੇਗੀ।

ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਗਲੋਬਲ ਟੀ.ਵੀ ਤੇ ਚੱਲੇਗਾ

## ਨਗਰ ਕੀਰਤਨ ਵਿੱਚ ਪਹੁੰਚ ਰਹੇ ਰਾਗੀ ਜਥੇ

- ਭਾਈ ਅਮਰੀਕ ਸਿੰਘ ਗੁਰਦਾਸਪੁਰੀ
- ਭਾਈ ਗੁਰਮੇਲ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ)
- ਭਾਈ ਗੁਰਵਿੰਦਰਵੀਰ ਸਿੰਘ (ਹਜ਼ੂਰੀ ਰਾਗੀ ਦਰਬਾਰ ਸਾਹਿਬ)
- ਭਾਈ ਗੁਰਤਾਰ ਸਿੰਘ (ਹੁਸ਼ਿਆਰਪੁਰ ਵਾਲੇ)
- ਕਰਮਜੋਤ ਬੀਬੀਆਂ ਦਾ ਰਾਗੀ ਜਥਾ
- ਕਲਾਸੀਕਲ ਤਾਂਤੀ ਸਾਜਾਂ ਦਾ ਜਥਾ

## 27 ਅਕਤੂਬਰ ਤੋ ਰੋਜ਼ਾਨਾ ਦੇ ਪ੍ਰੋਗਰਾਮ

ਸ਼ਾਮ ਦੇ ਦੀਵਾਨ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ ਦਾ ਜਥਾ 7:25 ਤੋਂ 8:00 ਵਜੇ ਤੱਕ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

8:00 ਵਜੇ ਤੋਂ 8:45 ਤੱਕ ਪੰਥ ਦੇ ਪ੍ਰਸਿੱਧ ਕਥਾ ਵਾਚਕ ਗਿਆਨੀ ਸਾਹਿਬ ਸਿੰਘ (ਕਨੇਡਾ ਵਾਲੇ) ਕਥਾ ਕਰਕੇ ਸੰਗਤਾਂ ਨੂੰ ਗੁਰਬਾਣੀ ਦੀ ਸੇਧ ਦੇਣਗੇ।

ਆਪ ਸਭ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਦੀਵਾਨਾਂ ਵਿੱਚ ਸ਼ਾਮਿਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਜ਼ਰੂਰੀ ਬੇਨਤੀ**

ਨਗਰ ਕੀਤਰਨ ਵਿੱਚ ਸਾਰੇ ਭੈਣਾ, ਭਰਾਵਾਂ, ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾਂ, ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ।

## SPONSORS FOR NAGAR KIRTAN :

- India Association of Long Island — President Satnam S. Parhar-917-440-3543
- Avtar Singh Tinna (D.D.S.) — 24 Hrs Emergency Service 718.291.1200
- NY EAGLE Construction Inc — Lally - 718.347.1900
- Custom Built Homes Inc — Mandeep Singh - 917.214.0057
- Bibi Shant Kaur — 718-343-2981
- Patel Brothers - Hillside Ave. — Bimal Patel - 718.470.1356
- Son's Construction — Gurmeet Singh - 718.479.4500
- NBS General Constructions — Nissan Singh - 718.852.0218
- New Jwala Trevals & Mona's Fashion — Aannu Kapoor - 917.519.2671
- East West Jewellers (Hicksville) — Vijay or Mintu Verma - 516.605.0536
- Kerala Jewellers & Fashion Center — Raju - 718.347.4043
- Fourth Ave. Real Estate-Fourth Ave. Merchants Inc — T.J. - 917.853.3253
- New Prime Auto & Muffler Service — (Next to Dunkin Donuts) Sam - 347.626.0909
- Shahi Darbar & Stin General Inc — Gurdeep Singh - 718.831.9000
- Bhagat Auto Repair Inc. — Channi - 646.742.7075
- Sohna Punjab - 248 Union Tpk — Sam Arora - 917.882.4351
- Singas Famous Pizza — Sunny - 718.347.4300
- SUBWAY - Metropolitan Ave. — Girish Arora - 347.556.2331
- Chandra Law Office — Attorney Arun Chandra - 718.261.4200
- DJ RSA Events — Rohit - 718.666.9171
- Braddock Super Bazar — Paramjit Singh - 718.347.7070
- HEALTH FIRST — 1-866-463-6743
- Reddy Builders Inc — Sekhar Reddy - 347.493.0998
- Santoor Indian Restaurant — Kirpal Singh - 718.343.3939
- SUBWAY - 253 Hillside Ave. — Sachin - 718.343.2965
- Kapurthala Sports Club — Jagtar Singh - 917.681.5959
- Apna Bazar - Hillside Ave
- Khyber Restaurant & Karison Food Inc — 516.698.5859
- Albert Weiss-Air Conditioning Products — Jack Kapur - 917.922.5980

Quik Signs www.quiksigns.us *661-703-8795 *661-900-7357